ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 11 | Issue 24 | 18 June 2021 to 24 June 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਬਾਇਡਨ ਅਤੇ ਪੂਤਿਨ ਨੇ ਰਾਜਦੂਤਾਂ ਤੇ ਪ੍ਰਮਾਣੂ ਹਥਿਆਰਾਂ ਸਣੇ ਕਈ ਮੁੱਦਿਆਂ ’ਤੇ ਕੀਤੀ ਗੱਲਬਾਤ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਅਤੇ ਰੂਸ ਦੇ ਉਨਾਂ ਦੇ ਹਮਰੁਤਬਾ ਵਲਾਦੀਮੀਰ ਪੂਤਿਨ ਨੇ ਜਨੇਵਾ ਵਿਚ ਬੀਤੇ ਦਿਨ ਤਿੰਨ ਘੰਟੇ ਤੋਂ ਵੱਧ ਸਮੇਂ ਤੱਕ ਵੱਖ-ਵੱਖ ਮੁੱਦਿਆਂ ’ਤੇ ਗੱਲਬਾਤ ਕੀਤੀ। ਬਾਈਡਨ ਤੇ ਪੂਤਿਨ ਦੋਹਾਂ ਦੇਸ਼ਾਂ ਵਿਚਾਲੇ ਬੁਰੀ ਤਰਾਂ ਵਿਗੜਦੇ ਕੂਟਨੀਤਕ ਸਬੰਧਾਂ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਵਜੋਂ ਵਾਸ਼ਿੰਗਟਨ ਤੇ ਮਾਸਕੋ ਵਿਚ ਆਪੋ-ਆਪਣੇ ਰਾਜਦੂਤਾਂ ਵਾਪਸ ਭੇਜਣ ਲਈ ਰਾਜ਼ੀ ਹੋ ਗਏ। ਅਮਰੀਕਾ ਵਿਚ ਰੂਸੀ ਰਾਜਦੂਤ ਅਨਾਤੋਲੀ ਅੰਤੋਨੋਵ ਨੂੰ ਕਰੀਬ ਤਿੰਨ ਮਹੀਨੇ ਪਹਿਲਾਂ ਵਾਸ਼ਿੰਗਟਨ ਤੋਂ ਵਾਪਸ ਸੱਦ ਲਿਆ ਗਿਆ ਸੀ ਜਦੋਂ ਬਾਈਡਨ ਨੇ ਪੂਤਿਨ ਨੂੰ ਹੱਤਿਆਰਾ ਕਿਹਾ ਸੀ ਤੇ ਵਿਰੋਧੀ ਆਗੂ ਐਲੇਕਸੀ ਨਵਾਲਨੀ ਨਾਲ ਵਿਵਹਾਰ ਨੂੰ ਲੈ ਕੇ ਰੂਸ ’ਤੇ ਨਵੀਆਂ ਰੋਕਾਂ ਲਗਾਈਆਂ ਸਨ। ਰੂਸ ਵਿਚ ਅਮਰੀਕੀ ਰਾਜਦੂਤ ਜੌਹਨ ਸੁਲੀਵਨ ਨੇ ਕਰੀਬ ਦੋ ਮਹੀਨੇ ਪਹਿਲਾਂ ਮਾਸਕੋ ਛੱਡ ਦਿੱਤਾ ਸੀ। ਗੱਲਬਾਤ ਦੌਰਾਨ ਦੋਵੇਂ ਰਾਜਦੂਤ ਮੌਜੂਦ ਸਨ। ਪੂਤਿਨ ਨੇ ਇਹ ਵੀ ਕਿਹਾ ਕਿ ਰੂਸ ਤੇ ਅਮਰੀਕਾ ਦੇ ਵਿਦੇਸ਼ ਮੰਤਰਾਲੇ ਦੋਹਾਂ ਦੇਸ਼ਾਂ ਵਿਚਾਲੇ ਵਣਜ ਸਫ਼ਾਰਤਖਾਨੇ ਬੰਦ ਕਰਨ ਤੇ ਰੂਸ ਵਿਚ ਅਮਰੀਕੀ ਮਿਸ਼ਨਾਂ ਲਈ ਕੰਮ ਕਰਨ ਵਾਲੇ ਰੂਸੀ ਨਾਗਰਿਕਾਂ ਦੇ ਰੁਜ਼ਗਾਰ ਦੇ ਦਰਜੇ ਸਮੇਤ ਹੋਰ ਕੂਟਨੀਤਕ ਮੁੱਦਿਆਂ ’ਤੇ ਚਰਚਾ ਸ਼ੁਰੂ ਕਰਨਗੇ। ਬਾਇਡਨ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸੁਲੀਵਨ ਦੇ ਅਗਲੇ ਹਫ਼ਤੇ ਮਾਸਕੋ ਪਰਤਣ ਦੀ ਸੰਭਾਵਨਾ ਹੈ। ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਦੋਵੇਂ ਸਰਕਾਰਾਂ ਨੇ ਵਣਜ ਸਫ਼ਾਰਤਖਾਨੇ ਤੇ ਸਥਾਨਕ ਕੌਂਸਲਖਾਨਿਆਂ ਦੇ ਮੁਲਾਜ਼ਮਾਂ ਦੇ ਮੁੱਦੇ ’ਤੇ ਚਰਚਾ ਸ਼ੁਰੂ ਕਰ ਦਿੱਤੀ ਹੈ ਅਤੇ ਅਗਲੇ ਦੋ



ਮਹੀਨੇ ਵਿਚ ਕੋਈ ਸਮਝੌਤਾ ਹੋਣ ਦੀ ਆਸ ਹੈ। ਸਾਈਬਰ ਸੁਰੱਖਿਆ ਦੇ ਮੁੱਦੇ ’ਤੇ ਕੋਈ ਵੱਡਾ ਐਲਾਨ ਤਾਂ ਨਹੀਂ ਹੋਇਆ ਪਰ ਆਗੂ ਘੱਟੋ-ਘੱਟ ਇਸ ਮੁੱਦੇ ’ਤੇ ਗੱਲ ਕਰਨ ਲਈ ਤਿਆਰ ਹੋ ਗਏ ਹਨ। ਬਾਈਡਨ ਨੇ ਰੂਸ ਨਾਲ ਸਾਈਬਰ ਅਪਰਾਧੀਆਂ ਬਾਰੇ ਗੱਲ ਕਰਦੇ ਹੋਏ ਕਿਹਾ ਕਿ ਅਮਰੀਕਾ ਤੇ ਰੂਸ ਦੀਆਂ ਸਰਕਾਰਾਂ ਕੁਝ ਅਪਰਾਧਿਕ ਮਾਮਲਿਆਂ ’ਤੇ ਕੰਮ ਕਰਨਗੀਆਂ। ਪੂਤਿਨ ਨੇ ਇਸ ਗੱਲ ’ਤੇ ਸਹਿਮਤੀ ਜਤਾਉਂਦੇ ਹੋਏ ਕਿਹਾ ਕਿ ਇਹ ਦੋਹਾਂ ਦੇਸ਼ਾਂ ਦੇ ਹਿੱਤ ਦਾ ਮਾਮਲਾ ਹੈ। ਬਾਈਡਨ ਤੇ ਪੂਤਿਨ ਨੇ ਆਪਣੇ ਮੰਤਰੀਆਂ ਨੂੰ ਪ੍ਰਮਾਣੂ ਹਥਿਆਰਾਂ ਦੇ ਕੰਟਰੋਲ ਦੇ ਨਵੇਂ ਗੇੜ ਲਈ ਰੂਪ-ਰੇਖਾ ਉਲੀਕਣ ਦੇ ਨਿਰਦੇਸ਼ ਦਿੱਤੇ। ਫਿਲਹਾਲ ਗੱਲਬਾਤ ਸ਼ੁਰੂ ਕਰਨ ਲਈ ਕੋਈ ਤਰੀਕ ਦਾ ਐਲਾਨ ਨਹੀਂ ਕੀਤਾ ਗਿਆ। ਪੂਤਿਨ ਨੇ ਕਿਹਾ ਕਿ ਉਹ ਤੇ ਬਾਈਡਨ ਪ੍ਰਮਾਣੂ ਹਥਿਆਰਾਂ ਨੂੰ ਸੀਮਿਤ ਕਰਨ ਵਾਲੇ ਨਵੇਂ ‘ਸਟਾਰਟ’ ਸਮਝੌਤੇ ਦੇ 2026 ਵਿਚ ਸਮਾਪਤ ਹੋਣ ਤੋਂ ਬਾਅਦ ਇਸ ਨੂੰ ਸੰਭਾਵੀ ਰੂਪ ਨਾਲ ਬਦਲਣ ਬਾਰੇ ਗੱਲਬਾਤ ਸ਼ੁਰੂ ਕਰਨ ’ਤੇ ਸਹਿਮਤ ਹੋਏ ਹਨ। ਗੱਲਬਾਤ ਲਈ ਕਿਸੇ ਤਰੀਕ ਦਾ ਐਲਾਨ ਨਹੀਂ ਕੀਤਾ ਗਿਆ ਹੈ। ਉੱਧਰ, ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਨਾਂ ਨੇ ਪੂਤਿਨ ਕੋਲ ਰੂਸ ਵਿਚ ਕੈਦ ਦੋ ਅਮਰੀਕੀਆਂ ਦੀ ਮਾੜੀ ਹਾਲਤ ਦਾ ਮੁੱਦਾ ਉਠਾਇਆ। ਪੂਤਿਨ ਨੇ ਕੈਦੀਆਂ ਦੇ ਤਬਾਦਲੇ ਲਈ ਗੱਲਬਾਤ ਜਾਰੀ ਰੱਖਣ ਦੀ ਗੱਲ ਕਹੀ ਅਤੇ ਬਾਈਡਨ ਨੇ ਵੀ ਇਸ ਮੁੱਦੇ ’ਤੇ ਹਾਮੀ ਭਰੀ। ਪੂਤਿਨ ਨੇ ਮੰਨਿਆ ਕਿ ਬਾਈਡਨ ਨੇ ਉਨਾਂ ਕੋਲ ਮਨੁੱਖੀ ਅਧਿਕਾਰਾਂ ਦਾ ਮੁੱਦਾ ਉਠਾਇਆ ਜਿਸ ਵਿਚ ਵਿਰੋਧੀ ਆਗੂ ਐਲੇਕਸੀ ਨਵਾਲਨੀ ਦਾ ਮਾਮਲਾ ਵੀ ਸ਼ਾਮਲ ਸੀ। ਦੋਹਾਂ ਆਗੂਆਂ ਨੇ ਸੀਰੀਆ, ਅਫ਼ਗਾਨਿਸਤਾਨ ਤੇ ਇਰਾਕ ਦੇ ਮੁੱਦੇ ’ਤੇ ਵੀ ਗੱਲਬਾਤ ਕੀਤੀ। ਬਾਈਡਨ ਨੇ ਪੂਤਿਨ ਨੂੰ ਸੀਰੀਆ ਵਿਚ ਕੌਮਾਂਤਰੀ ਮਨੁੱਖੀ ਸਹਾਇਤਾ ਪਹੁੰਚਾਉਣ ਦੀ ਆਖਰੀ ਕਰਾਸਿੰਗ ਬੰਦ ਕਰਨ ਦੀਆਂ ਕੋਸ਼ਿਸ਼ਾਂ ਛੱਡਣ ਲਈ ਕਿਹਾ ਜਿਸ ਤੋਂ ਇਹ ਸਪੱਸ਼ਟ ਹੋ ਗਿਆ ਕਿ ਇਹ ਮਾਮਲਾ ਅਮਰੀਕਾ ਲਈ ਕਿੰਨਾ ਅਹਿਮ ਹੈ। ਫਿਲਹਾਲ ਇਸ ਨੂੰ ਖੋਲਣ ਬਾਰੇ ਕੋਈ ਸਮਝੌਤਾ ਨਹੀਂ ਹੋਇਆ। ਬਾਈਡਨ ਨੇ ਕਿਹਾ ਕਿ ਪੂਤਿਨ ਨੇ ਅਫ਼ਗਾਨਿਸਤਾਨ ਬਾਰੇ ਪੁੱਛਿਆ ਅਤੇ ਉੱਥੇ ਸ਼ਾਂਤੀ ਤੇ ਸੁਰੱਖਿਆ ਕਾਇਮ ਰੱਖਣ ਦੀ ਇੱਛਾ ਜਤਾਈ। ਇਸ ’ਤੇ ਬਾਈਡਨ ਨੇ ਪੂਤਿਨ ਨੂੰ ਕਿਹਾ ਕਿ ਇਹ ਕਾਫੀ ਹੱਦ ਤੱਕ ਉਨਾਂ ਉੱਪਰ ਨਿਰਭਰ ਕਰਦਾ ਹੈ ਅਤੇ ਪੂਤਿਨ ਨੇ ਸੰਕੇਤ ਦਿੱਤਾ ਕਿ ਉਹ ਇਰਾਨ ਦੇ ਨਾਲ ਹੀ ਅਫ਼ਗਾਨਿਸਤਾਨ ਦੇ ਮੁੱਦੇ ’ਤੇ ਮਦਦ ਕਰਨ ਲਈ ਤਿਆਰ ਹਨ। ਬਾਈਡਨ ਨੇ ਇਸ ਤੋਂ ਇਲਾਵਾ ਹੋਰ ਜਾਣਕਾਰੀ ਨਹੀਂ ਦਿੱਤੀ। ਬਾਈਡਨ ਪ੍ਰਸ਼ਾਸਨ ਇਰਾਨ ਨੂੰ ਪ੍ਰਮਾਣੂ ਸਮਝੌਤੇ ਦੀਆਂ ਸ਼ਰਤਾਂ ਦਾ ਪਾਲਣ ਕਰਨ ਲਈ ਮਨਾਉਣ ਦੀਆਂ ਨਵੀਆਂ ਕੋਸ਼ਿਸ਼ਾਂ ਕਰ ਰਿਹਾ ਹੈ।

## ਮਿਲਖਾ ਸਿੰਘ ਅਤੇ ਉਹਨਾਂ ਦੀ ਪਤਨੀ ਦਾ ਕਰੋਨਾ ਕਾਰਣ ਦਿਹਾਂਤ



**ਚੰਡੀਗੜ੍ਹ/ਏ.ਟੀ.ਨਿਊਜ਼ :** ਭਾਰਤ ਦੇ ਮਸਹੂਰ ਰਹੇ ਦੌੜਾਕ ਮਿਲਖਾ ਸਿੰਘ ਕਰੋਨਾ ਦੀ ਬਿਮਾਰੀ ਕਰਕੇ ਇਸ ਫਾਨੀ ਸੰਸਾਰ ਨੂੰ ਅੱਜ ਅਲਵਿਦਾ ਕਹਿ ਗਏ ਹਨ। ਪੰਜ ਦਿਨ ਪਹਿਲਾਂ ਉਹਨਾਂ ਦੀ ਪਤਨੀ ਨਿਰਮਲ ਮਿਲਖਾ ਸਿੰਘ ਦਾ ਵੀ ਕਰੋਨਾ ਕਰਕੇ ਹੀ ਦਿਹਾਂਤ ਹੋ ਗਿਆ ਸੀ। ਉਹ ਪਿੱਛਲੇ ਇੱਕ ਮਹੀਨੇ ਤੋਂ ਇਸ ਬਿਮਾਰੀ ਨਾਲ ਪੀੜਿਤ ਸਨ ਅਤੇ ਉਹਨਾਂ ਦੀ ਉਮਰ 91 ਸਾਲ ਸੀ ਅਤੇ ਪਤਨੀ 85 ਸਾਲ ਦੇ ਸਨ। ਉਹਨਾਂ ਦੇ ਤਿੰਨ ਬੇਟੀਆਂ ਤੇ ਇੱਕ ਬੇਟਾ ਹੈ। ਮਿਲਖਾ ਸਿੰਘ ਚਾਰ ਏਸੀਅਨ ਗੇਮਾਂ ਵਿੱਚ ਸੋਨੇ ਦਾ ਤਮਗਾ ਜਿੱਤਣ ਵਾਲੇ ਪਹਿਲੇ ਭਾਰਤੀ ਹੋਏ ਸਨ ਅਤੇ ਉਹਨਾਂ ਨੇ ਦੁਨੀਆ ਭਰ ਦੇ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ ਸਨ। ਇਹਨਾਂ ਨੇ ਤਿੰਨ ਉਲਿੰਪਕ ਖੇਡਾਂ 1956,1960 ਅਤੇ 1964 ਵਿੱਚ ਭਾਗ ਲਿਆ। ਇਹਨਾਂ ਦੀ ਜਿਆਦਾ ਚਰਚਾ 1960 ਉਲੰਪਿਕ ਵਿੱਚ ਹੋਈ ਸੀ ਜਿਸ ਵਿੱਚ ਪਹਿਲੇ ਚਾਰ ਦੌੜਾਕਾਂ ਵਿੱਚ ਫਸਵੀਂ ਟੱਕਰ ਸੀ ਅਤੇ ਮਿਲਖਾ ਸਿੰਘ ਪਹਿਲੇ ਨੰਬਰ ਤੇ ਆਉਂਦੇ ਚੌਥੇ ਤੇ ਚੱਲੇ ਗਏ ਸਨ। ਇਹ ਪੰਜਾਬ ਸਪੋਰਟਸ ਡਿਪਾਰਟਮੈਂਟ ਡਾਇਰੈਕਟਰ ਵਜੋਂ ਰਿਟਾਇਰ ਹੋਏ ਸਨ। ਖੇਡ ਜਗਤ ਦਾ ਮਹਾਨ ਸਿਤਾਰਾ ਉੱਡਣਾ ਸਿੱਖ ਸਰਦਾਰ ਮਿਲਖਾਂ ਸਿੰਘ ਤੇ ਉਸ ਦੀ ਧਰਮ ਪਤਨੀ ਪ੍ਰਸਿੱਧ ਵਾਲੀਬਾਲ ਖਿਡਾਰਨ ਨਿਰਮਲ ਮਿਲਖਾਂ ਸਿੰਘ ਦਾ ਇੱਕ ਹਫਤੇ ਦੇ ਵਿੱਚ ਹੀ ਇਸ ਸੰਸਾਰ ਬਾਕੀ ਸਫ਼ਾ 30 ’ਤੇ

## ਖੱਟੜ ਲਿੰਕ ਨਹਿਰ ਮੁਦੇ ਉਪਰ ਹਰਿਆਣਾ ਤੇ ਪੰਜਾਬ ਦੇ ਕਿਸਾਨਾਂ ਵਿਚਾਲੇ ਫੁਟ ਪਾਉਣ ਲਗਾ

### ਅਖੇ ਸਤਲੁਜ ਯਮੁਨਾ ਲਿੰਕ ਨਹਿਰ ਮਾਮਲਾ ਪੰਜਾਬ ਨੇ ਉਲਝਾਇਆ

**ਚੰਡੀਗੜ੍ਹ/ਏ.ਟੀ.ਨਿਊਜ਼:** ਹਰਿਆਣੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਆਪਣੀ ਸਰਕਾਰ ਦੇ 600 ਦਿਨ ਪੂਰੇ ਹੋਣ ‘ਤੇ ਪੰਜਾਬ ਨੂੰ ਸਤਲੁਜ ਯਮੁਨਾ ਲਿੰਕ ਨਹਿਰ ਮਾਮਲਾ ਉਲਝਾਉਣ ਲਈ ਜ਼ਿੰਮੇਵਾਰ ਠਹਿਰਾਇਆ।



ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਤਿੰਨੇ ਖੇਤੀ ਕਾਨੂੰਨ ਨੁਕਸਾਨਦਾਇਕ ਨਹੀਂ ਹਨ, ਇਨ੍ਹਾਂ ਨੂੰ ਲਾਗੂ ਕਰਕੇ ਦੇਖ ਲੈਣਾ ਚਾਹੀਦਾ ਹੈ, ਜੇ ਕਾਨੂੰਨਾਂ ਕਰ ਕੇ ਕੋਈ ਨੁਕਸਾਨ ਹੁੰਦਾ ਹੋਇਆ ਤਾਂ ਬਦਲਾਅ ਕੀਤਾ ਜਾ ਸਕਦਾ ਹੈ।ਇਸ ਮੌਕੇ ਉਨ੍ਹਾਂ ਦੀ ਪੂਰੀ ਕੈਬਨਿਟ ਮੌਜੂਦ ਸੀ । ਉਨ੍ਹਾਂ ਕਿਹਾ ਕਿ ਐੱਸ.ਵਾਈ.ਐੱਲ. ਦਾ ਪਾਣੀ ਹਰਿਆਣਾ ਦੀ ਲੋੜ ਹੈ। ਰਾਜ ‘ਚ ਪਾਣੀ ਦਾ ਸੰਕਟ ਲਗਾਤਾਰ ਵਧ ਰਿਹਾ ਹੈ ।ਹਰਿਆਣਾ ਨੇ ਇਸ ਲੜਾਈ ਨੂੰ ਮਜਬੂਤੀ ਨਾਲ ਲੜਿਆ ਹੈ ਤੇ ਸੁਪਰੀਮ ਕੋਰਟ ਨੇ ਹਰਿਆਣਾ ਦੇ ਹੱਕ ‘ਚ ਫੈਸਲਾ ਸੁਣਾਇਆ ਹੈ ਪਰ ਪੰਜਾਬ ਇਸ ਫੈਸਲੇ ਨੂੰ ਲਾਗੂ ਕਰਨ ਤੋਂ ਪਿੱਛੇ ਹਟ ਗਿਆ। ਹੁਣ ਕੇਂਦਰ ਤੇ ਸੁਪਰੀਮ ਕੋਰਟ ਫੈਸਲਾ ਲਾਗੂ ਕਰਵਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ।ਖੱਟਰ ਨੇ ਕਿਹਾ ਕਿ ਪੰਜਾਬ ਜ਼ਿਦ ਛੱਡੇ ਤੇ ਉਸ ਨੂੰ ਸੁਪਰੀਮ ਕੋਰਟ ਦੇ ਫੈਸਲੇ ਦਾ ਸਨਮਾਨ ਕਰਨਾ ਚਾਹੀਦਾ ਹੈ ।

ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ ਖਟੜ ਕਿਸਾਨ ਮੋਰਚੇ ਨੂੰ ਹਿਲਾਉਣ ਲਈ ਫੁਟਪਾਊ ਸਿਆਸਤ ਖੇਡ ਰਿਹਾ ਹੈ ਤਾਂ ਜੋ ਹਰਿਆਣੇ ਪੰਜਾਬ ਦੇ ਕਿਸਾਨਾਂ ਵਿਚ ਲਿੰਕ ਨਹਿਰ ਮੁਦੇ ਉਪਰ ਫੁਟ ਪੈ ਸਕੇ। ਫੁਟ ਨਾਲ ਮੋਰਚਾ ਖਤਮ ਹੋ ਸਕੇ ਪਰ ਕਿਸਾਨ ਏਕਤਾ ਕਾਰਣ ਭਾਜਪਾ ਦੀ ਦਾਲ ਨਹੀ ਗਲ ਰਹੀ।

## ਹਾਈ ਕੋਰਟ ਵੱਲੋਂ ਜੈਪਾਲ ਦੇ ਦੁਬਾਰਾ ਪੋਸਟਮਾਰਟਮ ਲਈ ਨਾਂਹ

**ਫ਼ਿਰੋਜ਼ਪੁਰ/ਏ.ਟੀ.ਨਿਊਜ਼ :** ਗੈਂਗਸਟਰ ਜੈਪਾਲ ਭੁੱਲਰ ਦੇ ਦੁਬਾਰਾ ਪੋਸਟਮਾਰਟਮ ਕਰਵਾਏ ਜਾਣ ਦੀ ਪਟੀਸ਼ਨ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਖਾਰਜ ਕਰ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਕਿਉਂਕਿ ਇਹ ਪੁਲੀਸ ਮੁਕਾਬਲਾ ਕੋਲਕਾਤਾ ਵਿੱਚ ਹੋਇਆ ਹੈ, ਇਸ ਕਰਕੇ ਇਹ ਪਟੀਸ਼ਨ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦੀ। ਪਟੀਸ਼ਨ ਖਾਰਜ ਹੋਣ ਤੋਂ ਬਾਅਦ ਜੈਪਾਲ ਦਾ ਪਰਿਵਾਰ ਹੁਣ ਸੁਪਰੀਮ ਕੋਰਟ ਜਾਵੇਗਾ। ਇਸ ਗੱਲ ਦਾ ਖ਼ੁਲਾਸਾ ਜੈਪਾਲ ਦੇ ਪਿਤਾ ਭੁਪਿੰਦਰ ਸਿੰਘ ਨੇ ਕੀਤਾ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਜੈਪਾਲ ਦੇ ਪਿਤਾ ਨੇ ਆਖਿਆ ਕਿ ਜੈਪਾਲ ਦਾ ਪੋਸਟਮਾਰਟਮ ਹੁਣ ਸੁਪਰੀਮ ਕੋਰਟ ਦਾ ਫ਼ੈਸਲਾ ਆਉਣ ਤੋਂ ਬਾਅਦ ਹੀ ਕੀਤਾ ਜਾਵੇਗਾ ਤੇ ਉਦੋਂ ਤੱਕ ਉਹ ਫ਼ੈਸਲੇ ਦਾ ਇੰਤਜ਼ਾਰ ਕਰਨਗੇ। ਜ਼ਿਕਰਯੋਗ ਹੈ ਕਿ ਇਹ ਪਟੀਸ਼ਨ ਜੈਪਾਲ ਦੇ ਪਿਤਾ ਸੇਵਾਮੁਕਤ ਪੁਲੀਸ ਇੰਸਪੈਕਟਰ ਭੁਪਿੰਦਰ ਸਿੰਘ ਵੱਲੋਂ ਪਾਈ ਗਈ ਸੀ। ਜੈਪਾਲ ਦੇ ਪਿਤਾ ਦਾ ਕਹਿਣਾ ਸੀ ਕਿ ਜੈਪਾਲ ਨੂੰ ਪੁਲੀਸ ਮੁਕਾਬਲੇ ਤੋਂ ਪਹਿਲਾਂ ਫੜ ਕੇ ਉਸ




ਉੱਪਰ ਪੁਲੀਸ ਤਸ਼ੱਦਦ ਕੀਤਾ ਗਿਆ, ਜਿਸ ਦੌਰਾਨ ਉਸ ਦੀਆਂ ਬਾਹਾਂ ਤੇ ਪਸਲੀਆਂ ਤੋੜ ਦਿੱਤੀਆਂ ਗਈਆਂ। ਪਰਿਵਾਰ ਨੂੰ ਇਸ ਬਾਰੇ ਉਦੋਂ ਪਤਾ ਲੱਗਾ ਜਦੋਂ ਉਹ ਜੈਪਾਲ ਦੀ ਦੇਹ ਨੂੰ ਸਸਕਾਰ ਵਾਸਤੇ ਲਿਜਾਣ ਤੋਂ ਪਹਿਲਾਂ ਘਰ ਵਿੱਚ ਨਹਾਉਣ ਲੱਗੇ ਸਨ।

ਦੱਸਣਯੋਗ ਹੈ ਕਿ ਜੈਪਾਲ ਅਤੇ ਉਸ ਦਾ ਇੱਕ ਹੋਰ ਸਾਥੀ ਜਸਪ੍ਰੀਤ ਜੱਸੀ ਲੰਘੀ 9 ਜੂਨ ਨੂੰ ਕੋਲਕਾਤਾ ਵਿੱਚ ਹੋਏ ਪੁਲੀਸ ਮੁਕਾਬਲੇ ਦੌਰਾਨ ਮਾਰੇ ਗਏ ਸਨ। ਜਸਪ੍ਰੀਤ ਦੇ ਪਰਿਵਾਰ ਵਾਲਿਆਂ ਨੇ ਤਾਂ ਉਸ ਦੀ ਦੇਹ ਮਿਲਣ ਤੋਂ ਬਾਅਦ ਉਸ ਦਾ ਸਸਕਾਰ ਕਰ ਦਿੱਤਾ ਸੀ ਪਰ ਜੈਪਾਲ ਦੇ ਪਰਿਵਾਰ ਵੱਲੋਂ ਉਸ ਦਾ ਸਸਕਾਰ ਅਜੇ ਤੱਕ ਨਹੀਂ ਕੀਤਾ ਗਿਆ

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ਪ੍ਰਤੀਨਿਧ ਸਦਨ ਵਿਚ ਬਿਨਾਂ ਮਾਸਕ ਪਾਏ ਜਾ ਸਕਣਗੇ ਸੰਸਦ ਮੈਂਬਰ

## ਮੁਕੰਮਲ ਟੀਕਾਕਰਨ ਕਰਾ ਚੁੱਕੇ ਸੰਸਦ ਮੈਂਬਰਾਂ ਤੇ ਸਟਾਫ ਉਪਰ ਲਾਈ ਪਾਬੰਦੀ ਹਟਾਈ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਪ੍ਰਤੀਨਿਧ ਸਦਨ ਨੇ ਮੁਕੰਮਲ ਟੀਕਾਕਰਨ ਕਰਵਾ ਚੁੱਕੇ ਸੰਸਦ ਮੈਂਬਰਾਂ ਤੇ ਸਟਾਫ ਨੂੰ ਬਿਨਾਂ ਮਾਸਕ ਪਹਿਨੇ ਸੰਸਦ ਤੇ ਕਮੇਟੀਆਂ ਵਿਚ ਕੰਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਸਦਨ ਦੇ ਡਾਕਟਰ ਨੇ ਲੰਘੇ ਦਿਨ ਜਾਰੀ ਦਿਸ਼ਾ ਨਿਰਦੇਸ਼ਾਂ ਵਿਚ ਕਿਹਾ ਹੈ ਕਿ ਮੁਕੰਮਲ ਟੀਕਾਕਰਨ ਕਰਵਾ ਚੁੱਕੇ ਵਿਅਕਤੀ ਬਿਨਾਂ ਮਾਸਕ ਆ ਜਾ ਸਕਦੇ ਹਨ ਤੇ ਇਹ ਵਿਅਕਤੀ ਸੈਂਟਰ ਫਾਰ ਡਿਸੀਜ਼ ਕੰਟਰੋਲ (ਸੀ ਡੀ ਸੀ) ਵੱਲੋਂ 31 ਮਈ, 2021 ਨੂੰ ਜਾਰੀ ਹਦਾਇਤਾਂ ਅਨੁਸਾਰ 6 ਫੁੱਟ ਦੀ ਸਮਾਜਿਕ ਦੂਰੀ ਦੀ ਪਾਲਣਾ ਕਰਨਗੇ। ਸੈਨੇਟ ਵਿਚ ਵੀ ਮਾਸਕ ਪਹਿਨਣਾ ਜਰੂਰੀ ਨਹੀਂ ਹੈ, ਹਾਲਾਂਕਿ ਕਈ ਸੈਨੇਟਰ ਆਪਣੇ ਦਫਤਰਾਂ ਤੋਂ ਬਾਹਰ ਨਿਕਲਣ ਸਮੇ ਮਾਸਕ ਪਾਉਂਦੇ ਹਨ। ਇਥੇ ਜ਼ਿਕਰਯੋਗ ਹੈ ਕਿ ਬਹੁਤ ਸਾਰੇ ਰਿਪਬਲੀਕਨ ਮੈਂਬਰਾਂ ਨੇ ਟੀਕਾਕਰਨ ਕਰਵਾਉਣ ਸਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਹੈ ਤੇ ਇਨਾਂ ਵਿਚ ਬਹੁਤ ਸਾਰੇ ਅਜਿਹੇ ਵੀ ਹਨ ਜੋ ਮਾਸਕ ਨਾ ਪਹਿਨਣ ਕਾਰਨ ਜੁਰਮਾਨਾ ਭਰ ਚੁੱਕੇ ਹਨ। ਸੀ ਡੀ ਸੀ ਵੱਲੋਂ ਪਿਛਲੇ ਮਹੀਨੇ ਜਾਰੀ ਹਦਾਇਤਾਂ ਵਿਚ ਪਹਿਲਾਂ ਹੀ ਪੂਰੀ ਤਰਾਂ ਟੀਕਾਕਰਨ ਕਰਵਾ ਚੁੱਕੇ ਲੋਕਾਂ ਤੋਂ ਮਾਸਕ ਪਹਿਨਣ ਦੀ ਪਾਬੰਦੀ ਹਟਾ ਲਈ ਗਈ ਸੀ ਤੇ ਅਜਿਹੇ ਲੋਕਾਂ ਨੂੰ ਚਾਰਦੀਵਾਰੀ ਅੰਦਰ ਹੁੰਦੇ ਸਮਾਗਮਾਂ ਵਿਚ ਵੀ ਬਿਨਾਂ ਮਾਸਕ ਜਾਣ ਦੀ ਖੁਲ ਦਿੱਤੀ ਗਈ ਹੈ। ਕੇਵਲ ਹਵਾਈ ਜਹਾਜ਼ਾਂ, ਬੱਸਾਂ ਜਾਂ ਸਿਹਤ ਸੰਭਾਲ ਕੇਂਦਰਾਂ, ਹਸਪਤਾਲਾਂ ਤੇ ਹੋਰ ਭੀੜ ਵਾਲੀਆਂ ਥਾਵਾਂ 'ਤੇ ਮਾਸਕ ਪਹਿਨਣ ਲਈ ਕਿਹਾ ਗਿਆ ਹੈ। ਨਿੱਜੀ ਸੰਸਥਾਵਾਂ ਤੇ ਕਾਰੋਬਾਰੀ ਅਦਾਰਿਆਂ ਨੂੰ ਕਿਹਾ ਗਿਆ ਹੈ ਕਿ ਉਹ ਮਾਸਕ ਪਹਿਨਣ ਜਾਂ ਨਾ ਪਹਿਨਣ ਬਾਰੇ ਨਿਰਨਾ ਲੈਣ ਲਈ ਆਜ਼ਾਦ ਹਨ।

# ਕੈਮੀਕਲ ਪਲਾਂਟ ਨੂੰ ਅੱਗ ਲੱਗਣ ਉਪਰੰਤ ਦੂਰ ਦਰ ਤੱਕ ਫੈਲਿਆ ਧੂੰਆਂ

## ✪ ਸਿਹਤ ਮਾਹਿਰਾਂ ਨੇ ਲੋਕਾਂ ਨੂੰ ਮਾਸਕ ਪਹਿਣਨ ਲਈ ਕਿਹਾ

## ✪ ਇਕ ਕਿਲੋਮੀਟਰ ਦਾ ਘੇਰਾ ਕਰਵਾਇਆ ਖਾਲੀ



*ਅੱਗ ਲੱਗਣ ਉਪਰੰਤ ਕੈਮੀਕਲ ਪਲਾਂਟ ਵਿਚੋਂ ਨਿਕਲ ਰਿਹਾ ਧੂੰਆਂ*

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਰਾਕਟਨ, ਇਲੀਨੋਇਸ ਵਿਚ ਕੈਮਟੂਲ ਇੰਕ ਪਲਾਂਟ ਨੂੰ ਲੱਗੀ ਜਬਰਦਸਤ ਅੱਗ ਕਾਰਨ ਨਾਲ ਲੱਗਦੇ ਖੇਤਰ ਵਿਚ ਰਸਾਇਣਾਂ ਵਾਲਾ ਗੰਦਾ ਧੂੰਆਂ ਫੈਲ ਗਿਆ। ਪੁਲਿਸ ਅਨੁਸਾਰ ਸ਼ਹਿਰ ਦੇ ਅੱਗ ਬੁਝਾਊ ਵਿਭਾਗ ਨੇ ਪਲਾਂਟ ਤੋਂ ਇਕ ਕਿਲੋਮੀਟਰ ਦੇ ਘੇਰੇ ਵਿਚ ਰਹਿੰਦੇ ਲੋਕਾਂ ਨੂੰ ਤੁਰੰਤ ਘਰ ਬਾਰ ਛੱਡਕੇ ਬਾਹਰ ਨਿਕਲ ਜਾਣ ਦਾ ਆਦੇਸ਼ ਦਿੱਤਾ ਹੈ। ਜਨ ਸਿਹਤ ਅਧਿਕਾਰੀ ਡਾ ਸਾਂਡਰਾ ਮਾਰਟੈਲ ਨੇ ਕਿਹਾ ਹੈ ਕਿ ਪਲਾਂਟ ਤੋਂ 3 ਮੀਲ ਦੇ ਘੇਰੇ ਵਿਚ ਰਹਿੰਦੇ ਲੋਕਾਂ ਲਈ ਮਾਸਕ ਪਾਉਣਾ ਜਰੂਰੀ ਹੈ ਕਿਉਂਕਿ ਰਸਾਇਣ ਸਿਹਤ ਲਈ ਹਾਨੀਕਾਰਕ ਹੋ ਸਕਦੇ ਹਨ। ਉਨਾਂ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਅਸਮਾਨ ਵਿਚੋਂ ਡਿੱਗੀ ਰਹਿੰਦ ਖੂੰਹਦ ਨੂੰ ਹੱਥ ਨਾ ਲਾਇਆ ਜਾਵੇ ਕਿਉਂਕਿ ਅਸੀਂ ਨਹੀਂ ਜਾਣਦੇ ਕਿ ਉਸ ਵਿਚ ਕੀ ਹੈ। ਉਹ ਸਿਹਤ ਲਈ ਨੁਕਸਾਨਦਾਇਕ ਹੋ ਸਕਦੀ ਹੈ। ਘੱਟੋ ਘੱਟ ਨੰਗੇ ਹੱਥਾਂ ਨਾਲ ਇਸ ਰਹਿੰਦ ਖੂੰਹਦ ਨੂੰ ਬਿਲਕੁਲ ਨਾ ਚੁੱਕਿਆ ਜਾਵੇ। ਰਾਕਟਨ ਦੇ ਅੱਗ ਬੁਝਾਊ ਵਿਭਾਗ ਦੇ ਮੁਖੀ ਫਿਰਕ ਵਿਲਸਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪਲਾਂਟ ਵਿਚ ਕੁਝ ਦਿਨਾਂ ਤੋਂ ਸੜ ਰਹੀ ਰਹਿੰਦ ਖੂੰਹਦ ਤੋਂ ਅੱਗ ਫੈਲੀ ਹੋ ਸਕਦੀ ਹੈ। ਅੱਗ ਲੱਗਣ ਉਪਰੰਤ ਹੋਏ ਧਮਾਕੇ ਵਾਲੇ ਸਥਾਨ ਤੋਂ ਧੂੰਆਂ ਦੱਖਣ ਤੇ ਦੱਖਣ-ਪੂਰਬ ਵੱਲ ਫੈਲ ਗਿਆ। ਵਿਲਸਨ ਅਨੁਸਾਰ ਚਿੰਤਾ ਦਾ ਮੁੱਖ ਕਾਰਨ ਇਹ ਹੈ ਕਿ ਤਕਰੀਬਨ 300 ਮੀਟਰ ਦੂਰ ਪੈਂਦੇ ਰਾਕ ਰਿਵਰ ਵਿਚ ਤੇਲ ਦੇ ਮਿਸ਼ਰਣ ਵਾਲਾ ਤਰਲ ਪਦਾਰਥ ਪੈ ਰਿਹਾ ਹੈ। ਇਸ ਦੌਰਾਨ ਹਵਾ ਦੀ ਸ਼ੁਧਤਾ ਬਾਰੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਮੀਨੀ ਪੱਧਰ ਉਪਰ ਹਵਾ ਦੀ ਗੁਣਵਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

# ਪਹਿਲੇ ਅਮਰੀਕੀ ਮੁਸਲਮਾਨ ਜ਼ਾਹਿਦ ਕੁਰੈਸ਼ੀ ਸੰਘੀ ਜੱਜ ਬਣੇ



*ਜ਼ਾਹਿਦ ਕੁਰੈਸ਼ੀ*

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ):** ਸੈਨੇਟ ਨੇ ਨਿਊਜਰਸੀ ਦੇ ਜੱਜ ਵਜੋਂ ਜ਼ਾਹਿਦ ਕੁਰੈਸ਼ੀ ਦੀ ਨਿਯੁਕਤੀ ਉਪਰ ਮੋਹਰ ਲਾ ਦਿੱਤੀ ਹੈ। ਇਸ ਤਰਾਂ ਉਹ ਪਹਿਲੇ ਅਮਰੀਕੀ ਮੁਸਲਮਾਨ ਬਣ ਗਏ ਹਨ ਜੋ ਸੰਘੀ ਜੱਜ ਵਜੋਂ ਸੇਵਾਵਾਂ ਨਿਭਾਉਣਗੇ। ਜ਼ਾਹਿਦ ਦੇ ਹੱਕ ਵਿਚ 81 ਤੇ ਵਿਰੋਧ ਵਿਚ 16 ਵੋਟਾਂ ਪਈਆਂ। ਨਿਯੁਕਤੀ ਦੀ ਪੁਸ਼ਟੀ ਹੋਣ ਤੋਂ ਪਹਿਲਾਂ ਆਪਣੇ ਸੰਬੋਧਨ ਵਿਚ ਸੈਨੇਟ ਦੇ ਬਹੁਗਿਣਤੀ ਆਗੂ ਚੁੱਕ ਸ਼ੂਮਰ ਨੇ ਐਲਾਨ ਕੀਤਾ ਕਿ ਅਮਰੀਕਾ ਦੇ ਇਤਿਹਾਸ ਵਿਚ ਕੁਰੈਸ਼ੀ ਪਹਿਲੇ ਅਮਰੀਕੀ ਮੁਸਲਮਾਨ ਹੋਣਗੇ ਜੋ ਸੰਘੀ ਜੱਜ ਵਜੋਂ ਕੰਮ ਕਰਨਗੇ। ਉਨਾਂ ਜ਼ਾਹਿਦ ਦਾ ਸਮਰਥਨ ਕਰਦਿਆਂ ਸਮਾਜਿਕ ਤੇ ਪੇਸ਼ਾਵਾਰਨਾ ਪ੍ਰਵਰਤਣ ਉਪਰ ਜ਼ੋਰ ਦਿੱਤਾ ਤੇ ਕਿਹਾ ਕਿ ਮੈ ਜਾਣਦਾ ਹਾਂ ਕਿ ਰਾਸ਼ਟਰਪਤੀ ਜੋਅ ਬਾਈਡਨ ਵੀ ਮੇਰੇ ਨਾਲ ਇਸ ਮੁੱਦੇ 'ਤੇ ਸਹਿਮਤ ਹੋਣਗੇ। ਜ਼ਾਹਿਦ ਦੇ ਵੱਡੇ ਵਡੇਰੇ ਪਾਕਿਸਤਾਨੀ ਮੂਲ ਦੇ ਸਨ। ਨੈਸ਼ਨਲ ਏਸ਼ੀਅਨ ਪੈਸੇਫਿਕ ਅਮੈਰੀਕਨ ਬਾਰ ਐਸੋਸੀਏਸ਼ਨ ਨੇ ਜ਼ਾਹਿਦ ਕੁਰੈਸ਼ੀ ਨੂੰ ਜੱਜ ਬਣਨ 'ਤੇ ਵਧਾਈ ਦਿੱਤੀ ਹੈ।

# ਅਮਰੀਕਾ ਦੇ 8 ਰਾਜਾਂ ਵਿਚ ਇਨਫੈਕਸ਼ਨ ਦਰ ਵਿਚ ਵਾਧਾ ਹੋਇਆ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਹਾਲਾਂਕਿ ਅਮਰੀਕਾ ਦੇ ਜਿਆਦਾਤਰ ਰਾਜਾਂ ਵਿਚ ਨਵੇਂ ਕੋਵਿਡ-19 ਮਾਮਲੇ ਘੱਟ ਰਹੇ ਹਨ ਪਰ 8 ਰਾਜਾਂ ਵਿਚ ਇਨਫੈਕਸ਼ਨ ਦਰ ਵਿਚ ਵਾਧਾ ਦਰਜ ਹੋਇਆ ਹੈ। ਇਨਾਂ ਵਿਚ 7 ਰਾਜ ਅਜਿਹੇ ਹਨ ਜਿਥੇ ਔਸਤ ਵੈਕਸੀਨ ਦਰ ਤੋਂ ਘੱਟ ਟੀਕਾਕਰਨ ਹੋਇਆ ਹੈ। ਅਲਾਬਾਮਾ, ਅਰਕਾਨਸਸ, ਹਵਾਈ, ਮਿਸੌਰੀ, ਨਵੇਡਾ, ਟੈਕਸਸ, ਉਟਾਹ ਤੇ ਵਾਇਓਮਿੰਗ ਵਿਚ ਪਿਛਲੇ 7 ਦਿਨਾਂ ਦੌਰਾਨ ਔਸਤ ਇਨਫੈਕਸ਼ਨ ਦਰ ਵਿਚ ਇਸ ਤੋਂ ਪਹਿਲੇ ਦੋ ਹਫਤਿਆਂ ਦੀ ਤੁਲਨਾ ਵਿਚ ਵਾਧਾ ਹੋਇਆ ਹੈ। ਜੌਹਨ ਹੋਪਕਿਨਜ ਯੁਨੀਵਰਸਿਟੀ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਵਿਚ ਇਹ ਖੁਲਾਸਾ ਕੀਤਾ ਗਿਆ ਹੈ। ਸੈਂਟਰ ਫਾਰ ਡਸੀਜ ਕੰਟਰੋਲ (ਸੀ ਡੀ ਸੀ) ਅਨੁਸਾਰ ਹਵਾਈ ਨੂੰ ਛੱਡ ਕੇ ਬਾਕੀ 7 ਰਾਜ ਅਜਿਹੇ ਹਨ ਜਿਥੇ ਕੌਮੀ ਔਸਤ ਟੀਕਾਕਰਨ ਦੀ ਤੁਲਨਾ ਵਿਚ ਟੀਕਾਕਰਣ ਦਰ ਘੱਟ ਹੈ। ਸੀ ਡੀ ਸੀ ਅਨੁਸਾਰ ਔਸਤ 43% ਲੋਕਾਂ ਦਾ ਮੁਕੰਮਲ ਟੀਕਾਕਰਨ ਹੋ ਚੁੱਕਾ ਹੈ।

# ਅਮਰੀਕੀ ਸੂਬਿਆਂ ਵੱਲੋਂ ਕੋਰੋਨਾ ਨਾਲ ਜੁੜੇ ਅੰਕੜੇ ਅਪਡੇਟ ਕਰਨ 'ਚ ਹੋ ਰਹੀ ਦੇਰੀ ਤੋਂ ਹੈਲਥ ਐਕਸਪਰਟ ਚਿੰਤਤ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸਰਵੇਖਣ ਦੇ ਅਨੁਸਾਰ 30 ਪ੍ਰਤੀਸ਼ਤ ਲੋਕਾਂ ਨੂੰ ਇਹ ਲੱਗਦਾ ਹੈ ਕਿ ਚਮੜੀ ਦੇ ਰੰਗ ਕਾਰਨ ਭੇਦਭਾਵ ਕੀਤਾ ਜਾਂਦਾ ਹੈ। 18 ਪ੍ਰਤੀਸ਼ਤ ਲੋਕ ਕਹਿੰਦੇ ਹਨ ਕਿ ਲਿੰਗ ਜਾਂ ਧਰਮ ਦੇ ਅਧਾਰ 'ਤੇ ਭੇਦਭਾਵ ਹੁੰਦਾ ਹੈ। 31 ਪ੍ਰਤੀਸ਼ਤ ਲੋਕ ਮਹਿਸੂਸ ਕਰਦੇ ਹਨ ਕਿ ਭਾਰਤੀ ਮੂਲ ਦੇ ਲੋਕਾਂ ਪ੍ਰਤੀ ਭੇਦਭਾਵ ਇਕ ਵੱਡੀ ਸਮੱਸਿਆ ਹੈ। 53 ਪ੍ਰਤੀਸ਼ਤ ਇਸ ਨੂੰ ਮਾਮੂਲੀ ਸਮੱਸਿਆ ਵਜੋਂ ਵੇਖਦੇ ਹਨ ਤੇ 17 ਪ੍ਰਤੀਸ਼ਤ ਇਸ ਨੂੰ ਸਮੱਸਿਆ ਵਜੋਂ ਨਹੀਂ ਵੇਖਦੇ। 73 ਪ੍ਰਤੀਸ਼ਤ ਲੋਕ ਮੰਨਦੇ ਹਨ ਕਿ ਏਸ਼ੀਅਨ-ਅਮਰੀਕੀ ਕਮਿਊਨਿਟੀ ਦੇ ਲੋਕ ਜੋ ਭਾਰਤੀ ਮੂਲ ਦੇ ਨਹੀਂ ਹਨ, ਨੂੰ ਭਾਰਤੀ-ਅਮਰੀਕੀ ਲੋਕਾਂ ਨਾਲੋਂ ਵਧੇਰੇ ਭੇਦਭਾਵ ਦਾ ਸਾਹਮਣਾ ਕਰਨਾ ਪੈਂਦਾ ਹੈ। 90 ਪ੍ਰਤੀਸ਼ਤ ਲਾਤੀਨੀ ਅਮਰੀਕੀ ਤੇ 86 ਪ੍ਰਤੀਸ਼ਤ ਅਫਰੀਕੀ-ਅਮਰੀਕੀ ਲੋਕਾਂ ਨੂੰ ਭੇਦਭਾਵ ਦਾ ਸਭ ਤੋਂ ਵੱਡਾ ਸ਼ਿਕਾਰ ਮੰਨਦੇ ਹਨ।

## ਅਮਰੀਕੀ ਰਿਪੋਰਟ ਅਨੁਸਾਰ

# ਦੋ 'ਚੋਂ ਇਕ ਪ੍ਰਵਾਸੀ ਭਾਰਤੀ ਹੁੰਦੈ ਨਸਲਵਾਦ ਦਾ ਸ਼ਿਕਾਰ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਇਕ ਸਰਵੇਖਣ ਦੌਰਾਨ ਅਮਰੀਕਾ ਵਿਚ ਹਰ ਦੋ ਵਿਅਕਤੀਆਂ 'ਚੋਂ ਇਕ ਭਾਰਤੀ-ਅਮਰੀਕੀ ਭੇਦਭਾਵ ਤੋਂ ਪੀੜਤ ਹੈ। ਯਾਨੀ ਅਮਰੀਕਾ ਵਿਚ ਵੀ ਭਾਰਤੀ-ਅਮਰੀਕੀ ਭਾਈਚਾਰੇ ਨੂੰ ਭੇਦਭਾਵ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਭਾਰਤੀ ਅਮਰੀਕੀਆਂ ਦੀ ਗਿਣਤੀ ਅਮਰੀਕਾ ਦੀ ਕੁੱਲ ਆਬਾਦੀ ਦੇ ਇਕ ਫੀਸਦ ਤੋਂ ਜ਼ਿਆਦਾ ਹੈ। ਅਮਰੀਕਾ ਵਿਚ ਸਾਰੇ ਰਜਿਸਟਰਡ ਮਤਦਾਨਾਂ ਵਿਚ ਇਕ ਫੀਸਦ ਵੀ ਘੱਟ ਹੁੰਦਾ ਹੈ ਪਰ ਵਿਦੇਸ਼ਾਂ 'ਚ ਰਹਿਣ ਵਾਲੇ ਭਾਰਤੀਆਂ ਲਈ ਅਮਰੀਕਾ ਪਸੰਦੀਦਾ ਦਾ ਸਥਾਨ ਹੈ।

ਇਸ ਸਰਵੇ ਮੁਤਾਬਕ ਪ੍ਰਵਾਸੀ ਭਾਰਤੀ ਜੋ ਕਿ ਅਮਰੀਕਾ ਵਿਚ ਦੂਜੇ ਸਭ ਤੋਂ ਵੱਡੇ ਅਪ੍ਰਵਾਸੀ ਸਮੂਹ ਦੇ ਰੂਪ 'ਚ ਹਨ। ਰੈਗੂਲਰ ਤੌਰ 'ਤੇ ਭੇਦਭਾਵ ਤੋਂ ਪੀੜਤ ਹਨ। ਇਸ ਮੁਤਾਬਕ ਸਾਬਕਾ ਰਾਸ਼ਟਰਪਤੀ ਟਰੰਪ ਦੇ ਕਾਰਜਕਾਲ ਦੌਰਾਨ ਪਿਛਲੇ ਸਾਲ ਹਰ ਦੋ ਵਿਚ ਇਕ ਭਾਰਤੀ ਅਮਰੀਕੀ ਨੂੰ ਭੇਦਭਾਵ ਝੱਲਣਾ ਪੈਂਦਾ ਸੀ। ਇਹ ਰਿਪੋਰਟ ਭਾਰਤੀ ਅਮਰੀਕੀਆਂ ਦੀ ਸਮਾਜਿਕ ਅਸਲੀਅਤ-2020 ਭਾਰਤੀ ਅਮਰੀਕੀ ਦ੍ਰਿਸ਼ਟੀਕੋਣ ਸਰਵੇਖਣ 'ਤੇ ਆਧਾਰਿਤ ਹੈ। ਇਸ ਸਰਵੇ ਜਾਨ ਹਾਪਕਿੰਸ ਯੂਨਿਵਰਸਿਟੀ, ਯੂਨਿਵਰਸਿਟੀ ਆਫ ਪੈਨਸਿਲਵੇਨਿਯਾ ਤੇ ਕਾਰਨਗੀ ਐਂਡੋਮੈਂਟ ਨੇ ਇਕ ਪੋਲਿੰਗ ਗਰੁੱਪ ਨਾਲ ਕੀਤਾ।

# ਗੋਲੀਬਾਰੀ ਵਿਚ ਜਖਮੀ ਹੋਏ 14 ਵਿਅਕਤੀਆਂ ਵਿਚੋਂ ਇਕ ਨੇ ਦਮ ਤੋੜਿਆ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਡਾਊਨ ਟਾਊਨ ਆਸਟਿਨ, ਟੈਕਸਾਸ ਵਿਚ ਸ਼ਨੀਵਾਰ ਤੜਕਸਾਰ ਹੋਈ ਗੋਲੀਬਾਰੀ ਵਿਚ ਜ਼ਖਮੀ ਹੋਏ 14 ਵਿਅਕਤੀਆਂ ਵਿਚੋਂ ਇਕ ਦਮ ਤੋੜ ਗਿਆ ਹੈ। ਉਸ ਦੀ ਪਛਾਣ 25 ਸਾਲਾ ਡੱਗਲਸ ਜੌਹਨ ਕੈਨਟਰ ਵਜੋਂ ਹੋਈ ਹੈ। ਇਕ ਹੋਰ ਦੀ ਹਾਲਤ ਗੰਭੀਰ ਬਣੀ ਹੋਈ ਹੈ। ਆਸਟਿਨ ਦੇ ਪੁਲਿਸ ਮੁਖੀ ਜੋਸਫ ਚਕੋਨ ਅਨੁਸਾਰ ਗੋਲੀਬਾਰੀ ਲਈ ਜਿੰਮੇਵਾਰ ਦੋ ਸ਼ੱਕੀ ਵਿਅਕਤੀਆਂ ਦੀ ਪਛਾਣ ਕਰ ਲਈ ਗਈ ਹੈ। ਉਨਾਂ ਕਿਹਾ ਕਿ ਇਹ ਦੋ ਧੜਿਆਂ ਵਿਚਾਲੇ ਹੋਈ ਗੋਲੀਬਾਰੀ ਦਾ ਮਾਮਲਾ ਹੈ। ਉਨਾਂ ਕਿਹਾ ਕਿ ਜਿਆਦਾਤਰ ਜਖਮੀ ਰਾਹਗੀਰ ਹਨ ਜੋ ਗੋਲੀਬਾਰੀ ਸਮੇਂ ਉਥੇ ਖੜੇ ਸਨ ਜਾਂ ਉਥੋਂ ਲੰਘ ਰਹੇ ਸਨ। ਉਨਾਂ ਕਿਹਾ ਕਿ ਤੁਰੰਤ ਕੀਤੀ ਗਈ ਕਾਰਵਾਈ ਤੇ ਸਮੇਂ ਸਿਰ ਮਿਲੀ ਡਾਕਟਰੀ ਸਹਾਇਤਾ ਕਾਰਨ ਕਈ ਜਾਨਾਂ ਬਚਾ ਲਈਆਂ ਗਈਆਂ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਪੰਜ ਪਿਆਰੇ ਸਿਧਾਂਤ ਤੇ ਪਹਿਰਾ ਦੇਣਾ ਸਿੱਖ ਪੰਚਾਇਤ ਦੀ ਵੱਡੀ ਪ੍ਰਾਪਤੀ - ਕਿਸ਼ਤ 2

## (ਹਰਜੀਤ ਵਲੋਂ ਗੁਰਦੁਆਰਾ ਸਾਹਿਬ ਲਈ ਹੋਰ ਸੰਕਟ ਖੜੇ ਕਰਨ ਦੀ ਕੋਸ਼ਿਸ਼, ਜੱਜ ਨੇ ਕੀਤੀ ਨਾਕਾਮ)

**ਫਰੀਮਾਂਟ/ਏ.ਟੀ.ਨਿਊਜ਼ :** ਗੁਰਦੂਆਰਾ ਸਾਹਿਬ ਫਰੀਮਾਂਟ ਦੀ ਸੰਗਤ ਨੂੰ ਅਸੀਂ ਕੋਰਟ ਕੇਸ ਵਿੱਚ ਦਿੱਤੀਆਂ ਗਵਾਹੀਆਂ ਦੀ **transcript** ਪੇਸ਼ ਕਰ ਰਹੇ ਹਾਂ।

ਇਸ ਕਿਸ਼ਤ 2 ਵਿੱਚ ਸਿੱਖ ਸੰਗਤ ਬੇਏਰੀਆ ਵੱਲੋਂ ਅਤੇ ਖਾਸ ਕਰ ਹਰਜੀਤ ਵੱਲੋਂ ਇਹ ਕੋਸ਼ਿਸ਼ ਕੀਤੀ ਗਈ ਕਿ ਪੰਜ ਪਿਆਰੇ ਬਹੁਸੰਮਤੀ ਨਾਲ ਫੈਸਲੇ ਲੈ ਸਕਦੇ ਹਨ ਜਦੋਂ ਕਿ ਗੁਰਸਿਧਾਂਤ ਅਨੁਸਾਰ ਪੰਜ ਪਿਆਰੇ ਇੱਕ ਇਕਾਈ ਹਨ। ਜੇ ਚਾਰ ਵੀ ਹੋਣ ਤਾਂ ਉਹ ਫੈਸਲਾ ਤਾਂ ਕੀ ਮੀਟਿੰਗ ਵੀ ਨਹੀਂ ਕਰ ਸਕਦੇ। ਹਰਜੀਤ ਨੇ ਕੋਰਟ ਵਿੱਚ ਕਿਹਾ ਕਿ ਪੰਜ ਪਿਆਰਿਆਂ ਨੂੰ ਧਾਰਮਿਕ ਮਸਲਿਆਂ ਤੇ ਹੀ ਸਰਬ-ਸੰਮਤੀ ਦੀ ਜਰੂਰਤ ਹੈ ਪਰ ਪ੍ਰਬੰਧਕੀ ਕੰਮਾਂ ਵਿੱਚ ਬਹੁਸੰਮਤੀ ਨਾਲ ਫੈਸਲੇ ਕਰ ਸਕਦੇ ਹਨ। ਜੇ ਧਾਰਮਿਕ ਕੰਮਾਂ ਵਿੱਚ ਸਰਬ-ਸੰਮਤੀ ਨਾਂ ਹੋਵੇ ਤਾਂ ਇਹਨਾਂ ਨੂੰ ਅਕਾਲ ਤਖਤ ਤੇ ਜਾਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਆਪਾਂ ਸਾਰਿਆਂ ਨੂੰ ਪਤਾ ਹੈ ਕਿ ਸਿੱਖ ਸਿਧਾਂਤ ਵਿੱਚ ਅਜਿਹੀ ਕੋਈ ਗੱਲ ਨਹੀਂ ਜਿਸ ਵਿੱਚ ਧਾਰਮਿਕ ਤੇ ਪ੍ਰਬੰਧਕੀ ਫਰਕ ਬਾਰੇ ਫੈਸਲੇ ਲੈਣ ਦੀ ਵਿਧੀ ਹੋਵੇ। ਇਹ ਦੋ ਗੱਲਾਂ ਦੇ ਗੰਭੀਰ ਸਿੱਟੇ ਨਿੱਕਲ ਸਕਦੇ ਸਨ ਅਤੇ ਇਸ ਵਿੱਚ ਇਹਨਾਂ ਵੱਲੋਂ ਸਿਧਾਂਤ ਨੂੰ ਸੱਟ ਲਾਉਣ ਦੀ ਕੋਸ਼ਿਸ਼ ਬਾਰੇ ਸੰਗਤ ਨੂੰ ਪਤਾ ਹੋਣਾ ਚਾਹੀਦਾ।

ੳ) ਇੱਥੇ ਇਸਨੇ ਝੂਠ ਬੋਲਦੇ ਹੋਏ ਕਿਹਾ ਕਿ ਬਾਈਲਾਅਜ ਵਿੱਚ ਲਿਖਿਆ ਹੈ ਕਿ ਜੇ ਸਰਬ-ਸੰਮਤੀ ਨਾਂ ਹੋਵੇ ਤਾਂ ਅਕਾਲ ਤਖਤ ਵਿਚੋਲਗੀ ਕਰ ਸਕਦਾ ਹੈ। ਅਕਾਲ ਤਖਤ ਦੀ ਗੱਲ ਲਿਆਉਣ ਦਾ ਮਤਲਬ ਸੀ ਕਿ ਜੱਜ ਇਹ ਫੈਸਲਾ ਦਵੇ ਕਿ ਮੈਂ ਧਾਰਮਿਕ ਮਾਮਲੇ ਵਿੱਚ ਦਖਲ ਨਹੀਂ ਦੇਣਾ ਅਤੇ ਤੁਸੀਂ ਅਕਾਲ ਤਖਤ ਤੇ ਜਾ ਕੇ ਇਸਦਾ ਫੈਸਲਾ ਕਰ ਲਉ। ਇਸ ਨਾਲ ਹਰਜੀਤ ਨੇ ਭਵਿੱਖ ਲਈ ਵੀ ਕੰਡੇ ਬੀਜ ਦੇਣੇ ਸੀ ਤੇ ਹਰੇਕ ਛੋਟੀ ਗੱਲ ਲਈ ਵੀ ਅਕਾਲ ਤਖਤ ਤੇ ਜਾਣਾ ਪਿਆ ਕਰਨਾ ਸੀ।

ਅ) ਜੇ ਕੋਰਟ ਇਹ ਕਹਿ ਦਿੰਦੀ ਕਿ ਠੀਕ ਹੈ ਪੰਜ ਪਿਆਰੇ ਪ੍ਰਬੰਧਕੀ ਫੈਸਲੇ ਬਹੁਸੰਮਤੀ ਨਾਲ ਲੈ ਸਕਦੇ ਹਨ ਤਾਂ ਜਿੰਨੇ ਗੁਰਦੂਆਰਾ ਸਾਹਿਬਾਨ ਵਿੱਚ ਇਹ ਧਾਰਾ ਲਾਗੂ ਹੈ ਤਾਂ ਸਾਰੇ ਹੀ ਇੱਕ ਤਰੀਕੇ ਨਾਲ ਬੋਰਡ ਆਫ ਡਾਇਰੈਕਟਰ ਗਿਣੇ ਜਾਣੇ ਸਨ। ਇਸਦਾ ਮਤਲਬ ਕਿ ਕਾਰਪੋਰੇਸ਼ਨ ਦੇ ਕਨੂੰਨ ਮੁਤਾਬਕ ਕੋਈ ਮੈਂਬਰ ਚੋਣ ਵੀ ਲੜ ਸਕਦਾ ਹੈ ਜਿਸਦਾ ਸਿੱਧਾ ਮਤਲਬ ਹੈ ਕਿ ਕੋਈ ਵੀ ਗੈਰ-ਅੰਮ੍ਰਿਤਧਾਰੀ ਸੁਪਰੀਮ ਕੌਂਸਲ ਦੀ ਚੋਣ ਲੜ ਸਕਦਾ ਹੈ। ਯਾਦ ਰਹੇ ਬਾਸਾ ਵਾਲੇ ਪਿੱਛਲੇ 20 ਸਾਲਾਂ ਤੋਂ ਇਹੀ ਮੰਗ ਕਰਦੇ ਆਏ ਹਨ ਕਿ ਅੰਮ੍ਰਿਤਧਾਰੀ ਇਕੱਲੇ ਹੀ ਕਿਉਂ ਚੋਣ ਲੜਣ ਹਰੇਕ ਨੂੰ ਹੱਕ ਦਿਉ। ਇੱਥੇ ਗੱਲ ਹੱਕ ਦੀ ਨਹੀਂ ਸਗੋਂ ਗੁਰਸਿਧਾਂਤ ਦੀ ਹੈ। ਹਰਜੀਤ ਹੋਰਾਂ ਨੇ ਇਹ ਘਿਨਾਉਣੀ ਹਰਕਤ ਬਾਸਾ ਨੂੰ ਖੁਸ ਕਰਨ ਲਈ ਕੀਤੀ ਤੇ ਇਹ ਪ੍ਰਵਾਹ ਨਹੀਂ ਕੀਤੀ ਕਿ ਇਹ ਸਿਧਾਂਤ ਨੂੰ ਖੋਰਾ ਲਾ ਰਹੇ ਹਨ।

ਹਰਜੀਤ ਵੱਲੋਂ ਪੰਜ ਪਿਆਰਿਆਂ ਨੂੰ ਇੱਕ ਆਮ ਜਿਹੇ ਸਿਧਾਂਤ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਇਹ ਤਾਂ ਸਿਰਫ ਨੀਂਹ ਪੱਥਰ ਰੱਖਣ ਜਾਂ ਨਗਰ ਕੀਰਤਨਾਂ ਦੀ ਅਗਵਾਈ ਕਰਨ ਲਈ ਹੁੰਦੇ ਹਨ ਪਰ ਪ੍ਰਬੰਧਕੀ ਢਾਂਚੇ ਵਿੱਚ ਇਹ ਸੰਵਿਧਾਨ ਨਹੀਂ ਵਰਤਿਆ ਜਾਂਦਾ। ਜੱਜ ਨੇ ਪੁੱਛਿਆ ਕਿ ਪ੍ਰਬੰਧਕੀ ਫੈਸਲਿਆਂ ਲਈ ਸਰਬ-ਸੰਮਤੀ ਦੀ ਜਗ੍ਹਾ ਬਹੁਸੰਮਤੀ ਹੋ ਸਕਦੀ ਹੈ ਤਾਂ ਇਸਨੇ ਜੁਆਬ 'ਇਹ ਠੀਕ ਹੈ' ਕਹਿ ਕੇ ਦਿੱਤਾ। ਜੱਜ ਨੇ ਪੁੱਛਿਆ ਕਿ ਸਿੱਖ ਇਤਿਹਾਸ ਵਿੱਚ ਕਦੇ ਵੀ ਕੋਈ ਫੈਸਲਾ ਬਹੁਸੰਮਤੀ ਨਾਲ ਹੋਇਆ ਹੋਵੇ ਤਾਂ ਦੱਸ ਤਾਂ ਇਸਦਾ ਜੁਆਬ ਸੀ ਮੈਨੂੰ ਉਸ ਬਾਰੇ ਨਹੀਂ ਪਤਾ।

ਜੇ ਤੁਸੀਂ ਇਸਦੀ ਅੰਗਰੇਜੀ ਵਾਲੀ ਗਵਾਹੀ ਧਿਆਨ ਨਾਲ ਪੜੋ ਤਾਂ ਤੁਹਾਨੂੰ ਉੱਪਰ ਦੱਸੀਆਂ ਗੱਲਾਂ ਤੋਂ ਬਿਨਾ ਵੀ ਤੁਹਾਡੇ ਦਿਮਾਗ ਵਿੱਚ ਕਈ ਸੁਆਲ ਖੜੇ ਹੋਣਗੇ। ਬਾਸਾ-ਗੁਰਮੀਤ ਧੜਾ ਆਪਣੀ ਇਸ ਅਧਰਮੀ ਕਾਰਵਾਈ ਲਈ ਸਦਾ ਜੁੰਮੇਵਾਰ ਰਹੇਗਾ।

ਪਰ ਇੱਥੋਂ ਦੇ ਜੱਜ ਹਰ ਪੱਖ ਸੁਣ ਕੇ ਕਿਸੇ ਦੇ ਧਰਮ ਵਿੱਚ ਦਖਲ ਨਹੀਂ ਦੇਣਾ ਚਾਹੁੰਦੇ। ਜੱਜ ਜੈਫਰੀ ਬਰਾਂਡ ਨੇ ਦੋ-ਤਿੰਨ ਸੁਆਲ ਇਹਨੂੰ ਪੁੱਛੇ ਤੇ ਤਕਰੀਬਨ ਉਹੀ ਸੁਆਲ ਸਿੱਖ ਪੰਚਾਇਤ ਦੇ ਭਾਈ ਐਚ ਪੀ ਸਿੰਘ ਤੋਂ ਪੁੱਛੇ। ਉਹਨਾਂ ਨੇ ਆਪਣੇ ਜੁਆਬਾਂ ਵਿੱਚ ਸਾਫ ਕੀਤਾ ਕਿ ਪੰਜ ਪਿਆਰੇ ਫੈਸਲਾ ਲੈਣ ਦੀ ਵਿਧੀ ਵਿੱਚ ਧਾਰਮਿਕ ਜਾਂ ਪ੍ਰਬੰਧਕੀ ਸੁਆਲ ਨਹੀਂ ਹੁੰਦਾ ਸਗੋਂ ਇਹਨਾਂ ਕੋਲ ਆਇਆ ਹਰ ਮੁੱਦਾ ਸਰਬ-ਸੰਮਤੀ ਨਾਲ ਹੀ ਹੱਲ ਹੋ ਸਕਦਾ ਕਿਉਂ ਕਿ ਇਹ ਇੱਕ ਇਕਾਈ ਹੈ ਪੰਜ ਵਿਅਕਤੀ ਨਹੀਂ। ਫੇਰ ਜੱਜ ਨੇ ਪੁੱਛਿਆ ਕਿ ਸਿੱਖ ਇਤਿਹਾਸ ਵਿੱਚ ਕਦੇ ਫੈਸਲਾ ਬਹੁਸੰਮਤੀ ਨਾਲ ਹੋਇਆ ਹੈ ਤਾਂ ਭਾਈ ਐਚ ਪੀ ਸਿੰਘ ਨੇ ਸਪੱਸ਼ਟ ਕਿਹਾ ਕਿ ਇਹ ਨਹੀਂ ਹੋਇਆ।

ਜੱਜ ਵੱਲੋਂ ਦਿੱਤੇ ਫੈਸਲੇ ਵਿੱਚ ਉਹਨੇ ਥੋੜੇ ਸਬਦਾਂ ਵਿੱਚ ਗੱਲ ਸਪੱਸ਼ਟ ਕਰ ਦਿੱਤੀ ਕਿ 15ਵੀਂ ਸੱਦੀ ਤੋਂ ਸਿੱਖ ਧਰਮ ਦੀ ਬੁਨਿਆਦ ਰੱਖੀ ਗਈ ਤੇ ਇਸਦੀ ਗੁਰਮਤਿ ਪ੍ਰੰਪਰਾ ਅਨੁਸਾਰ ਹੀ ਗੁਰਦੂਆਰਾ ਸਾਹਿਬ ਫਰੀਮਾਂਟ ਦੇ ਬਾਈਲਾਅਜ ਹਨ। ਗੁਰਮਤਿ ਪ੍ਰੰਪਰਾ ਅਧੀਨ ਪੰਜ ਪਿਆਰੇ 17ਵੀ ਸੱਦੀ ਦੇ ਅਖੀਰ ਵਿੱਚ ਸਾਜੇ ਗਏ ਅਤੇ ਇਹਨਾਂ ਨੇ ਰੂਹਾਨੀ ਅਤੇ ਪ੍ਰਬੰਧਕੀ ਫੈਸਲੇ ਸਰਬ-ਸੰਮਤੀ ਨਾਲ ਪੰਜਾਂ ਦੀ ਹਾਜਰੀ ਵਿੱਚ ਲੈਣੇ ਹੁੰਦੇ ਹਨ।



ਪੰਜ ਪਿਆਰਾ ਸਿਧਾਂਤ ਦੀ ਨਵੀਂ ਪ੍ਰੀਭਾਸਾ ਜੋ ਗੁਰ-ਸਿਧਾਂਤ ਵਿਰੋਧੀ ਹੈ ਦੇਣ ਵਾਲਾ ਹਰਜੀਤ ਸਿੰਘ

### Sikh Sangat Bay Area filing in the case

Kuljit Singh Declaration: Under the bylaws of the Temple, it is governed by a "Supreme Council," which functions as the board of directors for the corporation (the "Board"). There are five members of this Board. …Naturally, KAH holds the majority vote and JH have undertaken various actions to frustrate the Board's ability to run the Temple under the bylaws and Corporations Code allowing for a **majority vote to prevail.**

### Harjeet's Testimony about Panj Pyaras

**Harjeet:** When it comes to Sikh religion, the Panj Pyara word becomes more like a religious body. And that religious body arbitrates most likely on the religious matters, but it does not arbitrates on how to run a temple, how to issue finance checks, or how to run a school.

**Trevor (Sikh Panchayat Attorney):** I want to know is a simple answer to this question. In the Sikh religion is the Panj Pyara required to make decisions based on unanimity, or alternatively is it a majority vote?

**Harjeet:** I think this question is misleading, and it's putting me on to the spot to fight within my religious understanding and the dispute of the temple. I won't answer this question --

**THE Judge:** Harjeet, can you answer the question that Mr. Zink has proffered yes or no as to unanimity in decision making for the Panj Pyara?

**Harjeet:** Your Honor -- I can speak in context of the temple management. When I was in the board, we always strive as Panj Pyaras to bring all the decisions unanimous in the sense that it benefits everybody. But there were a lot of issues on which it was not even unanimous.

So we have to understand from the lengths of those issues, if it's a religious issue, the temple bylaws has a clause -- and I can say Article 12.5 if I'm not wrong -- which says that all religious disputes will be referred to Sri Akal Takhat Sahib for arbitration.

So there is already a mention in the bylaws that you won't be unanimous. And it's not necessary that all five will agree on all the things.

But for religious matters, there is a very

**THE Judge:** Let me ask one last question, Mr. Zink. Thanks for your forbearance.

If there is a dispute about a religious issue where there is not unanimity, there is a body within the Sikh religion to resolve that dispute. Is that correct?

**Harjeet:** That is correct, your Honor.

**THE Judge:** If it's an administrative issue, the Supreme Council by a majority vote can resolve that issue?

**Harjeet:** That is correct… …Panj Pyaras are nominated by the congregation for a specific cause. And once the cause is done, they go back to the congregation roles. Right?

**Trevor:** Well, your Honor, if I can interject, I think he's gone well beyond the question. I want to get back to my question.

**THE Judge:** Okay. Harjeet, just conclude your answer briefly if you would. I want you to feel you've had a chance to conclude it.

**Harjeet:** Yes. To answer the question, your Honor, Panj Pyara, if they are nominated for a specific task by the congregation, they always strive to be -- to take -- to be in consensus.

If they're not in concensus, then they go and talk to the Sri Akal Takhat Sahib for arbitration. That's my answer.

**Trevor:** So if I understand correctly, when there is not consensus in your view of a Panj Pyara, when there is not consensus, the Panj Pyara can't move forward based on majority vote. They have to go through some arbitration process. Is that an accurate statement of what you're saying?

**Harjeet:** No. Again, as I said, not in context of management issues or running a temple issues. It's purely in general about the Sikh religious matter issues. That statement is not in context of temple. That statement is in context of general Sikh principle.

Trevor: Okay. So your view is that the Panj Pyara is not about day-to-day functions of the temple. Is that accurate?

**Harjeet:** Yeah…

Harjeet Answers in other question: Again, as I mentioned, the word Panj Pyara here, the interpretation of that is to run it as a management board… And these bylaws are written by some community leaders locally within the community. This is not something which is endorsed or signed by a Sikh religion in general. Right?

So the interpretation of Panj Pyaras is very, very vague or misleading from a legal perspective. And if you see, there is a clause about executive committee. If you can go to that article, I want --

**Trevor:** I don't want to go to that article because I asked you a very specific question about the Panj Pyaras.

The Judge: Just answer the question, okay, Harjeet, as best you can.

**Harjeet:** Yes. So my interpretation, Trevor, here is that here Panj Pyara means a board or a Supreme Council member… So the bylaws written here is written by a person, and I don't know when they thought about Panj Pyara word or the relevance of that, that you can put ballot measures to pick Panj Pyaras, or you can also fire a Panj Pyara.

It's written here in bylaws, that if they do these things, you can fire them. I don't think so that happens in our Sikh religion in general.

**Trevor:** Are you aware -- are you aware of any instance in Sikh history, since you're talking about Sikh tradition and Sikh history, where a Panj Pyara made a decision that was not unanimous?

MR. DOMINGUE (opposition attorney): Objection. Incomplete hypothetical.

**Trevor:** It's not a hypothetical. I'm asking if he's aware.

MR. DOMINGUE: It's a hypothetical.

**THE Judge:** I do think that you're right to the extent that we have lots of testimony from Harjeet as to what the Panj Pyara is, testimony that his understanding of it may be inconsistent with how it's used in a particular bylaw.

**THE Judge:** I'll overrule. But, Harjeet, please make your answer short and specific. Yes or no.

**Harjeet:** I'm not aware of that

### Extract from Judgement

**The Judge's Order: Sikhism is a religion and philosophy founded in the Punjab region of the Indian subcontinent in the late 15th century. Over the centuries several traditions developed within Sikhism, including "Gurmat tradition" which is specifically incorporated into the Gurdwara's bylaws. Article II.**

**The Gurmat tradition places in the Panj Pyaras (the Supreme Council) the collective leadership of the Gurdwara, a tradition that dates from the late 17th century when the moniker 'the five beloved ones" was first applied to the 5-member council whose responsibilities encompassed the spiritual as well as the administrative functioning of the Gurdwara. Significantly, a quorum of the Supreme Council is defined as all 5 members being present with the presumption that all decisions will be made unanimously.**

### ਫੌਜੀ ਹਮਲੇ 'ਚ ਹੋਏ ਨੁਕਸਾਨ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ ਖਿਲਾਫ ਕੀਤੇ ਗਏ ਮੁਕੱਦਮੇ ਦਾ ਮਾਮਲਾ

# ਟਕਸਾਲ ਤੇ ਸ਼੍ਰੋਮਣੀ ਕਮੇਟੀ ਵਿਚ ਅਣਬਣ

## ✪ ਅਦਾਲਤ ਤੋਂ ਬਾਹਰ ਕੇਂਦਰ ਸਰਕਾਰ ਨਾਲ ਸਮਝੌਤਾ ਕਰਨ ਦੀ ਗ਼ਲਤੀ ਨਾ ਕਰੇ : ਸੰਤ ਗਿਆਨੀ ਹਰਨਾਮ ਸਿੰਘ ਖਾਲਸਾ

## ✪ ਪੰਥ ਦੀ ਮਨਜ਼ੂਰੀ ਬਿਨਾਂ ਕੋਈ ਫੈਸਲਾ ਨਹੀਂ ਲਿਆ ਜਾਵੇਗਾ : ਬੀਬੀ ਜਾਗੀਰ ਕੌਰ

**ਅੰਮ੍ਰਿਤਸਰ/ਏ.ਟੀ.ਨਿਊਜ਼** : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਦਮਦਮੀ ਟਕਸਾਲ ਜੂਨ '84 ਦੇ ਘੱਲੂਘਾਰੇ ਦੌਰਾਨ ਇੰਦਰਾ ਗਾਂਧੀ ਹਕੂਮਤ ਵਲੋਂ ਸ੍ਰੀ ਦਰਬਾਰ ਸਾਹਿਬ 'ਤੇ ਚਾੜੀਆਂ ਗਈਆਂ ਫੌਜਾਂ ਦਾ ਮੁਕਾਬਲਾ ਕਰਨ ਵਾਲੀ ਮੁਖ ਧਿਰ ਹੈ। ਸਿਖ ਸੰਗਤਾਂ ਅਤੇ ਦਮਦਮੀ ਟਕਸਾਲ ਦੀ ਸਹਿਮਤੀ ਬਿਨਾ ਕੇਂਦਰ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਉਨਾਂ ਕਿਹਾ ਕਿ ਫੌਜੀ ਹਮਲੇ 'ਚ ਹੋਏ ਨੁਕਸਾਨ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰ ਸਰਕਾਰ ਖਿਲਾਫ ਕੀਤੇ ਗਏ ਮੁਕੱਦਮੇ ਸੰਬੰਧੀ ਦਿਲੀ ਹਾਈ ਕੋਰਟ ਵੱਲੋਂ ਦੋਹਾਂ ਪਾਰਟੀਆਂ ਨੂੰ ਆਪਸੀ ਸਹਿਮਤੀ ਨਾਲ ਮਾਮਲਾ ਹੱਲ ਕਰ ਲੈਣ ਦੀ ਕੀਤੀ ਗਈ ਪੇਸ਼ਕਸ਼ ਪ੍ਰਤੀ ਸਮਝੌਤੇ ਦੀਆਂ ਸੰਭਾਵਨਾਵਾਂ ਨੂੰ ਤਲਾਸ਼ ਰਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਦਮਦਮੀ ਟਕਸਾਲ ਆਗਾਹ ਕਰਦਿਆਂ ਕਿਹਾ ਹੈ ਕਿ ਉਹ ਇਸ ਬਾਰੇ ਅਦਾਲਤ ਤੋਂ ਬਾਹਰ ਸਮਝੌਤਾ ਕਰਨ ਦਾ ਜੋਖ਼ਮ ਨਾ ਉਠਾਉਣ ਕਿਉਂਕਿ ਇਹ ਮਾਮਲਾ ਕੇਵਲ ਮਾਲੀ ਨੁਕਸਾਨ ਦੇ ਮੁਆਵਜ਼ੇ ਦਾ ਹੀ ਨਹੀਂ ਸਗੋਂ ਸਿੱਖ ਕੌਮ ਦੀ ਆਨ ਸ਼ਾਨ ਅਤੇ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

ਉਨਾਂ ਕਿਹਾ ਕਿ ਜੂਨ '84 ਦੌਰਾਨ ਕਾਂਗਰਸ ਦੀ ਇੰਦਰਾ ਗਾਂਧੀ ਹਕੂਮਤ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੂੰ ਨਿਸ਼ਾਨਾ ਬਣਾ ਕੇ ਸ੍ਰੀ ਦਰਬਾਰ ਸਾਹਿਬ 'ਤੇ ਤੋਪਾਂ ਟੈਂਕਾ ਨਾਲ ਹਮਲਾ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨਾ, ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੋਲੀਆਂ ਮਾਰਨੀਆਂ, ਸ੍ਰੀ ਦਰਬਾਰ ਸਾਹਿਬ ਦੇ





ਅੰਦਰ ਕੀਰਤਨ ਕਰ ਰਹੇ ਰਾਗੀ ਸਿੰਘਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰਨਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪੁਰਬ ਮਨਾਉਣ ਆਈਆਂ ਹਜ਼ਾਰਾਂ ਨਿਰਦੋਸ਼ ਸੰਗਤਾਂ ਸ਼ਰਧਾਲੂਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਏ ਜਾਣ ਨਾਲ ਉਨਾਂ ਨੂੰ ਸ਼ਹਾਦਤਾਂ ਦੇਣੀਆਂ ਪਈਆਂ। ਇਸ ਕੌਮੀ ਦੁਖਾਂਤ ਨਾਲ ਦੁਨੀਆ ਭਰ ਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ। ਜਿਸ ਦਾ ਦਰਦ ਅੱਜ ਵੀ ਸਿੱਖ ਹਿਰਦਿਆਂ 'ਚ ਬਰਕਰਾਰ ਦੇਖਿਆ ਜਾ ਸਕਦਾ ਹੈ। ਉਨਾਂ ਕਿਹਾ ਕਿ ਉਕਤ ਵੱਡੇ ਨੁਕਸਾਨ ਲਈ ਆਰਥਿਕ ਭਰਪਾਈ ਮਸਲੇ ਦਾ ਕੋਈ ਹੱਲ ਨਹੀਂ ਹੈ।

ਉਨਾਂ ਕਿਹਾ ਕਿ ਉਸ ਵਕਤ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਇਸ ਹਮਲੇ ਨੂੰ ਲੈ ਕੇ ਕੇਂਦਰ ਖਿਲਾਫ ਵਿੱਤੀ ਹਰਜਾਨੇ ਦਾ ਕੇਸ ਦਾਇਰ ਕਰਨ ਪਿੱਛੇ ਕੀਤੇ ਗਏ ਹਮਲੇ ਪ੍ਰਤੀ ਸਮੁੱਚੇ ਨੁਕਸਾਨ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ 'ਤੇ ਪਾਉਂਦਿਆਂ ਉਸ ਤੋਂ ਇਹ ਸਵੀਕਾਰ ਕਰਾਉਣਾ ਸੀ ਕਿ ਗੁਰ ਅਸਥਾਨਾਂ 'ਤੇ ਕੀਤੇ ਗਏ ਫ਼ੌਜੀ ਹਮਲੇ ਪੂਰੀ ਤੌਰ 'ਤੇ ਨਜਾਇਜ਼ ਸੀ। ਉਨਾਂ ਕਿਹਾ ਕਿ ਇਕ ਵੱਡੀ ਤੇ ਤਸੱਲੀ ਵਾਲੀ ਗਲ ਇਹ ਵੀ ਹੈ ਕਿ ਕੇਸ 35-36 ਸਾਲ ਲੰਮਾ ਚੱਲਣ ਦੇ ਬਾਵਜੂਦ ਅੱਜ ਇਸ ਸਥਿਤੀ ਵਿਚ ਹੈ ਕਿ ਜਿਸ ਤੋਂ ਇਹ ਸਪਸ਼ਟ ਹੋਵੇਗਾ ਕਿ ਉਸ ਸਮੇਂ ਕਾਂਗਰਸ ਦੀ ਹਕੂਮਤ ਦੀ ਵੱਡੀ ਗ਼ਲਤੀ ਕਾਰਨ ਹੀ ਤੀਸਰਾ ਘੱਲੂਘਾਰਾ ਵਾਪਰਿਆ। ਸੰਸਾਰ ਦੀ ਸਮੁੱਚਾ ਸਿੱਖ ਜਗਤ ਉਕਤ ਬਾਰੇ ਜਾਣਕਾਰੀ ਲੈਣਾ ਚਾਹੁੰਦਾ ਹੈ। ਉਨਾਂ ਕਿਹਾ ਕਿ ਅਖ਼ਬਾਰਾਂ ਰਾਹੀਂ ਪਤਾ ਲੱਗਾ ਹੈ ਕਿ ਦਿੱਲੀ ਹਾਈ ਕੋਰਟ ਵੱਲੋਂ ਉਕਤ ਕੇਸ ਸਬੰਧੀ ਦੋਹਾਂ ਧਿਰਾਂ ਸ਼੍ਰੋਮਣੀ ਕਮੇਟੀ ਅਤੇ ਕੇਂਦਰ ਸਰਕਾਰ ਨੂੰ ਇਹ ਰਾਏ ਦਿੱਤੀ ਗਈ ਕਿ ਦੋਹਾਂ ਹੀ ਧਿਰਾਂ ਚਾਹੁਣ 'ਤੇ ਅਦਾਲਤ ਤੋਂ ਬਾਹਰ ਆਪਸ ਵਿਚ ਬੈਠ ਕੇ ਇਸ ਮਸਲੇ ਦਾ ਹੱਲ ਕਰ ਲੈਣ।

ਜਦਕਿ ਕੇਂਦਰ ਸਰਕਾਰ ਇਹ ਪ੍ਰਸਤਾਵ ਸ਼੍ਰੋਮਣੀ ਕਮੇਟੀ ਨੂੰ ਪਿਛਲੇ ਸਾਲ ਦੇ ਚੁੱਕੀ ਹੈ। ਪਰ ਦਮਦਮੀ ਟਕਸਾਲ ਸਮੁੱਚੇ ਪੰਥ ਨੂੰ ਅਤੇ ਵਿਸ਼ੇਸ਼ ਕਰ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਅਗਾਊਂ ਸੁਚੇਤ ਕਰਦੀ ਹੈ ਕਿ ਉਹ ਇਸ ਪੰਥ ਦੀ ਆਨ-ਸ਼ਾਨ ਦੇ ਮਾਮਲੇ 'ਚ ਪੰਥ ਦੀਆਂ ਭਾਵਨਾਵਾਂ ਨੂੰ ਸਮਝੇ। ਇਹ ਮਾਮਲਾ ਜਿੱਥੇ ਸਮੁੱਚੇ ਪੰਥ ਨਾਲ ਜੁੜਿਆ ਹੋਇਆ ਹੈ ਉੱਥੇ ਵਿਸ਼ੇਸ਼ ਤੌਰ 'ਤੇ ਦਮਦਮੀ ਟਕਸਾਲ ਨਾਲ ਵੀ ਜੁੜਿਆ ਹੋਇਆ ਹੈ। ਉਨਾਂ ਕਿਹਾ ਕਿ ਅਦਾਲਤ ਤੋਂ ਬਾਹਰ ਕਿਸੇ ਕਿਸਮ ਦਾ ਸਮਝੌਤਾ ਪੰਥ ਪ੍ਰਵਾਨ ਨਹੀਂ ਕਰੇਗਾ। ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨਾਲ ਭਾਈ ਜਸਵੀਰ ਸਿੰਘ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਅਜੈਬ ਸਿੰਘ ਅਭਿਆਸੀ ਅਤੇ ਪ੍ਰੋ. ਸਰਚਾਂਦ ਸਿੰਘ ਵੀ ਮੌਜੂਦ ਸਨ। ਦੂਜੇ ਪਾਸੇ ਬੀਬੀ ਜਾਗੀਰ ਕੌਰ ਨੇ ਕਿਹਾ ਕਿ ਉਹਨਾਂ ਪੰਥ ਦੀ ਮਨਜੂਰੀ ਬਿਨਾਂ ਕੋਈ ਫੈਸਲਾ ਨਹੀਂ ਲਿਆ।ਹੁਣ ਵੀ ਉਹ ਫੈਸਲਾ ਲੈਣਗੇ ਜੋ ਪੰਥ ਨੂੰ ਮਨਜੂਰ ਹੋਵੇਗਾ।

# ਸ਼ਿਕਾਗੋ ਦੇ ਇਕ ਘਰ ਵਿਚ ਚੱਲੀਆਂ ਗੋਲੀਆਂ

## ਤਿੰਨ ਔਰਤਾਂ ਸਮੇਤ 4 ਮਰੇ, 4 ਜ਼ਖਮੀ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ)**: ਸ਼ਿਕਾਗੋ ਦੇ ਦੱਖਣ ਵਿਚ ਇਕ ਘਰ ਵਿਚ ਕਿਸੇ ਗੱਲ ਨੂੰ ਲੈ ਕੇ ਹੋਈ ਤਕਰਾਰ ਤੋਂ ਬਾਅਦ ਹੋਈ ਗੋਲੀਬਾਰੀ ਵਿਚ ਤਿੰਨ ਔਰਤਾਂ ਤੇ ਇਕ ਮਰਦ ਦੀ ਮੌਤ ਹੋ ਗਈ ਜਦ ਕਿ ਤਿੰਨ ਵਿਅਕਤੀ ਤੇ ਇਕ ਔਰਤ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਇਹ ਘਟਨਾ ਲੰਘੇ ਦਿਨ ਤੜਕਸਾਰ 6 ਵਜੇ ਦੇ ਆਸ ਪਾਸ ਐਂਗਲਵੁੱਡ ਖੇਤਰ ਵਿਚ ਇਕ ਰਿਹਾਇਸ਼ੀ ਘਰ ਵਿਚ ਵਾਪਰੀ ਜਿਥੇ ਕੁਝ ਲੋਕ ਇਕੱਠੇ ਹੋਏ ਸਨ। ਬੋਲ ਕਬੋਲ ਉਪਰੰਤ ਗੋਲੀਆਂ ਚਲ ਗਈਆਂ। ਇਹ ਇਕੱਠ ਕਿਉਂ ਕੀਤਾ ਗਿਆ ਸੀ ਇਸ ਬਾਰੇ ਸਪੱਸ਼ਟ ਨਹੀਂ ਹੋ ਸਕਿਆ। ਸ਼ਿਕਾਗੋ ਪੁਲਿਸ ਸੁਪਰਡੈਂਟ ਡੇਵਿਡ ਬਰਾਊਨ ਨੇ ਕਿਹਾ ਹੈ ਕਿ ਅਜੇ ਤੱਕ ਅਜਿਹਾ ਨਹੀਂ ਲੱਗ ਰਿਹਾ ਕਿ ਘਟਨਾ ਵਿਚ ਕੋਈ ਸ਼ੱਕੀ ਵਿਅਕਤੀ ਸ਼ਾਮਿਲ ਹੈ। ਪੀੜਤ ਹੀ ਮੌਕੇ ਦੇ ਗਵਾਹ ਹਨ, ਪ੍ਰੰਤੂ ਜ਼ਖਮੀਆਂ ਦਾ ਅਜੇ



ਇਲਾਜ ਚੱਲ ਰਿਹਾ ਹੈ। ਇਸ ਲਈ ਕਿਸੇ ਦੇ ਵੀ ਬਿਆਨ ਨਹੀਂ ਲਏ ਜਾ ਸਕੇ। ਉਨਾਂ ਕਿਹਾ ਹੈ ਕਿ ਘਟਨਾ ਸਥਾਨ ਤੋਂ ਵੱਡੀ ਮਾਤਰਾ ਵਿਚ ਜਿੰਦਾ ਕਾਰਤੂਸ ਤੇ ਚੱਲੀਆਂ ਗੋਲੀਆਂ ਦੇ ਖੋਲ ਮਿਲੇ ਹਨ। ਉਨਾਂ ਕਿਹਾ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਜਿਸ ਤੋਂ ਕਿਸੇ ਬਾਹਰਲੇ ਵਿਅਕਤੀ ਦੇ ਘਰ ਵਿਚ ਧੱਕੇ ਨਾਲ ਦਾਖਲ ਹੋਣ ਦਾ ਪਤਾ ਲੱਗਦਾ ਹੋਵੇ। ਉਨਾਂ ਦਸਿਆ ਕਿ ਘਟਨਾ ਸਮੇਂ ਘਰ ਵਿਚ ਅਨੇਕਾਂ ਫੋਨ ਆਉਣ ਦੀ ਗੱਲ ਸਾਹਮਣੇ ਆਈ ਹੈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ ਤੇ ਜ਼ਖਮੀਆਂ ਦੇ ਬਿਆਨਾਂ ਉਪਰੰਤ ਹੀ ਕੋਈ ਸਿੱਟਾ ਕੱਢਿਆ ਜਾ ਸਕੇਗਾ। ਪੁਲਿਸ ਨੇ ਮਾਰੇ ਗਏ ਤੇ ਜ਼ਖਮੀ ਹੋਏ ਲੋਕਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ। ਇਥੇ ਜ਼ਿਕਰਯੋਗ ਹੈ ਕਿ ਅਮਰੀਕਾ ਦੇ 6 ਰਾਜਾਂ ਵਿਚ ਇਸ ਸਾਲ ਗੋਲੀਆਂ ਚੱਲਣ ਦੀਆਂ 272 ਘਟਨਾਵਾਂ ਵਾਪਰ ਚੁੱਕੀਆਂ ਹਨ।

# ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਔਰਤ ਸੈਨੇਟ ਮੈਂਬਰਾਂ ਨੂੰ ਰਾਤ ਦੇ ਖਾਣੇ 'ਤੇ ਸੱਦਿਆ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ)**: ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵਾਸ਼ਿੰਗਟਨ ਡੀ ਸੀ ਸਥਿਤ ਆਪਣੀ ਰਿਹਾਇਸ਼ 'ਤੇ ਅਮਰੀਕੀ ਸੈਨੇਟ ਦੀਆਂ ਸਾਰੀਆਂ ਔਰਤ ਮੈਂਬਰਾਂ ਨੂੰ ਰਾਤ ਖਾਣੇ ਦੀ ਦਾਵਤ ਲਈ ਸੱਦਾ ਦਿੱਤਾ। ਸੱਦੀਆਂ ਗਈਆਂ ਸਾਰੀਆਂ 24 ਔਰਤ ਸੈਨੇਟਰਾਂ ਵਿਚ 16 ਡੈਮੋਕ੍ਰੈਟਿਕ ਪਾਰਟੀ ਤੇ 8 ਰਿਪਬਲੀਕਨ ਪਾਰਟੀ ਨਾਲ ਸਬੰਧਤ ਹਨ। ਕਿਸੇ ਉੱਪ ਰਾਸ਼ਟਰਪਤੀ ਵੱਲੋਂ ਦਿੱਤੀ ਜਾ ਰਹੀ ਆਪਣੀ ਕਿਸਮ ਦੀ ਇਹ ਪਹਿਲੀ ਦਾਵਤ ਹੈ। ਦਾਵਤ ਵਿਚ ਸ਼ਾਮਿਲ ਹੋਣ ਲਈ ਹਰੇਕ ਮੈਂਬਰ ਨੂੰ ਕੋਵਿਡ-19 ਟੈਸਟ ਦੀ ਨੈਗਟਿਵ ਰਿਪੋਰਟ ਪੇਸ਼ ਕਰਨੀ ਪਵੇਗੀ। ਇਹ ਪਤਾ ਨਹੀਂ ਲੱਗ ਸਕਿਆ ਕਿ ਹੈਰਿਸ ਆਪਣੇ ਹੱਥਾਂ ਨਾਲ ਤਿਆਰ ਖਾਣਾ ਪਰੋਸੇਗੀ ਜਾਂ ਖਾਣਾ ਤਿਆਰ ਕਰਨ ਲਈ ਚੈੱਫ ਸੱਦਿਆ ਗਿਆ ਹੈ।





# ਭਾਰਤ ਨੂੰ ਚੀਨ ਤੋਂ ਖ਼ਤਰਾ

**ਅੰਮ੍ਰਿਤਸਰ ਟਾਈਮਜ਼ ਬਿਊਰੋ**: ਭਾਰਤ ਨਾਲ ਚੱਲ ਰਹੇ ਸਰਹੱਦੀ ਵਿਵਾਦ ਦੇ ਵਿਚਕਾਰ, ਚੀਨ ਨੇ ਲੱਦਾਖ ਨੇੜੇ ਆਪਣੇ ਕਬਜ਼ੇ ਵਾਲੇ ਖੇਤਰ ਵਿਚ ਸਟੀਲਥ ਬਾਮਬਰ ਜੈੱਟ ਐਚ-20 ਦੀਆਂ ਯੋਗਤਾਵਾਂ ਦੀ ਪਰਖ ਕੀਤੀ ਹੈ। ਦੱਸਿਆ ਗਿਆ



ਹੈ ਕਿ ਉਹ ਆਪਣੇ ਸ਼ਿਆਨ ਐਚ-20 ਲੜਾਕੂ ਜਹਾਜ਼ਾਂ ਦੀ ਅੰਤਮ ਟੈਸਟਿੰਗ ਦੀ ਪ੍ਰਕਿਰਿਆ ਨੂੰ ਪੂਰਾ ਕਰ ਰਹੀ ਹੈ। ਚੀਨ ਇਹ ਟੈਸਟ ਹੋਟਨ ਏਅਰਬੇਸ ਤੋਂ ਕਰ ਰਿਹਾ ਹੈ। ਇਕ ਸਟੀਲਥ ਜਹਾਜ਼ ਉਹ ਹੈ ਜੋ ਰਡਾਰ ਦੁਆਰਾ ਫੜੇ ਬਿਨਾਂ ਦੁਸ਼ਮਣ ਦੇ ਖੇਤਰ ਵਿਚ ਜਾ ਕੇ ਬੰਬਾਰੀ ਕਰ ਸਕਦਾ ਹੈ। ਰੱਖਿਆ ਮਾਹਿਰਾਂ ਦੇ ਅਨੁਸਾਰ, ਭਾਰਤੀ ਹਵਾਈ ਸੈਨਾ ਵਿਚ ਫ੍ਰੈਂਚ ਰਾਫੇਲ ਲੜਾਕੂ ਜਹਾਜ਼ਾਂ ਦੇ ਸ਼ਾਮਲ ਹੋਣ ਤੋਂ ਬਾਅਦ, ਚੀਨ ਨੇ ਐਚ-20 ਜਹਾਜ਼ਾਂ ਦੀ ਜਾਂਚ ਪ੍ਰਕਿਰਿਆ ਵਿਚ ਤੇਜ਼ੀ ਲਿਆ ਦਿੱਤੀ ਹੈ। ਇਹ ਟੈਸਟਿੰਗ ਪ੍ਰਕਿਰਿਆ 8 ਜੂਨ ਤੋਂ ਸ਼ੁਰੂ ਹੋ ਗਈ ਹੈ ਅਤੇ 22 ਜੂਨ ਨੂੰ ਮੁਕੰਮਲ ਹੋਵੇਗੀ। 22 ਜੂਨ ਨੂੰ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਦੀ 100ਵੀਂ ਵਰੇਗੰਢ ਹੈ। ਸ਼ਾਇਦ ਉਸ ਦਿਨ ਇਕ ਵੱਡੀ ਘੋਸ਼ਣਾ ਦੇ ਰੂਪ ਵਿਚ, ਚੀਨ ਆਪਣੀ ਹਵਾਈ ਸੈਨਾ ਵਿਚ ਸਟੀਲਥ ਲੜਾਕੂ ਜਹਾਜ਼ਾਂ ਨੂੰ ਸ਼ਾਮਲ ਕਰਨ ਬਾਰੇ ਰਸਮੀ ਜਾਣਕਾਰੀ ਦੇ ਸਕਦਾ ਹੈ। ਐੱਚ-20 ਜਹਾਜ਼ ਇਕ ਲੜਾਕੂ ਜਹਾਜ਼ ਹੈ ਜੋ ਕਈ ਸਮਰੱਥਾਵਾਂ ਨਾਲ ਲੈਸ ਹੈ। ਇਹ ਲੰਬੀ ਦੂਰੀ ਤੱਕ ਜਾ ਕੇ ਕੰਮ ਕਰ ਸਕਦਾ ਹੈ। ਇਹ ਵਧੇਰੇ ਭਾਰ ਚੁੱਕਣ ਵਿਚ ਵੀ ਸਮਰੱਥ ਹੈ। ਇਹ ਦੁਸ਼ਮਣ ਦੇ ਰਡਾਰ ਨੂੰ ਚਕਮਾ ਦੇ ਕੇ ਆ ਅਤੇ ਜਾ ਸਕਦਾ ਹੈ। ਚੀਨ ਨੇ ਅਜੇ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਉਸਦਾ ਨਵਾਂ ਬਣਾਇਆ ਲੜਾਕੂ ਜਹਾਜ਼ ਪਰਮਾਣੂ ਹਥਿਆਰ ਨਾਲ ਹਮਲਾ ਕਰਨ ਦੇ ਸਮਰੱਥ ਹੈ ਜਾਂ ਨਹੀਂ। ਅਮਰੀਕਾ ਦੇ ਸਾਰੇ ਆਧੁਨਿਕ ਜਹਾਜ ਪ੍ਰਮਾਣੂ ਹਮਲੇ ਕਰਨ ਦੇ ਸਮਰੱਥ ਹਨ। ਚੀਨ ਭਾਰਤ ਲਈ ਖਤਰਾ ਬਣਿਆ ਹੈ। ਭਾਰਤ ਨੂੰ ਯੋਜਨਾਬੰਦੀ ਤੋਂ ਕੰਮ ਲੈਣਾ ਪਵੇਗਾ।

### ਮਾਮਲਾ ਟਿਕਰੀ ਬਾਰਡਰ 'ਤੇ ਬਲਾਤਕਾਰ ਦਾ

# ਹਾਈ ਕੋਰਟ ਨੇ ਪਿਓ-ਧੀ ਦੀ ਗੱਲਬਾਤ ਦਾ ਤਲਬ ਕੀਤਾ ਰਿਕਾਰਡ

**ਚੰਡੀਗੜ/ਏ.ਟੀ.ਨਿਊਜ਼**: ਖੇਤੀ ਕਾਨੂੰਨਾਂ ਖ਼ਿਲਾਫ਼ ਟਿਕਰੀ ਬਾਰਡਰ 'ਤੇ ਧਰਨੇ ਵਿਚ ਸ਼ਾਮਲ ਬੰਗਾਲ ਦੀ ਲੜਕੀ ਨਾਲ ਸਮੂਹਿਕ ਜਬਰ ਜਨਾਹ ਦੇ ਮਾਮਲੇ 'ਚ ਹਾਈ ਕੋਰਟ ਨੇ ਪਿਓ-ਧੀ ਵਿਚਾਲੇ ਹੋਈ ਗੱਲਬਾਤ ਦਾ ਰਿਕਾਰਡ ਤਲਬ ਕੀਤਾ ਹੈ।

ਯਾਦ ਰਹੇ ਕਿ ਲੜਕੀ ਦੀ ਕੋਰੋਨਾ ਕਾਰਨ ਮੌਤ ਹੋ ਗਈ ਸੀ ਪਰ ਉਸ ਦੇ ਪਿਤਾ ਨੇ ਲੜਕੀ ਨਾਲ ਜਬਰ-ਜਨਾਹ ਹੋਣ ਦਾ ਦੋਸ਼ ਲਾਇਆ ਸੀ। ਪਿਤਾ ਦੇ ਬਿਆਨ 'ਤੇ ਬਹਾਦਰਗੜ ਸ਼ਹਿਰ ਥਾਣੇ ਵਿਚ ਕੇਸ ਦਰਜ ਹੈ। ਇਸ ਮਾਮਲੇ ਦੇ ਇਕ ਮੁਲਜ਼ਮ ਅੰਕੁਰ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਹਾਈ ਕੋਰਟ 'ਚ ਜਮਾਨਤ ਪਟੀਸ਼ਨ ਦਾਇਰ ਕੀਤੀ ਹੈ। ਬੁੱਧਵਾਰ ਨੂੰ ਸੁਣਵਾਈ ਦੌਰਾਨ ਹਰਿਆਣਾ ਦੇ ਐਡੀਸ਼ਨਲ ਐਡਵੋਕੇਟ ਜਨਰਲ ਦੀਪਕ ਸੱਭਰਵਾਲ ਨੇ ਕਿਹਾ ਕਿ ਪੁਲਿਸ ਕੋਲ ਪੁਖਤਾ ਸਬੂਤ ਹਨ। ਧੀ ਨੇ ਆਪਣੇ ਪਿਤਾ ਨਾਲ ਗੱਲਬਾਤ ਵਿਚ ਜਬਰ-ਜਨਾਹ ਹੋਣ ਤੇ ਕੁਝ ਨਾਵਾਂ ਦਾ ਜ਼ਿਕਰ ਕੀਤਾ ਹੈ। ਕੋਰਟ ਨੇ ਸਰਕਾਰ ਨੂੰ ਆਦੇਸ਼ ਦਿੱਤਾ ਕਿ ਦੋਵੇਂ ਵਿਚਾਲੇ ਹੋਈ ਨਾਲ ਗੱਲਬਾਤ ਦਾ ਰਿਕਾਰਡ ਪੇਸ਼ ਕਰੇ।

# ਧਰਮੀ ਫੌਜੀ ਪੰਥਕ ਜਥੇਬੰਦੀਆਂ ਤੋਂ ਨਿਰਾਸ਼

## ✪ ਕਿਹਾ ਕਿ ਸਾਕਾ ਨੀਲਾ ਤਾਰਾ ਦੇ ਜ਼ਖ਼ਮ ਅਜੇ ਤੱਕ ਅੱਲੇ

## ✪ ਧਰਮੀ ਫ਼ੌਜੀਆਂ ਦੀ ਕਿਸੇ ਨਾ ਫੜੀ ਬਾਂਹ : ਬਲਦੇਵ ਸਿੰਘ

**ਜਲੰਧਰ/ਏ.ਟੀ.ਨਿਊਜ਼:** ਜੂਨ 1984 ਵਿਚ ਵਾਪਰੇ ਸਾਕੇ ਨੀਲੇ ਤਾਰੇ ਦੇ ਜ਼ਖ਼ਮ ਅਜੇ ਤੱਕ ਅੱਲੇ ਹਨ। ਤਤਕਾਲੀ ਸਰਕਾਰ ਨੇ ਸੰਤ ਭਿੰਡਰਾਂਵਾਲਿਆਂ 'ਤੇ ਹਮਲਾ ਕਰਨ ਲਈ ਤਖ਼ਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਵਾ ਦਿੱਤਾ। ਉਸ ਵੇਲੇ ਫ਼ੌਜ 'ਚ ਸਿੱਖ ਰੈਜੀਮੈਂਟਾਂ ਵਿਚ ਦੇਸ਼ ਲਈ ਜਾਨ ਕੁਰਬਾਨ ਕਰਨ ਵਾਲੇ ਫ਼ੌਜੀ ਆਪਣੇ ਧਰਮ ਖਾਤਰ ਫੌਜ ਛੱਡ ਗਏ ਤੇ ਦਰਬਾਰ ਸਾਹਿਬ ਦੀ ਰਾਖੀ ਲਈ ਤੁਰ ਪਏ । ਉਨਾਂ ਨੂੰ ਉਸ ਵੇਲੇ ਦੇ ਸਿੱਖ ਆਗੂਆਂ ਨੇ ਧਰਮੀ ਫ਼ੌਜੀਆਂ ਦਾ ਨਾਂ ਦਿੱਤਾ ਤੇ ਕੌਮ ਖਾਤਰ ਉਨਾਂ ਵੱਲੋਂ ਲਏ ਫ਼ੈਸਲੇ ਨੂੰ ਸਹੀ ਸਿੱਧ ਕੀਤਾ।

1984 ਤੋਂ ਬਾਅਦ ਜਦੋਂ ਇਨਾਂ ਫ਼ੌਜੀਆਂ ਦੀ ਕੋਈ ਸੁਣਵਾਈ ਨਾ ਹੋਈ ਤੇ ਨਾ ਹੀ ਇਨਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਅਤੇ ਪਿੰਡੇ 'ਤੇ ਹੰਢਾਏ ਤਸੀਹਿਆਂ ਦਾ ਕਿਤੇ ਵੀ ਜ਼ਿਕਰ ਹੋਇਆ ਤਾਂ ਇਹ ਫੌਜੀ ਲਾਮਬੰਦ ਹੋਣੇ ਸ਼ੁਰੂ ਹੋਏ। ਇਸ ਲਾਮਬੰਦੀ ਤੋਂ ਇਕ ਸੰਸਥਾ ਦਾ ਗਠਨ ਹੋਇਆ, ਜਿਸ ਨੂੰ ਸਮੂਹ ਸਿੱਖ ਧਰਮੀ ਫ਼ੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ ਦਾ ਨਾਂ ਦਿੱਤਾ ਗਿਆ। ਇਸ



ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਬਲਦੇਵ ਸਿੰਘ ਨੇ ਦੱਸਿਆ ਕਿ ਜਦੋਂ ਉਹ ਸਿੱਖ ਕੌਮ ਅਤੇ ਆਪਣੇ ਧਰਮ ਖਾਤਰ ਫ਼ੌਜ ਛੱਡ ਕੇ ਭਗੌੜੇ ਹੋਏ ਤਾਂ ਉਨਾਂ ਨੂੰ ਕਈ ਤਰਾਂ ਦੇ ਤਸੀਹੇ ਝੱਲਣੇ ਪਏ। ਕਈ ਸਾਥੀ ਤਾਂ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਫ਼ਾਨੀ ਜਹਾਨ ਨੂੰ ਅਲਵਿਦਾ ਕਹਿ ਗਏ ਤੇ ਜੋ ਬਾਕੀ ਬਚੇ ਉਹ ਆਪਣੀਆਂ ਮਿੱਠੀਆਂ-ਕੌੜੀਆਂ ਯਾਦਾਂ ਨਾਲ ਜੀਵਨ ਦੇ ਆਖਰੀ ਪੜਾਅ 'ਤੇ ਸਿੱਖ ਕੌਮ ਤੋਂ ਇਨਸਾਫ਼ ਦੀ ਮੱਧਮ ਜਿਹੀ ਆਸ 'ਚ ਹਨ।

ਬਲਦੇਵ ਸਿੰਘ ਨੇ ਦੱਸਿਆ ਕਿ ਉਨਾਂ ਧਰਮ ਖਾਤਰ ਫ਼ੌਜ ਛੱਡੀ। ਵੇਲੇ ਦੇ ਹਾਕਮਾਂ ਤੇ ਸਿੱਖ ਕੌਮ ਦੇ ਆਗੂਆਂ ਨੇ ਉਨਾਂ ਨੂੰ ਧਰਮੀ ਫ਼ੌਜੀਆਂ ਦਾ ਨਾਂ ਦਿੱਤਾ ਪਰ 37 ਸਾਲ ਬੀਤ ਜਾਣ ਤੋਂ ਬਾਅਦ ਵੀ ਨਾ ਹੀ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਨੇ ਉਨਾਂ ਦੀ ਬਾਂਹ ਫੜੀ। ਆਪਣੇ ਲਈ ਮਾਣ-ਸਤਿਕਾਰ ਦੀ ਕਾਮਨਾ ਤੇ ਲੋੜਵੰਦ ਪਰਿਵਾਰਾਂ ਲਈ ਸਹਾਇਤਾ ਦੀ ਮੰਗ ਕਰਦਿਆਂ ਉਨਾਂ ਕਿਹਾ ਕਿ ਹੁਣ ਉਨਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਹੈ। ਉਨਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਇਨਾਂ ਸੰਸਥਾਵਾਂ ਤੋਂ ਮੰਗ ਕਰਦੇ ਹਨ ਕਿ ਕੇਂਦਰ ਸਰਕਾਰ ਤੋਂ ਪੂਰਾ ਡਾਟਾ ਕਢਵਾ ਕੇ ਉਨਾਂ ਨੂੰ ਬਣ ਦੇ ਹੱਕ ਦਿੱਤੇ ਜਾਣ ਤੇ ਉਨਾਂ ਦੇ ਪਰਿਵਾਰਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਢੁੱਕਵੇਂ ਉਪਰਾਲੇ ਕੀਤੇ ਜਾਣ।

# ਦੀਪ ਸਿੱਧੂ ਨੂੰ ਨਸ਼ੇ ਦਿੱਤੇ, ਖੁਦ ਹੀ ਕੀਤਾ ਵੱਡਾ ਖੁਲਾਸਾ



**ਚੰਡੀਗੜ/ਏ.ਟੀ.ਨਿਊਜ਼ :** ਕਿਸਾਨ ਅੰਦੋਲਨ ਦੇ ਇਕ ਹਿੱਸੇ ਦੀ ਅਗਵਾਈ ਕਰ ਰਹੇ ਪੰਜਾਬੀ ਅਦਾਕਾਰ ਦੀਪ ਸਿੱਧੂ ਨੂੰ ਕੋਈ ਨਸ਼ੀਲੇ ਪਦਾਰਥ ਦੇ ਰਿਹਾ ਹੈ। ਇਸ ਦਾ ਖੁਲਾਸਾ ਖੁਦ ਦੀਪ ਸਿੱਧੂ ਨੇ ਕੀਤਾ ਹੈ। ਦੀਪ ਸਿੱਧੂ ਨੇ ਫੇਸਬੁੱਕ ਪੋਸਟ ਜ਼ਰੀਏ ਆਪਣੇ ਫੈਨਸ ਨਾਲ ਇਹ ਗੱਲ ਸਾਂਝੀ ਕੀਤੀ ਹੈ।

ਦੀਪ ਸਿੱਧੂ ਨੇ ਲਿਖਿਆ, 'ਕਿਸੇ ਨੇ ਮੈਨੂੰ ਕੋਈ ਨਸ਼ੀਲਾ ਪਦਾਰਥ ਦਿੱਤਾ ਹੈ, ਮੈਂ ਠੀਕ ਮਹਿਸੂਸ ਨਹੀਂ ਕਰ ਰਿਹਾ, ਮੈਨੂੰ ਨਹੀਂ ਪਤਾ ਕਿ ਇਹ ਕੌਣ ਕਰ ਰਿਹਾ ਹੈ, ਦੂਜੇ ਪਾਸੇ ਮੈਂ ਇੱਥੇ ਸਾਰੀਆਂ ਰਾਜਨੀਤਕ ਤੇ ਸਮਾਜਿਕ ਔਕੜਾਂ ਦੇ ਵਿਰੁੱਧ ਇਕੱਲਾ ਖੜਾ ਹਾਂ, ਹੁਣ ਮੇਰੀ ਸੁਰੱਖਿਆ ਮੇਰੇ ਪਰਿਵਾਰ ਲਈ ਇੱਕ ਗੰਭੀਰ ਚਿੰਤਾ ਬਣ ਗਈ ਹੈ (ਮੈਂ ਇਸ ਨੂੰ ਮੌਜੂਦਾ ਹਕੀਕਤ ਨੂੰ ਦਰਸਾਉਣ ਲਈ ਸਾਂਝਾ ਕਰ ਰਿਹਾ ਹਾਂ ਜੋ ਮੈਂ ਖੁਦ ਵੀ ਪਹਿਲਾਂ ਨਹੀਂ ਸਮਝ ਸਕਿਆ)... ਵਾਹਿਗੁਰੂ ਸਭ ਦੀ ਭਲੀ ਕਰੇ।' ਦੱਸ ਦਈਏ ਕਿ ਲਾਲ ਕਿਲਾ ਹਿੰਸਾ ਮਾਮਲੇ ਵਿਚ ਦੀਪ ਸਿੱਧੂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਦੀਪ ਸਿੱਧੂ ਕਰੀਬ ਤਿੰਨ ਮਹੀਨੇ ਜੇਲ ਵਿਚ ਰਿਹਾ। ਇਸ ਤੋਂ ਬਾਅਦ ਉਸ ਨੂੰ ਜ਼ਮਾਨਤ ਮਿਲੀ ਤੇ ਉਹ ਜੇਲ 'ਚੋਂ ਰਿਹਾਅ ਹੋ ਕੇ ਬਾਹਰ ਆਇਆ। ਜੇਲ 'ਚੋਂ ਬਾਹਰ ਆਉਂਦਿਆਂ ਹੀ ਉਸ ਨੇ ਫਿਰ ਕਿਸਾਨ ਅੰਦੋਲਨ ਨਾਲ ਜੁੜਨ ਦੀ ਗੱਲ ਕਹੀ। ਫੇਸਬੁੱਕ ਰਾਹੀਂ ਉਹ ਆਪਣੇ ਫੈਨਸ ਨਾਲ ਜੁੜਿਆ ਹੋਇਆ ਹੈ।

# ਭਗਵੇਂ ਗੁੰਡਿਆਂ ਵਲੋਂ ਨਸਲਵਾਦੀ ਹਿੰਸਾ

## ਯੂ.ਪੀ. ਵਿਚ ਬਜ਼ੁਰਗ ਮੁਸਲਮਾਨ ਨੂੰ ਕੁੱਟਕੇ-ਜੈ ਸ੍ਰੀ ਰਾਮ ਦੇ ਨਾਅਰੇ ਲਗਾਉਣ ਲਈ ਕਿਹਾ

**ਗਾਜ਼ੀਆਬਾਦ/ਏ.ਟੀ.ਨਿਊਜ਼ :** ਗਾਜ਼ੀਆਬਾਦ ਦੇ ਲੋਨੀ ਇਲਾਕੇ ਦੀ ਇਕ ਵੀਡੀਓ ਸ਼ੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸ ਇਕ ਬਜ਼ੁਰਗ ਮੁਸਲਿਮ ਵਿਅਕਤੀ ਦੀ 4 ਲੋਕ ਕੁੱਟਮਾਰ ਕਰ ਰਹੇ ਹਨ ਅਤੇ ਉਸ ਨੂੰ ਜੈ ਸ੍ਰੀ ਰਾਮ ਦੇ ਨਾਅਰੇ ਲਗਾਉਣ ਲਈ ਕਹਿ ਰਹੇ ਹਨ। ਗਾਜ਼ੀਆਬਾਦ ਦੀ ਪੁਲਿਸ ਨੇ ਕਿਹਾ ਕਿ ਇਸ ਮਾਮਲੇ ਵਿਚ ਪਹਿਲਾਂ ਹੀ ਐਫ.ਆਈ.ਆਰ. ਦਰਜ ਕਰਕੇ ਪ੍ਰਵੇਸ਼ ਗੁੱਜਰ ਨਾਂਅ ਦੇ ਇਕ ਵਿਅਕਤੀ



ਨੂੰ ਘਟਨਾ ਵਿਚ ਕਥਿਤ ਸ਼ਮੂਲੀਅਤ ਕਾਰਨ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਹ ਘਟਨਾ 5 ਜੂਨ ਦੀ ਹੈ, ਪਰ ਪੁਲਿਸ ਨੂੰ ਸ਼ਿਕਾਇਤ ਦੋ ਦਿਨ ਬਾਅਦ ਦਿੱਤੀ ਗਈ। ਗਾਜ਼ੀਆਬਾਦ ਪੁਲਿਸ ਦੇ ਸੀਨੀਅਰ ਅਧਿਕਾਰੀ ਅਮਿਤ ਪਾਠਕ ਨੇ ਕਿਹਾ ਕਿ ਘਟਨਾ ਦੇ ਪੀੜਤ ਬੁਲੰਦ ਸ਼ਹਿਰ ਦੇ ਵਸਨੀਕ ਅਬਦੁੱਲ ਸਾਮਦ ਨੇ ਪੁਲਿਸ ਨੂੰ ਸ਼ਿਕਾਇਤ ਦੋ ਦਿਨ ਬਾਅਦ ਦਿੱਤੀ ਗਈ। ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਘਟਨਾ ਦੇ ਪੀੜਤ ਅਬਦੁੱਲ ਸਾਮਦ ਨੇ ਜੈ ਸ੍ਰੀ ਰਾਮ ਦੇ ਨਾਅਰੇ ਲਾਉਣ ਲਈ ਮਜ਼ਬੂਰ ਕਰਨ ਅਤੇ ਕੁੱਟ ਮਾਰ ਕਰਨ ਅਤੇ ਦਾੜੀ ਕੱਟਣ ਦੇ ਦੋਸ਼ ਲਾਏ ਹਨ।

ਨਿਰਪੱਖ ਹਲਕਿਆਂ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਭਗਵੇਂ ਗੁੰਡਿਆਂ ਪ੍ਰਤੀ ਸਖਤ ਨਹੀਂ, ਜਿਸ ਕਰਕੇ ਇਹ ਨਸਲਵਾਦੀ ਹਿੰਸਕ ਘਟਨਾਵਾਂ ਵਾਪਰ ਰਹੀਆਂ ਹਨ।ਇਕ ਬਜੁਰਗ ਦੀ ਕੁਟਮਾਰ ਭਾਰਤੀਆਂ ਦੇ ਡਿਗ ਰਹੇ ਕਿਰਦਾਰ ਦਾ ਸਬੂਤ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਬਾਦਲ ਨੇ ਸਿਹਤ ਠੀਕ ਨਾ ਹੋਣ ਕਾਰਨ ਸਿਟ ਅੱਗੇ ਪੇਸ਼ ਹੋਣ ਲਈ ਮੋਹਲਤ ਮੰਗੀ

## ਦਾਦੂਵਾਲ ਵਲੋਂ ਤਾੜਨਾ, ਜੇਕਰ ਬਾਦਲ 10 ਦਿਨਾਂ ਤੱਕ ਜਾਂਚ ਟੀਮ ਅੱਗੇ ਪੇਸ਼ ਨਾ ਹੋਏ ਤਾਂ ਸਿੱਖ ਜਥੇਬੰਦੀਆਂ ਵਲੋਂ ਬਾਦਲ ਦੇ ਘਰ ਅੱਗੇ 25 ਜੂਨ ਨੂੰ ਮੁਜ਼ਾਹਰਾ ਕੀਤਾ ਜਾਵੇਗਾ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿਹਤ ਠੀਕ ਨਾ ਹੋਣ ਕਰ ਕੇ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਅੱਗੇ ਪੇਸ਼ ਹੋਣ ਲਈ ਮੋਹਲਤ ਮੰਗਦਿਆਂ ਇਸ ਸਬੰਧੀ ਨਵੀਂ ਤਰੀਕ ਤੈਅ ਕਰਨ ਦੀ ਮੰਗ ਕੀਤੀ ਹੈ। ਉਨਾਂ ਦਾ ਕਹਿਣਾ ਹੈ ਕਿ ਉਨਾਂ ਨੂੰ ਡਾਕਟਰਾਂ ਨੇ 10 ਦਿਨਾਂ ਲਈ ਪੂਰਾ ਆਰਾਮ ਕਰਨ ਦੀ ਸਲਾਹ ਦਿੱਤੀ ਹੈ ਤੇ ਜਿਵੇਂ ਹੀ ਸਿਹਤ ਠੀਕ ਹੁੰਦੀ ਹੈ ਤਾਂ ਉਹ ਕਾਨੂੰਨ ਮੁਤਾਬਕ ਆਪਣੀ ਰਿਹਾਇਸ਼ ਫਲੈਟ ਨੰਬਰ 37, ਸੈਕਟਰ-4, ਚੰਡੀਗੜ ਵਿੱਚ ਜਾਂਚ ਵਿਚ ਸ਼ਾਮਲ ਹੋਣ ਲਈ ਖ਼ੁਦ ਹਾਜ਼ਰ ਰਹਿਣਗੇ। ਉਨਾਂ ਨਾਲ ਹੀ ਇਹ ਵੀ ਕਿਹਾ ਕਿ ਉਨਾਂ ਨੂੰ ਨਿਆਂਪਾਲਿਕਾ ਵਿੱਚ ਪੂਰਾ ਭਰੋਸਾ ਹੈ ਤੇ ਵਿਸ਼ੇਸ਼ ਜਾਂਚ ਟੀਮ ਨੂੰ ਮਾਮਲੇ ਦੀ ਜਾਂਚ ਕਰਨ ਵਿੱਚ ਪੂਰਾ ਸਹਿਯੋਗ ਦਿੱਤਾ ਜਾਵੇਗਾ। ਬਾਦਲ ਨੇ ਭਰੋਸਾ ਪ੍ਰਗਟਾਇਆ ਕਿ ਨਵੀਂ ਐੱਸਆਈਟੀ ਪਹਿਲੀ ਐੱਸਆਈਟੀ ਦੇ ਉਲਟ ਕਾਨੂੰਨ ਦਾ ਸਨਮਾਨ ਕਰਦੇ ਹੋਏ ਨਿਰਪੱਖ ਜਾਂਚ ਕਰੇਗੀ ਅਤੇ ਸੱਤਾਧਾਰੀ ਪਾਰਟੀ ਦੇ ਸਿਆਸੀ ਦਖ਼ਲ ਅੱਗੇ ਗੋਡੇ ਨਹੀਂ ਟੇਕੇਗੀ, ਕਿਉਂਕਿ ਸਰਕਾਰ ਆਪਣੇ ਸੌੜੇ ਸਿਆਸੀ ਹਿੱਤਾਂ ਵਾਸਤੇ ਕਾਨੂੰਨ ਨੂੰ ਛਿੱਕੇ ਟੰਗ ਰਹੀ ਹੈ। ਪਿਛਲੀ ਸਰਕਾਰ ਵੇਲੇ ਕੋਟਕਪੂਰਾ ਵਿਚ ਵਾਪਰੀਆਂ ਘਟਨਾਵਾਂ ਦੀ ਜਾਂਚ ਕਰ ਰਹੀ ਐੱਸਆਈਟੀ ਵੱਲੋਂ ਪ੍ਰਾਪਤ ਹੋਏ ਸੰਮਨਾਂ ਦਾ ਦੋ ਸਫ਼ਿਆਂ ਵਿਚ ਜਵਾਬ ਦਿੰਦਿਆਂ ਬਾਦਲ ਨੇ ਕਿਹਾ ਕਿ ਅੱਜ ਤੱਕ ਸਿਆਸੀ ਦਖ਼ਲ ਕਾਰਨ ਜਾਂਚ ਦੀ ਸਾਰੀ ਪ੍ਰਕਿਰਿਆ ਨਾਲ ਮਜ਼ਾਕ ਹੁੰਦਾ ਰਿਹਾ ਹੈ ਅਤੇ ਇਸ ਦਾ ਮਕਸਦ ਸਿਆਸੀ ਬਦਲਾਖੋਰੀ ਸੀ, ਜਿਸ ਕਾਰਨ ਜਾਂਚ ਦੀ ਨਿਰਪੱਖਤਾ 'ਤੇ ਕਿਸੇ ਨੂੰ ਭਰੋਸਾ ਨਹੀਂ ਰਿਹਾ। ਉਨਾਂ ਕਿਹਾ ਕਿ ਇਸ ਸਭ ਦੇ ਬਾਵਜੂਦ ਉਹ ਜਾਂਚ ਪ੍ਰਕਿਰਿਆ ਵਿੱਚ ਪੂਰਾ ਸਹਿਯੋਗ ਕਰਨਗੇ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਐੱਸਆਈਟੀ ਤਾਂ ਵਜੂਦ ਵਿੱਚ ਹੀ ਪਿਛਲੀ ਐੱਸਆਈਟੀ ਦੇ ਨੰਗੇ- ਚਿੱਟੇ ਸਿਆਸੀਕਰਨ ਕਾਰਨ





ਪੰਥ ਦੇ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਜਾਂਚ ਬਾਦਲ ਦੀ ਥਾਂ ਸਾਬਕਾ ਡੀਜੀਪੀ ਸੈਣੀ ਤੇ ਸੌਦਾ ਸਾਧ ਨੂੰ ਗ੍ਰਿਫਤਾਰ ਕਰਕੇ ਹੋਣੀ ਚਾਹੀਦੀ ਹੈ। ਪਰ ਸਿਟ ਇਸ ਬਾਰੇ ਚੁਪ ਹੈ। ਬਾਦਲ ਦੀ ਜਾਂਚ ਨਾਲ ਅੱਗੇ ਕਾਰਵਾਈ ਨਹੀਂ ਤੁਰ ਸਕੇਗੀ। ਪਹਿਲਾਂ ਸੈਣੀ ਤੇ ਸੌਦਾ ਸਾਧ ਦੀ ਜਾਂਚ ਜਰੂਰੀ ਹੈ।

ਆਈ ਹੈ। ਬਾਦਲ ਨੇ ਪਿਛਲੀ ਐੱਸਆਈਟੀ ਦੇ ਕਥਿਤ ਸਿਆਸੀ ਵਤੀਰੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਸਿਆਸੀ ਵਤੀਰੇ ਕਾਰਨ ਸਾਰੀ ਜਾਂਚ ਪ੍ਰਕਿਰਿਆ ਢਹਿ-ਢੇਰੀ ਹੋ ਗਈ। ਉਨਾਂ ਕਿਹਾ ਕਿ ਪਿਛਲੀ ਐੱਸਆਈਟੀ ਵਿੱਚ ਸਾਰੇ ਸਥਾਪਤ ਨਿਯਮਾਂ ਅਤੇ ਤੌਰ-ਤਰੀਕਿਆਂ ਨੂੰ ਛਿੱਕੇ ਟੰਗ ਕੇ ਇਕ ਅਧਿਕਾਰੀ ਨੇ ਆਪਣੇ-ਆਪ ਹੀ ਸਾਰੀਆਂ ਤਾਕਤਾਂ ਕਬਜ਼ੇ 'ਚ ਕਰ ਲਈਆਂ ਸਨ।

**ਦਾਦੂਵਾਲ ਔਖੇ**

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਹਾ ਕੇ ਕਨੂੰਨ ਸਭ ਵਾਸਤੇ ਬਰਾਬਰ ਹੈ ਤਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜਾਂਚ ਟੀਮ ਦਾ ਸਹਿਯੋਗ ਦੇਣਾ ਚਾਹੀਦਾ ਹੈ। ਆਖਰ ਬੇਅਦਬੀ ਦਾ ਇਨਸਾਫ ਮੰਗ ਰਹੇ ਸਿੱਖਾਂ ਉੱਪਰ ਗੋਲੀਆਂ, ਡਾਂਗਾਂ ਤੇ ਪਾਣੀ ਦੀਆਂ ਬੁਛਾੜਾਂ ਦਾ ਮੀਂਹ ਵਰਾਉਣ ਦਾ ਕੰਮ ਕਿਸ ਦੇ ਇਸ਼ਾਰੇ 'ਤੇ ਹੋਇਆ ਸੀ।

ਜਥੇਦਾਰ ਦਾਦੂਵਾਲ ਨੇ ਕਿਹਾ ਕਿ ਮਾਇਆਵਤੀ ਨੂੰ ਫੋਨ 'ਤੇ ਸਿਹਤ ਬਿਲਕੁਲ ਠੀਕ ਹੋਣ ਦਾ ਦਾਅਵਾ ਬਾਦਲ ਕਰ ਰਿਹਾ ਸੀ ਤਾਂ ਅੱਜ ਜਾਂਚ ਦੇ ਨਾਮ 'ਤੇ ਸਿਹਤ ਖਰਾਬ ਕਿਉਂ ਹੋ ਗਈ ਹੈ। ਜੇਕਰ ਸਾਬਕਾ ਮੁੱਖ ਮੰਤਰੀ ਦੀ ਸਿਹਤ ਨਾਸਾਜ਼ ਹੈ ਤਾਂ ਉਹ 10 ਦਿਨ ਦਾ ਸਮਾਂ ਲੈ ਸਕਦਾ ਹੈ ਪਰ ਜਾਂਚ ਦਾ ਹਿੱਸਾ ਜ਼ਰੂਰ ਬਣਨਾ ਚਾਹੀਦਾ ਹੈ ਕਿਉਂਕਿ ਦੁਨੀਆ ਵਿਚ ਵਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਸ਼ਰਧਾ ਰੱਖਣ ਵਾਲਾ ਹਰ ਮਾਈ ਭਾਈ ਬਰਗਾੜੀ, ਬਹਿਬਲ ਤੇ ਕੋਟਕਪੂਰਾ ਕਾਂਡ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਦੀਆਂ ਵੇਖਣਾ ਚਾਹੁੰਦਾ ਹੈ।

ਜਥੇਦਾਰ ਦਾਦੂਵਾਲ ਨੇ ਕਿਹਾ ਕੇ ਜੇਕਰ ਪ੍ਰਕਾਸ਼ ਸਿੰਘ ਬਾਦਲ 10 ਦਿਨਾਂ ਤੱਕ ਜਾਂਚ ਟੀਮ ਅੱਗੇ ਪੇਸ਼ ਹੋ ਕੇ ਸਹਿਯੋਗ ਨਹੀਂ ਕਰਦਾ ਤਾਂ ਸਿੱਖ ਜਥੇਬੰਦੀਆਂ ਵਲੋਂ ਬਾਦਲ ਪਿੰਡ ਬਾਦਲ ਦੇ ਘਰ ਅੱਗੇ 25 ਜੂਨ ਨੂੰ ਸਵੇਰੇ 11 ਵਜੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ ਤੇ ਬਰਗਾੜੀ ਬੇਅਦਬੀ, ਬਹਿਬਲ ਕਲਾਂ ਗੋਲੀ ਤੇ ਕਾਂਡ ਕੋਟਕਪੂਰਾ ਕਾਂਡ ਦਾ ਹਿਸਾਬ ਮੰਗਿਆ ਜਾਵੇਗਾ ਕਿ ਬਾਦਲਾਂ ਨੇ ਬੇਅਦਬੀ ਕਰਨ ਵਾਲਿਆਂ ਨੂੰ ਕਿਉਂ ਬਚਾਇਆ ? ਇਨਸਾਫ਼ ਮੰਗਦੇ ਸਿੱਖਾਂ ਨੂੰ ਕਿਉਂ ਗੋਲੀਆਂ ਮਾਰੀਆਂ ? ਗੰਦੇ ਪਾਣੀ ਦੀਆਂ ਬੁਛਾੜਾਂ ਕਿਉਂ ਮਾਰੀਆਂ ?


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੁਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA

American Red Cross

Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ

(Download Sub Rang Radio station application)

Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate. You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਕੋਟਕਪੂਰਾ ਗੋਲੀਕਾਂਡ ਬਾਰੇ ਜਾਂਚ ਤੇ ਚਸ਼ਮਦੀਦ ਗਵਾਹ

**ਰਜਿੰਦਰ ਸਿੰਘ ਪੁਰੇਵਾਲ**

ਫਰੀਦਕੋਟ ਜ਼ਿਲੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੋਂ ਬਾਅਦ ਵਾਪਰੇ ਕੋਟਕਪੂਰਾ ਗੋਲੀਕਾਂਡ ਮਾਮਲੇ ਦੀ ਜਾਂਚ ਕਰ ਰਹੀ ਸਿੱਟ ਦੇ ਮੁਖੀ ਏਡੀਜੀਪੀ ਐੱਲ.ਕੇ. ਯਾਦਵ ਅਤੇ ਆਈਜੀ ਰਾਕੇਸ਼ ਅਗਰਵਾਲ ਦੀ ਅਗਵਾਈ ਹੇਠ ਸਥਾਨਕ ਰੈਸਟ ਹਾਊਸ ਵਿਖੇ ਬੀਤੇ ਹਫਤੇ 14 ਅਕਤੂਬਰ 2015 ਨੂੰ ਕੋਟਕਪੂਰਾ ਚੌਕ ਵਿਖੇ ਵਾਪਰੇ ਘਟਨਾਕ੍ਰਮ ਦੇ ਚਸ਼ਮਦੀਦਾਂ ਕਰਮ ਸਿੰਘ ਕੋਟਲੀ ਅਬਲੂ ਮੁਕਤਸਰ ਸਾਹਿਬ (ਜੋ ਉਸ ਸਮੇਂ ਗੰਭੀਰ ਫੱਟੜ ਹੋਇਆ ਸੀ) ਤੇ ਰੋਮੀ ਛਾਬੜਾ ਕੋਟਕਪੂਰਾ (ਐਬੂਲੈਂਸ ਡਰਾਈਵਰ, ਜਿਸ ਨੇ ਜ਼ਖ਼ਮੀ ਵਿਅਕਤੀਆਂ ਨੂੰ ਹਸਪਤਾਲ ਪਹੁੰਚਾਇਆ ਸੀ) ਆਦਿਨੇ ਗਵਾਹੀ ਦਰਜ ਕਰਵਾਈ। ਇਨਾਂ 'ਚ ਨੇ ਜਾਂਚ ਟੀਮ ਨੂੰ ਆਪਣੇ ਬਿਆਨ ਕਲਮਬੰਧ ਕਰਵਾਏ।

ਗਵਾਹਾਂ ਅਨੁਸਾਰ 14 ਅਕਤੂਬਰ 2015 ਦੀ ਸਵੇਰ ਵੇਲੇ ਜਦ ਸੰਗਤਾਂ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰ ਰਹੀਆਂ ਸਨ ਤਾਂ ਇਕਦਮ ਵੱਡੀ ਗਿਣਤੀ 'ਚ ਪਹੁੰਚੇ ਪੁਲਿਸ ਮੁਲਾਜ਼ਮਾਂ ਨੇ ਲੋਕਾਂ ਨੂੰ ਘੇਰਾ ਪਾ ਲਿਆ ਅਤੇ ਧਰਨਾ ਸਥਾਨ ਤੋਂ ਹਟਾਉਣ ਲਈ ਗੰਦੇ ਪਾਣੀ ਦੀਆਂ ਬੁਛਾੜਾਂ, ਅੱਥਰੂ ਗੈਸ ਦੇ ਗੋਲੇ ਅਤੇ ਲਾਠੀਚਾਰਜ ਕਰਨ ਤੋਂ ਬਾਅਦ ਅੰਨੇਵਾਹ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ।ਇਸ ਕਾਰਵਾਈ ਕਾਰਨ ਅਨੇਕਾਂ ਸੰਗਤਾਂ ਗੰਭੀਰ ਫੱਟੜ ਹੋ ਗਈਆਂ ਜਿਨਾਂ ਨੂੰ ਬਾਅਦ ਵਿੱਚ ਹਸਪਤਾਲ ਪਹੁੰਚਾਇਆ ਗਿਆ। ਇਸ ਤੋਂ ਪਹਿਲਾਂ ਜ਼ਖਮੀਆਂ ਸਮੇਤ ਲੋਕਾਂ ਨੂੰ ਪੁਲਿਸ ਨੇ ਆਪਣੀਆਂ ਗੱਡੀਆਂ ਵਿੱਚ ਬਿਠਾ ਕੇ ਦੂਰ-ਦੁਰਾਡੇ ਪਿੰਡਾਂ ਵਿੱਚ ਛੱਡ ਆਂਦਾ ਤਾਂ ਜੋ ਧਰਨਕਾਰੀ ਮੁੜ ਇਕੱਠੇ ਨਾ ਹੋ ਸਕਣ। ਅਨੇਕਾਂ ਲੋਕਾਂ ਨੂੰ ਪੁਲਿਸ ਨੇ ਅਧਮੋਏ ਕਰ ਕੇ ਸੁੱਟ ਦਿੱਤਾ ਜਿਨਾਂ ਦੀਆਂ ਬਾਹਾਂ, ਹੱਥਾਂ, ਲੱਤਾਂ ਅਤੇ ਸਿਰ ਵਿੱਚ ਗੰਭੀਰ ਸੱਟਾਂ ਵੱਜੀਆਂ ਸਨ। ਹਰ ਪਾਸੇ ਰੌਲਾ ਪੈ ਰਿਹਾ ਹੋਣ ਦੇ ਬਾਵਜੂਦ ਪੁਲਿਸ ਨੇ ਲੋਕਾਂ 'ਤੇ ਅੰਨਾ ਤਸ਼ੱਸਦ ਢਾਹਿਆ। ਇਸ ਮੌਕੇ ਪਿੱਪਲ ਸਿੰਘ ਏਐੱਸਆਈ ਅਤੇ ਅਮਨਦੀਪ ਸਿੰਘ ਸਿਪਾਹੀ ਆਦਿ ਨੇ 14 ਅਕਤੂਬਰ ਨੂੰ ਵਾਪਰੇ ਘਟਨਾਕ੍ਰਮ ਦੌਰਾਨ ਜ਼ਖਮੀ ਹੋਏ ਪੁਲਿਸ ਮੁਲਾਜ਼ਮਾਂ ਬਾਰੇ ਆਪਣੀ ਗਵਾਹੀ ਦਰਜ ਕਰਵਾਈ ਤਾਂ ਜੋ ਮਾਮਲੇ ਨੂੰ ਸੁਲਝਾਇਆ ਜਾ ਸਕੇ।

ਬੇਸ਼ੱਕ ਪਿਛਲੇ ਛੇ ਸਾਲਾਂ ਦੇ ਵਕਫੇ ਦੌਰਾਨ ਜਸਟਿਸ ਜ਼ੋਰਾ ਸਿੰਘ ਕਮਿਸ਼ਨ, ਜਸਟਿਸ ਰਣਜੀਤ ਸਿੰਘ ਕਮਿਸ਼ਨ, ਡੀਆਈਜੀ ਰਣਧੀਰ ਸਿੰਘ ਖੱਟੜਾ ਅਤੇ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਵਾਲੀ ਸਿੱਟ ਵੱਲੋਂ ਸਾਰੇ ਮਾਮਲੇ ਨੂੰ ਗਰਾਊਂਡ ਪੱਧਰ 'ਤੇ ਖੰਗਾਲਿਆ ਗਿਆ ਅਤੇ ਇਕ-ਦੋ ਨਹੀਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਉਸ ਸਮੇਂ ਵੀ ਬਿਆਨ ਕਲਮਬੰਧ ਇਸ ਉਮੀਦ ਨਾਲ ਕਰਵਾਏ ਸਨ ਕਿ ਦੋਸ਼ੀਆਂ ਖਿਲਾਫ ਕਾਨੂੰਨ ਮੁਤਾਬਕ ਢੁੱਕਵੀਂ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ਪਰ ਅਜੇ ਤਕ ਜਾਂਚ ਤੇ ਜਾਂਚ ਜਿਉਂ ਦੀ ਤਿਉਂ ਜਾਰੀ ਹੈ। ਹੁਣੇ ਜਿਹੇ ਵਡੇ ਬਾਦਲ ਨੂੰ ਵੀ ਇਸ ਬਾਰੇ ਨੋਟਿਸ ਦਿੱਤਾ ਹੈ, ਪਰ ਉਨਾਂ ਦੀ ਸਿਹਤ ਢਿੱਲੀ ਹੋਣ ਕਾਰਨ ਉਹ ਸਿਟ ਸਾਹਮਣੇ ਪੇਸ਼ ਨਹੀਂ ਹੋ ਸਕਣਗੇ।ਪਰ ਸਿਟ ਦੀ ਜਾਂਚ ਅਤਿਅੰਤ ਢਿੱਲੀ ਹੈ ਕਿਉਂਕਿ ਹਾਲੇ ਤੱਕ ਸਾਬਕਾ ਡੀਜੀਪੀ ਸੈਣੀ ਤੇ ਸੌਦਾ ਸਾਧ ਨੂੰ ਜਾਂਚ ਦੇ ਘੇਰੇ ਵਿਚ ਨਾ ਲਿਆ ਕੇ ਜਾਂਚ ਨੂੰ ਸ਼ੱਕੀ ਬਣਾਇਆ ਹੈ। ਕੈਪਟਨ ਸਰਕਾਰ ਜੇਕਰ ਇਨਾਂ ਨੁਕਤਿਆਂ ਬਾਰੇ ਵਿਚਾਰ ਕਰਕੇ ਇਨਸਾਫ ਨਹੀਂ ਕਰੇਗੀ ਤਾਂ ਉਸ ਨੂੰ ਸਿਆਸੀ ਨੁਕਸਾਨ ਉਠਾਉਣਾ ਪਵੇਗਾ।




**ਪੰਜਾਬ ਦੀ ਰਾਜਨੀਤੀ ਕਿਧਰ ਨੂੰ ਜਾਵੇਗੀ ?**

ਪੰਜਾਬ ਦੀ ਰਾਜਨੀਤੀ ਦੀ ਤਸਵੀਰ ਅਜੇ ਤੱਕ ਪੂਰੀ ਤਰਾਂ ਸਪੱਸ਼ਟ ਨਹੀਂ ਹੈ। ਪੰਜਾਬੀ ਅਜੋਕੀ ਰਾਜਨੀਤੀ ਤੋਂ ਉਦਾਸ ਹਨ। ਇਸ ਵੇਲੇ ਪੰਜਾਬ ਵਿਚ ਕਾਂਗਰਸ, ਅਕਾਲੀ ਦਲ ਅਤੇ ਆਪ ਪਾਰਟੀ ਤੋਂ ਇਲਾਵਾ ਕੋਈ ਚੌਥਾ ਬਦਲ ਨਜ਼ਰ ਨਹੀਂ ਆ ਰਿਹਾ। ਪਰ ਇਨਾਂ ਤਿੰਨਾਂ ਧਿਰਾਂ ਦੀ ਹਾਲਤ ਜੇਤੂ ਸਥਿਤੀ ਵਾਲੀ ਨਹੀਂ ਜਾਪਦੀ। ਬੇਸ਼ੱਕ ਕਾਂਗਰਸ ਤੋਂ ਵੀ ਲੋਕ ਪ੍ਰੇਸ਼ਾਨ ਹਨ, ਸਥਾਪਤੀ ਵਿਰੋਧੀ ਰੁਝਾਨ ਵੀ ਹੈ, ਕਾਂਗਰਸ ਦੀ ਪਿਛਲੇ ਸਵਾ 4 ਸਾਲ ਦੌਰਾਨ ਚੋਣ ਦੌਰਾਨ ਕੀਤੇ ਵਾਅਦੇ ਪੂਰੇ ਨਹੀਂ ਕਰ ਸਕੀ। ਪਰ ਇਸ ਦੇ ਬਾਵਜੂਦ ਕੁਝ ਮਹੀਨੇ ਪਹਿਲਾਂ ਤੱਕ ਤਾਂ ਇਹੀ ਪ੍ਰਭਾਵ ਸੀ ਕਿ ਅਕਾਲੀ ਦਲ ਤੇ ਆਪ ਦੀ ਖਰਾਬ ਰਾਜਨੀਤਕ ਸਥਿਤੀ ਕਾਰਨ ਕਾਂਗਰਸ ਜੇਤੂ ਸਥਿਤੀ ਵਿਚ ਹੈ। ਪਰ ਅਜੋਕੇ ਹਾਲਾਤ ਇਹ ਹਨ ਕਿ ਕਾਂਗਰਸ ਆਪਣੀ ਫੁੱਟ ਕਾਰਨ ਬੁਰੀ ਤਰਾਂ ਕਮਜੋਰ ਹੈ। ਬੇਸ਼ੱਕ ਪੰਜਾਬ ਕਾਂਗਰਸ ਵਿਚ ਫੁੱਟ ਵਧੀ ਹੈ ਅਤੇ ਬੇਅਦਬੀ ਦੇ ਮਾਮਲੇ ਵਿਚ ਸਰਕਾਰ ਦੀ ਕਾਰਗੁਜ਼ਾਰੀ, ਅਫ਼ਸਰਸ਼ਾਹੀ ਦੀ ਮਨਮਰਜ਼ੀ, ਮੁੱਖ ਮੰਤਰੀ ਦਾ ਅਕਾਲੀਆਂ ਪ੍ਰਤੀ ਰਵੱਈਆ, ਮਾਫ਼ੀਆ ਰਾਜ ਦਾ ਜਾਰੀ ਰਹਿਣਾ ਆਦਿ ਮਾਮਲਿਆਂ 'ਤੇ ਮੁੱਖ ਮੰਤਰੀ ਦਾ ਵਿਰੋਧ ਵਧਿਆ ਹੈ। ਖਬਰਾਂ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਾਈ ਕਮਾਨ ਦੀ ਕਮੇਟੀ ਕੋਲ ਕਰੀਬ 3 ਦਰਜਨ ਕਾਂਗਰਸੀ ਵਿਧਾਇਕਾਂ ਦੇ ਕਥਿਤ ਕਾਲੇ ਕੰਮਾਂ ਦੀਆਂ ਫਾਈਲਾਂ ਲੈ ਕੇ ਪੁੱਜੇ ਸਨ, ਨਾਲ ਵੀ ਨਾਰਾਜ਼ਗੀ ਪੈਦਾ ਹੋ ਸਕਦੀ ਹੈ। ਕੁਝ ਕਾਂਗਰਸੀ ਵਿਧਾਇਕਾਂ ਨੇ ਇਹ ਸਵਾਲ ਵੀ ਉਠਾਇਆ ਹੈ ਕਿ ਮੁੱਖ ਮੰਤਰੀ ਨੇ ਆਪਣੇ ਵਿਧਾਇਕਾਂ ਦੇ ਕੰਮਾਂ ਦੀਆਂ ਫਾਈਲਾਂ ਤਾਂ ਤਿਆਰ ਕੀਤੀਆਂ ਹਨ ਪਰ ਉਸ ਤੋਂ ਪਹਿਲਾਂ 10 ਸਾਲ ਦੇ ਅਕਾਲੀ-ਭਾਜਪਾ ਰਾਜ ਦੇ ਵਿਧਾਇਕਾਂ ਦੀਆਂ ਫਾਈਲਾਂ ਕਿਉਂ ਨਹੀਂ ਬਣਾਈਆਂ ? ਬਲਕਿ ਉਨਾਂ ਖਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ ? ਇਥੇ ਇਕ ਸਵਾਲ ਲੋਕਾਂ ਦਾ ਵੀ ਹੈ ਕਿ ਜੇਕਰ ਮੁੱਖ ਮੰਤਰੀ ਨੂੰ ਪਤਾ ਹੈ ਕਿ ਉਨਾਂ ਦੇ ਕਰੀਬ 3 ਦਰਜਨ ਵਿਧਾਇਕ ਗ਼ਲਤ ਕੰਮਾਂ ਵਿਚ ਲੱਗੇ ਹੋਏ ਹਨ ਤਾਂ ਉਹ ਮੁੱਖ ਮੰਤਰੀ ਕਾਹਦੇ ਹਨ ਜੇ ਉਨਾਂ ਦੇ ਖਿਲਾਫ਼ ਕੋਈ ਕਾਰਵਾਈ ਨਹੀਂ ਕਰਦੇ ਤੇ ਉਨਾਂ ਨੂੰ ਨਹੀਂ ਰੋਕਦੇ ? ਰਾਜਨੀਤਕ ਮਾਹਿਰਾਂ ਅਨੁਸਾਰ ਇਸਦੇ ਬਾਵਜੂਦ ਮੁੱਖ ਮੰਤਰੀ ਦੀ ਕੁਰਸੀ ਨੂੰ ਕੋਈ ਖ਼ਤਰਾ ਨਹੀਂ ਹੈ। ਕਿਉਂਕਿ ਕਾਂਗਰਸ ਹਾਈ ਕਮਾਨ ਵਿਚ ਏਨਾ ਦਮ ਹੀ ਨਹੀਂ ਕਿ ਉਹ ਮੁੱਖ ਮੰਤਰੀ ਨੂੰ ਬਦਲਣ ਬਾਰੇ ਸੋਚੇ। ਚਰਚਾ ਇਹ ਵੀ ਹੈ ਕਿ ਇਸ ਵਾਰੀ ਚੋਣਾਂ ਵਿਚ ਕਾਂਗਰਸ ਹਾਈ ਕਮਾਨ ਕੈਪਟਨ ਪਖੀ ਵਿਧਾਇਕਾਂ ਦੀਆਂ ਟਿਕਟਾਂ ਕੱਟ ਕੇ ਨਵੇਂ ਚਿਹਰੇ ਲਿਆਵੇਗੀ। ਕਾਂਗਰਸ ਹਾਈ ਕਮਾਨ ਵਲੋਂ ਪੰਜਾਬ ਕਾਂਗਰਸ ਦੇ ਆਪਸੀ ਝਗੜੇ ਸਬੰਧੀ ਬਣਾਈ ਉੱਚ ਪੱਧਰੀ ਕਮੇਟੀ ਦੀ ਰਿਪੋਰਟ ਬਾਰੇ ਜੋ ਚਰਚਾ ਸਾਹਮਣੇ ਆਈ ਹੈ, ਉਸ ਅਨੁਸਾਰ ਨਵਜੋਤ ਸਿੰਘ ਸਿੱਧੂ ਨੂੰ ਕੋਈ ਵੱਡਾ ਅਹੁਦਾ ਮਿਲਣ ਦੀ ਸੰਭਾਵਨਾ ਹੈ। ਪੰਜਾਬ ਦੀ ਕਾਂਗਰਸ ਸਰਕਾਰ ਵਿਚ ਵੱਡੇ ਪੱਧਰ 'ਤੇ ਰੱਦੋਬਦਲ ਹੋਣ ਦੀ ਆਸ ਹੈ। ਜਾਣਕਾਰੀ ਇਹ ਹੈ ਕਿ ਕਾਂਗਰਸ ਹਾਈਕਮਾਂਡ ਕੈਪਟਨ ਦੇ 70 ਫ਼ੀਸਦੀ ਵਿਧਾਇਕਾਂ ਨੂੰ ਕੰਟਰੋਲ ਕਰ ਚੁੱਕੀ ਹੈ। ਜਲਦੀ ਇਸ ਬਾਰੇ ਫੈਸਲਾ ਆਉਣ ਦੀ ਸੰਭਾਵਨਾ ਹੈ। ਅਕਾਲੀ ਦਲ ਤੋਂ ਤੋੜ ਵਿਛੋੜੇ ਤੋਂ ਬਾਅਦ ਕਿਸਾਨੀ ਅੰਦੋਲਨ ਕਾਰਨ ਪੰਜਾਬ ਭਾਜਪਾ ਜਾਮ ਹੋ ਚੁਕੀ ਹੈ।ਕਿਸਾਨਾਂ ਨੇ ਪੰਜਾਬ ਵਿਚ ਉਸਦੀਆਂ ਸਿਆਸੀ ਗਤੀਵਿਧੀਆਂ ਉਪਰ ਰੋਕ ਲਗਾਈ ਹੋਈ ਹੈ। ਇਸ ਵੇਲੇ ਪੰਜਾਬ ਰਾਜਨੀਤਕ ਖਲਾਅ ਵਿਚ ਹੈ। ਸਾਰੀਆਂ ਪਾਰਟੀਆਂ ਤੋਂ ਪੰਜਾਬੀ ਨਿਰਾਸ਼ ਹਨ। ਸੰਭਾਵਨਾ ਦਿਖਾਈ ਦਿੰਦੀ ਹੈ ਕਿ ਕਿਸਾਨਾਂ ਵਿਚੋਂ ਰਾਜਨੀਤਕ ਲਹਿਰ ਉਭਰ ਕੇ ਚੌਥਾ ਬਦਲ ਬਣੇ। ਇਹ ਗਲ ਜਰੂਰ ਹੈ ਕਿ ਕਿਸਾਨ ਅੰਦੋਲਨ ਪੰਜਾਬ ਦੀ ਰਾਜਨੀਤੀ 'ਤੇ ਕੋਈ ਅਸਰ ਪਾਏਗਾ। ਇਸ ਵੇਲੇ ਅਕਾਲੀ ਦਲ ਦੀ ਰਣਨੀਤੀ ਪੰਜਾਬੀ ਤੇ ਨਿਰਪਖ ਪਾਰਟੀ ਤੋਂ ਵਾਪਸ ਸਿੱਖ ਹਿੱਤਾਂ ਲਈ ਲੜਨ ਵਾਲੀ ਪਾਰਟੀ ਬਣਨ ਵੱਲ ਵੱਧ ਰਹੀ ਹੈ।ਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਸਲਾ ਹੱਲ ਕੀਤੇ ਬਿਨਾਂ ਰਾਜਨੀਤੀ ਵਿਚ ਉਸਦੀ ਗੱਲ ਬਣਨੀ ਨਹੀਂ। ਬਸਪਾ ਨਾਲ ਉਸਦਾ ਗਠਜੋੜ ਹੋ ਚੁੱਕਾ ਹੈ। ਖੱਬੀਆਂ ਪਾਰਟੀਆਂ ਨਾਲ ਸਮਝੌਤਾ ਕਰਨ ਦੇ ਯਤਨਾਂ ਵਿਚ ਵੀ ਹੈ। ਜਿਥੋਂ ਤੱਕ ਅਕਾਲੀ ਦਲ ਦੇ ਖੱਬੇਪੱਖੀ ਪਾਰਟੀਆਂ ਨਾਲ ਸਮਝੌਤੇ ਦੀ ਗੱਲ ਹੈ, ਅਕਾਲੀ ਦਲ ਸੀ.ਪੀ.ਆਈ. ਤੇ ਸੀ.ਪੀ.ਐਮ. ਲਈ ਕੁੱਲ 5 ਸੀਟਾਂ ਛੱਡਣ ਲਈ ਤਿਆਰ ਦੱਸਿਆ ਜਾਂਦਾ ਹੈ। ਬੇਸ਼ੱਕ ਖੱਬੀਆਂ ਧਿਰਾਂ ਦੀ ਹਾਲਤ ਪੰਜਾਬ ਵਿਚ ਬਹੁਤ ਪਤਲੀ ਪੈ ਗਈ ਸੀ ਪਰ ਕਿਸਾਨ ਮੋਰਚੇ ਕਾਰਨ ਖੱਬੇਪੱਖੀ ਤਾਕਤਾਂ ਪਹਿਲਾਂ ਨਾਲੋਂ ਕਾਫੀ ਮਜ਼ਬੂਤ ਹਨ। ਦਸਿਆ ਜਾਂਦਾ ਹੈ ਕਿ 'ਆਪ' ਇਸ ਵਾਰ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨ ਕੇ ਚੋਣ ਮੈਦਾਨ ਵਿਚ ਉਤਰੇਗੀ। ਆਪ ਕਿਸਾਨ ਜਥੇਬੰਦੀਆਂ ਦੇ ਕਿਸੇ ਹਿੱਸੇ ਨਾਲ ਜਾਂ ਸੁਖਦੇਵ ਸਿੰਘ ਢੀਂਡਸਾ ਵਾਲੇ ਅਕਾਲੀ ਦਲ ਨਾਲ ਚੋਣ ਸਮਝੌਤਾ ਵੀ ਕਰ ਸਕਦੀ ਹੈ। ਇਕੱਲਿਆਂ ਚੋਣ ਲੜਨਾ ਉਸ ਦੇ ਵਸ ਦੀ ਗਲ ਨਹੀਂ। ਆਪ ਲਈ ਇਸ ਵੇਲੇ ਸਭ ਤੋਂ ਵੱਡੀ ਮੁਸ਼ਕਲ ਇਹ ਹੈ ਕਿ ਉਸ ਕੋਲ ਮੁੱਖ ਮੰਤਰੀ ਦਾ ਚਿਹਰਾ ਵੀ ਨਹੀਂ ਹੈ।

# ਕੋਰੋਨਾ ਕਾਲ ਦੌਰਾਨ ਵਧਿਆ ਪੰਜਾਬ ਦੇ ਜੂਨੀਅਰ ਡਾਕਟਰਾਂ ਵਿਚ ਡਿਪ੍ਰੈਸ਼ਨ

## ਵਿਦੇਸ਼ੀ ਡਾਕਟਰਾਂ 'ਚ ਐਂਜ਼ਾਇਟੀ ਤੇ ਡਿਪ੍ਰੈਸ਼ਨ ਦੇ ਮਾਮਲੇ ਘੱਟ

**ਲੁਧਿਆਣਾ/ਏ.ਟੀ.ਨਿਊਜ਼ :** ਕੋਰੋਨਾ ਦੀ ਸੁਨਾਮੀ ਵਿਚ ਨਾ ਸਿਰਫ਼ ਵੱਡੀ ਗਿਣਤੀ 'ਚ ਮਰੀਜ਼ਾਂ ਦੀ ਜਾਨ ਗਈ, ਬਲਕਿ ਵਾਇਰਸ ਦੀ ਵਜਾ ਨਾਲ ਡਾਕਟਰਾਂ ਦੀ ਮਾਨਸਿਕ ਸਿਹਤ ਨੂੰ ਵੀ ਵੱਡਾ ਝਟਕਾ ਲੱਗਾ ਹੈ। ਦਯਾਨੰਦ ਮੈਡੀਕਲ ਕਾਲਜ ਐਂਡ ਹਸਪਤਾਲ ਦੇ ਡਿਪਾਰਟਮੈਂਟ ਆਫ ਸਾਈਕੈਟ੍ਰਿਕ ਦੀ ਸਟੱਡੀ ਵਿਚ ਪਤਾ ਚੱਲਿਆ ਕਿ ਕੋਰੋਨਾ ਕਾਲ 'ਚ 67 ਫ਼ੀਸਦ ਜੂਨੀਅਰ ਡਾਕਟਰ ਐਂਜ਼ਾਇਟੀ ਤੇ 60 ਫ਼ੀਸਦ ਡਿਪ੍ਰੈਸ਼ਨ ਦੇ ਸ਼ਿਕਾਰ ਹਨ।

ਡਿਪਾਰਟਮੈਂਟ ਵੱਲੋਂ ਪੰਜਾਬ ਦੇ ਨੌਂ ਮੈਡੀਕਲ ਕਾਲਜਾਂ ਦੇ 260 ਰੈਜ਼ੀਡੈਂਟ ਤੇ ਪੀ.ਜੀ. ਦੇ ਵਿਦਿਆਰਥੀਆਂ ਨਾਲ ਆਨਲਾਈਨ ਸਟੱਡੀ ਕੀਤੀ ਗਈ। ਇਸ ਵਿਚ 170 ਔਰਤਾਂ ਤੇ ਹੋਰ ਸਬ-ਪੁਰਸ਼ ਡਾਕਟਰ ਸਨ। ਡਿਪਾਰਟਮੈਂਟ ਦੇ ਹੈੱਡ ਤੇ ਪ੍ਰੋ. ਰੰਜੀਵ ਮਹਾਜਨ ਨੇ ਦੱਸਿਆ ਕਿ ਮੈਡੀਕਲ ਕਾਲਜਾਂ ਦੇ ਰੈਜ਼ੀਡੈਂਟ ਤੇ ਪੀਜੀ ਵਿਦਿਆਰਥੀਆਂ ਵਿਚ ਐਂਜਾਇਟੀ ਖ਼ਤਰਨਾਕ ਪੱਧਰ ਤਕ ਵਧੀ ਹੈ। ਜਦਕਿ ਕੋਵਿਡ ਤੋਂ ਪਹਿਲਾਂ ਜਦੋਂ ਅਸੀਂ ਪੰਜਾਬ ਦੇ ਮੈਡੀਕਲ ਕਾਲਜਾਂ 'ਚ ਯੰਗ ਡਾਕਟਰਾਂ ਵਿਚ ਸਟ੍ਰੈੱਸ ਸਬੰਧੀ ਸਟੱਡੀ ਕੀਤੀ ਸੀ, ਉਦੋਂ ਸਿਰਫ਼ 17 ਫ਼ੀਸਦ ਰੈਜ਼ੀਡੈਂਟ ਤੇ 11 ਫ਼ੀਸਦ ਡਾਕਟਰਾਂ ਵਿਚ ਸੀ।

ਉਨਾਂ ਕਿਹਾ ਕਿ ਮੈਡੀਕਲ ਵਿਦਿਆਰਥੀ ਲੰਬੀ ਡਿਊਟੀ ਤੇ ਹਸਪਤਾਲਾਂ ਵਿਚ ਮਚੇ ਹਾਹਾਕਾਰ ਸਬੰਧੀ ਤਣਾਅ 'ਚ ਆ ਗਏ ਹਨ। ਇਹ ਡਾਕਟਰ ਆਈਸੀਯੂ ਤੇ ਆਈਸੋਲੇਸ਼ਨ ਦੇ ਮਰੀਜ਼ਾਂ ਦੇ ਕਾਫੀ ਨੇੜੇ ਹੁੰਦੇ ਹਨ, ਇਸੇ ਲਈ ਇਨਫੈਕਸ਼ਨ ਦੇ ਭਿਆਨਕ ਹਾਲਾਤ ਨਾਲ ਮਾਨਸਿਕ ਸਿਹਤ 'ਤੇ ਅਸਰ ਪਿਆ। ਉਨਾਂ ਦੀ ਲਗਾਤਾਰ ਡਿਊਟੀ ਦੇ ਨਾਲ ਪ੍ਰੀਖਿਆਵਾਂ ਨਹੀਂ ਰਹੀਆਂ। ਡਿਊਟੀ ਦੌਰਾਨ ਰੋਜ਼ਾਨਾ ਦਰਜਨਾਂ ਮਰੀਜ਼ਾਂ ਦੀ ਮੌਤ ਹੋਈ, ਜਿਹੜੀਆਂ ਏਨੀ ਘੱਟ ਉਮਰ ਵਿਚ ਡਾਕਟਰਾਂ ਨੇ ਪਹਿਲੀ ਵਾਰ ਦੇਖੀਆਂ।

ਡਾ. ਰੰਜੀਵ ਮਹਾਜਨ ਕਹਿੰਦੇ ਹਨ ਕਿ ਸਟੱਡੀ ਵਿਚ ਅਸੀਂ ਪਾਇਆ ਕਿ ਜੂਨੀਅਰ ਡਾਕਟਰਾਂ ਵਿਚ ਐਂਜ਼ਾਇਟੀ ਤੇ ਡਿਪ੍ਰੈਸ਼ਨ ਦੀ ਇਕ ਵਜਾ ਮਰੀਜ਼ਾਂ ਦੇ ਪਰਿਵਾਰਕ ਮੈਂਬਰਾਂ ਦਾ ਰਿਐਕਸ਼ਨ ਹੈ। ਇਲਾਜ ਦੌਰਾਨ ਮਰੀਜ਼ ਦੀ ਮੌਤ ਤੋਂ ਬਾਅਦ ਪਰਿਵਾਰਕ ਮੈਂਬਰਾਂ ਦਾ ਰਿਐਕਸ਼ਨ ਕਾਫੀ ਖ਼ਤਰਨਾਕ ਹੁੰਦਾ ਹੈ। ਕਈ ਵਾਰ ਪਰਿਵਾਰਕ ਮੈਂਬਰ ਮਰੀਜ਼ ਦੇ ਠੀਕ ਹੋਣ ਦਾ ਸਿਹਰਾ ਭਗਵਾਨ ਨੂੰ ਦਿੰਦੇ ਹਨ ਪਰ ਮੌਤ ਹੋਣ 'ਤੇ ਦੋਸ਼ ਡਾਕਟਰਾਂ ਸਿਰ ਮੜ ਦਿੰਦੇ ਹਨ ਜਿਸ ਦਾ ਦਿਮਾਗ਼ 'ਤੇ ਡੂੰਘਾ ਅਸਰ ਪੈਂਦਾ ਹੈ। ਇਸ ਤੋਂ ਇਲਾਵਾ ਲਾਕਡਾਊਨ ਨਾਲ ਡਾਕਟਰਾਂ ਦਾ ਕੰਪਿਊਟਰ, ਲੈਪਟਾਪ ਤੇ ਫੋਨ 'ਤੇ ਸਕ੍ਰੀਨ ਟਾਈਮ ਵਧ ਗਿਆ, ਜਿਸ ਨਾਲ ਉਦਾਸੀ, ਬੇਚੈਨੀ, ਚਿੜਚਿੜਾਪਨ ਤੇ ਤਣਾਅ ਮਿਲਿਆ।

ਡਾ. ਮਹਾਜਨ ਨੇ ਵਿਦੇਸ਼ਾਂ ਵਿਚ ਹੋਈ ਸਟੱਡੀ ਦਾ ਵੀ ਹਵਾਲਾ ਦਿੱਤਾ। ਦੱਸਿਆ ਕਿ ਚੀਨ 'ਚ ਸਟ੍ਰੈੱਟ ਤੇ ਐਂਜਾਇਟੀ 22 ਫ਼ੀਸਦ ਮਿਲੀ ਸੀ, ਜਦਕਿ 25 ਫ਼ੀਸਦ ਮੈਡੀਕਲ ਵਿਦਿਆਰਥੀ ਪਰੇਸ਼ਾਨੀ 'ਚ ਸਨ। ਇਹ ਗਿਣਤੀ ਭਾਰਤ ਨਾਲੋਂ ਘੱਟ ਹੈ। ਬਾਕੀ ਦੂਸਰੇ ਦੇਸ਼ਾਂ ਵਿਚ ਵੀ ਸਾਡੇ ਨਾਲੋਂ ਘੱਟ ਹਨ।

**ਤਣਾਅ ਘਟਾਉਣ ਲਈ ਕੀ ਕਰਨ ਡਾਕਟਰ**

ਨਿਯਮਤ ਐਕਸਰਸਾਈਜ਼ ਕਰਨ। ਮਾਨਸਿਕ ਸਿਹਤ ਦਾ ਖਾਸ ਤੌਰ 'ਤੇ ਖਿਆਲ ਰੱਖਣ। ਸਮਾਜਿਕ ਰੂਪ ਵਿਚ ਸੰਪਰਕ 'ਚ ਰਹੋ। ਨਕਾਰਾਤਮਕ ਖ਼ਬਰਾਂ ਤੋਂ ਦੂਰ ਰਹੋ। ਨਾਲੇਜ ਅਪਡੇਟ ਕਰਨ ਲਈ ਲਿਮਟ ਵਿਚ ਨਿਊਜ਼ ਚੈਨਲ ਦੇਖੋ, ਲਿਮਟ 'ਚ ਪੇਪਰ ਪੜੋ। ਜਦੋਂ ਵੀ ਕਿਸੇ ਨੂੰ ਆਪਣੇ-ਆਪ ਵਿਚ ਬਦਲਾਅ ਮਹਿਸੂਸ ਹੋਵੇ ਤਾਂ ਤੁਰੰਤ ਟ੍ਰੀਟਮੈਂਟ ਲਓ। ਲੱਛਣਾਂ ਨੂੰ ਅਣਗੌਲਿਆ ਨਾ ਕਰੋ।

ਡਾ. ਰੰਜੀਵ ਮਹਾਜਨ ਨੇ ਕਿਹਾ ਕਿ ਪਰਿਵਾਰਕ ਮੈਂਬਰਾਂ ਨੂੰ ਲਗਦਾ ਹੈ ਕਿ ਪੇਸ਼ੈਂਟ ਨੂੰ ਕੁਝ ਹੁੰਦਾ ਹੈ ਤਾਂ ਡਾਕਟਰਾਂ ਨੂੰ ਫਰਕ ਨਹੀਂ ਪੈਂਦਾ ਜਦਕਿ ਜਦੋਂ ਪੇਸ਼ੈਂਟ ਚਲਾ ਜਾਂਦਾ ਹੈ ਤਾਂ ਸਾਨੂੰ ਵੀ ਉਨਾ ਹੀ ਦੁੱਖ ਹੁੰਦਾ ਹੈ ਜਿੰਨਾ ਪਰਿਵਾਰਕ ਮੈਂਬਰਾਂ ਨੂੰ ਹੁੰਦਾ ਹੈ। ਸਾਨੂੰ ਨੀਂਦ ਨਹੀਂ ਆਉਂਦੀ। ਕਿਉਂਕਿ ਅਸੀਂ ਕਈ ਦਿਨਾਂ ਤਕ ਮਰੀਜ਼ ਨੂੰ ਦੇਖਿਆ ਹੁੰਦਾ ਹੈ। ਰੋਜ਼ਾਨਾ ਅਸੀਂ ਐਮਰਜੈਂਸੀ, ਵਾਰਡ, ਆਈਸੀਯੂ ਵਿਚ ਜਾ ਕੇ ਪੇਸ਼ੈਂਟ ਨੂੰ ਮਿਲਦੇ ਹਾਂ। ਉਸ ਦੇ ਕੰਟੈਕਟ ਵਿਚ ਰਹਿੰਦੇ ਹਾਂ। ਇਸ ਦੌਰਾਨ ਉਸ ਦੇ ਨਾਲ ਸਾਡਾ ਵੀ ਭਾਵਨਾਤਮਕ ਜੁੜਾਅ ਹੋ ਜਾਂਦਾ ਹੈ। ਪਰਿਵਾਰਕ ਮੈਂਬਰਾਂ ਨੂੰ ਸਮਝਣਾ ਚਾਹੀਦਾ ਹੈ ਕਿ ਡਾਕਟਰ ਵੀ ਉਨਾਂ ਦੇ ਦੁੱਖ ਦਾ ਹਿੱਸਾ ਹੈ।

# ਪੰਜਾਬ ਚੋਣ ਦੰਗਲ 2022 ਦਾ ਆਗਾਜ਼

## ✪ ਅਕਾਲੀ ਦਲ ਬਨਾਮ ਬਹੁਜਨ ਸਮਾਜ ਪਾਰਟੀ ਸਮਝੌਤਾ ✪ ਕੀ ਅਕਾਲੀਆਂ ਦੀ ਡੁੱਬਦੀ ਬੇੜੀ ਹਾਥੀ ਪਾਰ ਲਾਏਗਾ ?



ਜਗਰੂਪ ਸਿੰਘ ਜਰਖੜ
+91-9814300722

ਸ਼੍ਰੋਮਣੀ ਅਕਾਲੀ ਦਲ ਸਿੱਖ ਸਿਆਸਤ ਦੀ ਇਕ ਸਿਰਮੌਰ ਸੰਸਥਾ ਹੈ, ਪੰਥਕ ਹਿੱਤਾਂ ਤਹਿਤ ਵੱਡੀਆਂ ਕੁਰਬਾਨੀਆਂ ਦੇ ਕੇ ਹੋਂਦ ਵਿਚ ਆਇਆ ਸ਼੍ਰੋਮਣੀ ਅਕਾਲੀ ਦਲ ਆਪਣੇ 100 ਸਾਲ ਦੇ ਇਤਿਹਾਸ ਵਿੱਚ ਸਿਆਸਤ ਦੇ ਇਸ ਨਿਘਾਰ ਤੇ ਆ ਜਾਵੇਗਾ ਇਹ ਸਾਡੇ ਪੰਥਕ ਆਗੂਆਂ ਦੀ ਤਾਂ ਗੱਲ ਛੱਡੋ ਸਿੱਖ ਚਿੰਤਕ, ਵਿਦਵਾਨਾਂ ਅਤੇ ਬੁੱਧੀਜੀਵੀਆਂ ਨੇ ਵੀ ਨਹੀਂ ਸੋਚਿਆ ਸੀ ਕਿ ਇੱਕ ਦਿਨ ਪੰਥਕ ਸੋਚ ਰੱਖਣ ਵਾਲੀ ਪਾਰਟੀ ਨੂੰ ਆਪਣੀ ਹੋਂਦ ਜਤਾਉਣ ਲਈ ਵੀ ਜੱਦੋ ਜਹਿਦ ਕਰਨੀ ਪਵੇਗੀ। ਇਸ ਦਾ ਵੱਡਾ ਕਾਰਨ ਪੰਥਕ ਸੋਚ ਨੂੰ ਵਿਸਾਰਨਾ, ਸਿੱਖ ਪੰਥ ਨਾਲ ਲਈ ਦਗਾ ਕਮਾਉਣਾ, ਡੇਰਾਬਾਦ ਨੂੰ ਬੜਾਵਾ ਦੇਣਾ ਅਤੇ ਸਿਆਸਤ ਨੂੰ ਵਪਾਰ ਬਣਾਉਣਾ ਹੈ। ਸ਼੍ਰੋਮਣੀ ਅਕਾਲੀ ਦਲ ਅੱਜ ਇੱਕ ਪੰਥਕ ਪਾਰਟੀ ਨਾਂ ਹੋ ਕੇ ਇੱਕ ਸਰਮਾਏਦਾਰ ਟੱਬਰ ਦੀ ਬਾਦਲ ਵਪਾਰਕ ਕੰਪਨੀ ਬਣ ਕੇ ਰਹਿ ਗਿਆ ਹੈ।ਸਰਮਾਏਦਾਰ ਅਤੇ ਚਾਪਲੂਸਾਂ ਲੋਕਾਂ ਦੀ ਇਸ ਬਾਦਲ ਸਿਆਸੀ ਕੰਪਨੀ ਵਿੱਚ ਵੱਡੀ ਭਰਮਾਰ ਹੈ। ਪੰਥਕ ਸਰਕਾਰ ਦਾ ਰੁਤਬਾ ਰੱਖਣ ਵਾਲੀ ਬਾਦਲ ਕੰਪਨੀ ਦੀ ਸਰਕਾਰ ਦੇ ਰਾਜ ਵਿੱਚ ਸਾਲ 2015 ਵਿੱਚ ਗੁਰੂ ਗ੍ਰੰਥ ਸਾਹਿਬ ਦੀ ਵੱਡੇ ਪੱਧਰ ’ਤੇ ਬੇਅਦਬੀ ਹੋਵੇ ਫੇਰ ਇਨਸਾਫ਼ ਨਾ ਹੋਵੇ, ਦੋਸ਼ੀ ਫੜੇ ਵੀ ਨਾ ਜਾਣ ਇਸ ਤੋਂ ਵੱਡਾ ਕਲੰਕ ਪੰਜਾਬ ਤੇ ਹੋਰ ਕੀ ਲੱਗ ਸਕਦਾ, ਕੀ ਉਸ ਘਟਨਾਕ੍ਰਮ ਦੀ ਜ਼ਿੰਮੇਵਾਰੀ ਉਸ ਸਮੇਂ ਦੀ ਸਰਕਾਰ ਜਾਂ ਬਾਦਲਾਂ ਦੀ ਨਹੀਂ ਬਣਦੀ ਸੀ, ਇਸ ਦੇ ਸਿੱਟੇ ਵਜੋਂ ਹੀ 2017 ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ ਵੱਡੀ ਹਾਰ ਨਾਲ ਵਿਰੋਧੀ ਧਿਰ ਵਿੱਚ ਵੀ ਬੈਠਣਾ ਨਸੀਬ ਨਾ ਹੋਇਆ। ਇਹ ਨਤੀਜਾ ਵੀ ਸਿੱਖ ਸਿਆਸਤ ਦੇ ਇਤਿਹਾਸ ਦਾ ਕਾਲਾ ਪੰਨਾ ਬਣਿਆ, ਆਖ਼ਰ 25 ਸਾਲ ਰਾਜ ਕਰਨ ਦਾ ਸੁਪਨਾ ਦੇਖਣ ਵਾਲਾ ਅਕਾਲੀ ਦਲ ਪਾਟੋਧਾਰ ਹੋ ਗਿਆ। ਇੱਕ ਵੱਡੇ ਹਿੱਸੇ ਨੇ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠਾਂ ਸੰਯੁਕਤ ਅਕਾਲੀ ਦਲ ਬਣਾ ਲਿਆ। ਬੀ ਜੇ ਪੀ ਨਾਲ ਨਹੁੰ ਮਾਸ ਵਾਲਾ ਰਿਸ਼ਤਾ ਤਾਰ ਤਾਰ ਹੋ ਗਿਆ ।

ਪੰਥ ਨੂੰ ਕੱਕੜੀਆਂ ਕਰੇਲੇ ਕਰਕੇ ਬਾਦਲਾਂ ਨੂੰ ਹੁਣ 25 ਸਾਲ ਬਾਅਦ ਬਹੁਜਨ ਸਮਾਜ ਪਾਰਟੀ ਦੀ ਯਾਦ ਆ ਗਈ, ਜੀਹਦੇ ਨਾਲ 1996 ਵਿੱਚ ਲੋਕ ਸਭਾ ਚੋਣਾਂ ਵਿਚ ਸਿਆਸੀ ਸਾਂਝ ਪਾਈ ਸੀ ਪਰ 8 ਕੁ ਮਹੀਨੇ ਬਾਅਦ ਹੀ ਜਨਸੰਘੀਆਂ




ਦਾ ਸਿਆਸੀ ਹੇਜ ਜਾਗ ਪਿਆ ਸੀ । 1997 ਵਿਧਾਨ ਸਭਾ ਚੋਣਾਂ ਬੀਜੇਪੀ ਨਾਲ ਰਲ ਕੇ ਜਿੱਤੀਆਂ ਸਨ, ਫੇਰ 25 ਸਾਲ ਬੀਜੇਪੀ ਵਾਲ਼ਿਆਂ ਨਾਲ ਰਲ ਕੇ ਮਲਾਈਆਂ ਖਾਣ ਤੋਂ ਬਾਅਦ 2020 ਵਿੱਚ ਕਿਸਾਨੀ ਮੁੱਦੇ ਤੇ ਜਦੋਂ ਬਾਦਲਾਂ ਨੂੰ ਪੰਜਾਬ ਵਿੱਚ ਆਪਣੀ ਸਿਆਸੀ ਜ਼ਮੀਨ ਖਿਸਕਦੀ ਦਿਸੀ ਤਾਂ ਇਕਦਮ ਤੋੜ ਵਿਛੋੜਾ ਕਰ ਲਿਆ। ਇਹ ਨਹੀਂ ਪਤਾ ਇਹ ਤੋੜ ਵਿਛੋੜਾ ਸੱਚੀ ਮੁੱਚੀ ਹੈ ਜਾਂ ਫਿਰ ਵਕਤੀ ਹੈ ਪਰ ਹੁਣ ਡੁੱਬਦੇ ਨੂੰ ਤਿਨਕੇ ਦੇ ਸਹਾਰੇ ਵਾਂਗ ਬਹੁਜਨ ਸਮਾਜ ਪਾਰਟੀ ਦੀ ਯਾਦ ਆ ਗਈ, ਏਨੇ ਰੰਗ ਗਿਰਗਿਟ ਵੀ ਨਹੀਂ ਬਦਲਦੀ ਜਿੰਨੇ ਰੰਗ ਇਹ ਸਿਆਸੀ ਲੋਕ ਬਦਲ ਜਾਂਦੇ ਹਨ । ਹੁਣ ਲੋਕਾਂ ਦੇ ਦਿਲਾਂ ਵਿੱਚੋਂ ਵੱਡੀ ਪੱਧਰ ’ਤੇ ਆਪਣਾ ਰਾਜਨੀਤਿਕ ਅਕਸ ਗਵਾ ਚੁੱਕੀਆਂ ਬਾਦਲ ਅਤੇ ਮਾਇਆਵਤੀ ਦੀਆਂ ਪਾਰਟੀਆਂ ਨੇ ਆਖਿਰ 2022 ਵਿਧਾਨ ਸਭਾ ਚੋਣਾਂ ਵਿਚ ਵੋਟਾਂ ਲਈ 97-20 ਸੀਟਾਂ ਤੇ ਲੜਨ ਦਾ ਸਮਝੌਤਾ ਕਰ ਲਿਆ । ਬਾਦਲਾਂ ਨੇ ਬੀ ਐਸ ਪੀ ਨੂੰ ਓਹ 20 ਸੀਟਾਂ ਦਿੱਤੀਆਂ ਹਨ ਜਿੱਥੇ ਨਾਂ ਤਾਂ ਉਹ ਆਪ ਜਿੱਤ ਸਕਦੇ ਸੀ ਨਾਂ ਹੀ ਬੀ ਐਸ ਪੀ ਦੇ ਜਿੱਤਣ ਦੇ ਅਸਾਰ ਹਨ, ਜਿੱਥੇ ਬੀਐਸਪੀ ਦਾ ਚੰਗਾ ਵੋਟ ਬੈਂਕ ਸੀ ਅਤੇ ਜਿੱਤ ਦੇ ਅਸਾਰ ਵੀ ਦਿਸਦੇ ਸਨ ਜਿਵੇਂ ਫਿਲੌਰ, ਬੰਗਾ, ਨਕੋਦਰ, ਆਦਮਪੁਰ ਉਹ ਸੀਟਾਂ ਅਕਾਲੀ ਦਲ ਨੇ ਆਪਣੇ ਕੋਲ ਰੱਖ ਲਈਆਂ ਹਨ, ਕਾਫ਼ੀ ਸ਼ਹਿਰੀ ਸੀਟਾਂ ਜਿੱਥੇ ਬੀ ਐੱਸ ਪੀ ਨੂੰ ਸਿਰਫ਼ ਸੈਂਕੜਿਆਂ ਵਿਚ ਵੋਟਾਂ ਪੈਂਦੀਆਂ ਹਨ ਅਤੇ ਅਕਾਲੀ ਦਲ ਦਾ ਆਪਦਾ ਉਥੇ ਕੋਈ ਆਧਾਰ ਵੀ ਨਹੀਂ ਕਿਉਂਕਿ ਉਹ ਸੀਟਾਂ ਪਿਛਲੇ 25 ਸਾਲ ਤੋਂ ਚੋਣ ਸਮਝੌਤੇ ਤਹਿਤ ਬੀਜੇਪੀ ਦੇ ਖਾਤੇ ਵਿੱਚ ਹੁੰਦੀਆਂ ਸਨ, ਉਹ ਸੀਟਾਂ ਹੁਣ ਬੀਐੱਸਪੀ ਦੇ ਹਵਾਲੇ ਕਰ ਦਿੱਤੀਆਂ ਹਨ, ਕਹਿਣ ਦਾ ਮਤਲਬ ਬਾਦਲਾਂ ਨੇ ਦਿਨ ਦਿਹਾੜੇ ਬੀਐਸਪੀ ਦਾ ਸਿਆਸੀ ਕਤਲ ਕਰ ਦਿੱਤਾ ਹੈ । ਬਹੁਜਨ ਸਮਾਜ ਪਾਰਟੀ ਇੱਕ ਵੱਡੇ ਅੰਦੋਲਨ ਵਿੱਚੋਂ ਨਿਕਲੀ ਹੋਈ ਪਾਰਟੀ ਸੀ, ਬਾਬੂ ਕਾਂਸ਼ੀ ਰਾਮ ਨੇ ਇੱਕ ਮਿਸ਼ਨ ਤਹਿਤ ਬੀਐੱਸਪੀ ਦਾ ਗਠਨ ਕੀਤਾ ਸੀ ਪਰ ਹੁਣ ਇਹ ਉਹ ਮਿਸ਼ਨ ਵਾਲੀ ਪਾਰਟੀ ਨਹੀਂ ਰਹੀ। ਇਹ ਵੀ ਬਾਦਲਾਂ ਦੇ ਕਾਲੀ ਦਲ ਵਾਂਗ ਮਾਇਆਵਤੀ ਐਂਡ ਕੰਪਨੀ ਬਣ ਚੁੱਕੀ ਹੈ। ਹਾਲਾਂਕਿ ਪੰਜਾਬ ਦੇ ਵਿੱਚ 32 % ਦਲਿਤਾਂ ਦਾ ਅਤੇ 42 ਪ੍ਰਤੀਸ਼ਤ ਵੋਟ ਪਿਛੜੀਆਂ ਸ਼੍ਰੇਣੀਆਂ ਦਾ ਹੈ ਪਰ ਬੀ ਐਸ ਪੀ ਨੇ ਕਦੇ ਵੀ ਦਲਿਤਾਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਸਹੀ ਨੁਮਾਇੰਦਗੀ ਨਹੀਂ ਕੀਤੀ। ਇਸ ਵਜਾ ਕਰਕੇ ਬੀਐਸ ਪੀ ਨੂੰ 2017 ਦੀਆਂ ਵਿਧਾਨ ਸਭਾ ਵੋਟਾਂ ਵਿੱਚ 1 ਪ੍ਰਤੀਸ਼ਤ ਦੇ ਕਰੀਬ ਵੋਟਾਂ ਪਈਆਂ ਸਨ। ਜਿਹੜੀ ਗੱਲ 2019 ਲੋਕ ਸਭਾ ਵਾਲੀਆਂ ਵੋਟਾਂ ਦੀ ਅਕਾਲੀ ਦਲ ਵਾਲੇ ਕਰਦੇ ਹਨ ਉਹ 4 ਲੱਖ ਤੋਂ ਵੱਧ ਪਈਆਂ ਵੋਟਾਂ ਪੀਡੀਏ ਦੀਆਂ ਸਨ ਨਾ ਕਿ ਬਹੁਜਨ ਸਮਾਜ ਪਾਰਟੀ ਦੀਆਂ, ਬਾਕੀ ਗੱਲ ਇੱਥੇ ਮੁੱਕਦੀ ਹੈ ਕਿ ਅਕਾਲੀ ਦਲ ਸਮਝੌਤਾ ਕਰੇ ਬਹੁਜਨ ਸਮਾਜ ਪਾਰਟੀ ਨਾਲ, ਸਮਝੌਤਾ ਕਰੇ ਕਾਮਰੇਡਾਂ ਨਾਲ, ਗੱਲ ਨਹੀਂ ਬਨਣੀ। ਬਾਦਲ ਭਾਵੇਂ ਕੈਪਟਨ ਨਾਲ ਵੀ ਰਾਜਨੀਤਿਕ ਸਾਂਝ ਪਿਆਲਾ ਵਧਾ ਲੈਣ ਤਾਂ ਵੀ ਬਾਦਲਾਂ ਦਾ ਕੁਝ ਨਹੀਂ ਬਣਨਾ ਕਿਉਂਕਿ ਬਾਦਲਾਂ ਨੇ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ ਗਵਾ ਲਿਆ ਹੈ, ਪੰਥ ਨਾਲ ਧ੍ਰੋਹ ਕਮਾ ਲਿਆ ਹੈ, ਕਿਸਾਨੀ ਵੋਟ ਬੈਂਕ ਗਵਾ ਲਿਆ ਹੈ, ਸ੍ਰੀ ਗੁਰੂ ਗ੍ਰੰਥ ਦੀ ਬੇਅਦਬੀ ਦਾ ਇਨਸਾਫ਼ ਮਿਲਣ ਤੱਕ ਲੋਕਾਂ ਨੇ ਅਕਾਲੀ ਦਲ ਪ੍ਰਵਾਨ ਨਹੀਂ ਕਰਨਾ। ਚਲੋ, ਜੇ ਰਾਜਨੀਤਿਕ ਲੱਲੇ ਭੱਬੇ ਕਰਕੇ ਥੋੜੀ ਬਹੁਤੀ ਸਿਆਸੀ ਚੌਧਰ ਲੈ ਵੀ ਲਈ ਤਾਂ ਵੀ ਬਾਦਲਾਂ ਸਿਰ ਸਵਾਹ ਹੀ ਪੈਣੀ ਹੈ, ਕਿਉਂਕਿ ਲੱਗੇ ਕਲੰਕ ਕਦੇ ਵੀ ਨਹੀਂ ਮਿਟਦੇ ਹੁੰਦੇ, ਜੇ ਨਹੀਂ ਯਕੀਨ ਤਾਂ ਗਾਂਧੀ ਖਾਨਦਾਨ ਵੱਲ ਦੇਖ ਲੈਣਾ। ਚੰਗਾ ਹੋਵੇ, ਬਾਦਲ ਹੋਰੀਂ ਹਾਥੀ ਦੀ ਰਾਜਨੀਤਿਕ ਸਵਾਰੀ ਦੀ ਬਜਾਏ ਗੁਰੂ ਦਾ ਓਟ ਆਸਰਾ ਲੈਣ, ਡਰਾਮੇ ਨਾ ਕਰਨ, ਪੰਜਾਬ ਦੇ ਲੋਕਾਂ ਦਾ ਵਿਸ਼ਵਾਸ਼ ਜਿੱਤਣ ਦੀ ਕੋਸ਼ਿਸ਼ ਕਰਨ ਕਿਉਂਕਿ ਸਿਆਸਤ ਵਿੱਚ ਲੋਕ ਵੱਡੇ ਹੁੰਦੇ ਹਨ ਪਾਰਟੀਆਂ ਨਹੀਂ, ਅੱਜ ਦੀ ਘੜੀ ਪੰਥ ਵੱਡੀ ਦੁਵਿਧਾ ਵਿਚ ਹੈ, ਕਿਸਾਨੀ ਬੇਇਨਸਾਫ਼ੀ ਦੀ ਚੱਕੀ ਵਿਚ ਪਿਸ ਰਹੀ ਹੈ, ਕਿਸੇ ਵੀ ਰਾਜਨੀਤਕ ਪਾਰਟੀ ਨੂੰ ਪੰਜਾਬ ਦਾ ਕਿਸੇ ਵੀ ਪਾਸਿਓਂ ਕੋਈ ਫ਼ਿਕਰ ਨਹੀਂ ਹੈ, ਜੇ ਕੋਈ ਫ਼ਿਕਰ ਹੈ, ਉਹ ਸਿਰਫ਼ ਇਹ ਹੈ ਕਿ ਕਿਵੇਂ ਵੀ, ਕੋਈ ਵੀ ਹੱਥ ਕੰਡਾ ਵਰਤ ਕੇ 2022 ਵਿੱਚ ਸਰਕਾਰ ਬਣ ਜਾਵੇ, ਲੋਕ ਭਾਵੇਂ ਢੱਠੇ ਖੂਹ ਵਿਚ ਜਾਣ, ਅਕਾਲੀਆਂ ਅਤੇ ਬੀਐਸਪੀ ਦਾ ਸਮਝੌਤਾ ਵੀ ਇਸ ਕੜੀ ਦਾ ਹੀ ਸਿੱਟਾ ਹੈ। ਅਕਾਲੀਆਂ ਨੂੰ ਆਪਣੀ ਕਿਸ਼ਤੀ ਵਿਚ ਬਿਠਾਇਆ ਹਾਥੀ ਬਹੁਤਾ ਰਾਸ ਨਹੀਂ ਆਵੇਗਾ। ਕਿਉਂਕਿ ਪੰਜਾਬ ਦੀ ਜਨਤਾ ਆਪਣੀ ਵੋਟ ਪਾਉਣ ਦਾ ਮੂਡ ਅਜੇ ਦਿਲ ਵਿੱਚ ਸਮੋਈ ਬੈਠੀ ਹੈ, ਵੋਟਾਂ ਵਾਲੇ ਪੱਤੇ ਅਜੇ ਵਕਤ ਆਉਣ ਤੇ ਖੁੱਲਣਗੇ ਪੰਜਾਬ ਦੀ ਸਿਆਸਤ ਦਾ ਰੱਬ ਰਾਖਾ !

# ਪੂਣੇ ਦੀ ਕੰਪਨੀ ਨੇ ਬਣਾਇਆ ਨਵਾਂ ਮਾਸਕ

## ਕੋਰੋਨਾ ਵਾਇਰਸ ਨੂੰ ਕਰੇਗਾ ਨਕਾਰਾ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਵਿਗਿਆਨ ਤੇ ਤਕਨੀਕੀ ਵਿਭਾਗ ਅਨੁਸਾਰ ਪੂਣੇ ’ਚ ਕੇਂਦਰਤ ਇਕ ਸਟਾਰਟਅਪ ਨੇ 3ਡੀ ਪ੍ਰਿੰਟਿੰਗ ਤੇ ਫਾਰਮਾਸੁਟੀਕਲਸਕੋ ਆਪਸ ਵਿਚ ਜੋੜ ਕੇ ਅਨੋਖਾ ਮਾਸਕ ਵਿਕਸਿਤ ਕੀਤਾ ਹੈ। ਇਹ ਨਵੀਂ ਕਿਸਮ ਦਾ ਮਾਸਕ ਸੰਪਰਕ ਵਿਚ ਆਉਣ ਵਾਲੇ ਨੋਵਲ ਕੋਰੋਨਾ ਵਾਇਰਸ ਕਣਾਂ ਨੂੰ ਨਕਾਰਾ ਕਰ ਦੇਵੇਗਾ। ਥਿੰਸਰ ਟੈਕਨਾਲੋਜੀਜ਼ ਇੰਡੀਆ ਪ੍ਰਾਈਵੇਟ ਲਿਮਟਿਡ ਵੱਲੋਂ ਵਿਕਸਿਤ ਕੀਤੇ ਗਏ ਇਸ ਮਾਸਕ ’ਤੇ ਐਂਟੀ ਵਾਇਰਲ ਏਜੰਟਜ਼ ਦੀ ਪਰਤ ਚੜਾਈ ਜਾਂਦੀ ਹੈ। ਇਨਾਂ ਨੂੰ ਵਾਇਰੂਸਾਈਡਜ਼ ਵੀ ਕਹਿੰਦੇ ਹਨ।

ਵਿਗਿਆਨ ਤੇ ਤਕਨੀਕੀ ਵਿਭਾਗ ਨੇ ਕਿਹਾ



ਕਿ ਇਸ ਨਵੀਂ ਕੋਟਿੰਗ ਦਾ ਪ੍ਰੀਖਣ ਕੀਤਾ ਗਿਆ ਹੈ। ਇਸ ਨਾਲ ਸਾਰਸ-ਕੋਵ-2 ਵਾਇਰਸ ਦੇ ਸੰਪਰਕ ਵਿਚ ਲਿਆ ਕੇ ਉਸ ਨੂੰ ਨਕਾਰਾ ਹੁੰਦੇ ਵੀ ਦੇਖਿਆ ਗਿਆ ਹੈ। ਇਸ ਵਿਚ ਵਰਤੇ ਗਏ ਪਦਾਰਥਾਂ ’ਚ ਸੋਡੀਅਮ ਓਲੇਫਿਨਸਲਫੋਨੈੱਟ ਆਧਾਰਿਤ ਤੱਤ ਪਾਏ ਗਏ ਹਨ। ਮਾਸਕ ’ਤੇ ਲੱਗਾ ਇਹ ਮਿਸ਼ਰਣ ਜੇ ਵਾਇਰਸ ਦੇ ਸੰਪਰਕ ਵਿਚ ਆ ਜਾਵੇ ਤਾਂ ਇਹ ਵਾਇਰਸ ਦੀ ਬਾਹਰੀ ਝਿੱਲੀ ਨੂੰ ਤਹਿਸ-ਨਹਿਸ ਕਰ ਦਿੰਦਾ ਹੈ। ਇਸ ਵਿਚ ਵਰਤੀ ਗਈ ਸਮੱਗਰੀ ਕਮਰੇ ਦੇ ਤਾਪਮਾਨ ’ਤੇ ਵੀ ਸਥਿਰ ਰਹਿ ਸਕਦੀ ਹੈ ਤੇ ਇਸ ਦੀ ਵਰਤੋਂ ਕਾਸਮੈਟਿਕ ਵਿਚ ਵੀ ਸਭ ਤੋਂ ਜ਼ਿਆਦਾ ਕੀਤੀ ਜਾਂਦੀ ਹੈ।

# ਸਿੰਘੂ ਬਾਰਡਰ ’ਤੇ ਦਿੱਲੀ ਪੁਲਿਸ ਦੇ ਦੋ ਥਾਣੇਦਾਰ ਕੁੱਟ ਕੇ ਕੱਢੇ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸਿੰਘੂ ਬਾਰਡਰ ’ਤੇ ਲੋਕਾਂ ਦੇ ਇਕ ਗਰੁੱਪ ਵਲੋਂ ਦਿੱਲੀ ਪੁਲਿਸ ਦੇ ਦੋ ਥਾਣੇਦਾਰਾਂ ਦੀ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ।ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ ਪੁਲਿਸ ਦੀ ਵਿਸ਼ੇਸ਼ ਸ਼ਾਖਾ ਵਿਚ ਥਾਣੇਦਾਰ ਵਜੋਂ ਤਾਇਨਾਤ ਦੋਵਾਂ ’ਤੇ 10 ਜੂਨ ਨੂੰ ਕੁਝ ਲੋਕਾਂ ਵਲੋਂ ਹਮਲਾ ਕੀਤਾ ਗਿਆ ।ਦੋਵੇਂ ਪੁਲਿਸ ਮੁਲਾਜ਼ਮ ਸਾਦੇ ਕੱਪੜਿਆਂ ਵਿਚ ਆਪਣੀ ਡਿਊਟੀ ’ਤੇ ਤਾਇਨਾਤ ਸਨ । ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਕੁੱਟਮਾਰ ਕਰਨ ਵਾਲਿਆਂ ਦੀ ਪਛਾਣ ਕੀਤੀ ਜਾ ਰਹੀ ਹੈ। ਮੋਰਚੇ ’ਤੇ ਡਟੇ ਕਿਸਾਨਾਂ ਵਿਚੋਂ ਇਕ ਨੇ ਦੱਸਿਆ ਕਿ ਦੋਵੇਂ ਪੁਲਿਸ ਮੁਲਾਜ਼ਮ ਸਿੰਘੂ ਬਾਰਡਰ ’ਤੇ ਤਸਵੀਰਾਂ ਖਿੱਚ ਰਹੇ ਸਨ ਅਤੇ ਇਸੇ ਦੌਰਾਨ ਕੁਝ ਲੋਕਾਂ ਨੇ ਉਨਾਂ ’ਤੇ ਹਮਲਾ ਕਰ ਦਿੱਤਾ ।ਇਸ ਦੌਰਾਨ ਇਕ ਥਾਣੇਦਾਰ ਦਾ



ਗੁੱਟ ਟੁੱਟ ਗਿਆ ਅਤੇ ਦੂਸਰੇ ਦੀ ਲੱਤ ’ਤੇ ਗੰਭੀਰ ਸੱਟਾਂ ਲੱਗੀਆਂ। ਇਲਾਜ ਤੋਂ ਬਾਅਦ ਦੋਵਾਂ ਨੂੰ ਹਸਪਤਾਲ ਵਿਚੋਂ ਛੁੱਟੀ ਮਿਲ ਗਈ ਹੈ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਸਬੰਧੀ ਨਰੇਲਾ ਪੁਲਿਸ ਥਾਣੇ ਵਿਚ ਮਾਮਲਾ ਦਰਜ ਕਰ ਲਿਆ ਗਿਆ ਹੈ ।

# ਗਊ ਵੰਸ਼ ਤਸਕਰੀ ਦੇ ਸ਼ੱਕ ਹੇਠ ਭਗਵੇਂਵਾਦੀ ਗੁੰਡਿਆਂ ਵੱਲੋਂ ਦਲਿਤ ਦੀ ਹੱਤਿਆ



**ਜੈਪੁਰ/ਏ.ਟੀ.ਨਿਊਜ਼ :** ਰਾਜਸਥਾਨ ਦੇ ਚਿਤੌੜਗੜ ਜ਼ਿਲੇ ’ਚ ਪਸ਼ੂ ਤਸਕਰੀ ਦੇ ਸ਼ੱਕ ਹੇਠ ਭਗਵੀਂ ਭੀੜ ਨੇ ਇਕ ਦਲਿਤ ਵਿਅਕਤੀ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਦਕਿ ਇਕ ਹੋਰ ਵਿਅਕਤੀ ਜ਼ਖ਼ਮੀ ਹੋ ਗਿਆ। ਪੁਲਿਸ ਨੇ ਕਿਹਾ ਕਿ ਪੀੜਤ ਵਿਅਕਤੀ ਤਿੰਨ ਬੈਲ ਖੇਤੀ ਦੇ ਕੰਮਾਂ ਲਈ ਮੱਧ ਪ੍ਰਦੇਸ਼ ਲੈ ਕੇ ਜਾ ਰਹੇ ਸਨ। ਲੋਕਾਂ ਨੂੰ ਜਦੋਂ ਪਤਾ ਲੱਗਾ ਤਾਂ ਉਨਾਂ ਲਾਠੀਆਂ ਨਾਲ ਵਿਅਕਤੀਆਂ ਨੂੰ ਬੁਰੀ ਤਰਾਂ ਕੁੱਟਿਆ। ਇਹ ਘਟਨਾ 13 ਅਤੇ 14 ਜੂਨ ਦੀ ਦਰਮਿਆਨੀ ਰਾਤ ਨੂੰ ਭੀਲਖੰਡ ਨੇੜੇ ਵਾਪਰੀ। ਐੱਸਪੀ ਦੀਪਕ ਭਾਰਗਵ ਨੇ ਕਿਹਾ ਕਿ ਮੱਧ ਪ੍ਰਦੇਸ਼ ਦੇ ਝਾਬੁਆ ਜ਼ਿਲੇ ਨਾਲ ਸਬੰਧਤ ਬਾਬੂ ਭੀਲ ਅਤੇ ਪਿੰਟੂ ਭੀਲ ਹਮਲੇ ’ਚ ਜ਼ਖ਼ਮੀ ਹੋ ਗਏ ਅਤੇ ਉਨਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿਥੇ ਬਾਬੂ ਭੀਲ ਨੇ ਦਮ ਤੋੜ ਦਿੱਤਾ। ਐੱਸਪੀ ਨੇ ਦੱਸਿਆ ਕਿ ਹਮਲੇ ਦੇ ਦੋਸ਼ ਹੇਠ 7-8 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪਸ਼ੂਆਂ ਨੂੰ ਖ਼ਰੀਦੇ ਜਾਣ ਸਬੰਧੀ ਪਿੰਟੂ ਕੋਈ ਕਾਗਜ਼ ਨਹੀਂ ਦਿਖਾ ਸਕਿਆ। ਹਮਲਾਵਰਾਂ ਨੇ ਦੋਸ਼ ਲਾਇਆ ਕਿ ਇਹ ਵਿਅਕਤੀ ਗਾਂ ਦੀ ਤਸਕਰੀ ਕਰ ਰਹੇ ਸਨ ਪਰ ਜਾਂਚ ’ਚ ਪਤਾ ਲੱਗਾ ਕਿ ਉਹ ਬੈਲ ਲੈ ਕੇ ਜਾ ਰਹੇ ਸਨ। ਵਧੀਕ ਡਾਇਰੈਕਟਰ ਜਨਰਲ (ਕ੍ਰਾਈਮ) ਰਵੀ ਮਹੇਰੜਾ ਨੇ ਕਿਹਾ ਕਿ ਹੱਤਿਆ ਦਾ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਮੌਜੂਦਾ ਕਾਂਗਰਸੀ ਫੁਟ ਕੈਪਟਨ ਦੀਆਂ ਨਾਕਾਮੀਆਂ ਦੀ ਦੇਣ



**ਗੁਰਮੀਤ ਸਿੰਘ ਪਲਾਹੀ**
9815802070

ਇਹ ਗੱਲ ਤਾਂ ਸ਼ੀਸ਼ੇ ਵਾਂਗ ਸਾਫ਼ ਹੈ ਕਿ ਪੰਜਾਬ ਕਾਂਗਰਸ ਦੇ ਕਾਟੋ-ਕਲੇਸ਼ ਨੇ ਪੰਜਾਬ ਵਿੱਚ ਕਾਂਗਰਸ ਦੀ ਸਥਿਤੀ ਡਾਵਾਂਡੋਲ ਕੀਤੀ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਤਾਕਤ ਨੂੰ ਖੋਰਾ ਲੱਗਾ ਹੈ। ਪਰ ਇਹ ਗੱਲ ਵੀ ਸਾਫ਼ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਰਾਬਰ ਦਾ ਕੋਈ ਵੀ ਪੰਜਾਬ ਦਾ ਕਾਂਗਰਸੀ ਨੇਤਾ ਆਪਣਾ ਕੱਦ-ਬੁੱਤ ਉੱਚਾ ਨਹੀਂ ਕਰ ਸਕਿਆ ਤੇ ਨਾ ਹੀ ਕੈਪਟਨ ਨੂੰ ਕੋਈ ਚੈਲੰਜ ਕਰ ਸਕਿਆ ਹੈ।

ਕਾਂਗਰਸ ਹਾਈ ਕਮਾਂਡ ਨੇ ਪੰਜਾਬ ਵਿੱਚ ਅਮਰਿੰਦਰ ਸਿੰਘ ਵਿਰੋਧੀ ਕੈਂਪ ਦੇ ਨੇਤਾਵਾਂ ਦੀ ਗੱਲ ਸੁਣੀ ਹੈ, ਇਹ ਨੇਤਾ ਕੈਪਟਨ ਦੀ ਕਾਰਗੁਜ਼ਾਰੀ ਉੱਤੇ ਸਵਾਲ ਉਠਾਉਂਦੇ ਕਹਿੰਦੇ ਹਨ ਕਿ ਕੈਪਟਨ ਦਾ ਰਾਜ ਸਿਆਸੀ ਲੋਕਾਂ ਹੱਥ ਨਹੀਂ, ਸਗੋਂ ਅਫਸਰਸ਼ਾਹੀ ਹੱਥ ਹੈ ਅਤੇ ਕਾਂਗਰਸੀਆਂ ਦੀ ਇਸ ਰਾਜ ਵਿੱਚ ਸੁਣਵਾਈ ਨਹੀਂ। ਵਿਰੋਧ ਕਰਨ ਵਾਲਿਆਂ ਵਿੱਚੋਂ ਇੱਕ ਚਿਹਰਾ ਨਵਜੋਤ ਸਿੰਘ ਸਿੱਧੂ ਦਾ ਹੈ, ਜਿਹੜਾ ਇਹ ਦਾਅਵਾ ਕਰਦਾ ਹੈ ਕਿ ਮੈਨੂੰ ਅਹੁਦੇ ਦੀ ਕੋਈ ਲਾਲਸਾ ਨਹੀਂ ਹੈ, ਮੇਰੀ ਲੜਾਈ ਤਾਂ ਪੰਜਾਬ ਦੇ ਮੁੱਦਿਆਂ ਦੀ ਹੈ।

ਕੁਝ ਸਿਆਸੀ ਮਾਹਿਰਾਂ ਦਾ ਵਿਚਾਰ ਹੈ ਕਿ ਕਾਂਗਰਸ ਵਿੱਚ ਅਸਲ ਲੜਾਈ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਦਰਮਿਆਨ ਹੈ, ਜਿਨਾਂ ਦੀ ਕਾਂਗਰਸ ਹਾਈ ਕਮਾਂਡ ਤਕ ਆਪੋ-ਆਪਣੀ ਵੱਡੀ ਪਹੁੰਚ ਹੈ। ਨਵਜੋਤ ਸਿੰਘ ਸਿੱਧੂ ਜਦੋਂ ਤੋਂ ਕਾਂਗਰਸ ਵਿੱਚ ਆਏ ਹਨ, ਉਦੋਂ ਤੋਂ ਹੀ ਕੈਪਟਨ ਅਮਰਿੰਦਰ ਸਿੰਘ ਨੇ ਉਨਾਂ ਦੇ ਪੈਰ ਨਹੀਂ ਲੱਗਣ ਦਿੱਤੇ। ਕੈਪਟਨ ਵਜ਼ਾਰਤ ਵਿੱਚ ਉਹ ਵਜ਼ੀਰ ਬਣੇ, ਪਰ ਬਹੁਤਾ ਸਮਾਂ ਵਜ਼ੀਰੀ ਨਾ ਨਿਭਾਅ ਸਕੇ। ਰੁੱਸ ਕੇ ਘਰ ਬੈਠ ਗਏ। ਕਾਂਗਰਸ ਹਾਈ ਕਮਾਂਡ ਦੇ ਦਖ਼ਲ ਨਾਲ ਉਹ ਚੋਣ ਪ੍ਰਚਾਰ ਵਿੱਚ ਰੁੱਝਦੇ ਰਹੇ, ਪਰ ਕੈਪਟਨ ਅਤੇ ਸਿੱਧੂ ਬਾਵਜੂਦ ਹਾਈ ਕਮਾਂਡ ਦੇ ਦਖ਼ਲ ਦੇ ਕਦੇ ਵੀ ਇੱਕ-ਦੂਜੇ ਦੇ ਨਾ ਹੋ ਸਕੇ। ਜਦੋਂ ਵੀ ਸਿੱਧੂ ਦਾ ਦਾਅ ਲੱਗਦਾ ਰਿਹਾ, ਉਹ ਕੈਪਟਨ ਨੂੰ ਕਟਹਿਰੇ ਵਿੱਚ ਖੜਾ ਕਰਨ ਲਈ ਮੌਕਾ ਲੱਭਦਾ ਰਿਹਾ।

ਪਰ ਮੌਜੂਦਾ ਲੜਾਈ ਸਿੱਧੂ ਅਤੇ ਅਮਰਿੰਦਰ ਸਿੰਘ ਦਰਮਿਆਨ ਨਹੀਂ ਹੈ, ਸਗੋਂ ਕਈ ਕਾਰਨਾਂ ਕਾਰਨ ਅਮਰਿੰਦਰ ਸਿੰਘ ਤੋਂ ਗੁੱਸੇ ਹੋਏ ਕਾਂਗਰਸੀ ਨੇਤਾਵਾਂ ਦੀ ਹੈ, ਜਿਨਾਂ ਵਿੱਚ ਸ਼ਮਸ਼ੇਰ ਸਿੰਘ ਦੂਲੋਂ, ਪ੍ਰਤਾਪ ਸਿੰਘ ਬਾਜਵਾ ਐੱਮ.ਪੀ., ਚਰਨਜੀਤ ਸਿੰਘ ਚੰਨੀ ਕੈਬਨਿਟ ਮੰਤਰੀ, ਸੁਖਜਿੰਦਰ ਸਿੰਘ ਕੈਬਨਿਟ ਮੰਤਰੀ ਅਤੇ ਕੁਝ ਕੁ ਹੋਰ ਸ਼ਾਮਲ ਹਨ। ਇਹ ਸਾਰੇ ਕੈਪਟਨ ਦੀ ਕਾਰਗੁਜ਼ਾਰੀ ਉੱਤੇ ਸਵਾਲ ਚੁੱਕਦੇ ਹਨ, ਪਰ ਉਸ ਨੂੰ ਬਦਲਣ ਦੀ ਗੱਲ ਨਹੀਂ ਕਰਦੇ। ਇਸਦਾ ਅਰਥ ਕੀ ਇਹ ਲਿਆ ਜਾਵੇ ਕਿ ਉਹ ਆਪਣੇ ਗਿਲੇ-ਸ਼ਿਕਵੇ ਦੂਰ ਕਰਕੇ, ਜਾਂ ਕੈਬਨਿਟ ਵਿੱਚ ਚੰਗਾ ਮਹਿਕਮਾ ਲੈ ਕੇ ਜਾਂ ਕੈਪਟਨ ਤੱਕ ਆਪਣੀ ਪਹੁੰਚ ਬਣਾ ਕੇ ਸੰਤੁਸ਼ਟ ਹੋ ਜਾਣਗੇ?

ਪਰਗਟ ਸਿੰਘ ਵਿਧਾਇਕ ਨੂੰ ਕੈਪਟਨ ਦੇ ਓ.ਐੱਸ.ਡੀ. ਦੀ ਧਮਕੀ, ਕਿਸੇ ਸਮੇਂ ਕੈਪਟਨ ਦੇ ਖਾਸਮ-ਖਾਸ ਰਹੇ ਸੁਖਜਿੰਦਰ ਸਿੰਘ ਖਿਲਾਫ਼ ਵਿਜੀਲੈਂਸ ਛਾਪਿਆਂ ਦਾ ਡਰਾਵਾ, ਚਰਨਜੀਤ ਸਿੰਘ ਚੰਨੀ ਦੇ ਪੁਰਾਣੇ ਕੇਸ ਖੋਲ ਕੇ ਉਸ ਨੂੰ ਦਬਾਅ ਵਿੱਚ ਰੱਖ, ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਕੁਝ ਵੀ ਨਾ ਬੋਲਣ ਦੀ ਨਸੀਹਤ ਕਾਰਨ ਵਿਰੋਧੀ ਕਾਂਗਰਸੀ ਭੜਕੇ। ਕੁਝ ਇਕੱਠੇ ਹੋਏ। ਕੁਝ ਮੰਤਰੀਆਂ ਨੇ ਮੀਟਿੰਗਾਂ ਕੀਤੀਆਂ। ਦਲਿਤ ਮੰਤਰੀਆਂ ਅਤੇ ਵਿਧਾਇਕਾਂ ਨੇ ਮੀਟਿੰਗਾਂ ਕੀਤੀਆਂ ਅਤੇ ਫਿਰ ਹਾਈਕਮਾਂਡ ਤੱਕ ਪਹੁੰਚ ਕੇ ਕਾਂਗਰਸ ਵਿੱਚ ਹਫੜਾ-ਦਫੜੀ ਪੈਦਾ ਕੀਤੀ। ਹਾਈ ਕਮਾਂਡ ਨੂੰ ਇਸ ਸਭ ਕੁਝ ਦਾ ਨੋਟਿਸ ਲੈਣਾ ਪਿਆ। ਤਿੰਨ ਮੈਂਬਰੀ ਕਮੇਟੀ ਬਣੀ, ਜਿਸਦੇ ਸਾਹਮਣੇ ਵਿਰੋਧੀ ਅਤੇ ਕੈਪਟਨ ਪੱਖੀ ਵਿਧਾਇਕ, ਐੱਮ.ਪੀ ਪੇਸ਼ ਹੋਏ, ਆਪੋ-ਆਪਣੀ ਗੱਲ ਰੱਖੀ। ਪਰ ਕੈਪਟਨ ਵਿਰੋਧੀ ਨੇਤਾਵਾਂ, ਵਿਧਾਇਕਾਂ ਦੀ ਗਿਣਤੀ ਡੇਢ ਦਰਜਨ ਤੋਂ ਵੱਧ ਦੀ ਨਹੀਂ ਹੋ ਸਕੀ।



ਕਾਂਗਰਸ ਵਿੱਚ ਕੈਪਟਨ ਤੇ ਸਿੱਧੂ ਵਿਚਾਲੇ ਤਕਰਾਰ ਨੇ ਸਮੀਕਰਨ ਵਿਗਾੜੇ

ਇਸ ਸਭ ਕੁਝ ਦੇ ਵਿਚਕਾਰ ਉਸ ਵੇਲੇ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਤਾਕਤ ਹੋਰ ਮਜ਼ਬੂਤ ਕੀਤੀ ਜਦੋਂ ਪੁਰਾਣੇ ਕਾਂਗਰਸੀ ਨੇਤਾ ਤੇ ਆਮ ਆਦਮੀ ਪਾਰਟੀ ਵਿਧਾਇਕ (ਕਿਸੇ ਸਮੇਂ ਆਮ ਆਦਮੀ ਪਾਰਟੀ ਵਿਧਾਇਕ ਦਲ ਦੇ ਮੁੱਖੀ) ਸੁਖਪਾਲ ਸਿੰਘ ਖਹਿਰਾ ਅਤੇ ਦੋ ਹੋਰ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੂੰ ਆਪਣੇ ਖੇਮੇ ਵਿੱਚ ਲੈ ਆਏ। 'ਅਮਨ ਕਮੇਟੀ' ਸਾਹਮਣੇ ਜਾਣ ਤੋਂ ਪਹਿਲਾਂ ਉਨਾਂ ਆਪਣੀ ਸਥਿਤੀ ਮਜ਼ਬੂਤ ਕੀਤੀ। ਪਰ ਬਾਵਜੂਦ ਇਸ ਸਭ ਕੁਝ ਦੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਵਿੱਚ ਇਸ ਸਮੇਂ ਉਹ ਸਿਆਸੀ ਤਾਕਤ ਨਹੀਂ ਰਹੀ, ਜੋ 2017 ਦੀਆਂ ਚੋਣਾਂ ਤੋਂ ਪਹਿਲਾਂ ਸੀ।

ਕੈਪਟਨ ਅਮਰਿੰਦਰ ਸਿੰਘ ਵਿਰੁੱਧ ਮਾਫੀਆ ਰਾਜ, ਦਲਿਤਾਂ ਨੂੰ ਨਜ਼ਰਅੰਦਾਜ਼ ਕਰਨਾ, ਬੇਅਦਬੀ-ਗੋਲੀਕਾਂਡ, ਰਿਸ਼ਵਤਖ਼ੋਰੀ ਵਰਗੇ ਮੁੱਦਿਆਂ ਸਬੰਧੀ ਦੋਸ਼ ਲੱਗਦੇ ਹਨ। ਇਹ ਵੀ ਦੋਸ਼ ਲੱਗਦਾ ਹੈ ਕਿ ਉਹ ਪਬਲਿਕ ਵਿੱਚ ਘੱਟ ਜਾਂਦੇ ਹਨ। ਆਮ ਆਦਮੀ ਪਾਰਟੀ, ਖੱਬੀਆਂ ਧਿਰਾਂ, ਸ਼੍ਰੋਮਣੀ ਅਕਾਲੀ ਦਲ (ਬ), ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਇਸ ਸਬੰਧੀ ਵੱਡੇ ਸਵਾਲ ਵੀ ਖੜੇ ਕਰਦੇ ਹਨ। ਪਰ ਇਹ ਪਾਰਟੀਆਂ ਨਾ ਕਦੇ ਸੰਯੁਕਤ ਰੂਪ ਵਿੱਚ ਅਤੇ ਨਾ ਹੀ ਵੱਖੋ-ਵੱਖਰੇ ਤੌਰ 'ਤੇ ਕੈਪਟਨ ਅਮਰਿੰਦਰ ਸਿੰਘ ਨੂੰ ਕੋਈ ਚੈਲੰਜ ਪੇਸ਼ ਕਰ ਸਕੀਆਂ ਹਨ।

ਕੈਪਟਨ ਅਮਰਿੰਦਰ ਸਿੰਘ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਆਰੰਭੀ ਹੋਈ ਹੈ। ਉਹ ਵਿਧਵਾਵਾਂ ਦੀ ਪੈਨਸ਼ਨਾਂ ਵਧਾ ਰਹੇ ਹਨ। ਆਉਣ ਵਾਲੇ ਸਮੇਂ ਵਿੱਚ ਉਹ ਮੁਲਾਜ਼ਮਾਂ ਨੂੰ ਸੰਤੁਸ਼ਟ ਕਰਨ ਲਈ ਛੇਵੇਂ ਵਿੱਤ ਕਮਿਸ਼ਨ ਦੀ ਰਿਪੋਰਟ ਵੀ ਲਾਗੂ ਕਰ ਦੇਣਗੇ, ਕਿਉਂਕਿ ਵੋਟਾਂ ਸਿਰ ਉੱਤੇ ਹਨ। ਉਨਾਂ ਦਾ ਯਤਨ ਹਰ ਵਰਗ ਦੇ ਲੋਕਾਂ ਨੂੰ ਸੰਤੁਸ਼ਟ ਕਰਨ ਲਈ ਕਦਮ ਉਠਾਉਣਾ ਹੋਏਗਾ। ਪੰਜਾਬ ਦੇ ਬਜਟ ਵਿੱਚ ਵੀ ਉਸ ਵਲੋਂ ਵਿਕਾਸ ਅਤੇ ਲੋਕ-ਭਲਾਈ ਸਕੀਮਾਂ ਲਈ ਫੰਡ ਰੱਖੇ ਹੋਏ ਹਨ, ਭਾਵੇਂ ਕਿ ਖ਼ਜ਼ਾਨਾ ਖਾਲੀ ਹੋਣ ਦੀ ਲਗਾਤਾਰ ਪੰਜਾਬ ਦੇ ਵਿੱਤ ਮੰਤਰੀ ਗੱਲ ਕਰਦੇ ਹਨ ਅਤੇ ਕੇਂਦਰ ਸਰਕਾਰ ਵਲੋਂ ਜੀ.ਐੱਸ.ਟੀ. ਦਾ ਹਿੱਸਾ ਅਤੇ ਪੇਂਡੂ ਵਿਕਾਸ ਫੰਡ ਪੰਜਾਬ ਨੂੰ ਦੇਣ ਲਈ ਆਨਾਕਾਨੀ ਕੀਤੀ ਜਾ ਰਹੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਕੈਪਟਨ ਸਰਕਾਰ ਕੋਵਿਡ-19 ਦੀ ਦੂਜੀ ਲਹਿਰ ਉੱਤੇ ਕਾਬੂ ਪਾਉਣ ਅਤੇ ਹੋਰ ਸਮੱਸਿਆਵਾਂ, ਮੁੱਦਿਆਂ ਦੇ ਹੱਲ ਲਈ ਤੇਜ਼ੀ ਫੜਦੀ ਦਿਸਦੀ ਹੈ।

ਕਾਂਗਰਸ ਵਿੱਚ ਰਾਜ ਪੱਧਰ 'ਤੇ ਘਮਸਾਨ ਦੀ ਗੱਲ ਨਵੀਂ ਨਹੀਂ ਹੈ। ਵੱਖੋ-ਵੱਖਰੇ ਸੂਬਿਆਂ ਵਿੱਚ ਕਾਂਗਰਸ ਵਿੱਚ ਲੜਾਈ ਚੱਲਦੀ ਹੀ ਰਹਿੰਦੀ ਹੈ। ਰਾਜਸਥਾਨ ਸਮੇਤ ਮੱਧ ਪ੍ਰਦੇਸ਼ ਤੋਂ ਲੈ ਕੇ ਹਰਿਆਣਾ, ਅਸਾਮ ਤਕ ਨੇਤਾ-ਲੋਕ ਇੱਕ-ਦੂਜੇ ਵਿਰੁੱਧ ਭੜਾਸ ਕੱਢਦੇ ਰਹੇ ਹਨ ਜਾਂ ਕੱਢ ਰਹੇ ਹਨ। ਮੱਧ ਪ੍ਰਦੇਸ਼ ਵਿੱਚ ਰਾਹੁਲ ਗਾਂਧੀ ਦੇ ਕਰੀਬੀ ਜੋਤੀਰਾਦਿੱਤਿਆ ਸਿੰਧੀਆ ਨੂੰ ਇਸ ਕਾਟੋ-ਕਲੇਸ਼ ਵਿੱਚ ਪਾਰਟੀ ਛੱਡਣੀ ਪਈ। ਰਾਜਸਥਾਨ ਵਿੱਚ ਵੀ ਰੌਲਾ-ਗੌਲਾ ਸੁਣਨ ਨੂੰ ਮਿਲਦਾ ਹੀ ਰਹਿੰਦਾ ਹੈ। ਪੰਜਾਬ ਵਿੱਚ ਵੀ ਇਸੇ ਕਿਸਮ ਦਾ ਰੌਲਾ-ਗੌਲਾ ਹੈ। ਕਿਉਂਕਿ ਪੰਜਾਬ ਵਿੱਚ ਅਮਰਿੰਦਰ ਸਿੰਘ ਦੇ ਕੱਦ ਬੁੱਤ ਵਾਲਾ ਹੋਰ ਕੋਈ ਨੇਤਾ ਨਹੀਂ ਹੈ, ਇਸ ਕਰਕੇ ਕਾਂਗਰਸ ਹਾਈ ਕਮਾਂਡ ਨਵਜੋਤ ਸਿੰਘ ਸਿੱਧੂ ਨੂੰ ਅਖਿਲ ਭਾਰਤੀ ਕਾਂਗਰਸ ਕਮੇਟੀ ਵਿੱਚ ਜਗਾ ਤਾਂ ਦੇ ਸਕਦੀ ਹੈ ਪਰ ਪੰਜਾਬ ਵਿੱਚ ਕਾਂਗਰਸ ਪ੍ਰਧਾਨਗੀ ਜਾਂ ਉਪ ਮੁੱਖ ਮੰਤਰੀ ਦੀ ਕੁਰਸੀ ਉਸ ਨੂੰ ਦਿੱਤੇ ਜਾਣ ਦੀ ਸੰਭਾਵਨਾ ਨਹੀਂ ਬਣ ਰਹੀ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਨੇ ਉਸ ਨੂੰ ਕੋਈ ਵੀ ਅਹੁਦਾ ਨਾ ਦਿੱਤੇ ਜਾਣ ਬਾਰੇ ਸਪੱਸ਼ਟ ਕਰ ਦਿੱਤਾ ਹੈ। ਹਾਈ ਕਮਾਂਡ ਨਾਰਾਜ਼ ਕੈਂਪ ਦੇ ਦਬਾਅ ਹੇਠ ਕੈਪਟਨ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ ਕਿਉਂਕਿ ਉਸ ਕੋਲ ਪੰਜਾਬ ਕਾਂਗਰਸ ਨੂੰ ਸੰਭਾਲਣ ਵਾਲਾ ਹੋਰ ਕੋਈ ਨੇਤਾ ਇਸ ਸਮੇਂ ਦਿਖਾਈ ਨਹੀਂ ਦੇ ਰਿਹਾ।

ਪੰਜਾਬ ਵਿਧਾਨ ਸਭਾ ਵਿੱਚ ਚੋਣਾਂ ਨੂੰ 8 ਮਹੀਨੇ ਰਹਿ ਗਏ ਹਨ। ਮੌਜੂਦਾ ਕਾਂਗਰਸੀ ਕਾਟੋ-ਕਲੇਸ਼ ਤੋਂ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਕੈਪਟਨ ਕਾਂਗਰਸ ਦਾ ਮਜ਼ਬੂਤ ਨੇਤਾ ਹੈ ਅਤੇ ਉਸੇ ਦੀ ਰਹਿਨੁਮਾਈ ਹੇਠ ਕਾਂਗਰਸ ਅਗਲੀਆਂ ਚੋਣਾਂ ਲੜੇਗੀ। ਸੂਬੇ ਵਿੱਚ ਅਕਾਲੀ-ਭਾਜਪਾ ਗੱਠਜੋੜ ਟੁੱਟਣ ਉਪਰੰਤ ਕਾਂਗਰਸ ਦੀ ਜਿੱਤ ਦੀ ਮਜ਼ਬੂਤ ਦਾਅਵੇਦਾਰੀ ਸੀ। ਕੈਪਟਨ ਅਰਮਿੰਦਰ ਸਿੰਘ ਦੀ ਵਜ਼ਾਰਤ ਅਤੇ ਸੁਨੀਲ ਜਾਖੜ ਦੀ ਅਗਵਾਈ ਵਿੱਚ ਕੰਮ ਕਰਨ ਵਾਲੀ ਕਾਂਗਰਸ ਚੁੱਪ-ਚੁਪੀਤੇ ਬਿਨਾਂ ਕਿਸੇ ਵਿਸ਼ੇਸ਼ ਚੈਲਿੰਜ ਦੇ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿੱਚ ਜੁਟੀ ਨਜ਼ਰ ਆ ਰਹੀ ਸੀ। ਪਰ ਕਾਂਗਰਸੀ ਕਾਟੋ-ਕਲੇਸ਼ ਨੇ ਸਮੀਕਰਨ ਵਿਗਾੜ ਦਿੱਤੇ ਹਨ ਅਤੇ ਪੰਜਾਬ ਦੀ ਸਿਆਸੀ ਆਬੋ-ਹਵਾ ਵਿੱਚ ਭੁਚਾਲ ਜਿਹਾ ਲੈ ਆਂਦਾ ਹੈ। ਭਾਵੇਂ ਕਿ ਮਲਿਕ ਅਰਜਨ ਖੜਗੇ, ਜੇ ਪੀ ਅਗਰਵਾਲ ਅਤੇ ਹਰੀਸ਼ ਰਾਵਤ ਅਧਾਰਤ ਤਿੰਨ ਮੈਂਬਰੀ ਕਮੇਟੀ ਬਣਾ ਕੇ ਕਾਂਗਰਸ ਹਾਈਕਮਾਂਡ ਪੰਜਾਬ ਦੇ ਕਾਂਗਰਸੀ ਪਾਣੀਆਂ ਨੂੰ ਸ਼ਾਂਤ ਕਰਨ ਦੇ ਰਾਹ ਹੈ, ਪਰ ਵੇਖਣ ਵਿੱਚ ਆ ਰਿਹਾ ਹੈ ਕਿ ਕਮਜ਼ੋਰ ਹੋ ਰਹੀ ਕਾਂਗਰਸ ਹਾਈਕਮਾਂਡ (ਜਿਹੜੀ ਹਾਲੇ ਤਕ ਆਪਣਾ ਪੱਕਾ ਪ੍ਰਧਾਨ ਹੀ ਨਹੀਂ ਚੁਣ ਸਕੀ) ਪੰਜਾਬ ਵਾਂਗ ਰਾਜਸਥਾਨ, ਮੱਧ ਪ੍ਰਦੇਸ਼, ਹਰਿਆਣਾ ਆਦਿ ਪ੍ਰਦੇਸ਼ਾਂ ਵਿੱਚ ਕਾਂਗਰਸੀਆਂ ਦੀ ਆਪਣੀ ਲੜਾਈ ਨੂੰ ਸ਼ਾਂਤ ਨਹੀਂ ਕਰ ਸਕੀ।

ਬਾਕੀ ਸਫ਼ਾ 30 'ਤੇ

# ਵਿਦੇਸ਼ਾਂ ਵੱਲ ਉੱਡੇ ਪੰਜਾਬੀ

## ✪ ਪੰਜਾਬ 'ਚ ਕਰੀਬ 55 ਲੱਖ ਘਰ ਸੱਤ ਵਰਿਆਂ ਵਿਚ ਬਣੇ 54 ਲੱਖ ਪਾਸਪੋਰਟ ✪ ਕੋਰੋਨਾ ਦੇ ਪਰਛਾਵੇਂ ਨੇ ਪਾਸਪੋਰਟਾਂ ਦੀ ਹਨੇਰੀ ਠੱਲੀ ✪ ਪਾਸਪੋਰਟ ਬਣਾਉਣ ਵਿੱਚ ਪੰਜਾਬ ਪੰਜਵੇਂ ਨੰਬਰ 'ਤੇ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ 'ਚ ਪਾਸਪੋਰਟਾਂ ਦਾ ਹੜ ਵੇਖ ਕੇ ਲੱਗਦਾ ਹੈ ਕਿ ਇਸ ਮਾਮਲੇ 'ਚ ਪੰਜਾਬੀਆਂ ਦੀ ਕੋਈ ਰੀਸ ਨਹੀਂ ਹੈ। ਪੰਜਾਬ 'ਚ ਕਰੀਬ 55 ਲੱਖ ਘਰ ਹਨ ਜਦਕਿ ਲੰਘੇ ਸੱਤ ਵਰਿਆਂ 'ਚ 54.36 ਲੱਖ ਪਾਸਪੋਰਟ ਬਣ ਗਏ ਹਨ, ਭਾਵ ਪੰਜਾਬ ਦੇ ਔਸਤਨ ਹਰ ਘਰ ਕੋਲ ਇੱਕ ਪਾਸਪੋਰਟ ਹੈ। ਹੁਣ ਕੋਰੋਨਾ ਮਹਾਮਾਰੀ ਨੇ ਪੰਜਾਬ 'ਚ ਪਾਸਪੋਰਟਾਂ ਦੇ ਹੜ ਨੂੰ ਠੱਲ ਪਾਈ ਹੈ।

ਦੱਸਣਯੋਗ ਹੈ ਕਿ ਜਦੋਂ ਤੋਂ ਵਿਦੇਸ਼ਾਂ ਲਈ ਸਟੱਡੀ ਵੀਜ਼ੇ ਲਈ ਰਾਹ ਖੁੱਲੇ ਹਨ, ਉਦੋਂ ਤੋਂ ਪੰਜਾਬ 'ਚ ਧੜਾਧੜ ਨਵੇਂ ਪਾਸਪੋਰਟ ਬਣ ਰਹੇ ਹਨ। ਉੱਤਰੀ ਭਾਰਤ 'ਚੋਂ ਪੰਜਾਬ ਨੇ ਇਸ ਮਾਮਲੇ 'ਚ ਪਹਿਲਾ ਨੰਬਰ ਹਾਸਲ ਕੀਤਾ ਹੈ। ਪਹਿਲੀ ਜਨਵਰੀ 2014 ਤੋਂ ਫਰਵਰੀ 2021 ਤੱਕ ਪੰਜਾਬ 'ਚ 54.36 ਲੱਖ ਪਾਸਪੋਰਟ ਬਣੇ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਪੰਜਾਬ ਵਿੱਚ ਲੰਘੇ ਵਰੇ 2020 ਦੌਰਾਨ 4.82 ਲੱਖ ਪਾਸਪੋਰਟ ਬਣੇ ਹਨ ਜਦਕਿ ਸਾਲ 2019 ਵਿੱਚ 9.46 ਲੱਖ ਪਾਸਪੋਰਟ ਬਣੇ ਸਨ। ਇਸ ਲਿਹਾਜ਼ ਨਾਲ ਦੇਖੀਏ ਤਾਂ ਪੰਜਾਬ ਵਿੱਚ ਮਹਾਮਾਰੀ ਕਰਕੇ ਪਾਸਪੋਰਟ ਬਣਨ ਦੀ ਰਫ਼ਤਾਰ ਪੰਜਾਹ ਫ਼ੀਸਦੀ ਥੱਲੇ ਆਈ ਹੈ। ਸਾਲ 2019 ਦੌਰਾਨ ਔਸਤਨ ਰੋਜ਼ਾਨਾ 2593 ਪਾਸਪੋਰਟ ਬਣਦੇ ਸਨ ਜਦਕਿ ਸਾਲ 2020 (ਮਹਾਂਮਾਰੀ ਵਾਲਾ ਸਾਲ) ਦੌਰਾਨ ਰੋਜ਼ਾਨਾ ਔਸਤਨ 1321 ਪਾਸਪੋਰਟ ਬਣੇ ਹਨ।

ਚਾਲੂ ਵਰੇ ਦੇ ਪਹਿਲੇ ਦੋ ਮਹੀਨਿਆਂ ਦੌਰਾਨ 90,791 ਪਾਸਪੋਰਟ ਬਣੇ ਹਨ। ਬੇਸ਼ੱਕ ਸਮੁੱਚੇ ਭਾਰਤ ਵਿੱਚ ਨਵੇਂ ਪਾਸਪੋਰਟ ਬਣਨ ਦੀ ਗਿਣਤੀ ਨੂੰ ਬਰੇਕ ਲੱਗੀ ਹੈ ਪਰ ਪੰਜਾਬ ਦੂਸਰੇ ਸੂਬਿਆਂ ਦੇ ਮੁਕਾਬਲੇ ਫਿਰ ਵੀ ਪਾਸਪੋਰਟ ਬਣਾਉਣ ਵਿੱਚ ਜੁਟਿਆ ਰਿਹਾ ਹੈ। ਪਾਸਪੋਰਟ ਬਣਾਏ ਜਾਣ 'ਤੇ ਔਸਤਨ ਕਰੀਬ ਦੋ ਹਜ਼ਾਰ ਰੁਪਏ ਤੋਂ ਵੱਧ ਖਰਚ ਆਉਂਦਾ ਹੈ ਅਤੇ ਲੰਘੇ ਸੱਤ ਸਾਲਾਂ ਵਿੱਚ ਪੰਜਾਬੀਆਂ ਨੇ ਕਰੀਬ 900 ਕਰੋੜ ਪਾਸਪੋਰਟ ਬਣਾਉਣ 'ਤੇ ਹੀ ਖਰਚ ਦਿੱਤੇ ਹਨ।







ਕੈਨੇਡਾ ਵਸਦੇ ਪਰਵਾਸੀ ਭਾਰਤੀ ਕਮਲਜੀਤ ਸਿੱਧੂ (ਰਾਈਆ) ਦਾ ਕਹਿਣਾ ਸੀ ਕਿ ਸਮੁੱਚਾ ਵਿਸ਼ਵ ਕੋਰੋਨਾ ਦੀ ਲਪੇਟ ਵਿੱਚ ਆਇਆ ਹੈ ਜਿਸ ਕਰਕੇ ਸਟੱਡੀ ਵੀਜ਼ੇ 'ਤੇ ਆਉਣ ਵਾਲੇ ਵਿਦਿਆਰਥੀਆਂ ਦੀ ਦਰ ਘਟੀ ਹੈ। ਤੱਥਾਂ ਵੱਲ ਦੇਖੀਏ ਤਾਂ ਪੰਜਾਬ ਨੇ ਸਾਲ 2017 ਤੋਂ ਪਾਸਪੋਰਟ ਬਣਾਉਣ ਲਈ ਰਫ਼ਤਾਰ ਫੜੀ ਹੈ ਅਤੇ ਇਸ ਵਰੇ ਦੌਰਾਨ 9.73 ਲੱਖ ਪਾਸਪੋਰਟ ਬਣੇ, ਜਦਕਿ ਸਾਲ 2018 ਵਿੱਚ ਪੰਜਾਬ 'ਚ 10.69 ਲੱਖ ਪਾਸਪੋਰਟ ਬਣੇ ਸਨ, ਜੋ ਆਪਣੇ ਆਪ ਵਿੱਚ ਰਿਕਾਰਡ ਹੈ।

ਪੰਜਾਬ ਵਿੱਚ ਸਾਲ 2014 ਵਿੱਚ 5.48 ਲੱਖ, 2015 ਵਿੱਚ 6.65 ਲੱਖ ਅਤੇ ਸਾਲ 2016 ਵਿੱਚ 6.59 ਲੱਖ ਪਾਸਪੋਰਟ ਬਣੇ। ਪਾਸਪੋਰਟਾਂ ਦਾ ਇਹ ਰੁਝਾਨ ਤਸਦੀਕ ਕਰਦਾ ਹੈ ਕਿ ਜਵਾਨੀ ਪੰਜਾਬ ਨੂੰ ਛੱਡ ਕੇ ਜਾਣ ਲਈ ਕਿੰਨੀ ਕਾਹਲੀ ਹੈ। ਪੰਜਾਬ ਵਿੱਚ 14 ਪਾਸਪੋਰਟ ਸੇਵਾ ਕੇਂਦਰ ਚੱਲ ਰਹੇ ਰਹੇ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ 7 ਤੋਂ 11 ਦਿਨ ਦਾ ਸਮਾਂ ਪਾਸਪੋਰਟ ਜਾਰੀ ਕਰਨ ਲਈ ਲਿਆ ਜਾਂਦਾ ਹੈ। ਇਸ ਤੋਂ ਪਹਿਲਾਂ ਸਾਲ 2015 ਵਿੱਚ ਪਾਸਪੋਰਟ ਲਈ 21 ਦਿਨ ਲੱਗ ਜਾਂਦੇ ਸਨ। ਪਾਸਪੋਰਟਾਂ ਦੀ ਖੇਤੀ ਨੂੰ ਕੋਰੋਨਾ ਮਹਾਂਮਾਰੀ ਨੇ ਕਰੰਡ ਕਰ ਦਿੱਤਾ ਹੈ। ਜਿੱਥੇ ਮਹਾਂਮਾਰੀ ਕਰਕੇ ਆਈਲੈੱਟਸ ਸੈਂਟਰਾਂ ਦਾ ਕੰਮ ਠੱਪ ਪਿਆ ਹੈ, ਉੱਥੇ ਹੀ ਵਿਦੇਸ਼ ਜਾਣ ਵਾਲੇ ਮੁੰਡੇ-ਕੁੜੀਆਂ ਦੀ ਦਰ 'ਚ ਵੀ ਕਟੌਤੀ ਹੋਈ ਹੈ।

**ਪਾਸਪੋਰਟ ਬਣਾਉਣ ਵਿੱਚ ਪੰਜਾਬ ਪੰਜਵੇਂ ਨੰਬਰ 'ਤੇ**

ਅੰਦਾਜ਼ੇ ਅਨੁਸਾਰ ਦੇਸ਼ ਭਰ ਵਿੱਚੋਂ ਕਰੀਬ 9 ਤੋਂ 10 ਫ਼ੀਸਦੀ ਪਾਸਪੋਰਟ ਇਕੱਲੇ ਪੰਜਾਬ 'ਚ ਬਣਦੇ ਹਨ। ਮੁਲਕ ਭਰ 'ਚੋਂ ਪੰਜਾਬ ਪਾਸਪੋਰਟ ਬਣਾਉਣ ਦੇ ਮਾਮਲੇ ਵਿੱਚ ਪੰਜਵੇਂ ਨੰਬਰ 'ਤੇ ਹੈ। ਪਾਸਪੋਰਟਾਂ ਦੀ ਵੈਰੀਫਿਕੇਸ਼ਨ ਬਦਲੇ ਪੰਜਾਬ ਪੁਲਿਸ ਨੂੰ ਵੀ ਪ੍ਰਤੀ ਪਾਸਪੋਰਟ 200 ਰੁਪਏ ਦੀ ਸਰਕਾਰੀ ਕਮਾਈ ਹੁੰਦੀ ਹੈ।

# ਪੰਜਾਬ ਕਾਂਗਰਸ ਵਿਚ ਖਿਚੋਤਾਣ ਜਾਰੀ

## ✪ ਸੋਨੀਆ ਗਾਂਧੀ ਪੰਜਾਬ ਵਿਚ ਕਰਵਾ ਰਹੀ ਹੈ ਸਰਵੇ ✪ ਫ਼ੈਸਲਾ ਰਿਪੋਰਟ ਆਉਣ ਪਿੱਛੋਂ ਹੋਵੇਗਾ

**ਚੰਡੀਗੜ/ਏ.ਟੀ.ਨਿਊਜ਼:** ਕਾਂਗਰਸ ਦੇ ਕਾਟੋ-ਕਲੇਸ਼ ਨੂੰ ਲੈ ਕੇ ਇਕ ਨਵਾਂ ਮੋੜ ਆ ਗਿਆ ਹੈ। ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਪੰਜਾਬ ਵਿਚ ਇਕ ਨਿਰਪੱਖ ਸਰਵੇ ਕਰਵਾ ਰਹੀ ਹੈ। ਇਸ ਸਰਵੇ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਪਾਰਟੀ ਹਾਈ ਕਮਾਨ ਆਖਰੀ ਫ਼ੈਸਲਾ ਲਵੇਗੀ। ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਸਰਵੇ ਆਗੂ ਦੀ ਹਰਮਨਪਿਆਰਤਾ ਨੂੰ ਲੈ ਕੇ ਕਰਵਾਇਆ ਜਾ ਰਿਹਾ ਹੈ ਜਾਂ ਸਰਕਾਰ ਦੇ ਕੰਮਕਾਰ ਨੂੰ ਲੈ ਕੇ ਪਰ ਇਹ ਤੈਅ ਹੈ ਕਿ ਸਰਵੇ ਦੀ ਰਿਪੋਰਟ 'ਤੇ ਬਹੁਤ ਕੁਝ ਨਿਰਭਰ ਹੋਵੇਗਾ ਕਿ ਕਾਂਗਰਸ ਹਾਈਕਮਾਨ ਕੀ ਕਦਮ ਉਠਾਏ। ਉਧਰ ਕਾਂਗਰਸ ਦੇ ਜਨਰਲ ਸਕਤੱਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਇਸ ਗੱਲ ਦੇ ਸੰਕੇਤ ਦਿੱਤੇ ਹਨ



ਕਿ ਜੁਲਾਈ ਦੇ ਪਹਿਲੇ ਹਫ਼ਤੇ ਤੱਕ ਹੀ ਪਾਰਟੀ ਹਾਈਕਮਾਨ ਕੋਈ ਫ਼ੈਸਲਾ ਸੁਣਾਏਗੀ।

ਕੋਟਕਪੂਰਾ ਗੋਲ਼ੀ ਕਾਂਡ 'ਤੇ ਐੱਸਆਈਟੀ ਦੀ ਰਿਪੋਰਟ ਖ਼ਾਰਜ ਹੋਣ ਪਿੱਛੋਂ ਕਾਂਗਰਸ ਵਿਚ ਚੱਲ ਰਹੇ ਕਾਟੋ-ਕਲੇਸ਼ ਦਾ ਮਾਮਲਾ ਲਗਾਤਾਰ ਖਿੱਚਿਆ ਚੱਲਿਆ ਜਾ ਰਿਹਾ ਹੈ। ਕਾਂਗਰਸ ਹਾਈ ਕਮਾਨ ਵੱਲੋਂ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਜਿਸ ਵਿਚ ਮੱਲਿਕਾਰੁਜਨ ਖੜਗੇ, ਜੇਪੀ ਅਗਰਵਾਲ ਤੇ ਹਰੀਸ਼ ਰਾਵਤ ਸ਼ਾਮਲ ਸਨ, ਨੇ ਸੂਬੇ ਦੇ 100 ਦੇ ਕਰੀਬ ਵਿਧਾਇਕਾਂ, ਸੰਸਦ ਮੈਂਬਰਾਂ ਤੇ ਆਗੂਆਂ ਨੂੰ ਸੁਣ ਕੇ ਆਪਣੀ ਰਿਪੋਰਟ 10 ਜੂਨ ਨੂੰ ਪਾਰਟੀ ਹਾਈਕਮਾਨ ਨੂੰ ਸੌਂਪ ਦਿੱਤੀ ਸੀ। ਦੋ ਹਿੱਸਿਆਂ ਵਿਚ ਸੌਂਪੀ ਗਈ ਰਿਪੋਰਟ ਤੋਂ ਬਾਅਦ ਤੋਂ ਹੀ ਪੰਜਾਬ ਦੇ ਕਾਂਗਰਸੀ ਆਗੂਆਂ ਦੀ ਨਜ਼ਰ ਪਾਰਟੀ ਹਾਈਕਮਾਨ 'ਤੇ ਟਿਕੀ ਹੋਈ ਹੈ। ਮੰਨਿਆ ਜਾ ਰਿਹਾ ਹੈ ਕਿ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਛੇਤੀ ਹੀ ਇਸ 'ਤੇ ਕੋਈ ਫ਼ੈਸਲਾ ਲੈਣਗੇ। ਇਸ ਦਰਮਿਆਨ ਪਾਰਟੀ ਦੇ ਸੂਤਰ ਦੱਸਦੇ ਹਨ ਕਿ ਕਮੇਟੀ ਦੀ ਰਿਪੋਰਟ ਤੋਂ ਇਲਾਵਾ ਸੋਨੀਆ ਗਾਂਧੀ ਪੰਜਾਬ ਵਿਚ ਇਕ ਸਰਵੇ ਦਾ ਸਹਾਰਾ ਲੈ ਰਹੇ ਹਨ। ਇਸ ਸਰਵੇ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਉਹ ਕੋਈ ਆਖਰੀ ਫ਼ੈਸਲਾ ਲੈਣਗੇ। ਸੂਤਰ ਦੱਸਦੇ ਹਨ ਕਿ ਪੰਜਾਬ ਦਾ ਮਾਮਲਾ ਏਨਾ ਉਲਝ ਗਿਆ ਹੈ ਕਿ ਹਾਈਕਮਾਨ ਕੋਈ ਵੀ ਫ਼ੈਸਲਾ ਲੈਣ ਤੋਂ ਪਹਿਲਾਂ ਸਾਰੇ ਪਹਿਲੂਆਂ ਨੂੰ ਠੋਕ-ਵਜਾ ਕੇ ਦੇਖ ਲੈਣਾ ਚਾਹੁੰਦੀ ਹੈ।

ਉਧਰ ਸੂਬਾ ਇੰਚਾਰਜ ਹਰੀਸ਼ ਰਾਵਤ ਦਾ ਕਹਿਣਾ ਹੈ ਕਿ ਆਖ਼ਰੀ ਫ਼ੈਸਲਾ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੇ ਹੀ ਲੈਣਾ ਹੈ। ਪੰਜਾਬ ਦੇ ਮਾਮਲੇ ਵਿਚ ਪਾਰਟੀ ਹਾਈਕਮਾਨ ਕਦੋਂ ਤੱਕ ਫ਼ੈਸਲਾ ਲਵੇਗੀ ਇਸ ਸਬੰਧੀ ਉਹ ਕਹਿੰਦੇ ਹਨ ਕਿ ਜਦੋਂ ਬਾਰਿਸ਼ ਹੋਣੀ ਸ਼ੁਰੂ ਹੋ ਜਾਵੇਗੀ ਤਾਂ ਪਾਰਟੀ ਆਪਣਾ ਫ਼ੈਸਲਾ ਵੀ ਲੈ ਲਵੇਗੀ। ਕਿਉਂਕਿ ਉਦੋਂ ਤੱਕ ਗਰਮੀ ਵੀ ਘੱਟ ਹੋ ਜਾਵੇਗੀ। ਹਰੀਸ਼ ਰਾਵਤ ਦੇ ਇਸ ਕਥਨ ਤੋਂ ਇਸ ਗੱਲ ਦੇ ਸੰਕੇਤ ਮਿਲਦੇ ਹਨ ਕਿ ਜੁਲਾਈ ਦੇ ਪਹਿਲੇ ਹਫ਼ਤੇ ਤੱਕ ਪੰਜਾਬ ਨੂੰ ਲੈ ਕੇ ਕਾਂਗਰਸ ਹਾਈਕਮਾਨ ਕੋਈ ਫ਼ੈਸਲਾ ਲੈ ਸਕਦੀ ਹੈ। ਉਧਰ ਜਦੋਂ ਉਨਾਂ ਤੋਂ ਪੁੱਛਿਆ ਗਿਆ ਕਿ ਸਿੱਧੂ ਡਿਪਟੀ ਸੀਐੱਮ ਬਣ ਕੇ ਕੈਪਟਨ ਨਾਲ ਕੰਮ ਕਰਨਗੇ ਤਾਂ ਰਾਵਤ ਨੇ ਕਿਹਾ ਕਿ ਸਿੱਧੂ ਹੀ ਨਹੀਂ ਬਲਕਿ ਪੰਜਾਬ ਦੇ ਪਹਿਲੇ ਨੰਬਰ ਤੋਂ ਲੈ ਕੇ 10ਵੇਂ ਨੰਬਰ ਤੱਕ ਦੇ ਆਗੂਆਂ ਨੂੰ ਉਹੀ ਕਰਨਾ ਪਵੇਗਾ ਜੋ ਪਾਰਟੀ ਹਾਈਕਮਾਨ ਫ਼ੈਸਲਾ ਸੁਣਾਏਗੀ। ਉਨਾਂ ਬੜੇ ਤਿੱਖੇ ਅੰਦਾਜ਼ ਵਿਚ ਕਿਹਾ ਕਿ ਜੇ ਕੋਈ ਆਗੂ ਪਾਰਟੀ ਦੇ ਦਮ 'ਤੇ ਅੱਗੇ ਵਧਣਾ ਚਾਹੁੰਦਾ ਹੈ ਤਾਂ ਉਸ ਨੂੰ ਪਾਰਟੀ ਦੇ ਫ਼ੈਸਲੇ ਨਾਲ ਹੀ ਚੱਲਣਾ ਪਵੇਗਾ। ਦੱਸਣਾ ਬਣਦਾ ਹੈ ਕਿ ਸਿਆਸੀ ਗਲਿਆਰਿਆਂ ਵਿਚ ਇਹ ਚਰਚਾ ਚੱਲ ਰਹੀ ਹੈ ਸਿੱਧੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਸਰਕਾਰ ਵਿਚ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਰਾਵਤ ਦਾ ਕਹਿਣਾ ਹੈ ਕਿ ਚਰਚਾਵਾਂ ਤਾਂ ਬਹੁਤ ਹੋ ਸਕਦੀਆਂ ਹਨ। ਪਾਰਟੀ ਜੋ ਵੀ ਫ਼ੈਸਲਾ ਲਵੇਗੀ ਉਹ ਸਾਰਿਆਂ ਲਈ ਮੰਨਣਯੋਗ ਹੈ।

## ਕੈਪਟਨ ਨੇ ਫ਼ਾਰਮ ਹਾਊਸ 'ਤੇ ਕੀਤੀ 16 ਵਿਧਾਇਕਾਂ ਨਾਲ ਮੁਲਾਕਾਤ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪ੍ਰਦੇਸ਼ ਕਾਂਗਰਸ ਦਾ ਕਾਟੋ-ਕਲੇਸ਼ ਖ਼ਤਮ ਕਰਨ ਲਈ ਗਠਿਤ ਕਮੇਟੀ ਵਲੋਂ ਹਾਈਕਮਾਨ ਨੂੰ ਰਿਪੋਰਟ ਸੌਂਪੇ ਜਾਣ ਦੇ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ-ਆਪ ਨੂੰ ਮਜ਼ਬੂਤ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਕਮੇਟੀ ਨੇ ਆਪਣੀ ਰਿਪੋਰਟ ਵਿਚ ਵੱਖ-ਵੱਖ ਵਿਧਾਇਕਾਂ ਦੇ ਕੈਪਟਨ ਨਾਲ ਨਾਰਾਜ਼ ਹੋਣ ਦਾ ਜ਼ਿਕਰ ਕੀਤਾ ਹੈ ਅਤੇ ਇਸ ਦੇ ਨਾਲ ਹੀ ਇਹ ਵੀ ਸਿਫਾਰਸ਼ ਵੀ ਕੀਤੀ ਸੀ ਕਿ ਕੈਪਟਨ ਸੰਭਵ ਹੋ ਸਕੇ ਤਾਂ ਵਿਧਾਇਕਾਂ ਨਾਲ ਸਮਾਂ ਨਿਸ਼ਚਿਤ ਕਰਕੇ ਗੱਲਬਾਤ ਕਰਨ। ਉੱਧਰ ਮਿਲੀ ਜਾਣਕਾਰੀ ਅਨੁਸਾਰ ਹਾਈਕਮਾਨ ਨੇ 20 ਜੂਨ ਨੂੰ ਕੈਪਟਨ ਅਮਰਿੰਦਰ ਸਿੰਘ ਅਤੇ ਨਵਜੋਤ ਸਿੰਘ ਸਿੱਧੂ ਨੂੰ ਦਿੱਲੀ ਬੁਲਾ ਲਿਆ ਹੈ ਅਤੇ ਇਸ ਮੀਟਿੰਗ ਤੋਂ ਪਹਿਲਾਂ ਕੈਪਟਨ ਨੇ ਆਪਣਾ ਪੱਖ ਮਜ਼ਬੂਤ ਕਰਨ ਲਈ ਦੁਪਹਿਰ ਦੇ ਖਾਣੇ 'ਤੇ 16 ਵਿਧਾਇਕਾਂ ਨੂੰ ਆਪਣੇ ਸਿਸਵਾਂ ਸਥਿਤ ਫ਼ਾਰਮ ਹਾਊਸ 'ਤੇ ਬੁਲਾਇਆ ਤਾਂ ਕਿ ਉਨਾਂ ਦੇ ਗਿਲੇ-ਸ਼ਿਕਵੇ ਦੂਰ ਕੀਤੇ ਜਾ ਸਕਣ। ਮਿਲੀ ਜਾਣਕਾਰੀ ਅਨੁਸਾਰ ਇਸ ਦੌਰਾਨ ਮੁੱਖ ਮੰਤਰੀ ਨੇ ਕੁਝ ਵਿਧਾਇਕਾਂ ਨਾਲ ਸਾਂਝੇ ਤੌਰ 'ਤੇ ਅਤੇ ਕੁਝ ਨਾਲ ਇਕੱਲੇ-ਇਕੱਲੇ ਮਿਲ ਕੇ ਗੱਲਬਾਤ ਕੀਤੀ।ਦੱਸਿਆ ਜਾ ਰਿਹਾ ਹੈ ਕਿ ਮੁੱਖ ਮੰਤਰੀ ਨੂੰ ਮਿਲਣ ਵਾਲੇ ਕਾਂਗਰਸੀ ਆਗੂਆਂ ਵਿਚ ਦੋ ਮੰਤਰੀ, ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਅਤੇ ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਸ਼ਾਮਲ ਸਨ। ਇਸੇ ਤਰਾਂ ਵਿਧਾਇਕ ਲਖਵੀਰ ਸਿੰਘ ਲੱਖਾ, ਵਿਧਾਇਕ ਸੁਖਵਿੰਦਰ ਸਿੰਘ ਡੈਨੀ, ਡਿਪਟੀ ਸਪੀਕਰ ਅਜਾਇਬ ਸਿੰਘ ਭੱਟੀ ਤੇ ਲਾਡੀ ਸ਼ੇਰੋਵਾਲੀਆ, ਨਾਜ਼ਰ ਸਿੰਘ ਮਾਨਸ਼ਾਹੀਆ ਆਦਿ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਮੰਤਰੀ ਓ.ਪੀ. ਸੋਨੀ, ਵਿਧਾਇਕ ਰਮਨਜੀਤ ਸਿੰਘ ਸਿੱਕੀ ਅਤੇ ਨਵਤੇਜ ਸਿੰਘ ਚੀਮਾ ਨੇ ਵੀ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਹੈ। ਹਾਲਾਂਕਿ 20 ਜੂਨ ਨੂੰ ਹਾਈਕਮਾਨ ਵਲੋਂ ਮੁੱਖ ਮੰਤਰੀ ਨੂੰ ਮੁਲਾਕਾਤ ਲਈ ਬੁਲਾਇਆ ਗਿਆ ਹੈ, ਜਿਸ ਦੇ ਚਲਦੇ ਕੈਪਟਨ ਦੀ ਕੋਸ਼ਿਸ਼ ਹੈ ਕਿ ਉਸ ਤੋਂ ਪਹਿਲਾਂ ਉਹ ਸਾਰੇ ਨਾਰਾਜ਼ ਵਿਧਾਇਕਾਂ ਨੂੰ ਮਨਾ ਲੈਣ। ਇਸ ਲਈ ਉਨਾਂ ਨੇ ਇਹ ਬੈਠਕਾਂ ਚਾਰ ਪੜਾਵਾਂ ਵਿਚ ਕਰਨ ਦਾ ਫ਼ੈਸਲਾ ਕੀਤਾ ਹੈ। ਸੂਤਰਾਂ ਅਨੁਸਾਰ 22 ਵਿਧਾਇਕਾਂ ਨੂੰ ਸੱਦਾ ਦਿੱਤਾ ਗਿਆ ਸੀ ਪਰ ਮੁਲਾਕਾਤ ਲਈ 16 ਵਿਧਾਇਕ ਹੀ ਪਹੁੰਚ ਸਕੇ। ਦੱਸਿਆ ਜਾ ਰਿਹਾ ਹੈ ਕਿ ਅਗਲੇ ਦੋ ਦਿਨਾਂ ਵਿਚ ਕੈਪਟਨ ਵਲੋਂ ਵੱਖ-ਵੱਖ ਵਿਧਾਇਕਾਂ ਅਤੇ ਤੀਸਰੇ ਦਿਨ ਮੰਤਰੀਆਂ ਨਾਲ ਮਿਲਣ ਦਾ ਦੌਰ ਜਾਰੀ ਰਹੇਗਾ। ਜਾਣਕਾਰੀ ਅਨੁਸਾਰ ਵਿਧਾਇਕਾਂ ਨੇ ਆਪਣੇ-ਆਪਣੇ ਖੇਤਰਾਂ ਵਿਚ ਅਧੂਰੇ ਕੰਮਾਂ ਵਿਚੋਂ ਜ਼ਿਆਦਾਤਰ ਨੂੰ ਸਥਾਨਕ ਸਰਕਾਰਾਂ ਅਤੇ ਉਦਯੋਗ ਵਿਭਾਗ ਸਮੇਤ ਕਈ ਹੋਰ ਵਿਭਾਗਾਂ ਨਾਲ ਸਬੰਧਤ ਦੱਸਿਆ। ਸੂਤਰਾਂ ਅਨੁਸਾਰ ਆਪਣੇ ਹਲਕੇ ਦੇ ਵਿਕਾਸ ਕਾਰਜਾਂ ਦੇ ਸਿਰੇ ਨਾ ਚੜਨ ਵਿਚ ਵਿਧਾਇਕਾਂ ਨੇ ਅਫ਼ਸਰਸ਼ਾਹੀ ਨੂੰ ਵੀ ਜ਼ਿੰਮੇਵਾਰ ਦੱਸਿਆ। ਇਸ ਤੋਂ ਇਲਾਵਾ ਕੁਝ ਵਿਧਾਇਕਾਂ ਨੇ ਦਲਿਤਾਂ ਦੀ ਅਣਦੇਖੀ ਦਾ ਮਾਮਲਾ ਵੀ ਮੁੱਖ ਮੰਤਰੀ ਅੱਗੇ ਰੱਖਿਆ ਅਤੇ ਕੁਝ ਵਿਧਾਇਕਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਜਦੋਂ ਦਲਿਤ ਵਿਧਾਇਕਾਂ ਦੀ ਸੁਣਵਾਈ ਸਰਕਾਰ ਵਿਚ ਨਹੀਂ ਹੋ ਰਹੀ ਤਾਂ ਆਮ ਆਦਮੀ ਦਾ ਕੀ ਹਾਲ ਹੁੰਦਾ ਹੋਵੇਗਾ। ਇਸ ਨੂੰ ਵੇਖਦੇ ਹੋਏ ਮੁੱਖ ਮੰਤਰੀ ਨੇ ਮੀਟਿੰਗ ਵਿਚ ਵਿਧਾਇਕਾਂ ਤੋਂ ਉਨਾਂ ਦੇ ਖੇਤਰ ਵਿਚ ਦਲਿਤ ਭਾਈਚਾਰੇ ਨਾਲ ਸਬੰਧਤ ਅਸਾਮੀਆਂ ਛੇਤੀ ਭਰਨ ਦਾ ਭਰੋਸਾ ਦੇਣ ਦੇ ਨਾਲ-ਨਾਲ ਉਨਾਂ ਦੀਆਂ ਹੋਰ ਮੁਸ਼ਕਿਲਾਂ ਦੇ ਹੱਲ ਦਾ ਵੀ ਭਰੋਸਾ ਦਿੱਤਾ। ਕੈਪਟਨ ਵਲੋਂ ਹੋਰਨਾਂ ਵਿਧਾਇਕਾਂ ਵਲੋਂ ਕੀਤੇ ਗਿਲੇ-ਸ਼ਿਕਵਿਆਂ ਸਬੰਧੀ ਉਨਾਂ ਦੇ ਖੇਤਰ ਦੇ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਵਿਚ ਤੇਜ਼ੀ ਲਿਆਉਣ ਦੇ ਹੁਕਮ ਦਿੱਤੇ ਦੱਸੇ ਜਾ ਰਹੇ ਹਨ।






# ਆਪਸ ਵਿਚ ਜੁੜੇ ਬੱਚੇ ਬਾਲਗ ਹੋਏ ਸੋਹਣਾ-ਮੋਹਣਾ

**ਅੰਮ੍ਰਿਤਸਰ/ਏ.ਟੀ.ਨਿਊਜ਼ :** 14 ਜੂਨ 2003 ਨੂੰ ਦਿੱਲੀ ਦੇ ਸੁਚੇਤਾ ਕਿਰਪਾਲਨੀ ਹਸਪਤਾਲ ਵਿਚ ਜਨਮੇ ਸੋਹਣਾ ਤੇ ਮੋਹਣਾ ਹੁਣ ਬਾਲਗ ਹੋ ਗਏ ਹਨ। ਹੁਣ ਉਨਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਜਾਵੇਗਾ। ਦੋਵਾਂ ਨੇ ਇਲੈਕਟ੍ਰੀਕਲ ਇੰਜੀਨੀਅਰਿੰਗ ਦਾ ਤਿੰਨ ਸਾਲ ਦਾ ਡਿਪਲੋਮਾ ਵੀ ਕਰ ਲਿਆ ਹੈ। ਦੋਵਾਂ ਦੀ ਜ਼ਿੰਦਗੀ ਸੌਖੀ ਨਹੀਂ ਰਹੀ। ਉਹ ਛਾਤੀ ਤੋਂ ਹੇਠਾਂ ਤੋਂ ਇਕ-ਦੂਜੇ ਨਾਲ ਜੁੜੇ ਹੋਏ ਹਨ। ਦੋਵਾਂ ਦੇ ਸਿਰ, ਛਾਤੀ, ਫੇਫੜੇ ਤੇ ਗੀੜ ਵੱਖ-ਵੱਖ ਹਨ ਪਰ ਬਾਕੀ ਸਰੀਰ ਵਿਚ ਗੁਰਦੇ, ਜਿਗਰ ਤੇ ਮਸਾਨਾ (ਬਲੈਡਰ) ਸਮੇਤ ਸਰੀਰ ਦੇ ਹੋਰ ਸਾਰੇ ਅੰਗ ਇਕ ਹੀ ਵਿਅਕਤੀ ਵਾਂਗ ਹਨ। ਇਹ ਵੀ ਅਦਭੁੱਤ ਹੈ ਕਿ ਇਕ-ਦੂਜੇ ਨਾਲ ਜੁੜੇ ਨੌਜਵਾਨ ਹੋ ਚੁੱਕੇ ਦੋਵੇਂ ਭਰਾ ਸਰਕਾਰੀ ਦਸਤਾਵੇਜ਼ਾਂ ਵਿਚ ਵੱਖ-ਵੱਖ ਵਿਅਕਤੀ ਹਨ। 10ਵੀਂ, 12ਵੀਂ ਤੇ ਇਲੈਕਟ੍ਰੀਕਲ ਇੰਜੀਨੀਅਰਿੰਗ ਦਾ ਡਿਪਲੋਮੇ ਦੀ ਪ੍ਰੀਖਿਆ ਵਿਚ ਉਨਾਂ ਦੇ ਰੋਲ ਨੰਬਰ ਵੱਖ-ਵੱਖ ਸਨ। ਆਧਾਰ ਕਾਰਡ ਵੀ ਵੱਖ-ਵੱਖ ਹਨ। ਹੁਣ ਪਿੰਗਲਵਾੜਾ ਸੁਸਾਇਟੀ ਨੇ 14 ਜੂਨ ਨੂੰ ਇਨਾਂ ਦੇ 18 ਸਾਲ ਦੇ ਹੋ ਜਾਣ 'ਤੇ ਵੋਟ ਬਣਾਉਣ ਲਈ ਵੱਖ-ਵੱਖ ਅਰਜ਼ੀਆਂ ਵੀ ਦਿੱਤੀਆਂ ਹਨ। ਅੰਮ੍ਰਿਤਸਰ ਦੇ ਏਡੀਸੀ ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜਿਵੇਂ ਇਨਾਂ ਦੋਵਾਂ ਦੇ ਆਧਾਰ ਕਾਰਡ ਵੱਖ-ਵੱਖ ਹਨ, ਉਸੇ ਤਰਾਂ ਦੋਵਾਂ ਦੇ ਵੋਟ ਵੀ ਵੱਖ-ਵੱਖ ਬਣਨਗੇ।

ਸਰੀਰਕ ਖਾਮੀ ਦੇ ਬਾਵਜੂਦ ਸੋਹਣਾ ਤੇ ਮੋਹਣਾ ਹਰ ਕੰਮ ਤੋਂ ਪਹਿਲਾਂ ਆਪਸੀ ਤਾਲਮੇਲ ਬਿਠਾਉਂਦੇ ਹਨ। ਜੋ ਸੋਹਣਾ ਕਿਤੇ ਜਾਣਾ ਚਾਹੁੰਦਾ ਹੈ ਤਾਂ ਮੋਹਣੇ ਨੂੰ ਦੱਸ ਦਿੰਦਾ ਹੈ। ਇਸ ਨਾਲ ਉਨਾਂ ਨੂੰ ਮੰਜ਼ਲ ਤੱਕ ਪੁੱਜਣ ਵਿਚ ਆਸਾਨੀ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਨਾਂ ਦੀ ਇਕ ਲੱਤ ਸੋਹਣੇ ਤੇ ਦੂਜੇ ਮੋਹਣੇ ਦੇ ਦਿਮਾਗ਼ ਤੋਂ ਮਿਲਣ ਵਾਲੇ ਨਿਰਦੇਸ਼ ਨੂੰ ਮੰਨਦੀ ਹੈ। ਦੋਵੇਂ ਆਪਸ ਵਿਚ ਤਾਲਮੇਲ ਬਿਠਾ ਲੈਂਦੇ ਹਨ ਤੇ ਫਿਰ ਦੋਵਾਂ ਦਾ ਦਿਮਾਗ਼ ਇਕ ਪਾਸੇ ਚੱਲਣ ਦਾ ਨਿਰਦੇਸ਼ ਦਿੰਦਾ ਹੈ ਤਾਂ ਮੁਸ਼ਕਲ ਪੇਸ਼ ਨਹੀਂ ਆਉਂਦੀ। ਬਿਜਲੀ ਦੇ ਕਿਸੇ ਯੰਤਰ ਦੀ ਮੁਰੰਮਤ ਕਰਨੀ ਹੋਵੇ ਤਾਂ ਸੋਹਣਾ ਉਪਕਰਨ ਫੜਦਾ ਹੈ ਤੇ ਮੋਹਣਾ ਪੇਚਕਸ ਜਾਂ ਪਲਾਸ ਦੀ ਮਦਦ ਨਾਲ ਉਸ ਨੂੰ ਠੀਕ ਕਰਦਾ ਹੈ।



ਇਕ ਰੋਂਦਾ ਸੀ ਤਾਂ ਦੂਜਾ ਚੁੱਪ ਕਰਵਾਉਂਦਾ ਸੀ

ਡਾਕਟਰਾਂ ਅਨੁਸਾਰ ਦੋ ਲੱਖ ਵਿਚ ਇਕ ਅਜਿਹਾ ਕੇਸ ਹੁੰਦਾ ਹੈ ਜਦੋਂ ਸਰੀਰ ਤੋਂ ਜੁੜੇ ਹੋਏ ਬੱਚੇ ਪੈਦਾ ਹੁੰਦੇ ਹਨ। ਸੋਹਣਾ ਤੇ ਮੋਹਣਾ ਵੀ ਉਨਾਂ ਵਿਚੋਂ ਇਕ ਹਨ। ਪਿੰਗਲਵਾੜੇ ਦੀ ਬੀਬੀ ਇੰਦਰਜੀਤ ਕੌਰ ਨੇ ਦੱਸਿਆ ਕਿ ਜਦੋਂ ਉਨਾਂ ਨੂੰ ਇੱਥੇ ਲਿਆਂਦਾ ਗਿਆ ਤਾਂ ਉਹ ਦੋ ਮਹੀਨਿਆਂ ਦੇ ਸਨ। ਦੋਵਾਂ ਦੀ ਦੇਖਭਾਲ ਲਈ ਨਰਸ ਰੱਖੀ ਗਈ। ਦੋਵਾਂ ਨੇ ਪੜਾਈ ਦੇ ਨਾਲ-ਨਾਲ ਮਾਨਾਂਵਾਲਾ ਵਿਚ ਕੰਮ ਕਰਦੇ ਇਲੈਕਟ੍ਰੀਸ਼ੀਅਨ ਲਖਬੀਰ ਸਿੰਘ ਤੋਂ ਬਿਜਲੀ ਦਾ ਕੰਮ ਸਿੱਖਿਆ ਤੇ ਉਸ ਨੂੰ ਆਪਣਾ ਉਸਤਾਦ ਮੰਨਦੇ ਹਨ। ਜਦੋਂ ਛੋਟੇ ਸਨ ਤਾਂ ਇਕ ਰੋਂਦਾ ਸੀ ਤਾਂ ਦੂਜਾ ਉਸ ਨੂੰ ਚੁੱਪ ਕਰਵਾਉਂਦਾ ਸੀ, ਇਕ ਨੂੰ ਗੁੱਸਾ ਆਉਂਦਾ ਸੀ ਤਾਂ ਦੂਜਾ ਉਸ ਨੂੰ ਸ਼ਾਂਤ ਕਰਦਾ ਸੀ। ਹੁਣ ਦੋਵਾਂ ਦਾ ਕਹਿਣਾ ਹੈ ਕਿ ਉਹ ਇਕ ਜਿਸਮ ਦੋ ਜਾਨਾਂ ਹਨ। ਇਹ ਕੁਦਰਤ ਦਾ ਕਰਿਸ਼ਮਾ ਹੈ ਜਾਂ ਬੇਇਨਸਾਫ਼ੀ ਇਸ ਦਾ ਪਤਾ ਨਹੀਂ ਪਰ ਬੀਜੀ (ਬੀਬੀ ਇੰਦਰਜੀਤ ਕੌਰ) ਨੇ ਬਹੁਤ ਪਿਆਰ ਦਿੱਤਾ ਹੈ ਤੇ ਉਹ ਪਿੰਗਲਵਾੜੇ ਵਿਚ ਹੀ ਰਹਿਣਾ ਚਾਹੁੰਦੇ ਹਨ।

**ਜਨਮ ਤੋਂ ਬਾਅਦ ਮਾਤਾ-ਪਿਤਾ ਨੇ ਘਰ ਲਿਜਾਣ ਤੋਂ ਕਰ ਦਿੱਤਾ ਸੀ ਇਨਕਾਰ**

ਦਿੱਲੀ ਵਿਚ ਜਨਮ ਤੋਂ ਬਾਅਦ ਸੋਹਣੇ ਤੇ ਮੋਹਣੇ ਦੀ ਮਾਂ ਕਾਮਿਨੀ ਤੇ ਪਿਤਾ ਸੁਰਜੀਤ ਕੁਮਾਰ ਨੇ ਉਨਾਂ ਨੂੰ ਘਰ ਲਿਜਾਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਤੋਂ ਬਾਅਦ ਪਿੰਗਲਵਾੜੇ ਨੇ ਇਨਾਂ ਦਾ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਲਈ ਤੇ ਬੀਬੀ ਇੰਦਰਜੀਤ ਕੌਰ ਨੇ ਇਨਾਂ ਦਾ ਨਾਮਕਰਨ ਕੀਤਾ। ਡਾਕਟਰਾਂ ਨੇ ਕਿਹਾ ਸੀ ਕਿ ਦੋਵੇਂ ਬਹੁਤੀ ਦੇਰ ਜਿਊਂਦੇ ਨਹੀਂ ਰਹਿ ਸਕਣਗੇ ਪਰ ਜ਼ਿੰਦਗੀ ਦੀਆਂ ਤਮਾਮ ਮੁਸ਼ਕਿਲਾਂ ਨੂੰ ਹਰਾਉਂਦਿਆਂ ਦੋਵੇਂ ਬਾਲਗ ਹੋ ਗਏ ਹਨ।

ਅੰਮ੍ਰਿਤਸਰ ਟਾਈਮਜ਼ AMRITSAR TIMES

18 ਜੂਨ 2021 ਤੋਂ 24 ਜੂਨ 2021

# ਪੰਜਾਬ ਦਾ ਜਲ ਸੰਕਟ : ਪਰਵਾਸੀ ਅਤੇ ਨੌਕਰੀਪੇਸ਼ਾ ਪੰਜਾਬੀ ਦੀ ਭੂਮਿਕਾ

ਪੰਜਾਬ ਧਰਤੀ ਦਾ ਇੱਕ ਅਜਿਹਾ ਵਡਭਾਗਾ ਖਿੱਤਾ ਹੈ ਜਿਸ ਨੂੰ ਕੁਦਰਤ ਨੇ ਪਾਣੀ ਦੇ ਬਹੁਭਾਂਤੀ ਸੋਮੇ ਬਖਸ਼ੇ ਸਨ ਪਰ ਪੰਜ ਦਰਿਆਵਾਂ ਦੀ ਇਹ ਧਰਤ ਅੱਜ ਬੇਆਬ ਹੋਣ ਦੇ ਕੰਢੇ ਆਣ ਖੜੀ ਹੈ। ਪੂਰੇ ਭਾਰਤੀ ਖਿੱਤੇ ਵਿੱਚ ਪੰਜਾਬ ਅਤੇ ਹਰਿਆਣਾ ਹੀ ਅਜਿਹੇ ਦੋ ਸੂਬੇ ਹਨ ਜਿਨਾਂ ਦਾ ਪਾਣੀ ਤੇਜ਼ੀ ਨਾਲ ਮੁੱਕ ਰਿਹਾ ਹੈ ਬਾਕੀ ਕਿਸੇ ਵੀ ਸੂਬੇ ਦੇ ਧਰਤ ਹੇਠਲੇ ਪਾਣੀ ਦਾ ਪੱਧਰ ਹੇਠਾਂ ਨਹੀਂ ਜਾ ਰਿਹਾ। ਅੰਦਾਜ਼ੇ ਲਗਾਏ ਜਾ ਰਹੇ ਹਨ ਕਿ 2040 ਤੱਕ ਪੰਜਾਬ ਦਾ ਬਹੁਤਾ ਹਿੱਸਾ ਬੰਜਰ ਹੋ ਜਾਵੇਗਾ।

ਸਿਆਣੇ ਬਜ਼ੁਰਗ ਪਾਣੀ ਦਾ ਸਤਿਕਾਰ ਇਸ ਕਦਰ ਕਰਦੇ ਸਨ ਕਿ ਉਹ ਪਾਣੀ ਖੜ ਕੇ ਵੀ ਨਹੀਂ ਸਨ ਪੀਂਦੇ ਸਗੋਂ ਬੈਠ ਕੇ, ਸਹਿਜ ਅਤੇ ਸ਼ਾਂਤੀ ਨਾਲ ਪੀਂਦੇ ਸਨ। ਖੁਸ਼ਹਾਲ ਮਨੁੱਖੀ ਸੱਭਿਆਤਾਵਾਂ ਵੀ ਪਾਣੀ ਦੇ ਸੋਮਿਆਂ ਦੇ ਕੰਢਿਆਂ ਉੱਤੇ ਹੀ ਵਿਕਸਿਤ ਹੋਈਆਂ ਹਨ ਅਤੇ ਪਾਣੀ ਦੇ ਸੋਮਿਆਂ ਦੇ ਕੰਢੇ ਵੱਸਣ ਵਾਲੇ ਲੋਕਾਂ ਨੇ ਪਾਣੀ ਦਾ ਮੁੱਲ ਆਪਣੇ ਖ਼ੂਨ ਨਾਲ ਤਾਰਿਆ ਹੈ। ਪਰ ਵਿਕਾਸ ਦੀ ਰਫਤਾਰ ਨੇ ਮਨੁੱਖ ਨੂੰ ਪਾਣੀ ਵੀ ਇਕ ਆਮ ਜਿਹੀ ਸ਼ੈਅ ਲੱਗਣ ਲਗਾ ਦਿੱਤਾ ਹੈ ਭਾਵੇਂ ਮਨੁੱਖ ਦੇ ਆਪਣੇ ਸ਼ਰੀਰ ਦਾ 70 ਤੋਂ 75 ਫ਼ੀਸਦੀ ਹਿੱਸਾ ਵੀ ਪਾਣੀ ਹੀ ਹੈ।

ਗੁਰਮਤਿ ਦੇ ਨਜ਼ਰੀਏ ਤੋਂ ਪਾਣੀ ਨੂੰ ਜਿੰਦਗੀ ਦਾ ਸੋਮਾ ਸਮਝ ਕੇ ਸਤਿਕਾਰ ਦੇਣ ਦੀ ਬਜਾਏ ਪੂੰਜੀਵਾਦੀ/ਕਾਰਪੋਰੇਟ ਵਿਕਾਸ ਮਾਡਲ ਨੇ ਪਾਣੀ ਨੂੰ ਸਿਰਫ ਮੁਨਾਫੇ ਕਮਾਉਣ ਲਈ ਇੱਕ ਵਸਤੂ ਬਣਾ ਦਿੱਤਾ ਹੈ ਜਿਸ ਕਾਰਨ ਆਲਮੀ ਤਪਸ਼ ਅਤੇ ਮੌਸਮੀ ਤਬਦੀਲੀ ਵਰਗੇ ਸੰਕਟਾਂ ਦਾ ਅੱਜ ਦੁਨੀਆ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਇੰਡੀਆ ਅੰਦਰ ਪੰਜਾਬ ਦੀ ਰਾਜਸੀ ਅਧੀਨਗੀ ਕਾਰਨ ਪੰਜਾਬ ਦੇ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਗੈਰ-ਰਾਇਪੇਰੀਅਨ ਖਿੱਤਿਆਂ ਨੂੰ ਲੁਟਾਇਆ ਜਾ ਰਿਹਾ ਹੈ। ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਿਰਫ 27,82,500 ਏਕੜ (ਲਗਭਗ 25%) ਦੀ ਸਿੰਜਾਈ ਹੁੰਦੀ ਹੈ, 75,00,000 ਏਕੜ (ਲਗਭਗ 74%) ਦੇ ਕਰੀਬ ਰਕਬੇ ਦੀ ਸਿੰਜਾਈ ਲਈ ਪੰਜਾਬ ਜ਼ਮੀਨ ਹੇਠੋਂ ਪਾਣੀ ਕੱਢਣ ਲਈ ਮਜਬੂਰ ਹੈ। ਪੰਜਾਬ ਵਿੱਚ ਘਰੇਲੂ ਅਤੇ ਉਦਯੋਗਕ ਖੇਤਰ ਦਾ ਪਾਣੀ ਸੋਧ ਕੇ ਮੁੜ ਵਰਤੋ ਵਿੱਚ ਲਿਆਉਣ ਦੀ ਔਸਤ 10% ਤੋਂ ਘੱਟ ਹੈ। ਜ਼ਮੀਨੀ ਪਾਣੀ ਦੀ ਗੈਰ-ਹੰਢਣਸਾਰ ਵਰਤੋਂ ਅਤੇ ਇੰਡੀਆ ਦੀ ਰਾਜਸੀ ਨੀਤੀ ਤਹਿਤ ਪੰਜਾਬ ਦੇ ਰਵਾਇਤੀ ਖੇਤੀ ਮਾਡਲ ਵਿਚ ਵਿਗਾੜ ਅਤੇ ਗ਼ੈਰ-ਇਲਾਕਾਈ ਫਸਲ ਝੋਨਾ ਪੈਦਾ ਕਰਵਾਉਣ ਦੀ ਕਵਾਇਦ ਵੀ ਇਹ ਗੰਭੀਰ ਹਾਲਾਤ ਦਾ ਇਕ ਮੁੱਖ ਕਾਰਨ ਹੈ।

1964 ਵਿੱਚ ਅਮਰੀਕੀ ਖੇਤੀ ਮਾਡਲ ਲਾਗੂ ਹੋਣ ਸਮੇਂ ਪੰਜਾਬ ਵਿੱਚ ਦਾਲਾਂ, ਜਵਾਰ, ਬਾਜਰਾ, ਮੱਕੀ ਤੇ ਗੰਨੇ ਸਮੇਤ ਬਹੁਤ ਸਾਰੀਆਂ ਫਸਲਾਂ ਦੀ ਖੇਤੀ ਹੁੰਦੀ ਸੀ ਅਤੇ ਝੋਨੇ ਦੀ ਬਿਜਾਈ ਸਿਰਫ 7,85,000 ਏਕੜ (ਕੁੱਲ ਰਕਬੇ ਦਾ 7%) ਜ਼ਮੀਨ ਵਿੱਚ ਹੁੰਦੀ ਸੀ ਜਦ ਕਿ 2018 ਵਿੱਚ ਝੋਨੇ ਦੀ ਬੀਜਾਈ 76,66,000 (ਕੁਲ ਰਕਬੇ ਦਾ 75%) ਤੱਕ ਪੁੱਜ ਗਈ ਹੈ। ਖੇਤੀ ਮਾਹਿਰ ਦੱਸਦੇ ਹਨ ਕਿ ਪੰਜਾਬ ਵਿੱਚ 1 ਕਿੱਲੋ ਚੌਲ ਪੈਦਾ ਕਰਨ ਲਈ 4 ਤੋਂ 5 ਹਜ਼ਾਰ ਲੀਟਰ ਪਾਣੀ ਲੱਗ ਜਾਂਦਾ ਹੈ। 1970 ਵਿੱਚ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਪੱਧਰ ਔਸਤਨ 20 ਫੁੱਟ ਦੇ ਆਸ ਪਾਸ ਸੀ ਜੋ ਹੁਣ 200 ਫੁੱਟ ਦੇ ਆਸ ਪਾਸ ਚਲਾ ਗਿਆ ਹੈ ਤੇ ਕਈ ਥਾਈਂ ਤਾਂ 1000 ਫੁੱਟ ਤੱਕ ਵੀ ਚਲਾ ਗਿਆ ਹੈ।

ਆਲਮੀ ਤਪਸ਼ ਵਿੱਚ ਕਟੌਤੀ ਕਰਨਾ, ਦਰਿਆਈ ਪਾਣੀਆਂ ਦੀ ਰਿਪੇਰੀਅਨ ਸਿਧਾਂਤ ਮੁਤਾਬਿਕ ਵਰਤੋ, ਉਦਯੋਗਿਕ ਖੇਤਰ ਵਿੱਚ ਪਾਣੀ ਦੀ ਸੁਯੋਗ ਵਰਤੋ ਯਕੀਨੀ ਬਣਾਉਣਾ ਅਤੇ ਫਸਲੀ ਭਿੰਨਤਾ ਭਾਵ ਵਿਰਾਸਤੀ ਫਸਲੀ ਚੱਕਰ ਲਾਗੂ ਕਰਨ ਲਈ ਲੋੜੀਂਦੇ ਹਾਲਾਤ ਮੁਹੱਈਆ ਕਰਵਾਉਣੇ ਸਰਕਾਰੀ ਨੀਤੀਆਂ ਅਤੇ ਅਮਲਾਂ ਦੇ ਪੱਧਰ ਦੀ ਗੱਲ ਹੈ। ਮੌਜੂਦਾ ਰਾਜਸੀ ਢਾਂਚੇ ਉਪਰੋਕਤ ਹੱਲ ਕੱਢਣ ਦੇ ਸਮਰੱਥ ਨਜ਼ਰ ਨਹੀਂ ਆ ਰਹੇ। ਇਸ ਲਈ ਇਹ ਦੀਰਘ ਕਾਲ ਵਿੱਚ ਹੋਣ ਵਾਲੇ ਕਾਰਜ ਹਨ। ਮੱਧਮ ਕਾਲ ਨੀਤੀ ਤਹਿਤ ਉਦਯੋਗਿਕ ਇਕਾਈਆਂ ਵਿੱਚ ਪਾਣੀ ਦੀ ਦੁਰਵਰਤੋਂ ਅਤੇ ਪਰਦੂਸ਼ਣ ਰੋਕਣ ਦੇ ਸਵੈ ਯਤਨ, ਇੱਕ ਫਸਲੀ ਖੇਤੀਬਾੜੀ ਜੁਗਤ ਦੀ ਜਗਾ ਰਲਵੀਆਂ ਫਸਲਾਂ ਅਤੇ ਰੁੱਖਾਂ ਵਾਲੀ ਰਵਾਇਤੀ ਖੇਤੀ, ਕੱਦੂ ਕਰਕੇ ਝੋਨਾ ਲਾਉਣ ਦੀ ਥਾਂ ਵੱਟਾਂ ਉੱਤੇ ਝੋਨਾ ਲਾਉਣ ਦੀ ਤਕਨੀਕ, ਫਸਲਾਂ ਦੀ ਸਿੰਜਾਈ ਲਈ ਫੁਆਰਾ ਜਾਂ ਤੁਪਕਾ ਸਿੰਜਾਈ, ਖੇਤਾਂ ਵਿਚ ਤਲਾਅ ਬਣਾਅ ਕੇ ਅਤੇ ਪੁਰਾਣੀਆਂ ਢਾਬਾਂ ਨੂੰ ਮੁੜ ਸੁਰਜੀਤ ਕਰਕੇ ਮੀਂਹ ਦੇ ਪਾਣੀ ਨੂੰ ਇਕੱਠਾ ਕਰਨਾ ਅਤੇ ਜਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਡਿੱਗਣੋਂ ਬਚਾਉਣ ਲਈ ਘਰਾਂ ਅਤੇ ਹੋਰ ਵੱਡੀਆਂ ਇਮਾਰਤਾਂ ਦੀਆਂ ਛੱਤਾਂ ਦੇ ਪਾਣੀ ਨੂੰ ਜਮੀਨਦੋਜ਼ ਕਰਨਾ ਆਦਿ ਕਾਰਜ ਸ਼ਾਮਿਲ ਹਨ।

ਫੌਰੀ ਨੀਤੀ ਦੇ ਤੌਰ ਤੇ ਪੰਜਾਬ ਦੇ ਜਲ ਸੰਕਟ ਵਿੱਚੋਂ ਪੰਜਾਬ ਨੂੰ ਕੱਢਣ ਲਈ ਝੋਨੇ ਹੇਠਲੇ 76,66,000 ਰਕਬੇ ਵਿੱਚੋਂ 30-35 ਲੱਖ ਏਕੜ ਰਕਬੇ ਨੂੰ ਝੋਨਾ ਮੁਕਤ ਕਰਨ ਦੀ ਫੌਰੀ ਲੋੜ ਹੈ। ਇਸ ਲਈ ਪਰਵਾਸੀ ਅਤੇ ਨੌਕਰੀਪੇਸ਼ਾ ਪੰਜਾਬੀ ਅਹਿਮ ਭੂਮਿਕਾ ਨਿਭਾਅ ਸਕਦੇ ਹਨ ਕਿਉਂਕਿ ਇਹ ਆਰਥਕ ਤੌਰ ਉੱਤੇ ਖੇਤੀ ਉੱਤੇ ਨਿਰਭਰ ਨਹੀਂ ਹਨ। ਸਾਰੇ ਪੰਜਾਬੀ ਪਰਵਾਸੀ ਜ਼ਮੀਨ ਠੇਕੇ ਉਤੇ ਦੇ ਕੇ ਖੇਤੀ ਕਰਵਾਉਂਦੇ ਹਨ। ਇਕ ਅੰਦਾਜ਼ੇ ਮੁਤਾਬਕ ਕੇਂਦਰੀ ਪੰਜਾਬ ਦੀ 70% ਜ਼ਮੀਨ ਦੀ ਖੇਤੀ ਠੇਕੇ ਉਤੇ ਹੁੰਦੀ ਹੈ। ਪੰਜਾਬ ਦੇ ਲਗਭਗ ਤੀਹ ਲੱਖ ਜੀਅ ਪੱਕੇ ਤੌਰ ਉੱਤੇ ਬਾਹਰਲੇ ਮੁਲਕਾਂ ਵਿੱਚ ਚਲੇ ਗਏ ਹਨ। ਜੇਕਰ ਉਹ ਪੰਜਾਬ ਵਿੱਚ ਪ੍ਰਤੀ ਜੀਅ ਇੱਕ ਏਕੜ ਵਿਚੋਂ ਵੀ ਝੋਨੇ ਦੀ ਫਸਲ ਘੱਟ ਕਰਵਾਉਣ ਲਈ ਉੱਦਮ ਕਰਨ ਤਾਂ ਪੰਜਾਬ ਵਿੱਚ ਝੋਨੇ ਹੇਠ ਰਕਬੇ ਨੂੰ 30 ਲੱਖ ਏਕੜ ਘਟਾਇਆ ਜਾ ਸਕਦਾ ਹੈ। ਇਸ ਲਈ ਪੰਜਾਬ ਦਰਦੀ ਪਰਵਾਸੀ ਝੋਨੇ ਹੇਠੋਂ ਰਕਬਾ ਕੱਢਣ ਅਤੇ ਫਸਲੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਉਣ ਦੀ ਸ਼ਰਤ ਉੱਤੇ ਉਸ ਜ਼ਮੀਨ ਦਾ ਠੇਕਾ ਘੱਟ ਕਰਕੇ ਪੰਜਾਬ ਵਿੱਚ ਅਹਿਮ ਫਸਲੀ ਤਬਦੀਲੀ ਲਿਆਉਣ ਦਾ ਸਵੱਬ ਬਣ ਸਕਦੇ ਹਨ। ਇਹ ਸਹਿਜੇ ਹੀ ਕੀਤਾ ਜਾ ਸਕਦਾ ਹੈ। ਪੰਜਾਬ ਵਿੱਚ ਔਸਤਨ ਠੇਕਾ 40 ਹਜ਼ਾਰ ਰੁਪਏ ਦੇ ਕਰੀਬ ਹੈ। ਜੇਕਰ ਜ਼ਮੀਨ ਨੂੰ ਝੋਨਾ ਮੁਕਤ ਕਰਨ ਦੀ ਇਵਜ਼ ਵਿੱਚ ਇਕ ਏਕੜ ਦਾ ਠੇਕਾ ਅੱਧਾ ਲਿਆ ਤਾਂ ਹਰ ਪ੍ਰਵਾਸੀ ਪ੍ਰਤੀ ਏਕੜ ਸਿਰਫ €230 (ਯੂਰਪ), $275 (ਯੂ.ਐਸ.), $333 (ਕੈਨੇਡਾ), $360 (ਆਸਟ੍ਰੇਲੀਆ) ਸਲਾਨਾ ਦਾ ਯੋਗਦਾਨ ਪਾ ਕੇ ਪੰਜਾਬ ਬੰਜਰ ਹੋਣ ਤੋਂ ਬਚਾ ਸਕਦਾ ਹੈ।

# ਚੌਰਾਸੀ ਦੇ ਸੰਤਾਪ ਬਾਅਦ ਸਾਡਾ ਮਕਸਦ ਤੇ ਨੀਤੀ ਕੀ ਹੋਵੇ



ਰਣਜੀਤ ਸਿੰਘ ਕੁਕੀ

ਸਿੱਖਾਂ ਦੇ ਪਵਿੱਤਰ ਅਸਥਾਨ ਦਰਬਾਰ ਸਾਹਿਬ ਉੱਪਰ ਜੂਨ ੧੯੮੪ ਵਿਚ ਹੋਏ ਫੌਜੀ ਹਮਲੇ ਦੇ ਸੈਂਤੀ ਵਰ੍ਹੇ ਬੀਤਣ ਤੋਂ ਬਾਅਦ ਵੀ ਸਿੱਖਾਂ ਦੀ ਨਿਰਉਤਸ਼ਾਹਿਤ ਅਤੇ ਕੁਮਲਾਈ ਮਾਨਸਿਕਤਾ ਨੂੰ ਘੋਰ ਨਿਰਾਸ਼ਾ 'ਚੋਂ ਬਾਹਰ ਕੱਢਣ ਲਈ ਦਿਲਾਸੇ ਦੀ ਲੋੜ ਹੈ।ਕੀ ਇਹ ਨਿਰਾਸ਼ਾ ਦੀ ਭਾਵਨਾ ਉਨ੍ਹਾਂ ਨੂੰ ਕੋਈ ਦਿਲਾਸਾ ਦੇ ਸਕਦੀ ਹੈ?ਦਰਬਾਰ ਸਾਹਿਬ ਉੱਪਰ ਫੌਜੀ ਹਮਲਾ ਕੇਂਦਰ ਅਤੇ ਸੂਬੇ ਦੀਆਂ ਰਾਜਨੀਤਿਕ ਪਾਰਟੀਆਂ ਜਿਵੇਂ ਕਾਂਗਰਸ ਅਤੇ ਅਕਾਲੀ ਦਲ ਦੀਆਂ ਰਾਜਨੀਤਿਕ ਚਾਲਬਾਜ਼ੀਆਂ ਦਾ ਨਤੀਜਾ ਸੀ।ਇਹਨਾਂ ਪਾਰਟੀਆਂ ਨੇ ਆਪਣੇ ਰਾਜਨੀਤਿਕ ਹਿੱਤਾਂ ਅਤੇ ਗਲਤ ਮਨਸੂਬਿਆਂ ਦੀ ਪੂਰਤੀ ਲਈ ਕਾਲਪਨਿਕ ਸਿਧਾਤਾਂ ਵਾਲੀਆਂ ਕਪਟੀ ਚਾਲਾਂ ਦਾ ਸਹਾਰਾ ਲਿਆ ਜਿਹਨਾਂ ਦਾ ਅਸਲੀਅਤ ਦਾ ਕੋਈ ਲੈਣਾ ਦੇਣਾ ਨਹੀਂ ਸੀ।ਮੌਜੂਦਾ ਸਥਿਤੀ ਵਿਚ ਇਸ ਨਿਰਾਸ਼ਾ ਤੋਂ ਦਿਲਾਸਾ ਵੱਲ ਮੁੜਨਾ ਵੀ ਇਕ ਭਰਮ ਹੀ ਜਾਪਦਾ ਹੈ ਕਿਉਂਕਿ ਸਿੱਖ ਰਾਜਨੀਤਿਕ ਪਾਰਟੀ ਅਕਾਲੀ ਦਲ ਅਤੇ ਸਿੱਖ ਜੱਥੇਦਾਰ ਅਜੇ ਵੀ ਸੌੜੇ ਨਜ਼ਰੀਏ ਵਾਲੀ ਅਤੇ ਅਸਲੀਅਤ ਤੋਂ ਕੋਹਾਂ ਦੂਰ ਸਿਆਸਤ ਰਾਹੀ ਸਿੱਖਾਂ ਦੀਆਂ ਭਾਵਨਾਵਾਂ ਅਤੇ ਉਨ੍ਹਾਂ ਦੇ ਮਨਾਂ ਨਾਲ ਖੇਡ ਰਹੇ ਹਨ।ਰਾਜਨੀਤਿਕ ਮਨੋਰਥਾਂ ਦੀ ਪੂਰਤੀ ਲਈ ਦੁਖਦਾਈ ਯਾਦਾਂ ਅਤੇ ਜ਼ਖਮਾਂ ਦਾ ਜਨਤਕ ਪ੍ਰਵਚਨ (ਡਿਸਕੋਰਸ) ਵੀ ਇਸ ਨਿਰਾਸ਼ਾ ਦੇ ਆਲਮ ਵਿਚ ਵਾਧਾ ਕਰਦਾ ਹੈ ਅਤੇ ਸਿੱਖਾਂ ਨੂੰ ਕੋਈ ਦਿਲਾਸਾ ਜਾਂ ਰਾਹਤ ਨਹੀਂ ਪਹੁੰਚਾਉਂਦਾ।ਇਸ ਨਿਰਾਸ਼ਾਵਾਦ ਤੋਂ ਰਾਹਤ ਉਮੀਦ ਦੀ ਸੰਭਾਵਨਾ ਨੂੰ ਪੱਕਿਆਂ ਕਰ ਕੇ ਹੀ ਦੁਆਈ ਜਾ ਸਕਦੀ ਹੈ।ਇਸ ਦੇ ਨਾਲ ਹੀ ਪਰੰਪਰਾਗਤ ਤਰੀਕਿਆਂ ਨੂੰ ਛੱਡ ਕੇ ਰਾਜਨੀਤਿਕ ਵਿਵੇਕ ਪ੍ਰਤੀ ਸਮੂਹਿਕ ਰੂਪ ਵਿਚ ਆਸ਼ਾਵਾਦੀ ਹੋਣ ਦੀ ਲੋੜ ਹੈ।ਇਹ ਦੇਖਣ ਦੇ ਨਵੇਂ ਢੰਗ ਅਪਣਾ ਕੇ ਅਤੇ ਮੌਜੂਦਾ ਪਾਰਟੀਆਂ ਦੀਆਂ ਰਾਜਨੀਤਿਕ ਚਾਲਬਾਜ਼ੀਆਂ, ਜਿਹਨਾਂ ਦਾ ਸਿੱਖਾਂ ਦੀਆਂ ਰਾਜਨੀਤਿਕ ਅਭਿਲਾਸ਼ਾਵਾਂ ਨਾਲ ਕੋਈ ਸਰੋਕਾਰ ਨਹੀਂ ਹੈ, ਤੋਂ ਪਾਰ ਦੇਖ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।ਉਤੇਜਿਤ ਮਨਾਂ ਨੂੰ ਰਾਹਤ ਪਹੁੰਚਾਉਣ ਲਈ ਮੂਲ ਰੂਪ ਵਿਚ ਸੰਵੇਦਨਾ ਵਿਕਸਿਤ ਕਰਨ ਅਤੇ ਵੱਖ-ਵੱਖ ਮੌਜੂਦ ਰਸਤਿਆਂ ਲਈ ਖੁੱਲਦਿਲੀ ਦਾ ਨਜ਼ਰੀਆ ਅਪਣਾਉਣ ਦੀ ਲੋੜ ਹੈ।

ਸਿੱਖਾਂ ਦੀ ਨਿਰਉਤਸ਼ਾਹਿਤ ਮਾਨਸਿਕਤਾ ਅਤੇ ਉਨ੍ਹਾਂ ਦੀਆਂ ਅਭਿਲਾਸ਼ਾਵਾਂ ਨੂੰ ਅਜੇ ਤੱਕ ਵੀ ਸਵੀਕਾਰਿਆ ਨਹੀਂ ਗਿਆ ਹੈ ਕਿਉਂ ਕਿ ਸਿੱਖ ਪਛਾਣ ਨੂੰ ਅੱਜ ਤੱਕ ਵੀ ਭਾਰਤੀ ਰਾਜ ਦੇ ਵਿਚਾਰਕਾਂ ਦੁਆਰਾ ਕੋਈ ਜਗ੍ਹਾ ਨਹੀਂ ਦਿੱਤੀ ਗਈ ਅਤੇ ਉਨ੍ਹਾਂ ਦੇ ਭਾਵਨਾਤਮਕ ਬਿਰਤਾਂਤ ਨੂੰ ਸਮਝਿਆ ਨਹੀਂ ਗਿਆ ਹੈ।ਦਰਬਾਰ ਸਾਹਿਬ ਉੱਪਰ ਫੌਜ ਦੁਆਰਾ ਕੀਤਾ ਗਿਆ ਹਮਲਾ ਭਾਰਤੀ ਰਾਜ ਦੀ ਤਾਨਾਸ਼ਾਹੀ ਦਾ ਇਜ਼ਹਾਰ ਸੀ ਜੋ ਕਿ ਨਿਰਦਈ ਰਾਜ ਦੀ ਕਰੂਰਤਾ ਦਾ ਚਿੰਨ੍ਹ ਸੀ।ਇਸ ਨਿਰਦਈ ਰਾਜ ਨੇ ਬਹੁਤ ਹੀ ਕਰੂਰ ਤਰੀਕੇ ਨਾਲ ਝੂਠ ਬੋਲਿਆ।ਇਸ ਨਿਰਦਈ ਰਾਜ ਕੋਲ ਉਸ ਮੀਡੀਆ ਦਾ ਸਮਰਥਨ ਸੀ ਜੋ ਕਿ ਪੀੜਾ ਅਤੇ ਦੁੱਖ ਦਾ ਤਮਾਸ਼ਾ ਬਣਾਉਣ ਵਿਚ ਰੁੱਝਿਆ ਹੋਇਆ ਸੀ।ਇਸ ਨੇ ਸਥਿਤੀ ਅਤੇ ਘਟਨਾਵਾਂ ਨੂੰ ਢਾਂਚਾਗਤ ਤਰੀਕੇ ਨਾਲ ਸਮਝਣ ਦੀ ਸੰਭਾਵਨਾ ਨੂੰ ਖਤਮ ਕਰ ਦਿੱਤਾ।ਇਹਨਾਂ ਸਾਰੀਆਂ ਘਟਨਾਵਾਂ ਨੇ ਸਿੱਖਾਂ ਨੂੰ ਰਾਜ ਦੀ ਕਰੂਰ ਨਿਰੰਕੁਸ਼ਤਾ ਦਾ ਸ਼ਿਕਾਰ ਬਣਾਇਆ।ਆਮ ਸਿੱਖਾਂ ਅਤੇ ਨੌਜਵਾਨ ਮਨਾਂ ਦੇ ਦੁੱਖ ਨੂੰ ਨਜ਼ਰਅੰਦਾਜ਼ ਕੀਤਾ ਗਿਆ ਜਿਨ੍ਹਾਂ ਨੇ ਸਮਾਜਿਕ-ਰਾਜਨੀਤਿਕ ਸਮਰੂਪਤਾ ਦੀ ਚੁਣੌਤੀ ਦਾ ਸਾਹਮਣਾ ਅਤੇ ਵਿਰੋਧ ਕੀਤਾ।

ਬਸਤੀਵਾਦੀ ਹਕੂਮਤ ਦਾ ਸੂਰਜ ਅਸਤ ਹੋਣ ਤੋਂ ਬਾਅਦ ਅਜ਼ਾਦ ਭਾਰਤ ਦੀ ਨਵੀਂ ਸਰਕਾਰ ਨੇ ਸਾਮਰਾਜੀ ਹਕੂਮਤ ਦੇ ਨਿਹਾਇਤ ਕੇਂਦਰੀਕਰਨ ਦੀ ਨੀਤੀ ਨੂੰ ਹੀ ਅਪਣਾਇਆ।ਇਸ ਤਰਾਂ ਦੇ ਨਜ਼ਰੀਏ ਨੇ ਸਰਕਾਰ ਦੇ ਵੱਖ-ਵੱਖ ਭਾਗਾਂ ਵਿਚ ਸੱਤਾ ਦੇ ਵਿਕੇਂਦਰੀਕਰਨ ਲਈ ਕੋਈ ਜਗ੍ਹਾ ਨਹੀਂ ਛੱਡੀ, ਸਗੋਂ ਇਸ ਨੇ ਸਰਪ੍ਰਸਤੀ ਦੇਣ ਵਾਲਾ ਨਜ਼ਰੀਆ ਹੀ ਅਪਣਾਈ ਰੱਖਿਆ।ਰਾਸ਼ਟਰਵਾਦ ਉੱਪਰ ਅਧਾਰਿਤ ਸੱਤਾ ਦੇ ਕੇਂਦਰੀਕਰਨ ਨੇ ਹਾਸ਼ੀਆਗ੍ਰਸਤ ਭਾਈਚਾਰਿਆ ਜਿਵੇਂ ਸਿੱਖਾਂ ਲਈ ਬਹੁਤ ਘੱਟ ਸੰਭਾਵਨਾ ਛੱਡੀ ਜਿਸ ਨੇ ਉਨ੍ਹਾਂ ਵਿਚ ਬੇਗਾਨਗੀ ਦੀ ਭਾਵਨਾ ਨੂੰ ਜਨਮ ਦਿੱਤਾ।ਇਸ ਤਰਾਂ ਦੀ ਬੇਗਾਨਗੀ ਦੀ ਭਾਵਨਾ ਅਤੇ ਘੁਟਣ ਨੂੰ ਸਿੱਖ ਰਾਜਨੀਤਿਕ ਪਾਰਟੀ ਅਕਾਲੀ ਦਲ ਨੇ ਆਪਣੀ ਰਾਜਨੀਤਿਕ ਕੂਟਨੀਤੀ ਨਾਲ ਹੋਰ ਹਵਾ ਦਿੱਤੀ।ਇਸ ਨੇ ਸਿੱਖ ਮਸਲਿਆਂ ਨੂੰ ਲੈ ਕੇ ਢਾਂਚਾਗਤ ਸਮੱਸਿਆਵਾਂ ਪੈਦਾ ਕੀਤੀਆਂ ਅਤੇ ਸਿੱਖਾਂ ਵਿਚ ਹਿੰਦੂਵਾਦੀ ਰਾਸ਼ਟਰ ਨਾਲ ਜੁੜਨ ਨੂੰ ਲੈ ਕੇ ਪਛਤਾਵੇ ਦੀ ਭਾਵਨਾ ਪੈਦਾ ਹੋ ਗਈ।ਇਸ ਦੇ ਨਾਲ ਹੀ ਉਨ੍ਹਾਂ ਦੀ ਗਰਿਮਾ ਅਤੇ ਸਵੈ-ਮਾਣ ਨੂੰ ਲੈ ਕੇ ਸਵਾਲ ਪੈਦਾ ਹੋਣੇ ਸ਼ੁਰੂ ਹੋ ਗਏ।

ਸਿੱਖਾਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਢਿੰਢੋਰਾ ਪਿੱਟਣ ਵਾਲੇ ਅਕਾਲੀ ਦਲ ਨੇ ਲਗਾਤਾਰ ਕੇਂਦਰ ਵਿਚ ਸ਼ਾਸਿਤ ਕਾਂਗਰਸ ਸਰਕਾਰ ਨਾਲ ਟਕਰਾਅ ਨੂੰ ਹੋਰ ਵਧਾਇਆ ਜਿਸ ਨੇ ਸਰਕਾਰ ਦੀ ਨਿਰੰਕੁਸ਼ਤਾ ਅਤੇ ਸਿੱਖਾਂ ਦੇ ਮਸਲਿਆਂ ਨੂੰ ਲੈ ਕੇ ਕੋਈ ਸਰੋਕਾਰ ਦੀ ਘਾਟ ਨੂੰ ਉਜਾਗਰ ਕੀਤਾ।ਆਪਣੀਆਂ ਕੂਟਨੀਤਿਕ ਚਾਲਾਂ ਕਰਕੇ ਅਕਾਲੀ ਦਲ ਵਿਚ ਨਾ ਤਾਂ ਸਿੱਖਾਂ ਦੀਆਂ ਰਾਜਨੀਤਿਕ ਅਭਿਲਾਸ਼ਾਵਾਂ ਨੂੰ ਲੈ ਕੇ ਕੋਈ ਪ੍ਰਤੀਬੱਧਤਾ ਸੀ ਅਤੇ ਨਾ ਹੀ ਕੋਈ ਸੰਕਲਪ, ਸਗੋਂ ਇਹ ਰਾਜਨੀਤਿਕ ਅਸਲੀਅਤ ਤੋਂ ਦੂਰ ਸੀ।ਇਸ ਤਰਾਂ ਦੀਆਂ ਚਾਲਾਂ ਅਤੇ ਨੀਤੀਆਂ ਨੇ ਸਿੱਖ ਬਹੁਗਿਣਤੀ ਵਾਲੀ ਧਾਰਮਿਕ ਪ੍ਰਭੂਸੱਤਾ ਅਤੇ ਭਾਰਤੀ ਰਾਜ ਨਾਲ ਸਿੱਧੇ ਟਕਰਾਓ ਦੀ ਸਥਿਤੀ ਨੂੰ ਪੈਦਾ ਕੀਤਾ।ਸਿੱਖ ਵਿਦਰੋਹ ਦੇ ਨਾਲ-ਨਾਲ ਧਾਰਮਿਕ ਰੰਗਤ ਵਾਲੇ ਰਾਜਨੀਤਿਕ ਮਾਹੌਲ ਨੇ ਸੰਤ ਜਰਨੈਲ਼ ਸਿੰਘ ਭਿੰਡਰਾਂਵਾਲੇ ਨੂੰ ਸਿੱਖਾਂ ਦੇ ਹਿੱਤਾਂ ਦੇ ਰਾਖੇ ਵਜੋਂ ਕੇਂਦਰ ਵਿਚ ਲਿਆਂਦਾ।ਰਾਜਨੀਤਿਕ ਸਰੂਪ ਵਾਲਾ ਵਿਦਰੋਹ ਉਨ੍ਹਾਂ ਲੋਕਤੰਤਰੀ ਸ਼ਾਸਨਾਂ ਵਿਚ ਪੈਦਾ ਹੁੰਦਾ ਹੈ ਜੋ ਲੋਕਾਂ ਦੀਆਂ ਉਮੀਦਾਂ ਨੂੰ ਤਾਂ ਜਗਾ ਦਿੰਦੀਆਂ ਹਨ, ਪਰ ਉਨ੍ਹਾਂ ਦੀਆਂ ਉਮੀਦਾਂ ਉੱਪਰ ਖਰਾ ਉਤਰਨ ਲਈ ਉਸ ਤਰਾਂ ਦੀਆਂ ਜਨਤਕ ਸੰਸਥਾਵਾਂ ਨਹੀਂ ਬਣਾ ਪਾਉਂਦੀਆਂ।ਸੰਤਾਲੀ ਵਿਚ ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਭਾਰਤੀ ਹਕੂਮਤ ਦੁਆਰਾ ਸਿੱਖਾਂ ਨੂੰ ਖੁਦ-ਮੁਖ਼ਤਿਆਰ ਖਿੱਤਾ ਦੇਣ ਦਾ ਭਰੋਸਾ ਦੁਆਇਆ ਗਿਆ ਸੀ, ਪਰ ਅਜ਼ਾਦੀ ਤੋਂ ਬਾਅਦ ਉਨ੍ਹਾਂ ਨੇ ਹਰ ਤਰਾਂ ਦੇ ਵਾਅਦੇ ਨੂੰ ਭੁਲਾ ਦਿੱਤਾ।ਇਸ ਨੇ ਸਿੱਖਾਂ ਵਿਚ ਬੇਭਰੋਸਗੀ ਦੀ ਭਾਵਨਾ ਪੈਦਾ ਕੀਤੀ ਅਤੇ ਸੰਵਿਧਾਨਿਕ ਪੈਨਲ ਦੇ ਦੋ ਮਹੱਤਵਪੂਰਨ ਮੈਂਬਰਾਂ ਨੇ ਭਾਰਤੀ ਸੰਵਿਧਾਨ ਦੇ ਖਰੜੇ ਉੱਪਰ ਹਸਤਾਖਰ ਕਰਨ ਤੋਂ ਇਨਕਾਰ ਕਰ ਦਿੱਤਾ।ਸਿੱਖ ਰਾਸ਼ਟਰ ਅਤੇ ਪਛਾਣ ਦੇ ਭਵਿੱਖ ਨਾਲ ਸੰਬੰਧਿਤ ਇਹਨਾਂ ਮਸਲਿਆਂ ਨੂੰ ਸਿੱਖ ਰਾਜਨੀਤਿਕ ਪਾਰਟੀ ਅਕਾਲੀ ਦਲ ਨੇ ਸਮੇਂ-ਸਮੇਂ ਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਵਰਤਿਆ।ਅਕਾਲੀ ਦਲ ਦੀ ਲੀਡਰਸ਼ਿਪ ਵਿਚ ਇੰਨੀ 'ਸੂਝ-ਬੂਝ' ਸੀ ਕਿ ਉਨ੍ਹਾਂ ਨੇ ਕਦੇ ਵੀ ਭਾਰਤੀ ਸੱਤਾ ਨਾਲ ਸਿੱਧੀ ਟੱਕਰ ਨਹੀਂ ਲਈ ਅਤੇ ਜੋ ਵੀ ਰਾਜਨੀਤਿਕ ਸੰਘਰਸ਼ ਉਨ੍ਹਾਂ ਨੇ ਸ਼ੁਰੂ ਕੀਤਾ, ਉਸ ਨੂੰ ਵਿਚਕਾਰ ਹੀ ਛੱਡ ਦਿੱਤਾ।ਇਸ ਦੀ ਬਜਾਇ ਉਨ੍ਹਾਂ ਨੇ ਪੰਜਾਬ ਦੀ ਸੱਤਾ ਉੱਪਰ ਕਾਬਜ਼ ਹੋਣ ਦੇ ਆਪਣੇ ਹਿੱਤਾਂ ਨੂੰ ਪਹਿਲ ਦਿੱਤੀ।ਇਸ ਤਰਾਂ ਦੀਆਂ ਕੂਟਨੀਤਿਕ ਅਤੇ ਅਸਲੀਅਤ ਤੋਂ ਸੱਖਣੀ ਰਾਜਨੀਤੀ ਨੇ ੧੯੮੦ਵਿਆਂ ਵਿਚ ਮੁੱਖ ਰਾਜਨੀਤਿਕ ਸੰਘਰਸ਼ ਨੂੰ ਜਨਮ ਦਿੱਤਾ।ਇਸ ਦੀ ਸ਼ੁਰੂਆਤ ਅੰਮ੍ਰਿਤਸਰ ਵਿਚ ਸਿੱਖ ਸ਼ਰਧਾਲੂਆਂ ਦੀ ਇਕ ਸੰਪ੍ਰਦਾਇ ਦੇ ਮੁਖੀ ਨਾਲ ਖ਼ੂਨੀ ਟਕਰਾਓ ਵਿਚੋਂ ਹੋਈ ਜਿਸ ਦਾ ਨਤੀਜਾ ਬਹੁਤ ਸਾਰੀਆਂ ਮੌਤਾਂ ਦੇ ਰੂਪ ਵਿਚ ਨਿਕਲਿਆ।ਅਕਾਲੀ ਦਲ ਦੇ ਰਾਜਨੀਤਿਕ ਸੰਘਰਸ਼ ਨੂੰ ਪ੍ਰਮੁੱਖਤਾ ਦੇਣ ਲਈ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਕੇਂਦਰ ਵਿਚ ਲਿਆਂਦਾ ਗਿਆ ਅਤੇ ਉਸ ਨੂੰ ਦਰਬਾਰ ਸਾਹਿਬ ਵਿਚ ਟਿਕਾਣਾ ਬਣਾਉਣ ਲਈ ਰਾਜ਼ੀ ਕੀਤਾ ਗਿਆ।

ਸੰਤ ਜਰਨੈਲ਼ ਸਿੰਘ ਭਿੰਡਰਾਂਵਾਲਾ ਧਾਰਮਿਕ ਝੁਕਾਅ ਵਾਲਾ ਇਕ ਸ਼ਰਧਾਲੂ ਸਿੱਖ ਸੀ ਜੋ ਕਿ ਇਕ ਸਨਮਾਨਿਤ ਇਤਿਹਾਸਿਕ ਪ੍ਰਚਾਰਕ ਸੰਸਥਾ ਦਾ ਪ੍ਰਮੁੱਖ ਸੀ। ਅਕਾਲੀ ਦਲ ਦੇ ਰਾਜਨੀਤਿਕ ਸੰਘਰਸ਼ ਵਿਚ ਭਿੰਡਰਾਂਵਾਲੇ ਦੇ ਉਦੈ ਨਾਲ ਇਹ ਸੰਘਰਸ਼ ਪੰਜਾਬੀ ਸੂਬੇ ਦੀ ਪ੍ਰਾਪਤੀ ਦਾ ਮਹਿਜ਼ ਸਿੱਖ ਰਾਜਨੀਤਿਕ ਸੰਘਰਸ਼ ਬਣ ਕੇ ਰਹਿ ਗਿਆ।ਅਜ਼ਾਦੀ ਤੋਂ ਪਹਿਲਾਂ ਤੋਂ ਹੀ ਚੱਲ ਰਹੇ ਖੁਸਮੁਖ਼ਤਿਆਰੀ ਦੇ ਮਸਲੇ ਨੇ ਕੇਂਦਰੀ ਥਾਂ ਲੈ ਲਈ।ਸੰਤ ਭਿੰਡਰਾਂਵਾਲਾ ਅਸਲ ਵਿਚ ਧਾਰਮਿਕ ਪ੍ਰਚਾਰਕ ਅਤੇ ਮਜਬੂਤ ਬੁਲਾਰਾ ਸੀ, ਪਰ ਉਸ ਵਿਚ ਰਾਜਨੀਤਿਕ ਸਮਝ ਅਤੇ ਰਾਜਨੀਤੀ ਨੂੰ ਪਰਖਣ ਦੀ ਗਹਿਰਾਈ ਨਹੀਂ ਸੀ।ਸਿੱਖਾਂ ਨਾਲ ਸੰਬੰਧਿਤ ਰਾਜਨੀਤਿਕ ਹਿੰਸਾ ਦਾ ਉਦੈ ਸੰਪ੍ਰਦਾਇ ਨਾਲ ਟਕਰਾਓ ਤੋਂ ਸ਼ੁਰੂ ਹੋਇਆ ਅਤੇ ੧੯੮੦ਵਿਆਂ ਵਿਚ ਰਾਜਨੀਤਿਕ ਸੰਘਰਸ਼ ਦੀ ਸ਼ੁਰੂਆਤ ਤੋਂ ਬਾਅਦ ਵੀ ਇਹ ਚੱਲਦਾ ਰਿਹਾ।ਭਾਰਤ ਅਤੇ ਪੰਜਾਬ ਦੀ ਰਾਜਨੀਤੀ ਵਿਚ ਸਵਾਰਥੀ ਹਿੱਤਾਂ ਦੀ ਪੂਰਤੀ ਵਾਲੀਆਂ ਪਾਰਟੀਆਂ ਦਾ ਬੋਲਬਾਲਾ ਰਿਹਾ ਹੈ ਜਿਨ੍ਹਾਂ ਨੇ ਨੇਕ, ਸਵਾਰਥ-ਰਹਿਤ ਅਤੇ ਆਦਰਸ਼ਵਾਦੀ ਰਾਜਨੀਤੀ ਨੂੰ ਜਗ੍ਹਾ ਨਹੀਂ ਦਿੱਤੀ।

ਰਾਜਨੀਤੀ ਹੱਲ ਵੱਲ ਸੇਧਿਤ ਪ੍ਰੀਕਿਰਿਆ ਅਤੇ ਸੱਤਾ ਦਾ ਅਜਿਹਾ ਪ੍ਰਯੋਗ ਹੈ ਜੋ ਕਿ ਆਸ਼ਾਵਾਦੀ ਨਜ਼ਰੀਏ ਲਈ ਰਾਹ ਬਣਾਵੇ।ਰਾਜਨੀਤਿਕ ਵਿਵੇਕ ਅਤੇ ਲੀਡਰਸ਼ਿਪ ਦੀ ਸਮਝਦਾਰੀ ਨਿਰੰਤਰ ਇਸ ਤਰਾਂ ਦਾ ਰਾਹ ਮੋਕਲਾ ਕਰਨ ਵਿਚ ਸਹਾਈ ਹੋ ਸਕਦੇ ਹਨ।ਪਰ ਸਿੱਖ ਅਕਾਲੀ ਦਲ ਦੀ ਲੀਡਰਸ਼ਿਪ ਭਾਰਤ ਦੀ ਅਜ਼ਾਦੀ ਤੋਂ ਲੈ ਕੇ ਹੀ ਕੂਟਨੀਤਿਕ ਚਾਲਬਾਜ਼ੀਆਂ ਵਿਚ ਮਸ਼ਗੂਲ ਰਹੀ ਹੈ ਜਿਸ ਨੇ ਹਰ ਰਾਜਨੀਤਿਕ ਸੰਘਰਸ਼ ਵਿਚ ਧਾਰਮਿਕ ਭਾਵਨਾਵਾਂ ਨੂੰ ਵਰਤਿਆ।੧੯੮੦ ਦੇ ਰਾਜਨੀਤਿਕ ਸੰਘਰਸ਼ ਵਿਚ ਧਾਰਮਿਕ ਮੰਸ਼ਾ ਦੇ ਦਖਲ ਨੇ ਇਸ ਨੂੰ ਇਕ ਨਵੀ ਦਿਸ਼ਾ ਦੇ ਦਿੱਤੀ।ਧਾਰਮਿਕ ਰੰਗਤ ਦੀ ਬਹੁਤਾਤ ਨੇ ਇਸ ਵਿਚ ਧਾਰਮਿਕ ਬਿਰਤੀ ਨੂੰ ਭਾਰੂ ਕਰ ਦਿੱਤਾ।ਰਾਜਨੀਤਿਕ ਸੰਘਰਸ਼ ਵਿਚ ਧਾਰਮਿਕ ਬਿਰਤੀ ਦਾ ਪ੍ਰਵੇਸ਼ ਤਾਂ ਜਿਆਦਾ ਬਿਹਤਰ ਸਮਝ ਵਿਕਸਿਤ ਕਰਨ ਅਤੇ ਸੰਘਰਸ਼ ਨੂੰ ਗਹਿਰਾਈ ਪ੍ਰਦਾਨ ਕਰਨ ਦੇ ਵਿਸ਼ਵਾਸ ਨਾਲ ਹੋਇਆ ਕਿਉਂਕਿ ਪ੍ਰੰਪਰਾਗਤ ਰਾਜਨੀਤੀ ਆਪਣੀ ਚਮਕ ਗੁਆ ਰਹੀ ਸੀ। ਇਸ ਸਮੇਂ ਰਾਜਨੀਤੀ ਵਿਚ ਧਾਰਮਿਕ ਬਿਰਤੀ ਦਾ ਦਖਲ ਡਗਮਗਾ ਰਹੇ ਸਿੱਖ ਸੰਘਰਸ਼ ਨੂੰ ਇਕ ਨਵੀਂ ਮਜਬੂਤੀ ਦੇ ਰਿਹਾ ਸੀ ਜਿਸ ਵਿਚ ਅਸਲ ਵਿਚ ਢਾਂਚਾਗਤ ਅਧਾਰ ਦੀ ਘਾਟ ਸੀ।ਸਰਕਾਰ ਦਾ ਸਿੱਖਾਂ ਪ੍ਰਤੀ ਰੱਵਈਆ ਬਹੁਤ ਅੜੀਅਲ ਸੀ ਅਤੇ ਸਿੱਖ ਸੰਘਰਸ਼ ਵਿਚ ਸੱਤਾ ਦੀ ਸਮਝ ਦੀ ਘਾਟ ਹੋਣ ਕਰਕੇ ਹੌਲੀ-ਹੌਲੀ ਇਸ ਨੇ ਧਾਰਮਿਕ ਬਿਰਤੀ ਵਾਲਾ ਰਾਹ ਫੜ੍ਹ ਲਿਆ। ਕਿਸੇ ਵੀ ਰਾਜਨੀਤਿਕ ਸੰਘਰਸ਼ ਦਾ ਢਾਂਚਾਗਤ ਅਧਾਰ ਰਾਜਨੀਤਿਕ ਸਿਧਾਂਤਾਂ, ਸੰਕਲਪਾਂ ਅਤੇ ਵਿਚਾਰਾਂ ਦੀ ਸਮਝ ਉੱਪਰ ਨਿਰਭਰ ਕਰਦਾ ਹੈ ਜਿਸ ਨੂੰ ਸਮੇਂ ਦੀਆਂ ਸੱਭਿਆਚਾਰਕ, ਬੌਧਿਕ ਅਤੇ ਰਾਜਨੀਤਿਕ ਧਾਰਾਵਾਂ ਇਕ ਦਿਸ਼ਾ ਪ੍ਰਦਾਨ ਕਰਦੀਆਂ ਹਨ।ਅਕਾਲੀ ਦਲ ਦੇ ਰਾਜਨੀਤਿਕ ਸੰਕਲਪਾਂ ਵਿਚੋਂ ਇਹ ਪੱਖ ਹਮੇਸ਼ਾ ਹੀ ਮਨਫ਼ੀ ਰਹੇ ਹਨ।

ਬਾਕੀ ਸਫ਼ਾ 31 'ਤੇ

# ਪੱਛਮੀ ਬੰਗਾਲ ਵਿਚ ਭਾਜਪਾ ਕਾਰਨ ਰਾਜਨੀਤੀ ਹਿੰਸਕ

## ਬੰਗਾਲ ਵਿਚ ਭਾਜਪਾ ਨੂੰ ਨਹੀਂ ਲੱਭ ਰਿਹਾ ਯੋਗ ਲੀਡਰ

**ਅਭੈ ਕੁਮਾਰ ਦੁਬੇ**



ਪੱਛਮੀ ਬੰਗਾਲ ਵਿਚ ਕੁਝ ਤਾਂ ਅਜਿਹਾ ਹੈ ਜੋ ਬਾਕੀ ਦੇਸ਼ ਨਾਲੋਂ ਵੱਖਰਾ ਹੈ। ਉਥੇ ਦੀ ਰਾਜਨੀਤੀ ਕੁਝ ਜ਼ਿਆਦਾ ਹੀ ਹਿੰਸਕ ਹੈ, ਏਨੀ ਗੱਲ ਤਾਂ ਸਭ ਨੂੰ ਪਤਾ ਹੈ। ਪਰ ਸਿਰਫ ਵਧੇਰੇ ਹਿੰਸਾ ਬੰਗਾਲ ਦੀ ਵਿਸ਼ੇਸ਼ਤਾ ਨੂੰ ਨਹੀਂ ਦਰਸਾਉਂਦੀ। ਜੇ ਪੂਰੀ ਦੀ ਪੂਰੀ ਰਾਜਨੀਤਕ ਸੰਸਕ੍ਰਿਤੀ ਹੀ ਹਿੰਸਕ ਹੈ ਤਾਂ ਫਿਰ ਸੱਤਾਧਾਰੀ ਪਾਰਟੀ ਹੋਵੇ ਜਾਂ ਵਿਰੋਧੀ ਧਿਰ, ਸਾਰਿਆਂ ਕੋਲ ਹਿੰਸਾ ਦੀ ਕੁਝ ਨਾ ਕੁਝ ਸਮਰੱਥਾ ਤਾਂ ਹੁੰਦੀ ਹੀ ਹੈ। ਸੱਤਾਧਾਰੀ ਦਾ ਹੱਥ ਭਾਰੀ ਰਹਿੰਦਾ ਹੈ, ਪਰ ਹਿੰਸਾ ਦਾ ਸ਼ਿਕਾਰ ਤਾਂ ਉਸ ਨੂੰ ਵੀ ਹੋਣਾ ਪੈਂਦਾ ਹੈ। ਦੂਜੇ ਪਾਸੇ, ਸੱਤਾਧਾਰੀ ਸਿਰਫ ਹਿੰਸਾ ਦਾ ਸਹਾਰਾ ਲੈ ਕੇ ਵਿਰੋਧੀ ਧਿਰ ਨੂੰ ਖ਼ਤਮ ਨਹੀਂ ਕਰ ਸਕਦਾ। ਵਿਰੋਧੀ ਧਿਰ ਨੂੰ ਰਾਜਨੀਤਕ ਮੁਕਾਬਲੇਬਾਜ਼ੀ ਤੋਂ ਬਾਹਰ ਕਰਨ ਲਈ ਕੁਝ ਹੋਰ ਵੀ ਢੰਗ-ਤਰੀਕੇ ਅਤੇ ਰਣਨੀਤੀਆਂ ਅਜ਼ਮਾਉਣੀਆਂ ਪੈਂਦੀਆਂ ਹਨ। ਦਰਅਸਲ, ਇਹ ਪੂਰਾ ਵਿਚਾਰ ਕਿ ਰਾਜਨੀਤਕ ਵਿਰੋਧੀ ਨੂੰ ਏਨੇ ਕਮਜ਼ੋਰ ਕਰ ਦਿਓ ਕਿ ਉਹ ਮੁਕਾਬਲਾ ਕਰਨ ਦੇ ਕਾਬਲ ਹੀ ਨਾ ਰਹਿਣ, ਇਹ ਹੈ ਬੰਗਾਲ ਦੀ ਵਿਸ਼ੇਸ਼ਤਾ। ਬਾਕੀ ਸੂਬਿਆਂ ਵਿਚ ਅਜਿਹਾ ਨਹੀਂ ਹੁੰਦਾ। ਜਿੱਤਣ ਵਾਲੇ ਜਿੱਤਦੇ ਰਹਿੰਦੇ ਹਨ, ਹਾਰਨ ਵਾਲੇ ਹਾਰ ਜਾਂਦੇ ਹਨ। ਪਰ ਅਜਿਹਾ ਨਹੀਂ ਹੁੰਦਾ ਕਿ ਜਿੱਤਣ ਵਾਲਾ ਜਾਂ ਜਿੱਤ ਸਕਣ ਵਾਲਾ ਹਾਰਨ ਵਾਲੇ ਜਾਂ ਹਾਰ ਸਕਣ ਵਾਲੇ ਨੂੰ ਟੱਕਰ ਲੈਣ ਯੋਗ ਹੀ ਨਾ ਛੱਡੇ। ਪਰ ਬੰਗਾਲ ਵਿਚ ਅਜਿਹਾ ਹੁੰਦਾ ਹੈ।

ਮੀਡੀਆ ਦਾ ਜ਼ਿਆਦਾ ਜ਼ੋਰ ਇਹ ਦੱਸਣ ਵਿਚ ਰਿਹਾ ਹੈ ਕਿ ਮੁਕੁਲ ਰਾਏ ਭਾਜਪਾ ਛੱਡ ਕੇ ਆਪਣੀ ਪੁਰਾਣੀ ਪਾਰਟੀ ਤ੍ਰਿਣਮੂਲ ਕਾਂਗਰਸ ਵਿਚ ਕਿਉਂ ਪਰਤੇ? ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਚੋਣਾਂ ਤੋਂ ਬਾਅਦ ਜਿਵੇਂ ਹੀ ਸੁਵੇਂਦੂ ਅਧਿਕਾਰੀ ਨੂੰ ਵਿਰੋਧੀ ਧਿਰ ਦਾ ਨੇਤਾ ਬਣਾਇਆ ਗਿਆ, ਮੁਕੁਲ ਰਾਏ 'ਘਰ ਵਾਪਸੀ' ਦੀ ਯੋਜਨਾ ਬਣਾਉਣ ਲੱਗੇ। ਇਥੇ ਪੁੱਛਿਆ ਜਾ ਸਕਦਾ ਹੈ ਕਿ, ਕੀ ਜੇਕਰ ਮੁਕੁਲ ਰਾਏ ਨੂੰ ਵਿਰੋਧੀ ਧਿਰ ਦਾ ਨੇਤਾ ਬਣਾ ਦਿੱਤਾ ਜਾਂਦਾ ਤਾਂ ਉਹ ਭਾਜਪਾ ਨਾ ਛੱਡਦੇ? ਇਸੇ ਨਾਲ ਸਬੰਧਤ ਇਕ ਸਵਾਲ ਇਹ ਵੀ ਹੈ ਕਿ, ਕੀ ਉਸ ਸੂਰਤ ਵਿਚ ਸੁਵੇਂਦੂ ਅਧਿਕਾਰੀ ਨਾਰਾਜ਼ ਹੋ ਕੇ ਬਗ਼ਾਵਤੀ ਮੂਡ ਵਿਚ ਆ ਜਾਂਦੇ? ਮੀਡੀਆ ਇਹ ਨਹੀਂ ਦੱਸ ਰਿਹਾ ਕਿ ਮੁਕੁਲ ਰਾਏ ਦੇ ਭਾਜਪਾ ਛੱਡਣ ਦੀ ਅਫ਼ਵਾਹ ਉਡਾਉਣ ਤੋਂ ਬਾਅਦ ਉਨਾਂ ਨੂੰ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਫੋਨ ਆਇਆ ਸੀ। ਦੋਵਾਂ ਵਿਚ ਕੀ ਗੱਲਬਾਤ ਹੋਈ, ਕਿਸੇ ਨੂੰ ਨਹੀਂ ਪਤਾ। ਮੁਕੁਲ ਰਾਏ ਨੂੰ ਭਾਜਪਾ ਦਾ ਕੌਮੀ ਉਪ ਪ੍ਰਧਾਨ ਬਣਾਇਆ ਗਿਆ ਸੀ, ਜੋ ਇਕ ਵੱਡਾ ਅਤੇ ਸਨਮਾਨਜਨਕ ਅਹੁਦਾ ਹੈ। ਪ੍ਰਧਾਨ ਮੰਤਰੀ ਦੇ ਫੋਨ ਅਤੇ ਕੇਂਦਰੀ ਸੰਗਠਨ ਵਿਚ ਉਪ ਪ੍ਰਧਾਨ ਦਾ ਅਹੁਦਾ ਵੀ ਉਨਾਂ ਨੂੰ ਭਾਜਪਾ ਵਿਚ ਰਹਿਣ ਲਈ ਨਹੀਂ ਰੋਕ ਸਕਿਆ। ਜ਼ਾਹਰ ਹੈ ਕਿ ਇਸ ਤਰਾਂ ਦੀ ਅਟਕਲਬਾਜ਼ੀ ਨਾਲ ਅਸੀਂ ਅਸਲੀਅਤ ਦੇ ਨੇੜੇ ਨਹੀਂ ਪਹੁੰਚ ਸਕਦੇ। ਇਹ ਵਿਅਕਤੀਆਂ ਦਾ ਕਿਸੇ ਅਹੁਦੇ ਦਾ ਮਸਲਾ ਹੁੰਦਿਆਂ ਹੋਇਆਂ ਵੀ ਮੂਲ ਕਾਰਨ ਨਹੀਂ ਹੈ। ਜੇ ਇਹੀ ਮੂਲ ਕਾਰਨ ਹੁੰਦਾ ਤਾਂ ਬੰਗਾਲ ਵਿਚ ਉਹ ਕਿਉਂ ਹੋ ਰਿਹਾ ਹੁੰਦਾ, ਜੋ ਕਿਸੇ ਹੋਰ ਸੂਬੇ ਵਿਚ ਨਹੀਂ ਹੋ ਰਿਹਾ ਹੈ ਅਤੇ ਨਾ ਹੁੰਦਾ ਹੈ।

ਬੰਗਾਲ ਵਿਚ ਹੋ ਇਹ ਰਿਹਾ ਹੈ ਕਿ ਚੋਣਾਂ ਤੋਂ ਬਾਅਦ ਹਰ ਜ਼ਿਲੇ ਵਿਚ ਭਾਜਪਾ ਦੇ ਹੇਠਲੇ ਪੱਧਰ ਦੇ ਕਾਰਕੁੰਨ (ਇਨਾਂ ਵਿਚ ਉਹ ਵੀ ਸ਼ਾਮਿਲ ਹਨ ਜੋ ਪਿਛਲੇ ਚਾਰ-ਪੰਜ ਸਾਲ ਤੋਂ ਪਾਰਟੀ ਵਿਚ ਕੰਮ ਕਰ ਰਹੇ ਹਨ) ਰਿਕਸ਼ੇ 'ਤੇ ਲਾਊਡ ਸਪੀਕਰ ਲਗਾ ਕੇ ਐਲਾਨ ਦੇ ਰੂਪ ਵਿਚ ਮੁਆਫ਼ੀ ਮੰਗ ਰਹੇ ਹਨ। ਇਨਾਂ ਲਾਊਡ ਸਪੀਕਰਾਂ ਵਿਚ ਕਿਹਾ ਜਾਂਦਾ ਹੈ ਕਿ ਉਨਾਂ ਨੇ ਭਾਜਪਾ ਨੂੰ ਸਮਝਣ ਵਿਚ ਗ਼ਲਤੀ ਕੀਤੀ। ਇਸੇ ਕਾਰਨ ਉਹ ਭਾਜਪਾ ਵਿਚ ਚਲੇ ਗਏ ਸਨ, ਹੁਣ ਉਹ ਵਾਪਸ ਤ੍ਰਿਣਮੂਲ ਕਾਂਗਰਸ ਵਿਚ ਆਉਣਾ ਚਾਹੁੰਦੇ ਹਨ। ਇਹ ਇਕ ਅਲੱਗ ਤਰਾਂ ਦਾ ਦ੍ਰਿਸ਼ ਹੈ। ਮੁਕੁਲ ਰਾਏ ਦੇ ਨਾਲ ਜਿੰਨੇ ਵਿਅਕਤੀਆਂ ਨੇ ਤ੍ਰਿਣਮੂਲ ਕਾਂਗਰਸ ਛੱਡੀ ਸੀ, ਉਹ ਸਾਰੇ ਭਾਜਪਾ ਦੀਆਂ ਜ਼ਿਲਾ ਕਮੇਟੀਆਂ ਤੋਂ ਅਸਤੀਫ਼ਾ ਦੇ ਰਹੇ ਹਨ। ਅੱਜ ਜੇਕਰ ਮਮਤਾ ਬੈਨਰਜੀ ਦਰਵਾਜ਼ਾ ਖੋਲ ਦੇਣ, ਭਾਜਪਾ ਵਿਚ ਸਿਰਫ ਮੁੱਠੀ ਭਰ ਲੋਕ ਹੀ ਰਹਿ ਜਾਣਗੇ। ਪਰ ਮਮਤਾ ਨੇ ਤ੍ਰਿਣਮੂਲ ਕਾਂਗਰਸ ਛੱਡ ਕੇ ਭਾਜਪਾ ਵਿਚ ਗਏ ਲੋਕਾਂ ਨੂੰ ਸ਼੍ਰੇਣੀਆਂ ਵਿਚ ਵੰਡਿਆ ਹੈ। ਇਕ ਸ਼੍ਰੇਣੀ ਵਿਚ ਉਹ ਆਉਂਦੇ ਹਨ ਜੋ ਦਲ-ਬਦਲ ਕਰਨ ਦੇ ਬਾਵਜੂਦ ਮੁੱਖ ਮੰਤਰੀ ਅਤੇ ਪਾਰਟੀ ਦੇ ਖਿਲਾਫ਼ ਜ਼ਿਆਦਾ ਹਮਲਾਵਰ ਨਹੀਂ ਹੋਏ। ਆਲੋਚਨਾ ਕੀਤੀ, ਚੋਣਾਂ ਵੀ ਵਿਰੋਧ ਵਿਚ ਲੜੀਆਂ, ਪਰ ਮਰਯਾਦਾ ਨਹੀਂ ਛੱਡੀ। ਦੂਜੀ ਸ਼੍ਰੇਣੀ ਵਿਚ ਉਹ ਆਉਂਦੇ ਹਨ ਜਿਨਾਂ ਨੇ ਸਾਰੀਆਂ ਹੱਦਾਂ ਟੱਪ ਕੇ ਤਿੱਖੀ ਆਲੋਚਨਾ ਕੀਤੀ, ਮਮਤਾ 'ਤੇ ਨਿੱਜੀ ਦੋਸ਼ ਵੀ ਲਗਾਏ, ਅਭਿਸ਼ੇਕ ਬੈਨਰਜੀ 'ਤੇ ਹਮਲਾ ਕੀਤਾ ਅਤੇ ਭਾਜਪਾ ਦੀ ਸ਼ਹਿ 'ਤੇ ਖ਼ੂਬ ਫ਼ਿਰਕਾਪ੍ਰਸਤੀ ਦੀ ਰਾਜਨੀਤੀ ਕੀਤੀ। ਮਮਤਾ ਬੈਨਰਜੀ ਅਜਿਹੇ ਲੋਕਾਂ ਨੂੰ ਪਾਰਟੀ ਵਿਚ ਵਾਪਸ ਨਹੀਂ ਲੈਣਾ ਚਾਹੁੰਦੀ। 2011 ਵਿਚ ਸੱਤਾ ਹਾਸਲ ਕਰਨ ਤੋਂ ਬਾਅਦ ਮਮਤਾ ਬੈਨਰਜੀ ਨੇ ਕਾਂਗਰਸ ਦੇ ਬਚੇ ਹੋਏ ਪ੍ਰਭਾਵ ਨੂੰ ਪੂਰੀ ਤਰਾਂ ਖ਼ਤਮ ਕਰਨ ਅਤੇ ਮਾਰਕਸਵਾਦੀ ਪਾਰਟੀ ਨੂੰ ਬੇਹੱਦ ਕਮਜ਼ੋਰ ਕਰਨ ਦੀ ਲੰਮੀ ਯੋਜਨਾ ਬਣਾਈ ਸੀ। ਇਸ ਦੇ ਤਹਿਤ ਇਨਾਂ ਦੋਵਾਂ ਪਾਰਟੀਆਂ ਤੋਂ ਵੱਡੇ ਪੈਮਾਨੇ 'ਤੇ ਸਥਾਨਕ ਪੱਧਰ ਦੇ ਆਗੂਆਂ ਅਤੇ ਕਾਰਕੁੰਨਾਂ ਨੇ ਪਾਲਾ ਬਦਲ ਲਿਆ। 2016 ਵਿਚ ਜਦੋਂ ਮਮਤਾ ਬੈਨਰਜੀ ਨੇ ਦੂਜੀ ਵਾਰ ਚੋਣਾਂ ਜਿੱਤੀਆਂ ਤਾਂ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਦੇ ਲੋਕਾਂ ਨੂੰ ਯਕੀਨ ਹੋ ਗਿਆ ਕਿ ਤ੍ਰਿਣਮੂਲ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰਨਾ ਸੌਖਾ ਨਹੀਂ ਹੋਵੇਗਾ। ਇਸ ਲਈ ਮਮਤਾ ਬੈਨਰਜੀ ਦੀ ਬਣਾਈ ਹੋਈ ਰਣਨੀਤੀ ਤੇਜ਼ੀ ਨਾਲ ਸਫਲ ਹੋਣ ਲੱਗੀ। 2018 ਵਿਚ ਪੰਚਾਇਤ ਚੋਣਾਂ ਦੌਰਾਨ ਮਮਤਾ ਬੈਨਰਜੀ ਨੇ ਤਾਕਤ ਦੇ ਦਮ 'ਤੇ ਇਕ-ਤਿਹਾਈ ਸੀਟਾਂ ਬਿਨਾਂ ਕਿਸੇ ਮੁਕਾਬਲੇ ਦੇ ਜਿੱਤ ਲਈਆਂ। ਇਸ ਤਰਾਂ ਉਨਾਂ ਨੇ ਭਰੋਸਾ ਕਾਇਮ ਕਰ ਲਿਆ ਕਿ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਕੋਲ ਉਨਾਂ ਖਿਲਾਫ਼ ਸੰਘਰਸ਼ ਕਰਨ ਦੀ ਤਾਕਤ ਨਹੀਂ ਬਚੀ। ਪਰ ਇਸ ਚੱਕਰ ਵਿਚ ਇਕ ਹੋਰ ਘਟਨਾ ਵਾਪਰੀ, ਜਿਸ ਦਾ ਮਮਤਾ ਬੈਨਰਜੀ ਨੂੰ ਅੰਦਾਜ਼ਾ ਵੀ ਨਹੀਂ ਸੀ। ਸੂਬੇ ਦੀ ਰਾਜਨੀਤੀ ਵਿਚ ਇਕ ਨਵਾਂ ਖਿਡਾਰੀ ਆ ਗਿਆ, ਜੋ ਬਹੁਤ ਅਭਿਲਾਸ਼ੀ, ਹਮਲਾਵਰ ਅਤੇ ਸਾਧਨ ਸੰਪੰਨ ਸੀ। ਇਹ ਸੀ ਭਾਜਪਾ। 2016 ਵਿਚ ਉਸ ਨੂੰ ਸਿਰਫ 3 ਸੀਟਾਂ ਅਤੇ 10 ਫ਼ੀਸਦੀ ਵੋਟ ਮਿਲੇ ਸਨ। ਪਰ 2018 ਦੀਆਂ ਪੰਚਾਇਤ ਚੋਣਾਂ ਤੋਂ ਬਾਅਦ ਉਹ ਸਾਰੇ ਕਾਂਗਰਸੀ ਅਤੇ ਮਾਰਕਸਵਾਦੀ ਭਾਜਪਾ ਵਿਚ ਚਲੇ ਗਏ ਜੋ ਤ੍ਰਿਣਮੂਲ ਕਾਂਗਰਸ ਵਿਚ ਨਹੀਂ ਸਨ ਜਾਣਾ ਚਾਹੁੰਦੇ। ਇਸ ਨਾਲ ਭਾਜਪਾ ਨੂੰ ਜ਼ਬਰਦਸਤ ਉਭਾਰ ਮਿਲਿਆ ਅਤੇ ਸਾਲ ਭਰ ਦੇ ਅੰਦਰ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਹ 40 ਫ਼ੀਸਦੀ ਵੋਟਾਂ, 18 ਲੋਕ ਸਭਾ ਸੀਟਾਂ ਅਤੇ ਤਕਰੀਬਨ ਸਵਾ ਸੌ ਵਿਧਾਨ ਸਭਾ ਸੀਟਾਂ ਵਿਚ ਬੜਤ ਬਣਾਉਣ ਵਾਲੀ ਪਾਰਟੀ ਬਣ ਗਈ। ਹੁਣ ਮਮਤਾ ਬੈਨਰਜੀ ਚਾਹੁੰਦੀ ਹੈ ਕਿ ਉਹ ਭਾਜਪਾ ਨੂੰ ਵੀ ਉਸੇ ਘਾਟ 'ਤੇ ਉਤਾਰ ਦੇਵੇ, ਜਿਸ 'ਤੇ ਉਨਾਂ ਨੇ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਨੂੰ ਉਤਾਰਿਆ ਸੀ।

ਇਕ ਤਰਾਂ ਨਾਲ ਦੇਖਿਆ ਜਾਵੇ ਤਾਂ ਮਮਤਾ ਬੈਨਰਜੀ ਦੇ ਵਿਰੁੱਧ ਭਾਜਪਾ ਦੀ ਰਣਨੀਤੀ ਵੀ ਇਹੀ ਸੀ। ਕਾਂਗਰਸ ਅਤੇ ਮਾਰਕਸਵਾਦੀ ਪਾਰਟੀਆਂ ਦੀਆਂ ਸ਼ਕਤੀਆਂ ਆਪਣੀ ਵੱਲ ਖਿੱਚ ਲੈਣ ਤੋਂ ਬਾਅਦ ਉਸ ਨੇ ਪ੍ਰਚਾਰ ਦੇ ਦਮ 'ਤੇ ਹਵਾ ਬਣਾਈ ਅਤੇ ਤ੍ਰਿਣਮੂਲ ਕਾਂਗਰਸ ਦੇ ਬਹੁਤ ਸਾਰੇ ਕਾਰਕੁੰਨਾਂ ਨੂੰ ਯਕੀਨ ਦਿਵਾਇਆ ਕਿ ਉਹ ਮਮਤਾ ਦਾ ਤਖ਼ਤਾ ਪਲਟ ਸਕਦੀ ਹੈ। ਲੋਕ ਸਭਾ ਚੋਣਾਂ ਦੌਰਾਨ ਤਸਵੀਰ ਇਹ ਸਾਹਮਣੇ ਆਈ ਕਿ ਭਾਜਪਾ ਦਫ਼ਤਰ ਦੇ ਸਾਹਮਣੇ ਮੈਂਬਰਸ਼ਿਪ ਲੈਣ ਵਾਲਿਆਂ ਦੀਆਂ ਲਾਈਨਾਂ ਲੱਗ ਗਈਆਂ। ਇਹ ਲੋਕ ਕਾਂਗਰਸ ਅਤੇ ਮਾਰਕਸਵਾਦੀ ਪਾਰਟੀ ਦੇ ਸਨ। ਪਰ ਇਹ ਤਸਵੀਰਾਂ ਤ੍ਰਿਣਮੂਲ ਕਾਂਗਰਸ ਦੇ ਕਾਰਕੁੰਨਾਂ ਨੇ ਵੀ ਦੇਖੀਆਂ। ਸਿੱਟੇ ਵਜੋਂ ਮਮਤਾ ਬੈਨਰਜੀ ਦੀ ਪਾਰਟੀ ਦੇ ਲੋਕ ਵੀ ਭਾਜਪਾ ਵਿਚ ਜਾਣ ਲੱਗੇ। ਵੱਡੇ ਪੈਮਾਨੇ 'ਤੇ ਦਲ-ਬਦਲ ਹੋਇਆ। ਪਰ ਮਮਤਾ ਨੇ ਚੋਣਾਂ ਜਿੱਤ ਕੇ ਇਸ ਸਥਿਤੀ ਨੂੰ ਪਲਟ ਦਿੱਤਾ ਹੈ। ਜੋ ਭਾਜਪਾ ਉਨਾਂ ਨਾਲ ਕਰ ਰਹੀ ਸੀ, ਉਹੀ ਮਮਤਾ ਹੁਣ ਭਾਜਪਾ ਦੇ ਨਾਲ ਕਰ ਰਹੀ ਹੈ। ਭਾਜਪਾ ਕੋਲ ਅੱਜ ਵੀ ਪੱਛਮੀ ਬੰਗਾਲ ਵਿਚ ਕੋਈ ਸੂਬਾਈ ਪੱਧਰ ਦਾ ਆਗੂ ਨਹੀਂ ਹੈ। ਦਿਲੀਪ ਘੋਸ਼ ਦੀ ਸਥਿਤੀ ਇਹ ਹੈ ਕਿ ਸੰਸਦ ਮੈਂਬਰ ਬਣਨ ਤੋਂ ਬਾਅਦ ਉਹ ਆਪਣੀ ਵਿਧਾਨ ਸਭਾ ਸੀਟ ਵੀ ਭਾਜਪਾ ਨੂੰ ਨਹੀਂ ਸਨ ਜਿਤਾ ਸਕੇ। ਉਂਜ ਵੀ ਉਹ ਸੰਘ ਦੇ ਪ੍ਰਚਾਰਕ ਰਹੇ ਹਨ ਅਤੇ ਨੇਤਾ ਨਹੀਂ ਹਨ। ਮਿਥੁਨ ਚੱਕਰਵਰਤੀ ਹਾਰੇ ਹੋਏ ਸਾਬਤ ਹੋਏ। ਉਨਾਂ ਦਾ ਡਾਇਲਾਗ ਕਿ 'ਮੈਂ ਕੋਬਰਾ ਹੂੰ' ਮਜ਼ਾਕ ਹੀ ਬਣ ਗਿਆ। ਸੌਰਵ ਗਾਂਗੁਲੀ ਨੇ ਦਿਮਾਗ ਨਾਲ ਕੰਮ ਲਿਆ ਅਤੇ ਭਾਜਪਾ ਵਿਚ ਜਾਣ ਤੋਂ ਪਾਸਾ ਵੱਟ ਲਿਆ। ਕੈਲਾਸ਼ ਵਿਜੈਵਰਗੀ ਅਤੇ ਦਿਲੀਪ ਘੋਸ਼ ਜੇਕਰ ਇਹ ਚਾਹੁੰਦੇ ਹਨ ਕਿ ਰਾਜਪਾਲ ਦੀ ਮਦਦ ਨਾਲ ਵਿਰੋਧੀ ਧਿਰ ਦੀ ਰਾਜਨੀਤੀ ਕਰਕੇ ਉਹ ਆਪਣੀ ਪਾਰਟੀ ਦੇ ਨੇਤਾਵਾਂ ਅਤੇ ਕਾਰਕੁੰਨਾਂ ਨੂੰ ਤ੍ਰਿਣਮੂਲ ਕਾਂਗਰਸ ਵਿਚ ਜਾਣ ਤੋਂ ਰੋਕ ਸਕਦੇ ਹਨ, ਤਾਂ ਉਹ ਗ਼ਲਤਫਹਿਮੀ ਵਿਚ ਹਨ। ਇਸੇ ਤਰਾਂ ਵਿਜੈਵਰਗੀ ਦਾ ਇਹ ਵਿਚਾਰ ਕਿ ਸੂਬੇ ਵਿਚ ਛੇਤੀ ਹੀ ਰਾਸ਼ਟਰਪਤੀ ਸ਼ਾਸਨ ਲੱਗਣ ਵਾਲਾ ਹੈ, ਉਨਾਂ ਦੇ ਕਾਰਕੁੰਨਾਂ ਨੂੰ ਭਰੋਸਾ ਨਹੀਂ ਦੇ ਸਕਦਾ। ਭਾਜਪਾ ਨੂੰ ਇਕ ਭਰੋਸੇਯੋਗ ਅਤੇ ਆਕਰਸ਼ਕ ਬੰਗਾਲੀ ਚਿਹਰਾ ਚਾਹੀਦਾ ਹੈ, ਜਿਸ ਨੂੰ ਮਮਤਾ ਬੈਨਰਜੀ ਦੀ ਸ਼ਕਤੀਸ਼ਾਲੀ ਸ਼ਖ਼ਸੀਅਤ ਵਿਰੁੱਧ ਖੜਾ ਕੀਤਾ ਜਾ ਸਕੇ। ਜਦੋਂ ਤੱਕ ਉਹ ਅਜਿਹਾ ਨਹੀਂ ਕਰੇਗੀ, ਉਸ ਦੀਆਂ ਰਾਜਨੀਤਕ ਯੋਜਨਾਵਾਂ ਸਿਰੇ ਨਹੀਂ ਚੜਨਗੀਆਂ।


ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ



# ਇਤਿਹਾਸ ਕਿਉਂ ਖ਼ਤਮ ਕਰਨਾ ਚਾਹੁੰਦੇ ਹਨ ਭਗਵੇਂ ਨਸਲਵਾਦੀ

## ਇਤਿਹਾਸ ਦੇ ਸਬੂਤਾਂ ਦੀ ਰਾਖੀ ਕਰਨ ਦੀ ਲੋੜ

**ਅਮਨਦੀਪ ਸਿੰਘ ਸੇਖੋਂ**

ਪਹਿਲਾਂ ਇਤਿਹਾਸਕਾਰ ਇਹ ਸ਼ਿਕਾਇਤ ਕਰਦੇ ਹੁੰਦੇ ਸਨ ਕਿ ਭਾਜਪਾ ਸਰਕਾਰਾਂ ਇਤਿਹਾਸ ਬਦਲਣ ਦੀ ਕੋਸ਼ਿਸ਼ ਕਰਦੀਆਂ ਹਨ। ਅਜਿਹੇ ਯਤਨ ਵਾਰ ਵਾਰ ਕਰਨ ਉੱਤੇ ਵੀ ਉਹ ਸਫਲ ਨਹੀਂ ਹੋਏ ਕਿਉਂਕਿ ਇਤਿਹਾਸ ਮਨੋਂ ਘੜ ਕੇ ਲਿਖਿਆ ਨਹੀਂ ਜਾ ਸਕਦਾ। ਉਹ ਤੁਹਾਡੇ ਹਰ ਦਾਅਵੇ ਦਾ ਸਬੂਤ ਮੰਗਦਾ ਹੈ।

ਉਂਜ, ਸਦੀਆਂ ਪੁਰਾਣੇ ਇਤਿਹਾਸ ਨਾਲ ਤਾਂ ਇਹ ਛੇੜ-ਛਾੜ ਕਰ ਸਕਦੇ ਨੇ। ਮੱਧ ਕਾਲ ਨੂੰ ਕਾਲੇ ਰੰਗ ਵਿਚ ਰੰਗ ਸਕਦੇ ਨੇ, ਆਧੁਨਿਕ ਕਾਲ ਦਾ ਕੀ ਕਰਨਗੇ ? ਅੰਗਰੇਜ਼ੀ ਸਾਮਰਾਜ ਨਾਲ ਲੜਦੇ ਲੜਦੇ ਭਗਤ ਸਿੰਘ ਵਰਗੇ ਸੂਰਮੇ ਫਾਂਸੀ ਚੜ ਗਏ ਅਤੇ ਭਾਜਪਾ ਦੇ ਪ੍ਰੇਰਨਾ ਸਰੋਤ 'ਵੀਰ' ਸਰਵਰਕਰ ਮੁਆਫ਼ੀਆਂ ਮੰਗ ਕੇ ਜੇਲਾਂ ਵਿਚੋਂ ਰਿਹਾਅ ਹੋਏ। ਭਾਜਪਾ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੇ ਮਨਘੜਤ ਇਤਿਹਾਸ ਵਾਰ ਵਾਰ ਲੋਕਾਂ ਸਿਰ ਧੂੜਨ ਦੀ ਕੋਸ਼ਿਸ਼ ਕੀਤੀ। ਅੰਨੇ ਭਗਤ ਕਈ ਵਾਰ ਉਸ ਤਿਲਿਸਮ ਦਾ ਸ਼ਿਕਾਰ ਹੋ ਕੇ 'ਵੱਟਸਐਪ ਯੂਨੀਵਰਸਿਟੀ' ਦੇ ਪ੍ਰੋਫ਼ੈਸਰ ਬਣ ਬੈਠੇ ਪਰ ਹਰ ਵਾਰ ਕੋਈ ਨਾ ਕੋਈ ਸਬੂਤ ਉਨਾਂ ਦੇ ਇਤਿਹਾਸ ਦੇ ਪੈਰਾਂ ਹੇਠੋਂ ਜ਼ਮੀਨ ਖਿੱਚਦਾ ਰਿਹਾ। ਇਤਿਹਾਸ ਦੇ ਬੱਜਰ ਤੱਥ ਚਪੇੜ ਵਾਂਗ ਉਨਾਂ ਦੇ ਮੂੰਹ ਉੱਤੇ ਪੈ ਕੇ ਉਨਾਂ ਨੂੰ ਹੋਸ਼ ਵਿਚ ਲੈ ਆਉਂਦੇ ਰਹੇ। ਦਰਿਆ ਕਿੰਨੇ ਵੀ ਉੱਚੇ ਚੜ ਆਉਣ, ਪਹਾੜਾਂ ਨੂੰ ਡੋਬ ਨਹੀਂ ਸਕਦੇ। ਇਤਿਹਾਸਕ ਤੱਥ ਵੀ ਅਜਿਹੇ ਹੀ ਪਹਾੜ ਨੇ ਜੋ ਝੂਠ ਦੇ ਹੜ ਵਿਚ ਰੁੜ ਨਹੀਂ ਸਕਦੇ। ਹਾਂ, ਡੁੱਬ ਸਕਦੇ ਨੇ ਕੁਝ ਦੇਰ ਲਈ। ਸਮਾਂ ਆਉਣ ਤੇ ਝੂਠ ਦਾ ਪੱਧਰ ਘਟਦਾ ਹੈ ਅਤੇ ਇਤਿਹਾਸਕ ਸੱਚ ਉਜਾਗਰ ਹੋ ਜਾਂਦੇ ਨੇ। ਇਸ ਵਾਰ ਦੀ ਭਾਜਪਾ ਸਰਕਾਰ ਇਤਿਹਾਸ ਨੂੰ ਬਦਲਣ ਦੀ ਨਹੀਂ, ਤਬਾਹ ਕਰਨ ਦੀ ਨੀਤ ਨਾਲ ਕੰਮ ਕਰ ਰਹੀ ਹੈ। ਅਜ਼ਾਦੀ ਦੀ ਲੜਾਈ ਬਾਰੇ ਇਤਿਹਾਸਕ ਸੋਮੇ ਜਿਸ ਇਮਾਰਤ ਵਿਚ ਪਏ ਹਨ, ਉਸ ਦਾ ਇੱਕ ਹਿੱਸਾ 'ਸੈਂਟਰਲ ਵਿਸਟਾ ਪ੍ਰਾਜੈਕਟ' ਤਹਿਤ ਤੋੜਨ ਦੀ ਤਿਆਰੀ ਚੱਲ ਰਹੀ ਹੈ। ਇਹ ਇਮਾਰਤ ਹੈ ਰਾਸ਼ਟਰੀ ਅਭਿਲੇਖਾਗਾਰ (ਨੈਸ਼ਨਲ ਆਰਕਾਈਵਜ਼)। ਆਰਕਾਈਵਜ਼ ਅਜਿਹਾ ਭੰਡਾਰ ਹੈ ਜੋ ਅੰਗਰੇਜ਼ਾਂ ਨੇ ਕਾਇਮ ਕੀਤਾ ਸੀ। ਇਸ ਵਿਚ ਅੰਗਰੇਜ਼ੀ ਰਾਜ ਦੇ ਹਰ ਮੰਤਰਾਲੇ ਅਤੇ ਮਹਿਕਮੇ ਦੀ ਹਰ ਫਾਈਲ ਸੰਭਾਲੀ ਜਾਂਦੀ ਸੀ। ਇਸ ਵਿਚ ਗ੍ਰਹਿ ਵਿਭਾਗ, ਵਿਦੇਸ਼ ਵਿਭਾਗ, ਵਿੱਤ ਵਿਭਾਗ, ਜੰਗਲਾਤ ਵਿਭਾਗ, ਨਿਆਂ ਵਿਭਾਗ, ਸਿੱਖਿਆ ਵਿਭਾਗ; ਗੱਲ ਕੀ, ਹਰ ਵਿਭਾਗ ਨਾਲ ਸਬੰਧਿਤ ਸਰਕਾਰੀ ਹੁਕਮ ਅਤੇ ਇਨਾਂ ਹੁਕਮਾਂ ਬਾਰੇ ਅਫਸਰਾਂ ਵਿਚ ਹੋਈਆਂ ਬਹਿਸਾਂ ਸਾਂਭੀਆਂ ਪਈਆਂ ਹਨ। ਇਨਾਂ ਫਾਈਲਾਂ ਨੂੰ ਪੜ ਕੇ ਪਤਾ ਲੱਗਦਾ ਹੈ ਕਿ ਭਗਤ ਸਿੰਘ ਦੇ ਮੁੱਕਦਮੇ ਵਿਚ ਅੰਗਰੇਜ਼ਾਂ ਨੇ ਕਿਹੜੇ ਕਾਨੂੰਨੀ ਦਾਅਪੇਚ ਵਰਤੇ। ਕਿਸ ਅਫਸਰ ਤੇ ਕਿਸ ਜੱਜ ਨੇ 'ਹਾਅ ਦਾ ਨਾਅਰਾ' ਮਾਰਿਆ ਅਤੇ ਕਿਸ ਨੇ ਕੀ ਨਵੀਂ ਘੁਣਤਰ ਕੀਤੀ। ਇਹ ਗੱਲ ਤਾਂ ਇੱਕ ਵਿਸ਼ੇ ਦੀ ਹੈ ਜਿਸ ਦੀ ਖੋਜ ਕਰਨ ਲਈ ਇਸ ਲੇਖ ਦਾ ਲੇਖਕ ਉੱਥੇ ਜਾਂਦਾ ਰਿਹਾ ਹੈ। ਹੋਰ ਵੀ ਕਈ ਫਾਈਲਾਂ ਵਿਚ ਅਜਿਹਾ ਬੜਾ ਕੁਝ ਪਿਆ ਹੈ ਜੋ ਪਹਿਲਾਂ ਬਣੀਆਂ ਧਾਰਨਾਵਾਂ ਨੂੰ ਤੋੜਦਾ ਹੈ ਅਤੇ ਅੰਗਰੇਜ਼ਾਂ ਤੇ ਭਾਰਤੀ ਨੇਤਾਵਾਂ ਦੇ ਰਾਜ਼ ਸਾਡੇ ਸਾਹਮਣੇ ਖੋਲ ਦਿੰਦਾ ਹੈ।

ਇਸ ਇਮਾਰਤ ਦਾ ਉਹ ਹਿੱਸਾ ਜਿੱਥੇ ਬੈਠ ਕੇ ਖੋਜਾਰਥੀ ਇਹ ਦਸਤਾਵੇਜ਼ ਪੜਦੇ ਹਨ, ਸੁਰੱਖਿਅਤ ਰਹੇਗਾ ਪਰ ਉਹ ਹਿੱਸਾ ਜਿੱਥੇ ਇਹ ਦਸਤਾਵੇਜ਼ ਰੱਖੇ ਗਏ ਹਨ, ਢਾਹਿਆ ਜਾਵੇਗਾ। ਨਤੀਜੇ ਵਜੋਂ ਇਨਾਂ ਦਸਤਾਵੇਜ਼ਾਂ ਨੂੰ ਕਿਸੇ ਹੋਰ ਥਾਂ ਲਿਜਾਇਆ ਜਾਵੇਗਾ। ਇਸ ਰੱਦੋ-ਬਦਲ ਦੌਰਾਨ ਕਿੰਨੀਆਂ ਫਾਈਲਾਂ ਖਰਾਬ ਹੋਣਗੀਆਂ ਤੇ ਗਵਾਚਣਗੀਆਂ ਅਤੇ ਅਜਿਹਾ ਜਾਣ-ਬੁੱਝ ਕੇ ਹੋਵੇਗਾ ਜਾਂ ਅਣਜਾਣੇ ਵਿਚ, ਇਹ ਕੋਈ ਨਹੀਂ ਦੱਸ ਸਕਦਾ। ਅੱਜ ਵੀ ਜਦੋਂ ਕੋਈ ਖੋਜਾਰਥੀ ਸੂਚੀ (ਕੈਟਾਲਾਗ) ਵਿਚੋਂ ਨੋਟ ਕਰ ਕੇ ਕਿਸੇ ਫਾਈਲ ਦੀ ਮੰਗ ਕਰਦਾ ਹੈ ਤਾਂ ਕਈ ਵਾਰ ਦੱਸਿਆ ਜਾਂਦਾ ਹੈ ਕਿ ਇਹ ਫਾਈਲ ਮੌਜੂਦ ਨਹੀਂ ਹੈ। ਪੁੱਛਣ ਤੇ ਪਤਾ ਲੱਗਦਾ ਹੈ ਕਿ ਕਈ ਫਾਈਲਾਂ 1948 ਵੇਲੇ ਖਰਾਬ ਹੋ ਗਈਆਂ ਸਨ ਜਦੋਂ ਆਰਕਾਈਵਜ਼ ਨੂੰ ਕਲਕੱਤੇ ਤੋਂ ਦਿੱਲੀ ਤਬਦੀਲ ਕੀਤਾ ਗਿਆ ਸੀ। ਗਾਇਬ ਹੋਈਆਂ ਇਨਾਂ ਫਾਈਲਾਂ ਵਿਚ ਹੋਰ ਕਿਹੜੀਆਂ ਫਾਈਲਾਂ ਜੁੜ ਜਾਣ ਅਤੇ ਇਤਿਹਾਸ ਦੇ ਕਿਹੜੇ ਤੱਥ ਸਾਡੇ ਕੋਲੋਂ ਹਮੇਸ਼ਾ ਲਈ ਗਵਾਚ ਜਾਣ, ਇਹ ਕੋਈ ਨਹੀਂ ਦੱਸ ਸਕਦਾ। ਨੈਸ਼ਨਲ ਆਰਕਾਈਵਜ਼ 'ਚ ਅੰਗਰੇਜ਼ੀ ਰਾਜ ਦੇ ਸਮੇਂ ਦੀਆਂ 45 ਲੱਖ ਫਾਈਲਾਂ ਹਨ, 25000 ਪੁਰਾਣੇ ਗ੍ਰੰਥ ਹਨ, ਇੱਕ ਲੱਖ ਨਕਸ਼ੇ ਅਤੇ ਡੇਢ ਲੱਖ ਮੁਗ਼ਲ ਕਾਲ ਦੇ ਦਸਤਾਵੇਜ਼ ਹਨ। ਇਸ ਖਜ਼ਾਨੇ ਨੂੰ ਇੱਕ ਤੋਂ ਦੂਜੀ ਥਾਂ ਲਿਜਾਣ ਲਈ ਕਿਸ ਤਰਾਂ ਦੇ ਪ੍ਰਬੰਧ ਕੀਤੇ ਜਾਣਗੇ, ਕਿਸ ਤਰਾਂ ਇਨਾਂ ਨੂੰ ਦੁਬਾਰਾ ਤਰਤੀਬ 'ਚ ਲਾਇਆ ਜਾਵੇਗਾ, ਕਦੋਂ ਇਤਿਹਾਸ ਦਾ ਇਹ ਮੰਦਰ ਦੁਬਾਰਾ ਖੋਜਾਰਥੀਆਂ ਦੀ ਵਰਤੋਂ ਦੇ ਯੋਗ ਹੋ ਸਕੇਗਾ, ਇਸ ਬਾਰੇ ਇਤਿਹਾਸਕਾਰਾਂ, ਇਤਿਹਾਸ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਗਹਿਰੀ ਚਿੰਤਾ ਹੈ। ਜਿਹੜੇ ਖੋਜਾਰਥੀ ਕਿਸੇ ਵਿਸ਼ੇ ਉੱਤੇ ਖੋਜ ਕਰ ਰਹੇ ਹਨ, ਉਨਾਂ ਨੂੰ ਸ਼ਾਇਦ ਆਪਣੇ ਕੰਮ ਵਿਚੇ ਰੋਕਣੇ ਪੈਣਗੇ ਅਤੇ ਜਦੋਂ ਦੋ-ਤਿੰਨ ਸਾਲਾਂ ਬਾਅਦ ਆਰਕਾਈਵਜ਼ ਦੁਬਾਰਾ ਖੁੱਲੇਗਾ, ਉਸ ਵੇਲੇ ਤੱਕ ਉਨਾਂ ਦੇ ਕੰਮ ਦੀਆਂ ਫਾਈਲਾਂ ਬਚੀਆਂ ਹੋਣਗੀਆਂ ਜਾਂ ਨਹੀਂ, ਇਹ ਫਿਕਰ ਖੋਜਾਰਥੀਆਂ ਅਤੇ ਇਤਿਹਾਸਕਾਰਾਂ ਨੂੰ ਸਤਾ ਰਿਹਾ ਹੈ। ਇਸ ਲਈ 70 ਇਤਿਹਾਸਕਾਰਾਂ ਨੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਨੈਸ਼ਨਲ ਆਰਕਾਈਵਜ਼ ਨੂੰ ਬਖਸ਼ਣ ਦੀ ਅਪੀਲ ਕੀਤੀ ਹੈ।

**ਭੱਖਦਾ ਮੱਸਲਾ**




ਇਤਿਹਾਸ ਦੇ ਨਾਲ ਹੀ ਮੁਲਕ ਦੇ ਵਿਰਸੇ ਅਤੇ ਕਲਾ ਲਈ ਵੀ ਖ਼ਤਰਾ ਖੜਾ ਹੋ ਗਿਆ ਹੈ ਕਿਉਂਕਿ ਦੋ ਹੋਰ ਇਮਾਰਤਾਂ 'ਨੈਸ਼ਨਲ ਮਿਊਜ਼ੀਅਮ' ਅਤੇ 'ਇੰਦਰਾ ਗਾਂਧੀ ਸੈਂਟਰ ਫਾਰ ਆਰਟਸ' ਵੀ ਕੇਂਦਰੀ ਵਿਸਟਾ ਤਹਿਤ ਤੋੜ ਦਿੱਤੀਆਂ ਜਾਣਗੀਆਂ। ਇਨਾਂ ਇਮਾਰਤਾਂ ਵਿਚ ਪਈਆਂ ਹਜ਼ਾਰਾਂ ਬੇਸ਼ਕੀਮਤੀ ਮੂਰਤੀਆਂ ਨੂੰ ਇੱਕ ਤੋਂ ਦੂਜੀ ਥਾਂ ਬਦਲਿਆ ਜਾਵੇਗਾ। ਇਨਾਂ ਵਿਚ ਕੋਈ ਵੱਡੇ ਆਕਾਰ ਦੀ ਮੂਰਤੀ ਹੈ ਤਾਂ ਕੋਈ ਹੜੱਪਾ ਤੋਂ ਮਿਲਿਆ ਵੰਗ ਦਾ ਟੁਕੜਾ, ਜਾਂ ਫਿਰ ਘੜੇ ਦਾ ਟੁਕੜਾ ਹੈ। ਹਮੇਸ਼ਾ ਲਈ ਗਵਾਚ ਜਾਣ ਦਾ ਖਤਰਾ ਇੱਥੇ ਵੀ ਹੈ। ਕਲਾ ਦੇ ਵੀ ਕਈ ਬਹੁਮੁੱਲੇ ਨਮੂਨੇ ਇਸ ਰੱਦੋ-ਬਦਲ ਦੌਰਾਨ ਖਰਾਬ ਹੋਣ ਦਾ ਖ਼ਦਸ਼ਾ ਹੈ।

ਅਸਲ ਵਿਚ ਪ੍ਰਧਾਨ ਮੰਤਰੀ ਮੋਦੀ ਨੂੰ ਇਤਿਹਾਸ ਉੱਤੇ ਆਪਣੀ ਛਾਪ ਛੱਡ ਕੇ ਜਾਣ ਦੀ ਲਲਕ ਹੈ। ਮੁਲਕ ਦੀ ਅਜ਼ਾਦੀ ਦੀ ਲੜਾਈ ਦੀ ਥਾਂ ਕਿਸੇ ਅਜਿਹੀ ਲੜਾਈ ਨਾਲ ਰਾਸ਼ਟਰ ਨੂੰ ਇੱਕ-ਮਿੱਕ ਕਰਨ ਦੀ ਇੱਛਾ ਹੈ ਜਿਸ ਵਿਚ ਕੱਟੜਵਾਦੀ ਵਿਚਾਰਧਾਰਾ ਦੀ ਕੋਈ ਹਾਂ-ਪੱਖੀ ਭੂਮਿਕਾ ਰਹੀ ਹੋਵੇ। ਯਾਦ ਕਰੋ, ਕਿਵੇਂ ਰਾਮ ਮੰਦਿਰ ਦਾ ਨੀਂਹ ਪੱਥਰ ਰੱਖਣ ਵੇਲੇ ਪ੍ਰਧਾਨ ਮੰਤਰੀ ਨੇ ਇਹ ਆਖਿਆ ਸੀ ਕਿ ਇਹ ਦਿਨ ਮੁਲਕ ਦੀ ਆਜ਼ਾਦੀ ਦੇ ਦਿਨ ਵਾਂਗ ਹੀ ਮਹੱਤਵਪੂਰਨ ਹੈ। ਅੰਗਰੇਜ਼ੀ ਸਾਮਰਾਜ ਨਾਲ ਲੜਾਈ ਵਿਚ ਤਾਂ ਆਰਐੱਸਐੱਸ ਅਤੇ ਹਿੰਦੂ ਮਹਾਂਸਭਾ ਦੀ ਕੋਈ ਭੂਮਿਕਾ ਹੀ ਨਹੀਂ ਸੀ। ਇਸ ਲਈ ਇਨਾਂ ਦੀ ਇੱਛਾ ਇਹ ਹੈ ਕਿ ਤੁਰਕ ਅਤੇ ਮੁਗ਼ਲ ਰਾਜਿਆਂ ਨਾਲ ਲੜਾਈ ਦਾ ਕੋਈ ਕਾਲਪਨਿਕ ਇਤਿਹਾਸ ਸਿਰਜਿਆ ਜਾਵੇ। ਮੁਸਲਿਮ ਰਾਜਿਆਂ ਵਿਰੁੱਧ ਲੜਾਈ ਨੂੰ ਅੰਗਰੇਜ਼ਾਂ ਨਾਲ ਲੜਾਈ ਤੋਂ ਵੱਡਾ ਸਾਬਿਤ ਕੀਤਾ ਜਾਵੇ। ਆਜ਼ਾਦੀ ਦੀ ਲੜਾਈ ਦੌਰਾਨ ਆਰਐੱਸਐੱਸ ਅਤੇ ਹਿੰਦੂ ਮਹਾਂਸਭਾ ਦੀ ਨਾਂਹ-ਪੱਖੀ ਭੂਮਿਕਾ ਦੇ ਸਬੂਤਾਂ ਨੂੰ ਮਿਟਾਉਣ ਦੀ ਕੋਸ਼ਿਸ਼ ਪਹਿਲਾਂ ਵੀ ਕੀਤੀ ਗਈ ਹੈ।

ਅਜ਼ਾਦੀ ਦੀ ਲੜਾਈ ਸਾਮਰਾਜੀ ਤਾਕਤਾਂ ਦੀ ਲੁੱਟ ਖਿਲਾਫ ਸੀ ਜਿਸ 'ਚ ਹਰ ਵਰਗ, ਜਾਤੀ ਅਤੇ ਧਰਮ ਦੀ ਹਿੱਸੇਦਾਰੀ ਨੇ ਮੁਲਕ ਨੂੰ ਏਕਤਾ ਦੇ ਸੂਤਰ ਵਿਚ ਪਰੋ ਦਿੱਤਾ ਸੀ ਪਰ ਇਸ ਦੇ ਨਾਲ ਹੀ ਆਪਣੇ ਧਰਮ ਅਤੇ ਜਾਤੀ ਲਈ ਅੰਗਰੇਜ਼ਾਂ ਤੋਂ ਰਿਆਇਤਾਂ ਲੈਣ ਦੀ ਸਿਆਸਤ ਵੀ ਚੱਲ ਰਹੀ ਸੀ ਜੋ ਅੰਗਰੇਜ਼ਾਂ ਨਾਲ ਸਹਿਯੋਗ ਕਰ ਕੇ ਚੱਲਣ ਵਿਚ ਯਕੀਨ ਰੱਖਦੀ ਸੀ। ਮੁਸਲਿਮ ਲੀਗ, ਹਿੰਦੂ ਮਹਾਂਸਭਾ (ਵੀਡੀ ਸਾਵਰਕਰ ਦੀ ਪਾਰਟੀ) ਅਤੇ ਆਰਐੱਸਐੱਸ ਇਸ ਧਾਰਾ ਨਾਲ ਸਬੰਧ ਰੱਖਦੀਆਂ ਸਨ। ਇਸ ਧਾਰਾ ਦੀ ਸਿਆਸਤ ਨੇ ਹੀ ਆਖਿਰ 1947 ਵਿਚ ਮੁਲਕ ਦੀ ਵੰਡ ਕਰਵਾਈ ਜਿਸ ਦਾ ਸੰਤਾਪ ਪੰਜਾਬ ਅਤੇ ਬੰਗਾਲ ਨੇ ਭੋਗਿਆ। ਹੁਣ ਇਸ ਵੰਡ ਦਾ ਠੀਕਰਾ ਕਾਂਗਰਸ ਸਿਰ ਭੰਨ ਕੇ ਭਾਜਪਾ ਅਖੰਡ ਭਾਰਤ ਵਰਗੇ ਨਾਅਰਿਆਂ ਨਾਲ ਜਨਤਾ ਨੂੰ ਭਰਮਾਂ ਵਿਚ ਪਾਉਣ ਦੀ ਕੋਸ਼ਿਸ਼ ਵਿਚ ਹੈ ਪਰ ਆਰਐੱਸਐੱਸ ਅਤੇ ਹਿੰਦੂ ਮਹਾਂਸਭਾ ਦੀ ਭੂਮਿਕਾ ਬਾਰੇ ਇਤਿਹਾਸਕ ਤੱਥ ਅਤੇ ਅੰਗਰੇਜ਼ੀ ਦਸਤਾਵੇਜ਼ਾਂ ਵਿਚ ਪਏ ਸਬੂਤ ਹਮੇਸ਼ਾ ਇਨਾਂ ਕੋਸ਼ਿਸ਼ਾਂ ਦਾ ਹੀਜ ਪਿਆਜ ਖੋਲ ਕੇ ਰੱਖ ਦਿੰਦੇ ਹਨ। ਭਾਰਤ ਨੂੰ ਜੇ ਅੱਜ ਵੀ ਅਖੰਡ ਰੱਖਣਾ ਹੈ ਤਾਂ ਸਾਮਰਾਜਵਾਦ ਵਿਰੋਧੀ ਸਾਂਝੀ ਲੜਾਈ ਦੇ ਵਿਰਸੇ ਨੂੰ ਬਚਾਉਣਾ ਪਵੇਗਾ। ਸਾਂਝੇ ਦੁਸ਼ਮਣ ਖਿਲਾਫ ਲੜੀ ਸਾਂਝੀ ਲੜਾਈ ਨੇ ਜੋ ਏਕਤਾ ਕਾਇਮ ਕੀਤੀ ਸੀ, ਉਸ ਦੀ ਯਾਦ ਹੀ ਪੁਰਾਣੀ ਦੁਸ਼ਮਣੀ ਨੂੰ ਖਤਮ ਕਰ ਸਕਦੀ ਹੈ। ਜੇ ਮੁਲਕ ਨੂੰ ਬਚਾਉਣਾ ਹੈ ਤਾਂ ਉਸ ਇਤਿਹਾਸ ਅਤੇ ਉਸ ਇਤਿਹਾਸ ਦੇ ਸਬੂਤਾਂ ਦੀ ਰਾਖੀ ਕਰਨੀ ਪਵੇਗੀ।

---

# ਭਾਰਤ ਦੇ ਸਭ ਲੋਕ ਹਿੰਦੂ

## ਮੋਹਨ ਭਾਗਵਤ ਦਾ ਸੱਚ ਤੇ ਸਿੱਖ ਭਾਈਚਾਰਾ



**- ਗੁਰਬਚਨ ਸਿੰਘ ਦੇਸ ਪੰਜਾਬ**
**9815698451**

ਜਦੋਂ ਆਰ ਐਸ ਐਸ ਮੁਖੀ ਮੋਹਨ ਭਾਗਵਤ ਕਹਿੰਦਾ ਹੈ ਕਿ ਇਸ ਖਿਤੇ ਵਿਚ ਰਹਿਣ ਵਾਲੇ ਸਾਰੇ ਲੋਕ 'ਹਿੰਦੂ' ਹਨ ਤਾਂ ਆਪਣੇ ਆਪ ਨੂੰ ਨਿਵੇਕਲਾ ਧਰਮ ਸਮਝਣ ਵਾਲੇ ਸਿੱਖ ਵਿਦਵਾਨਾਂ ਨੂੰ ਇਹ ਬਹੁਤ ਬੁਰਾ ਲਗਦਾ ਹੈ। ਪਰ ਉਸ ਦੇ ਇਸ ਕਥਨ ਵਿਚ ਕੁਝ ਸਚਾਈ ਹੈ। ਮੋਹਨ ਭਾਗਵਤ ਬ੍ਰਾਹਮਣੀ ਕਰਮਕਾਂਡ ਆਧਾਰਿਤ ਜਿਸ ਹਿੰਦੂ ਧਰਮ ਦੀ ਗੱਲ ਕਰ ਰਿਹਾ ਹੈ, ਉਸ ਨੂੰ ਅੱਜ ਆਮ ਸਿੱਖ ਵੀ ਆਪਣੀ ਰੋਜ-ਮਰਾ ਦੀ ਜਿੰਦਗੀ ਵਿਚ ਅਪਨਾਈ ਬੈਠੇ ਹਨ। ਜਦੋਂ ਤੱਕ ਸਿੱਖ ਗੁਰਮਤਿ ਆਧਾਰਿਤ ਜਿੰਦਗੀ ਨਹੀਂ ਜਿਉਂਦੇ ਉਹ ਆਪਣੇ ਨਿਵੇਕਲੇਪਣ ਦਾ ਦਾਅਵਾ ਕਿਵੇਂ ਕਰ ਸਕਦੇ ਹਨ। ਗੁਰਮਤਿ ਨੇ ਆਪਣੇ ਨਿਵੇਕਲੇਪਣ ਨੂੰ ਸਪਸ਼ਟ ਕੀਤਾ ਹੈ।

ਗੁਰੂ ਨਾਨਕ ਸਾਹਿਬ ਦੀ ਅਸਲੀ ਕਰਾਮਾਤ

ਸਾਡੇ ਭਾਈਆਂ, ਕਥਾਕਾਰਾਂ, ਢਾਡੀਆਂ, ਕੀਰਤਨੀਆਂ, ਸੰਤਾਂ ਦਾ ਸਾਰਾ ਜੋਰ ਗੁਰੂ ਨਾਨਕ ਸਾਹਿਬ ਨੂੰ ਕਰਾਮਾਤੀ ਸਿੱਧ ਕਰਨ ਉਤੇ ਲੱਗਾ ਰਹਿੰਦਾ ਹੈ। ਉਹ ਅਜੀਬ ਕਿਸਮ ਦੀਆਂ ਮਨਘੜਤ ਕਹਾਣੀਆਂ, ਸਾਖੀਆਂ ਤੇ ਹੋਰ ਅਨੇਕ ਤਰਾਂ ਦੇ ਕਿੱਸੇ ਸੁਣਾ ਕੇ ਇਹ ਸਾਬਤ ਕਰਨ ਉਤੇ ਸਾਰਾ ਜ਼ੋਰ ਲਾ ਦੇਂਦੇ ਹਨ ਕਿ ਗੁਰੂ ਸਾਹਿਬ ਸਭ ਕੁਝ ਕਰਨ ਕਰਾਵਨਹਾਰ ਅਤੇ ਕਰਾਮਾਤੀ ਸਨ। ਪਰ ਗੁਰੂ ਸਾਹਿਬ ਨੇ ਜਿਹੜੀ ਅਸਲੀ ਕਰਾਮਾਤ ਕੀਤੀ ਹੈ, ਉਹ ਉਧਰ ਬਿਲਕੁਲ ਧਿਆਨ ਨਹੀਂ ਦੇਂਦੇ। ਇਹੀ ਕਾਰਨ ਹੈ ਕਿ ਗੁਰਮਤਿ ਫਿਲਾਸਫੀ ਦਾ ਅਸਲੀ ਸੱਚ ਪ੍ਰਗਟ ਹੀ ਨਹੀਂ ਹੋਣ ਦਿਤਾ ਗਿਆ। ਇਸੇ ਕਰ ਕੇ ਜਿਹੜੇ ਸਿੱਖਾਂ ਨੇ 'ਆਪ ਮੁਕਤ' ਹੋ ਕੇ ਸਮੁਚੇ ਸੰਸਾਰ ਨੂੰ ਮੁਕਤ ਕਰਵਾਉਣਾ ਸੀ, ਉਹ ਆਪ ਹੀ ਮਨੂੰਵਾਦੀ ਬ੍ਰਾਹਮਣੀ ਭਰਮਜਾਲ ਵਿਚ ਫਸ ਕੇ ਭਟਕ ਰਹੇ ਹਨ।

ਗੁਰੂ ਨਾਨਕ ਸਾਹਿਬ ਨੇ ਆਪਣੇ ਤੋਂ ਪਹਿਲੇ ਪ੍ਰਗਟ ਹੋਏ ਸਗਲ ਆਤਮਿਕ ਗਿਆਨ ਨੂੰ ਆਤਮਸਾਤ ਕਰ ਕੇ, ਉਸ ਨੂੰ ਆਪਣੇ ਅਨੁਭਵੀ ਗਿਆਨ ਦੀ ਕਸਵਟੀ ਉਤੇ ਲਾ ਕੇ ਹੋਏ ਇਲਹਾਮ ਵਜੋਂ ਜਿਹੜਾ ਸੱਚ ਪ੍ਰਗਟ ਕੀਤਾ, ਉਹ ਕਿਸੇ ਵੀ ਤਰਾਂ ਕਰਾਮਾਤ ਤੋਂ ਘਟ ਨਹੀਂ। ਪਰ ਇਸ ਕਰਾਮਾਤ ਦੀ ਥਾਹ ਤਾਂ ਹੀ ਪੈ ਸਕਦੀ ਹੈ ਜੇ ਅਸੀਂ ਇਸ ਗਿਆਨ ਦੀ ਤਾਕਤ ਤੋਂ ਜਾਣੂ ਹੋਈਏ। ਪਰ ਅਜੇ ਤੱਕ ਤੇ ਅਸੀਂ ਇਸ ਗਿਆਨ ਨੂੰ ਜਾਣਿਆ ਹੀ ਨਹੀਂ, ਇਸ ਨੂੰ ਆਪਣੀ ਜਿੰਦਗੀ ਵਿਚ ਅਪਨਾਉਣਾ ਤਾਂ ਬਾਅਦ ਦੀ ਗੱਲ ਹੈ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੇ ਆਗਮਨ ਬਾਰੇ ਲਿਖਿਆ ਹੈ :

ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ। (ਵਾਰ 1, ਪਉੜੀ 27)

ਯਥਾ ਸਤਿਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਨਾਲ ਧੁੰਦ ਮਿਟ ਗਈ ਅਤੇ ਚਾਰੇ ਚੁਫੇਰੇ ਚਾਨਣ ਹੋ ਗਿਆ। ਐਨ ਉਸੇ ਤਰਾਂ ਜਿਵੇਂ ਸੂਰਜ ਨਿਕਲਣ ਨਾਲ ਤਾਰੇ ਛੁਪ ਜਾਂਦੇ ਹਨ ਅਤੇ ਹਨੇਰਾ ਖਤਮ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਦੇ ਆਗਮਨ ਨਾਲ ਜਿਹੜੀ ਧੁੰਦ ਮਿਟੀ ਅਤੇ ਜਿਹੜਾ ਚਾਨਣ ਹੋਇਆ, ਉਸ ਦੀ ਜਾਣਕਾਰੀ ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੇ ਆਰੰਭ ਵਿਚ ਦਿਤੀ ਹੈ

**ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸ ਮੰਤ੍ਰ ਸੁਣਾਇਆ।**
**ਭਵਜਲ ਵਿਚੋਂ ਕਢਿ ਕੇ ਮੁਕਤਿ ਪਦਾਰਥਿ ਮਾਹਿ ਸਮਾਇਆ।**
**(ਵਾਰ 1, ਪਉੜੀ 1)**

ਗੁਰੂ ਸਾਹਬ ਨੂੰ ਨਮਸਕਾਰ ਕਰਦਿਆਂ ਭਾਈ ਗੁਰਦਾਸ ਜੀ ਇਹ ਜਾਣਕਾਰੀ ਦੇ ਰਹੇ ਹਨ ਕਿ ਗੁਰੂ ਸਾਹਿਬ ਨੇ ਮਨੁਖਤਾ ਨੂੰ ਸਤਿ ਨਾਮੁ ਦਾ ਆਤਮਿਕ ਗਿਆਨ ਦੇ ਕੇ ਹਰੇਕ ਤਰਾਂ ਦੇ ਪੂਰਬਲੇ ਭਰਮਜਾਲ ਤੋਂ ਮੁਕਤ ਕਰ ਦਿੱਤਾ ਅਤੇ ਸਮੁਚੀ ਮਾਨਵਤਾ ਨੂੰ ਮੁਕਤ ਪਦਾਰਥ **(Matter in motion)** ਭਾਵ ਇਸ ਸੰਸਾਰ ਵਿਚ ਖੁਲੀਆਂ ਉਡਾਰੀਆਂ ਲਾਉਣ ਦੇ ਗਾਡੀ ਰਾਹ ਉਤੇ ਤੋਰ ਦਿੱਤਾ।

ਗੁਰੂ ਸਾਹਿਬ ਨੇ ਮਨੁਖਤਾ ਨੂੰ ਕਿਹੜੇ ਪੂਰਬਲੇ ਭਰਮਜਾਲ ਤੋਂ ਮੁਕਤ ਕਰਵਾਇਆ।

ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ।
ਸੰਸਾ ਇਹੁ ਸੰਸਾਰੁ ਹੈ ਜਨਮ ਮਰਨ ਵਿਚਿ ਦੁਖੁ ਸਵਾਇਆ।
ਜਮ ਦੰਡੁ ਸਿਰੌਂ ਨ ਉਤਰੇ ਸਾਕਤਿ ਦੁਰਜਨ ਜਨਮੁ ਗਵਾਇਆ।
ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ। (ਵਾਰ 1, ਪਉੜੀ 1)

ਭਾਈ ਗੁਰਦਾਸ ਜੀ ਦੇ ਬਚਨ ਹਨ ਕਿ ਗੁਰੂ ਨਾਨਕ ਸਾਹਿਬ ਨੇ ਮਨੁੱਖ ਦੇ ਮਨ ਵਿਚੋਂ ਵਾਰ ਵਾਰ ਜੰਮਣ ਮਰਨ ਦਾ ਡਰ ਹਮੇਸ਼ਾ ਲਈ ਖਤਮ ਕਰ ਦਿੱਤਾ। ਮਰਨ ਤੋਂ ਬਾਅਦ ਪੈਦਾ ਹੋਣ ਵਾਲੇ ਵਿਛੋੜੇ ਦੇ ਸ਼ੰਕੇ (ਨਰਕ-ਸਵਰਗ ਦੇ ਭਰਮਜਾਲ) ਤੇ ਇਨਾਂ ਸ਼ੰਕਿਆਂ ਨਾਲ ਪੈਦਾ ਹੋਣ ਵਾਲੇ ਸਾਰੇ ਮਾਨਸਿਕ ਰੋਗ (ਡਰ) ਸਦਾ ਲਈ ਖਤਮ ਕਰ ਦਿੱਤੇ। ਇਹ ਸ਼ੰਕਾ ਵੀ ਸਦਾ ਲਈ ਖਤਮ ਕਰ ਦਿੱਤਾ ਕਿ ਇਹ ਸੰਸਾਰ ਇਕ ਭਰਮ ਭਾਵ ਮਾਇਆ (ਛਲਾਵਾ) ਹੈ ਅਤੇ ਜੰਮਣ ਮਰਨ ਵਿਚ ਸਵਾਏ ਦੁੱਖ ਭਾਵ ਦੁੱਖ ਹੀ ਦੁੱਖ ਹਨ। ਸਾਕਤ ਭਾਵ ਸ਼ਕਤੀ ਦੇ ਪੁਜਾਰੀ ਮਨੁੱਖ ਦੇ ਦਿਮਾਗ ਵਿਚ ਹਮੇਸ਼ਾ ਮਨ ਕਲਪਿਤ ਜਮਾਂ ਦੇ ਦੰਡ ਦੇਣ ਦਾ ਡਰ ਬਣਿਆ ਰਹਿੰਦਾ ਹੈ ਅਤੇ ਉਹ ਆਪਣੀ ਸਾਰੀ ਜਿੰਦਗੀ ਇਸ ਡਰ ਨਾਲ ਹੀ ਲੰਘਾ ਦੇਂਦਾ ਹੈ। ਭਾਈ ਗੁਰਦਾਸ ਜੀ ਉਸ ਗੁਰੂ ਨੂੰ ਚਰਨ ਬੰਦਨਾ ਕਰਦੇ ਹਨ, ਜਿਸ ਗੁਰੂ ਨੇ ਸਤਿ ਸ਼ਬਦ ਦਾ ਗਿਆਨ ਦੇ ਕੇ ਮਨੁੱਖ ਨੂੰ ਜਮਾਂ ਦੇ ਇਸ ਡਰ ਤੋਂ ਵੀ ਸਦਾ ਲਈ ਮੁਕਤ ਕਰ ਦਿੱਤਾ।

# ਕਿਸਾਨੀ ਬਚਾਉਣ ਲਈ ਖੇਤੀ ਆਧਾਰਿਤ ਸਨਅਤ ਨੂੰ ਸਥਾਪਿਤ ਕੀਤਾ ਜਾਵੇ

## ✪ ਕਿਸਾਨੀ ਲਹਿਰ ਵਿਚ ਸਿੱਖ ਪੰਥ ਦਾ ਵੱਡਾ ਯੋਗਦਾਨ ✪ ਕਾਰਪੋਰੇਟ ਨਿਗਲ ਰਿਹਾ ਏ ਕਿਸਾਨੀ ਹੱਕਾਂ ਨੂੰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਲਹਿੰਬਰ ਸਿੰਘ ਤੱਗੜ

ਇਹ ਕਰਜ਼ੇ ਮੁੱਖ ਤੌਰ 'ਤੇ ਬੈਂਕਾਂ, ਸ਼ਾਹੂਕਾਰਾਂ, ਆੜ੍ਹਤੀਆਂ ਤੋਂ ਲੈਣੇ ਪਏ। ਭਾਰੀ ਵਿਆਜ ਦਰਾਂ ਕਾਰਨ ਕਿਸਾਨੀ ਕਰਜ਼ੇ ਦੇ ਤੰਦੂਆਂ ਜਾਲ ਵਿਚ ਫਸਣੀ ਸ਼ੁਰੂ ਹੋ ਗਈ। ਡੇਢ ਕੁ ਦਹਾਕੇ ਬਾਅਦ ਅਨਾਜ ਉਤਪਾਦਨ ਦੇ ਖੇਤਰ ਵਿਚ ਵਾਧਾ ਦਰ ਰੁਕਣੀ ਅਤੇ ਘਟਣੀ ਸ਼ੁਰੂ ਹੋ ਗਈ। ਖੇਤੀ ਲਾਗਤਾਂ ਦੀਆਂ ਕੀਮਤਾਂ ਵਿਚ ਵਾਧਾ ਹੁੰਦਾ ਗਿਆ। ਮੁਕਾਲਤਨ ਘੱਟੋ-ਘੱਟ ਸਹਾਇਕ ਕੀਮਤਾਂ ਵਿਚ ਵਾਧਾ ਘੱਟ ਹੋਇਆ। ਸਰਕਾਰੀ ਖ਼ਰੀਦ ਪ੍ਰਣਾਲੀ ਵੀ ਹੌਲੀ-ਹੌਲੀ ਘੱਟ ਅਸਰਦਾਰ ਹੋਣੀ ਸ਼ੁਰੂ ਹੋ ਗਈ। ਉਪਰੋਕਤ ਸਾਰੀਆਂ ਪ੍ਰਸਥਿਤੀਆਂ ਦੇ ਨਤੀਜੇ ਵਜੋਂ ਕਿਸਾਨੀ ਦੀ ਆਰਥਿਕਤਾ ਮੁੜ ਨਿੱਘਰਨੀ ਸ਼ੁਰੂ ਹੋ ਗਈ। ਹਰੇ ਇਨਕਲਾਬ ਦੇ ਇਸ ਦੌਰ ਵਿਚ ਕਿਸਾਨ ਲਹਿਰ ਸਾਹਮਣੇ ਪਹਿਲੇ ਮੁੱਦਿਆਂ ਦੇ ਨਾਲ-ਨਾਲ ਨਵੇਂ ਮੁੱਦੇ ਪੈਦਾ ਹੋਣ ਲੱਗ ਪਏ। ਇਹ ਮੁੱਦੇ ਸਨ ਕਿ ਕਿਸਾਨੀ ਜਿਣਸਾਂ ਦੀਆਂ ਘੱਟੋ-ਘੱਟ ਸਹਾਇਕ ਕੀਮਤਾਂ ਲਾਹੇਵੰਦ ਹੋਣ, ਸਰਕਾਰੀ ਖ਼ਰੀਦ ਪ੍ਰਣਾਲੀ ਹੋਰ ਪ੍ਰਭਾਵਸ਼ਾਲੀ ਬਣਾਈ ਜਾਵੇ ਅਤੇ ਇਹ ਸਾਰੀਆਂ ਕਿਸਾਨੀ ਜਿਣਸਾਂ 'ਤੇ ਲਾਗੂ ਹੋਵੇ। ਖੇਤੀ ਲਾਗਤਾਂ ਸਸਤੀਆਂ ਕੀਤੀਆਂ ਜਾਣ ਅਤੇ ਇਸ ਵਾਸਤੇ ਸਬਸਿਡੀਆਂ ਵਧਾਈਆਂ ਜਾਣ। ਖੇਤੀ ਖੇਤਰ ਵਿਚ ਸਰਕਾਰੀ ਨਿਵੇਸ਼ ਵਧਾਇਆ ਜਾਵੇ। ਕੁਦਰਤੀ ਆਫਤਾਂ ਕਾਰਨ ਫ਼ਸਲਾਂ ਦੇ ਖਰਾਬੇ ਲਈ ਯੋਗ ਮੁਆਵਜ਼ਾ ਦਿੱਤਾ ਜਾਵੇ। ਕਰਜ਼ਾ ਸਹੂਲਤਾਂ ਵਧਾਈਆਂ ਜਾਣ ਅਤੇ ਵਿਆਜ ਦਰਾਂ 4 ਫ਼ੀਸਦੀ ਸਾਲਾਨਾ ਕੀਤੀਆਂ ਜਾਣ। 1980ਵਿਆਂ ਦੇ ਸਾਲਾਂ ਦੌਰਾਨ ਹਰੇ ਇਨਕਲਾਬ ਦੇ ਖੇਤਰਾਂ ਵਿਚ ਕਿਸਾਨ ਲਹਿਰਾਂ ਮੁੱਖ ਤੌਰ 'ਤੇ ਉਪਰੋਕਤ ਅਤੇ ਅਜਿਹੇ ਹੀ ਹੋਰ ਮੁੱਦਿਆਂ ਦੇ ਆਧਾਰ 'ਤੇ ਪੈਦਾ ਹੋਈਆਂ, ਚੱਲੀਆਂ ਅਤੇ ਵਿਕਸਿਤ ਹੋਈਆਂ।

ਹਰੇ ਇਨਕਲਾਬ ਦੇ ਇਸ ਦੌਰ ਵਿਚ ਪੇਂਡੂ ਖੇਤਰਾਂ ਵਿਚ ਇਕ ਹੋਰ ਮਹੱਤਵਪੂਰਨ ਤਬਦੀਲੀ ਆ ਗਈ। ਬੇਜ਼ਮੀਨੇ ਕਿਸਾਨ ਜੋ ਪਹਿਲਾਂ ਮਾਲਕ ਕਿਸਾਨਾਂ ਨਾਲ ਸੀਰੀ, ਸਾਂਝੀ ਆਦਿ ਦੇ ਤੌਰ 'ਤੇ ਫ਼ਸਲਾਂ 'ਚੋਂ ਹਿੱਸਾ ਪੱਤੀ ਲੈਣ ਦੇ ਆਧਾਰ 'ਤੇ ਕੰਮ ਕਰਦੇ ਸਨ, ਉਨਾਂ ਦੇ ਕਿਸਾਨੀ ਨਾਲ ਰਿਸ਼ਤਿਆਂ ਵਿਚ ਤਬਦੀਲੀ ਆ ਗਈ। ਉਹ ਰੋਜ਼ਾਨਾ ਦਿਹਾੜੀ ਦੇ ਪੈਸੇ ਅਰਥਾਤ ਉਜ਼ਰਤਾਂ ਲੈਣ ਲੱਗੇ ਅਤੇ ਇਸ ਪ੍ਰਕਿਰਿਆ ਨਾਲ ਕਿਸਾਨੀ ਵਿਚ ਇਕ ਨਵੀਂ ਤੇ ਵੱਖਰੀ ਪਰਤ ਖੇਤ ਮਜ਼ਦੂਰ ਜਮਾਤ ਦੇ ਤੌਰ 'ਤੇ ਪੈਦਾ ਹੋ ਗਈ। ਇਸ ਨਵੇਂ ਵਿਕਸਿਤ ਹਿੱਸੇ ਜਿਸ ਦੀ ਗਿਣਤੀ ਕੁਲ ਕਿਸਾਨੀ ਵਸੋਂ ਦਾ ਲਗਭਗ 35 ਫ਼ੀਸਦੀ ਹੈ, ਦੇ ਨਵੇਂ ਮੁੱਦੇ ਪੈਦਾ ਹੋ ਗਏ। ਇਹ ਮੁੱਦੇ ਮੁੱਖ ਤੌਰ 'ਤੇ ਹਨ ਯੋਗ ਉਜਰਤਾਂ, ਉਜਰਤਾਂ ਵਿਚ ਮਹਿੰਗਾਈ ਦੇ ਵਾਧੇ ਅਨੁਸਾਰ ਵਾਧਾ, ਸਸਤੇ ਅਨਾਜ ਅਤੇ ਹੋਰ ਲੋੜੀਂਦੀਆਂ ਵਸਤੂਆਂ ਲਈ ਪ੍ਰਭਾਵਸ਼ਾਲੀ ਪਬਲਿਕ ਵੰਡ ਪ੍ਰਣਾਲੀ, ਘਰਾਂ ਲਈ ਪਲਾਟ, ਮਕਾਨਾਂ ਲਈ ਸਰਕਾਰੀ ਸਹਾਇਤਾ, ਉਨਾਂ ਦੇ ਹੱਕਾਂ ਅਤੇ ਹਿਤਾਂ ਦੀ ਰਾਖੀ ਲਈ ਕੇਂਦਰੀ ਸਰਬਪੱਖੀ ਕਾਨੂੰਨ ਆਦਿ। ਉਪਰੋਕਤ ਅਤੇ ਅਜਿਹੇ ਹੋਰ ਮੁੱਦਿਆਂ ਦੇ ਆਧਾਰ 'ਤੇ ਪਿਛਲੇ ਸਮੇਂ ਦੌਰਾਨ ਦੇਸ਼ ਭਰ ਵਿਚ ਵੱਡੇ ਪੈਮਾਨੇ 'ਤੇ ਸੰਘਰਸ਼ ਹੋਏ ਹਨ ਜਿਨਾਂ ਨੂੰ ਅਸੀਂ ਕਿਸਾਨੀ ਲਹਿਰਾਂ ਦਾ ਅਨਿੱਖੜਵਾਂ ਹਿੱਸਾ ਸਮਝਦੇ ਹਾਂ।

1990ਵਿਆਂ ਦੇ ਆਰੰਭ ਵਿਚ ਸੰਸਾਰ ਪੱਧਰ ਉਤੇ ਸੋਵੀਅਤ ਯੂਨੀਅਨ ਅਤੇ ਹੋਰ ਪੂਰਬੀ ਯੂਰਪੀ ਦੇਸ਼ਾਂ ਵਿਚ ਸਮਾਜਵਾਦੀ ਸਿਸਟਮ ਦੇ ਢਹਿ ਢੇਰੀ ਹੋ ਜਾਣ ਨਾਲ ਤਾਕਤਾਂ ਦੇ ਤੋਲ ਵਿਚ ਮਿਕਦਾਰੀ ਬਦਲਾਅ ਆ ਗਿਆ। ਸੰਸਾਰ ਇਕ ਧਰੁਵੀ ਹੋ ਗਿਆ ਅਤੇ ਅਮਰੀਕਨ ਸਾਮਰਾਜਵਾਦ ਦੁਨੀਆ ਦੀ ਇਕੋ-ਇਕ ਮਹਾਂ ਸ਼ਕਤੀ ਰਹਿ ਗਿਆ। ਅਮਰੀਕਨ ਸਾਮਰਾਜਵਾਦ ਦੀ ਅਗਵਾਈ ਹੇਠ ਸੰਸਾਰ ਦੀਆਂ ਸਾਰੀਆਂ ਸਾਮਰਾਜਵਾਦੀ ਸ਼ਕਤੀਆਂ ਨੇ ਸਾਰੇ ਸੰਸਾਰ ਨੂੰ ਖ਼ਾਸ ਕਰਕੇ ਵਿਕਾਸਸ਼ੀਲ ਅਤੇ ਅਣਵਿਕਸਿਤ ਦੇਸ਼ਾਂ ਦੇ ਅਰਥਚਾਰਿਆਂ ਨੂੰ ਆਪਣੇ ਹਿਤਾਂ ਅਨੁਸਾਰ ਢਾਲਣ ਲਈ ਤੇਜ਼ੀ ਨਾਲ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਇਰਾਕ, ਅਫ਼ਗਾਨਿਸਤਾਨ ਆਦਿ ਦੇਸ਼ਾਂ ਉੱਪਰ ਤਾਂ ਸਿੱਧੇ ਫ਼ੌਜੀ ਹਮਲੇ ਹੀ ਕਰ ਦਿੱਤੇ ਗਏ। ਭਾਰਤ ਨੂੰ ਸੌਖਾ ਟਾਰਗੈੱਟ ਸਮਝਦੇ ਹੋਏ ਇਥੇ ਆਪਣੀ ਲੁੱਟ-ਖਸੁੱਟ ਨੂੰ ਵਧਾਉਣ ਲਈ ਸੰਸਾਰ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼, ਵਿਸ਼ਵ ਵਪਾਰ ਸੰਸਥਾ ਆਦਿ ਸਾਮਰਾਜਵਾਦੀ ਅਦਾਰਿਆਂ ਰਾਹੀਂ ਆਪਣੀ ਆਰਥਿਕ ਜਕੜ ਵਿਚ ਲਪੇਟਿਆ ਜਾਣ ਲੱਗਾ। ਖੇਤੀਬਾੜੀ ਸੈਕਟਰ ਜੋ ਭਾਰਤੀ ਅਰਥਚਾਰੇ ਦੀ ਰੀੜ ਦੀ ਹੱਡੀ ਹੈ, ਨੂੰ ਸਾਮਰਾਜਵਾਦੀ ਨੀਤੀਆਂ ਦਾ ਵਿਸ਼ੇਸ਼ ਨਿਸ਼ਾਨਾ ਬਣਾਇਆ ਜਾਣ ਲੱਗਾ। ਸਥਿਤੀ ਦਾ ਅਫਸੋਸਨਾਕ ਪੱਖ ਇਹ ਰਿਹਾ ਕਿ ਭਾਰਤ ਦੀਆਂ ਹਾਕਮ ਜਮਾਤਾਂ ਅਤੇ ਲਗਭਗ ਸਾਰੀਆਂ ਕੇਂਦਰੀ ਸਰਕਾਰਾਂ ਅਤੇ ਬਹੁਤੀਆਂ ਸੂਬਾਈ ਸਰਕਾਰਾਂ ਆਪਣੇ ਜਮਾਤੀ ਹਿਤਾਂ ਕਾਰਨ ਸਾਮਰਾਜੀ ਨੀਤੀਆਂ ਦਾ ਵਿਰੋਧ ਕਰਨ ਦੀ ਥਾਂ ਉਨਾਂ ਨੂੰ ਪ੍ਰਵਾਨ ਕਰਕੇ ਲਾਗੂ ਕਰਨ ਦੇ ਰਾਹਾਂ 'ਤੇ ਚਲ ਪਈਆਂ। ਇਨਾਂ ਸ਼ਰਮਨਾਕ ਨੀਤੀਆਂ ਨੂੰ ਨਵੀਆਂ ਆਰਥਿਕ ਨੀਤੀਆਂ, ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਦੇ ਸਨਮਾਨਜਨਕ



ਨਾਂਅ ਦਿੱਤੇ ਗਏ। ਇਨਾਂ ਨੂੰ ਖੇਤੀ ਸੈਕਟਰ ਵਿਚ ਲਾਗੂ ਕਰਨ ਲਈ ਦੇਸ਼ ਦੀ ਕਿਸਾਨੀ, ਖੇਤੀ ਅਤੇ ਭੂਮੀ ਉਤੇ ਮਾਰੂ ਹੱਲਾ ਬੋਲਿਆ ਗਿਆ। ਇਨਾਂ ਨੀਤੀਆਂ ਤਹਿਤ ਦੇਸ਼ ਦੇ ਜ਼ਮੀਨੀ ਸੁਧਾਰਾਂ ਦੇ ਅਮਲ ਨੂੰ ਜੋ ਕਿ ਅਜੇ ਬਹੁਤ ਵੱਡੇ ਪੱਧਰ 'ਤੇ ਬਾਕੀ ਪਿਆ ਸੀ, ਨੂੰ ਪੁੱਠਾ ਗੇੜਾ ਦੇਣਾ ਸ਼ੁਰੂ ਕਰ ਦਿੱਤਾ ਗਿਆ।

**ਕਾਰਪੋਰੇਟ ਘਰਾਣੇ ਤੇ ਕਿਸਾਨੀ ਦਾ ਦੁਖਾਂਤ**

ਲੱਖਾਂ ਕਰੋੜਾਂ ਏਕੜ ਸਰਕਾਰੀ, ਸਰਪਲੱਸ ਅਤੇ ਪ੍ਰਾਈਵੇਟ ਜ਼ਮੀਨਾਂ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਦੇਸ਼ ਦੇ ਕਾਰਪੋਰੇਟ ਘਰਾਣਿਆਂ ਨੂੰ ਦਿੱਤੀਆਂ ਜਾਣ ਲੱਗੀਆਂ। ਇਨਾਂ ਜ਼ਮੀਨਾਂ ਤੋਂ ਉਜਾੜੀ ਜਾਣ ਵਾਲੀ ਕਿਸਾਨੀ, ਖੇਤ ਮਜ਼ਦੂਰਾਂ ਅਤੇ ਵਸੋਂ ਦੇ ਹੋਰ ਹਿੱਸਿਆਂ, ਜਿਨਾਂ ਦੀ ਗਿਣਤੀ ਕਰੋੜਾਂ ਵਿਚ ਹੈ, ਦੇ ਮੁੜ ਵਸੇਬੇ ਅਤੇ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਵੱਲ ਨਾਮਾਤਰ ਧਿਆਨ ਵੀ ਨਹੀਂ ਦਿੱਤਾ ਜਾ ਰਿਹਾ। ਇਸ ਮੰਤਵ ਲਈ ਜ਼ਮੀਨਾਂ ਐਕੁਆਇਰ ਕਰਨ ਦੇ ਕਾਨੂੰਨ ਨੂੰ ਬੜੀ ਹੀ ਬੇਰਹਿਮੀ ਅਤੇ ਬੇਸ਼ਰਮੀ ਨਾਲ ਵਰਤਿਆ ਜਾ ਰਿਹਾ ਹੈ। ਕਿਸਾਨੀ ਅਤੇ ਖੇਤੀ ਨੂੰ ਤਬਾਹ ਕਰਕੇ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਖੇਤੀ ਖੇਤਰ ਵਿਚੋਂ ਸਰਕਾਰੀ ਪੂੰਜੀ ਨਿਵੇਸ਼ ਵੱਡੇ ਪੈਮਾਨੇ 'ਤੇ ਘਟਾਇਆ ਜਾ ਰਿਹਾ ਹੈ। ਖੇਤੀ ਲਈ ਸਬਸਿਡੀਆਂ ਤੇਜ਼ੀ ਨਾਲ ਖ਼ਤਮ ਕੀਤੀਆਂ ਜਾ ਰਹੀਆਂ ਹਨ। ਕਿਸੇ ਸਮੇਂ ਭਾਰਤੀ ਖੇਤੀ ਨੂੰ ਵਿਕਾਸ ਦੇ ਰਾਹ 'ਤੇ ਪਾਉਣ ਵਾਲੀਆਂ ਘੱਟੋ-ਘੱਟ ਸਹਾਇਕ ਕੀਮਤ ਪ੍ਰਣਾਲੀ, ਸਰਕਾਰੀ ਖ਼ਰੀਦ ਪ੍ਰਣਾਲੀ, ਪਬਲਿਕ ਵੰਡ ਪ੍ਰਣਾਲੀ ਅਤੇ ਅਜਿਹੀਆਂ ਹੋਰ ਨੀਤੀਆਂ ਨੂੰ ਗਿਣ-ਮਿੱਥ ਕੇ ਅਤੇ ਤੇਜ਼ੀ ਨਾਲ ਨਸ਼ਟ ਕੀਤਾ ਜਾ ਰਿਹਾ ਹੈ। ਖੇਤੀ ਲਈ ਸੰਸਥਾਗਤ ਕਰਜ਼ਾ ਸਹੂਲਤਾਂ ਜੋ ਪਹਿਲਾਂ ਹੀ ਬਹੁਤ ਘੱਟ ਸਨ, ਨੂੰ ਖ਼ਤਮ ਕਰਕੇ ਕਿਸਾਨੀ ਨੂੰ ਪ੍ਰਾਈਵੇਟ ਸ਼ਾਹੂਕਾਰਾਂ/ਆੜ੍ਹਤੀਆਂ ਦੇ ਰਹਿਮੋ-ਕਰਮ 'ਤੇ ਛੱਡਿਆ ਜਾ ਰਿਹਾ ਹੈ ਜੋ ਕਿ ਲਹੂ ਚੂਸਵਾਂ ਵਿਆਜ ਲਾਉਂਦੇ ਹਨ। ਨਤੀਜੇ ਵਜੋਂ ਦੇਸ਼ ਦੀ ਕਿਸਾਨੀ ਕਰਜ਼ੇ ਦੇ ਅਜਿਹੇ ਮੱਕੜ ਜਾਲ ਵਿਚ ਫਸ ਚੁੱਕੀ ਹੈ ਅਤੇ ਅੱਗੇ ਦੀ ਅੱਗੇ ਹੋਰ ਧਸਦੀ ਜਾ ਰਹੀ ਹੈ ਜਿਸ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਦਿਸ ਰਿਹਾ। ਇਸ ਮੌਕੇ 'ਤੇ ਇਹ ਹਕੀਕਤ ਕਿਸਾਨ ਲਹਿਰ ਦੀ ਇਕ ਬਹੁਤ ਵੱਡੀ ਕਮਜ਼ੋਰੀ ਬਣ ਕੇ ਪ੍ਰਗਟ ਹੋਈ ਹੈ ਕਿ ਕਰਜ਼ੇ ਦੇ ਮਸਲੇ ਤੇ ਕਿਸਾਨ ਲਹਿਰ ਸਮੇਂ ਦੀ ਹਾਣ ਦੀ ਨਹੀਂ ਹੋ ਸਕੀ। ਦੇਸ਼ ਦੀ ਕਰਜ਼ੇ ਦੀ ਦਲਦਲ ਵਿਚ ਖੁੱਭੀ ਹੋਈ ਸੰਕਟਗ੍ਰਸਤ ਕਿਸਾਨੀ ਨਿਰਾਸ਼ਾ ਦੇ ਆਲਮ ਵਿਚ ਸੰਘਰਸ਼ ਦੇ ਰਾਹ ਪੈਣ ਦੀ ਥਾਂ 1990ਵਿਆਂ ਦੇ ਅੱਧ ਵਿਚ ਖ਼ੁਦਕੁਸ਼ੀਆਂ ਦੇ ਰਾਹ ਪੈ ਗਈ। ਪਿਛਲੇ ਲਗਭਗ ਢਾਈ ਦਹਾਕਿਆਂ ਤੋਂ ਵੱਧ ਸਮੇਂ ਦੌਰਾਨ ਦੇਸ਼ ਦੇ ਚਾਰ ਲੱਖ ਤੋਂ ਵੱਧ ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕਸ਼ੀਆਂ ਕਰ ਚੁੱਕੇ ਹਨ। ਖ਼ੁਦਕਸ਼ੀਆਂ ਦਾ ਇਹ ਵਰਤਾਰਾ ਮੁੱਖ ਤੌਰ 'ਤੇ ਹਰੇ ਇਲਕਲਾਬ ਦੇ ਖੇਤਰਾਂ ਵਿਚ ਵਾਪਰ ਰਿਹਾ ਹੈ। ਅੱਤ ਦੀ ਦੁਖਦਾਈ ਹਕੀਕਤ ਇਹ ਹੈ ਕਿ ਇਹ ਵਰਤਾਰਾ ਅੱਜ ਵੀ ਨਾ ਕੇਵਲ ਬਾਦਸਤੂਰ ਜਾਰੀ ਹੈ ਬਲਕਿ ਹੋਰ ਦੀ ਹੋਰ ਤੇਜ਼ ਹੋਈ ਜਾ ਰਿਹਾ ਹੈ। ਸਾਡੇ ਆਪਣੇ ਪ੍ਰਾਂਤ ਪੰਜਾਬ ਵਿਚ ਹਰ ਮਹੀਨੇ ਦਰਜਨਾਂ ਕਿਸਾਨ ਜਾਂ ਖੇਤ ਮਜ਼ਦੂਰ ਖ਼ੁਦਕਸ਼ੀਆਂ ਕਰ ਰਹੇ ਹਨ।

ਸਾਮਰਾਜਵਾਦੀ ਅਦਾਰਿਆਂ ਸੰਸਾਰ ਬੈਂਕ, ਅੰਤਰਰਾਸ਼ਟਰੀ ਮੁਦਰਾਕੋਸ਼, ਵਿਸ਼ਵ ਵਪਾਰ ਸੰਸਥਾ ਰਾਹੀਂ ਲਾਗੂ ਕੀਤੀਆਂ ਜਾ ਰਹੀਆਂ ਸਾਮਰਾਜਵਾਦੀ ਨੀਤੀਆਂ ਨੂੰ ਲਾਗੂ ਕਰਨ ਲਈ ਸਾਡੇ ਦੇਸ਼ ਦੀਆਂ ਸਰਕਾਰਾਂ ਪੂਰਨ ਤੌਰ 'ਤੇ ਸਹਿਯੋਗ ਦੇ ਰਹੀਆਂ ਹਨ। ਇਸ ਦੇ ਬਾਵਜੂਦ ਜੇਕਰ ਕਿਸੇ ਪੱਖ ਤੋਂ ਕੋਈ ਮਾੜਾ ਮੋਟਾ ਵੀ ਅੜਿੱਕਾ ਪੈਂਦਾ ਹੈ ਤਾਂ ਉਸ ਨੂੰ ਦੂਰ ਕਰਨ ਲਈ ਸਾਡੀਆਂ ਸਰਕਾਰਾਂ ਇਨਾਂ ਅਦਾਰਿਆਂ ਤੋਂ ਬਾਹਰ ਬਾਹਰ ਹੀ ਇਨਾਂ ਅੜਿੱਕਿਆਂ ਨੂੰ ਦੂਰ ਕਰ ਰਹੀਆਂ ਹਨ। ਇਸ ਸਬੰਧੀ ਵੱਖ-ਵੱਖ ਦੇਸ਼ਾਂ ਨਾਲ ਮੁਕਤ ਵਪਾਰ ਸਮਝੌਤੇ (ਫਰੀ ਟਰੇਡ ਐਗਰੀਮੈਂਟ) ਕੀਤੇ ਜਾ ਰਹੇ ਹਨ। ਪਿਛਲੇ ਸਮੇਂ ਦੌਰਾਨ ਆਸੀਆਨ ਦੇਸ਼ਾਂ, ਇਜ਼ਰਾਈਲ ਆਦਿ ਨਾਲ ਇਹ ਸਮਝੌਤੇ ਕੀਤੇ ਗਏ ਹਨ। ਫ਼ਸਲਾਂ ਦੇ ਬੀਜਾਂ ਦੇ ਖੇਤਰ ਵਿਚ ਤਰਾਂ-ਤਰਾਂ ਦੇ ਕਾਨੂੰਨ ਬਣਾ ਕੇ ਅਤੇ ਸਮਝੌਤੇ ਕਰਕੇ ਮੌਨਸੈਂਟੋ, ਕਾਰਗਿਲ ਆਦਿ ਵਰਗੀਆਂ ਦਿਓਕੱਦ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਅਜਾਰੇਦਾਰਾਨਾ ਅਧਿਕਾਰ ਦਿੱਤੇ ਜਾ ਰਹੇ ਹਨ। ਅਮਰੀਕਾ ਨਾਲ 'ਗਿਆਨ ਪਹਿਲ ਸਮਝੌਤਾ' ਕਰਕੇ ਪੇਟੈਂਟ ਕਾਨੂੰਨਾਂ ਵਿਚ ਸਾਮਰਾਜਵਾਦੀ ਹਿੱਤਾਂ ਅਨੁਸਾਰ ਤਬਦੀਲੀਆਂ ਕਰਕੇ, ਜ਼ਮੀਨਾਂ ਐਕੁਆਇਰ ਕਰਨ ਦੇ ਰਾਹ ਵਿਚ ਪੈ ਰਹੇ ਅੜਿੱਕਿਆਂ ਨੂੰ ਦੂਰ ਕਰਨ ਲਈ ਸਬੰਧਤ ਕਾਨੂੰਨਾਂ ਵਿਚ ਵਾਰ-ਵਾਰ ਸੋਧਾਂ ਕਰਕੇ ਅਤੇ ਵਾਰ-ਵਾਰ ਆਰਡੀਨੈਂਸ ਜਾਰੀ ਕਰਕੇ, 1429 ਵਸਤੂਆਂ ਤੋਂ ਵਿਸ਼ਵ ਵਪਾਰ ਸੰਸਥਾ ਵਲੋਂ ਨਿਯਤ ਕੀਤੇ ਗਏ ਸਮੇਂ ਤੋਂ ਵੀ ਪਹਿਲਾਂ ਮਾਤਰਾਤਮਿਕ ਪਾਬੰਦੀਆਂ ਖ਼ਤਮ ਕਰਕੇ ਅਤੇ ਅਜਿਹੇ ਹੋਰ ਕਦਮਾਂ ਰਾਹੀਂ ਸਾਡੇ ਦੇਸ਼ ਦੀਆਂ ਖੇਤੀ ਖੋਜਾਂ, ਸਾਇੰਸ, ਤਕਨੀਕ ਆਦਿ ਨੂੰ ਅਮਰੀਕਨ ਸਾਮਰਾਜਵਾਦੀਆਂ ਦੇ ਕਬਜ਼ੇ ਵਿਚ ਦਿੱਤਾ ਜਾ ਰਿਹਾ ਹੈ ਅਤੇ ਭਾਰਤ ਦੀ ਖੇਤੀਬਾੜੀ ਨੂੰ ਸਾਮਰਾਜਵਾਦੀ ਜਬਾੜਿਆਂ ਵਿਚ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਖੇਤਬਾੜੀ ਦੇ ਵਿਕਾਸ ਲਈ ਸਿੰਚਾਈ ਸਭ ਤੋਂ ਮੁਢਲੀ ਤੇ ਬੁਨਿਆਦੀ ਜ਼ਰੂਰਤ ਹੈ ਪਰ ਆਜ਼ਾਦੀ ਦੇ 74 ਸਾਲ ਬੀਤ ਜਾਣ ਦੇ ਬਾਵਜੂਦ ਭਾਰਤ ਦੀ ਕੁੱਲ 14 ਕਰੋੜ 20 ਲੱਖ ਹਜ਼ਾਰ ਹੈਕਟੇਅਰ ਖੇਤੀਬਾੜੀ ਹੇਠਲੀ ਜ਼ਮੀਨ 'ਚੋਂ ਕੇਵਲ 40 ਫ਼ੀਸਦੀ ਰਕਬੇ ਨੂੰ ਹੀ ਵੱਧ ਜਾਂ ਘੱਟ ਸਿੰਚਾਈ ਸਹੂਲਤਾਂ ਪ੍ਰਾਪਤ ਹਨ। ਬਾਕੀ 60 ਫ਼ੀਸਦੀ ਰਕਬਾ ਸਿਰਫ ਬਾਰਸ਼ਾਂ 'ਤੇ ਹੀ ਨਿਰਭਰ ਹੈ। ਸਿੰਚਾਈ ਸਹੂਲਤਾਂ ਪ੍ਰਾਪਤ ਇਲਾਕਿਆਂ ਜਿਵੇਂਕਿ ਪੰਜਾਬ ਆਦਿ ਵਿਚ ਧਰਤੀ ਹੇਠਲੇ ਪਾਣੀ ਦੇ ਸਰੋਤ ਖ਼ਤਰਨਾਕ ਹੱਦ ਤੱਕ ਘਟ ਰਹੇ ਹਨ। ਕੁੱਲ ਭਾਰਤ ਭੂਮੀ (ਲਗਭਗ 33 ਕਰੋੜ ਹੈਕਟੇਅਰ) ਦੇ ਭੂਗੋਲਿਕ ਰਕਬੇ ਚੋਂ ਲਗਭਗ ਤੀਸਰਾ ਹਿੱਸਾ ਧਰਤੀ ਹੇਠਲੇ ਪਾਣੀ ਦੇ ਪੱਖ ਤੋਂ ਭਿਆਨਕ ਸਥਿਤੀ ਵਾਲਾ ਬਣ ਚੁੱਕਾ ਹੈ। ਬਿਜਲੀ, ਸਿੰਚਾਈ, ਪਾਣੀ ਦੇ ਖੇਤਰਾਂ ਨੂੰ ਵਿਦੇਸ਼ੀ ਸਾਮਰਾਜਵਾਦੀ ਅਤੇ ਘਰੇਲੂ ਨਿੱਜੀ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਪ੍ਰਕਿਰਿਆ ਨਾਲ ਇਹ ਸਥਿਤੀ ਹੋਰ ਤੋਂ ਹੋਰ ਭਿਆਨਕ ਹੁੰਦੀ ਜਾ ਰਹੀ ਹੈ।

ਭਾਰਤ ਦੀ ਖੇਤੀਬਾੜੀ ਅਤੇ ਕਿਸਾਨੀ ਦੀਆਂ ਪ੍ਰਸਥਿਤੀਆਂ ਦੇ ਉਪਰੋਕਤ ਵਿਸ਼ਲੇਸ਼ਣ ਦੀ ਪਿੱਠ ਭੂਮੀ ਵਿਚ ਕਿਸਾਨ ਲਹਿਰ ਦੀ ਉਸਾਰੀ ਵਾਸਤੇ ਯੋਗ, ਢੁਕਵੇਂ ਅਤੇ ਸਹੀ ਮੁੱਦਿਆਂ ਨੂੰ ਰੇਖਾਂਕਿਤ ਕਰਨਾ ਅਤੇ ਇਨਾਂ ਦੇ ਆਧਾਰ 'ਤੇ ਸਮੇਂ ਦੇ ਹਾਣ ਦੀ ਕਿਸਾਨ ਲਹਿਰ ਉਸਾਰਨਾ ਵਰਤਮਾਨ ਸਮਿਆਂ ਦੀ ਕਿਸਾਨ ਲਹਿਰ ਦੇ ਸਾਹਮਣੇ ਮੁੱਖ ਚੁਣੌਤੀ ਹੈ।

ਪੱਛਮੀ ਬੰਗਾਲ, ਕੇਰਲਾ, ਤ੍ਰਿਪੁਰਾ ਅਤੇ ਕੁਝ ਹੋਰ ਪ੍ਰਾਂਤਾਂ ਜਿਵੇਂ ਕਿ ਆਂਧਰਾ ਪ੍ਰਦੇਸ਼, ਪੰਜਾਬ, ਜੰਮੂ-ਕਸ਼ਮੀਰ ਆਦਿ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਜਿਥੇ ਸ਼ਕਤੀਸ਼ਾਲੀ ਕਿਸਾਨ ਲਹਿਰ ਕਾਰਨ ਜ਼ਮੀਨੀ ਸੁਧਾਰ ਲਗਭਗ ਮੁਕੰਮਲ ਹੋ ਚੁੱਕੇ ਹਨ, ਸਰਪਲੱਸ ਜ਼ਮੀਨ ਲਗਭਗ ਵੰਡੀ ਜਾ ਚੁੱਕੀ ਹੈ ਅਤੇ ਪੁਰਾਣੀ ਕਿਸਮ ਦੀ ਜਗੀਰਦਾਰੀ ਖ਼ਤਮ ਹੋ ਚੁੱਕੀ ਹੈ, ਬਾਕੀ ਸਾਰੇ ਭਾਰਤ ਵਿਚ ਜ਼ਮੀਨੀ ਸੁਧਾਰਾਂ ਅਰਥਾਤ ਜ਼ਮੀਨ ਦੀ ਮੁੜ ਵੰਡ ਦਾ ਮੁੱਦਾ ਪਹਿਲਾਂ ਵਾਂਗ ਹੀ ਸਭ ਤੋਂ ਪ੍ਰਮੁੱਖ ਮੁੱਦਾ ਹੈ। ਇਹ ਪ੍ਰਾਂਤ ਹਨ ਬਿਹਾਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਰਾਜਸਥਾਨ, ਓਡੀਸ਼ਾ, ਝਾਰਖੰਡ, ਛੱਤੀਸਗੜ, ਕਰਨਾਟਕਾ, ਮਹਾਰਾਸ਼ਟਰ, ਗੁਜਰਾਤ, ਤਾਮਿਲਨਾਡੂ ਆਦਿ ਪ੍ਰਾਂਤ ਜਾਂ ਇਨਾਂ ਪ੍ਰਾਤਾਂ ਦੇ ਕੁਝ ਹਿੱਸੇ ਜਿਥੇ ਅਜੇ ਵੀ ਜਗੀਰਦਾਰੀ ਸਿਸਟਮ ਕਾਇਮ ਹੈ, ਜ਼ਮੀਨ ਦਾ ਵੱਡਾ ਹਿੱਸਾ ਜਗੀਰਦਾਰਾਂ ਦੇ ਕਬਜ਼ੇ ਹੇਠ ਹੈ, ਜਗੀਰਦਾਰ ਹਜ਼ਾਰਾਂ ਏਕੜ ਜ਼ਮੀਨਾਂ ਦੇ ਮਾਲਕ ਹਨ। ਜ਼ਮੀਨੀ ਸੁਧਾਰ ਲਾਗੂ ਕਰਨਾ, ਪ੍ਰਭਾਵਸ਼ਾਲੀ ਜ਼ਮੀਨੀ ਹੱਦਬੰਦੀ ਕਾਨੂੰਨ ਬਣਾਉਣਾ, ਇਨਾਂ ਕਾਨੂੰਨਾਂ ਦੀਆਂ ਚੋਰ ਮੋਰੀਆਂ ਬੰਦ ਕਰਨਾ, ਬੇਜ਼ਮੀਨੇ ਮੁਜ਼ਾਰੇ ਕਿਸਾਨਾਂ ਅਤੇ ਛੋਟੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣਾ ਆਦਿ ਇਨਾਂ ਖੇਤਰਾਂ ਦੀ ਕਿਸਾਨ ਲਹਿਰ ਸਾਹਮਣੇ ਪ੍ਰਮੁੱਖ ਮੁੱਦੇ ਹਨ। ਇਨਾਂ ਖੇਤਰਾਂ ਵਿਚ ਜ਼ਮੀਨੀ ਲਹਿਰਾਂ ਵੱਧ ਜਾਂ ਘੱਟ ਚਲ ਵੀ ਰਹੀਆਂ ਹਨ। ਕਈ ਥਾਂਵਾਂ 'ਤੇ ਹਥਿਆਰਬੰਦ ਲੜਾਈਆਂ ਵੀ ਹੋ ਰਹੀਆਂ ਹਨ। ਕਿਸਾਨਾਂ ਵਲੋਂ ਸ਼ਹੀਦੀਆਂ ਵੀ ਦਿੱਤੀਆਂ ਜਾ ਰਹੀਆਂ ਹਨ।

**ਸਾਮਰਾਜੀ ਹਮਲਿਆਂ ਨੂੰ ਰੋਕੋ**

ਭਾਰਤੀ ਖੇਤੀ ਦੇ ਵਿਕਾਸ ਅਤੇ ਕਿਸਾਨੀ ਸੰਕਟ ਨੂੰ ਦੂਰ ਕਰਨ ਲਈ ਸਾਮਰਾਜਵਾਦੀ ਅਦਾਰਿਆਂ ਰਾਹੀਂ ਅਤੇ ਹੋਰ ਹਰ ਪ੍ਰਕਾਰ ਦੇ ਢੰਗ-ਤਰੀਕਿਆਂ ਰਾਹੀਂ ਖੇਤੀ ਖੇਤਰ ਉਤੇ ਕੀਤੇ ਜਾ ਰਹੇ ਚੌਤਰਫਾ ਸਾਮਰਾਜਵਾਦੀ ਹਮਲਿਆਂ ਨੂੰ ਰੋਕਣਾ, ਇਨਾਂ ਹਮਲਿਆਂ ਤੋਂ ਖੇਤੀ ਖੇਤਰ ਦੀ ਰਾਖੀ ਕਰਨਾ, ਬਹੁਕੌਮੀ ਕਾਰਪੋਰੇਸ਼ਨਾਂ ਅਤੇ ਦੇਸੀ ਕਾਰਪੋਰੇਟ ਘਰਾਣਿਆਂ ਨੂੰ ਵੱਡੇ ਪੈਮਾਨੇ 'ਤੇ ਲੱਖਾਂ ਏਕੜ ਜ਼ਮੀਨਾਂ ਮੁਹੱਈਆ ਕਰਵਾਉਣ ਦੀ ਪ੍ਰਕਿਰਿਆ ਨੂੰ ਰੋਕਣਾ, ਵਿਸ਼ਵ ਵਪਾਰ ਸੰਸਥਾ ਵਰਗੇ ਸਾਮਰਾਜਵਾਦੀ ਅਦਾਰਿਆਂ ਵਿਚ ਪਛੜੇ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਨਾਲ ਲੈ ਕੇ ਭਾਰਤੀ ਖੇਤੀ ਖੇਤਰ ਦੇ ਹਿਤਾਂ ਦੀ ਰਾਖੀ ਕਰਨਾ ਅਤੇ ਹੋਰ ਸਾਰੇ ਪੱਖਾਂ ਜਿਵੇਂ ਕਿ ਬੀਜਾਂ, ਖਾਦਾਂ, ਖੇਤੀ ਖੋਜਾਂ ਆਦਿ ਵਿਚ ਸਾਮਰਾਜਵਾਦੀ ਦਖ਼ਲਾਂ ਨੂੰ ਰੋਕਣਾ ਭਾਰਤੀ ਕਿਸਾਨ ਲਹਿਰ ਨੂੰ ਦਰਪੇਸ਼ ਮੁੱਦਿਆਂ ਚੋਂ ਇਕ ਬਹੁਤ ਹੀ ਅਹਿਮ ਮੁੱਦਾ ਬਣ ਚੁੱਕਾ ਹੈ।

ਖੇਤੀ ਖੇਤਰ ਵਿਚ ਸਰਕਾਰੀ ਪੂੰਜੀ ਨਿਵੇਸ਼, ਸਬਸਿਡੀਆਂ ਆਦਿ ਵਿਚ ਵੱਡੇ ਪੈਮਾਨੇ 'ਤੇ ਵਾਧਾ ਕਰਨਾ, ਖੇਤੀ ਅਤੇ ਕਿਸਾਨੀ ਦੇ ਸੰਕਟ ਦੇ ਨਿਵਾਰਣ ਲਈ ਮੁਢਲੀ ਅਤੇ ਬੁਨਿਆਦੀ ਸ਼ਰਤ ਤੇ ਜ਼ਰੂਰਤ ਹੈ। ਭਾਰਤ ਦਾ ਖੇਤੀ ਖੇਤਰ ਭਾਰਤ ਦੀ 70 ਫ਼ੀਸਦੀ ਵਸੋਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਰਿਹਾ ਹੈ, ਪਰ ਭਾਰਤ ਦੀ ਕੇਂਦਰੀ ਸਰਕਾਰ ਆਪਣੇ ਸਾਲਾਨਾ ਬਜਟਾਂ ਦਾ ਕੇਵਲ ਨਿਗੂਣਾ ਹਿੱਸਾ ਹੀ ਖੇਤੀ ਲਈ ਰੱਖਦੀ ਹੈ। ਖੇਤੀ ਖੇਤਰ ਦੀ ਮਹੱਤਤਾ ਨੂੰ ਸਮਝਦੇ ਹੋਏ ਕੇਂਦਰੀ ਬਜਟ ਦਾ ਘੱਟੋ-ਘੱਟ 10 ਫ਼ੀਸਦੀ ਹਿੱਸਾ ਖੇਤੀ ਲਈ ਰਾਖਵਾਂ ਰੱਖਣਾ ਚਾਹੀਦਾ ਹੈ ਅਤੇ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਇਹ ਸਰਕਾਰੀ ਨਿਵੇਸ਼ ਛੋਟੇ, ਸੀਮਾਂਤ ਅਤੇ ਦਰਮਿਆਨੇ ਕਿਸਾਨਾਂ ਦੀ ਸਹਾਇਤਾ ਵੱਲ ਸੇਧਿਤ ਹੋਵੇ। ਅਜਿਹਾ ਨਾ ਹੋਵੇ ਕਿ ਪਹਿਲਾਂ ਵਾਂਗ ਹੀ ਜਗੀਰਦਾਰ ਅਤੇ ਧਨੀ ਕਿਸਾਨਾਂ ਦੇ ਹਿੱਸੇ ਹੀ ਇਸ ਨੂੰ ਹੜੱਪ ਕਰਦੇ ਰਹਿਣ। ਇਸ ਮੰਤਵ ਲਈ ਪ੍ਰਭਾਵਸ਼ਾਲੀ ਸਿਸਟਮ ਤਿਆਰ ਕਰਨਾ ਚਾਹੀਦਾ ਹੈ। ਕਿਸਾਨ ਲਹਿਰ ਨੂੰ ਪਹਿਲ ਦੇ ਆਧਾਰ 'ਤੇ ਇਹ ਮੁੱਦਾ ਹੱਥ ਲੈਣਾ ਚਾਹੀਦਾ ਹੈ।

ਕਿਸਾਨੀ ਖੇਤਰ ਵਿਚ ਖ਼ੁਦਕੁਸ਼ੀਆਂ ਕਰਨ ਦੀ ਪਿਛਲੇ ਢਾਈ ਦਹਾਕਿਆਂ ਤੋਂ ਚੱਲ ਰਹੀ ਹੌਲਨਾਕ ਅਤੇ ਭਿਅੰਕਰ ਪ੍ਰਕਿਰਿਆ ਨੂੰ ਰੋਕਣ ਲਈ ਇਸ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ ਕਿ ਕਰਜ਼ ਫੰਦੇ ਵਿਚ ਬੁਰੀ ਤਰਾਂ ਗ੍ਰਸਤ ਹੋ ਚੁੱਕੀ ਛੋਟੀ ਤੇ ਗ਼ਰੀਬ ਕਿਸਾਨੀ ਨੂੰ ਇਕ ਵਾਰ ਮੁਕੰਮਲ ਤੌਰ 'ਤੇ ਕਰਜ਼ੇ ਤੋਂ ਮੁਕਤ ਕਰ ਦਿੱਤਾ ਜਾਵੇ। ਇਸ ਵਾਸਤੇ ਕੋਈ ਵੀ ਰਾਹ ਕੱਢਣਾ ਪਵੇ, ਕੱਢਿਆ ਜਾਵੇ ਤੇ ਕੋਈ ਵੀ ਸਾਧਨ ਜੁਟਾਉਣੇ ਪੈਣ, ਜੁਟਾਏ ਜਾਣ। ਨਿੱਜੀ ਸ਼ਾਹੂਕਾਰਾਂ/ ਆੜ੍ਹਤੀਆਂ ਦੇ ਖ਼ੂੰਨੀ ਚੁੰਗਲ 'ਚੋਂ ਕਿਸਾਨੀ ਨੂੰ ਬਚਾਉਣ ਲਈ ਸੰਸਥਾਗਤ ਕਰਜ਼ਾ ਸਹੂਲਤਾਂ ਵਿਚ ਏਨਾ ਵਿਸਥਾਰ ਕੀਤਾ ਜਾਵੇ ਕਿ ਹਰ ਲੋੜਵੰਦ ਕਿਸਾਨ ਨੂੰ ਲੋੜੀਂਦਾ ਕਰਜ਼ਾ ਮਿਲ ਸਕੇ। ਵਿਆਜ ਦਰ 4 ਫ਼ੀਸਦੀ ਸਾਲਾਨਾ ਸਾਧਾਰਨ ਵਿਧੀ ਅਨੁਸਾਰ ਕੀਤੀ ਜਾਵੇ।

ਬਾਕੀ ਸਫ਼ਾ 30 'ਤੇ




# ਕਿੰਝ ਪੈਦਾ ਕਰੀਏ ਬੱਚਿਆਂ ਅੰਦਰ ਗੁਰਬਾਣੀ ਪ੍ਰਤੀ ਸਨੇਹ

**ਹਰਕੀਰਤ ਕੌਰ**

**9779118066**

ਪਿਛਲੇ ਦਿਨਾਂ ਵਿੱਚ 'ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਨ ਦੀ ਲੋੜ' ਸਿਰਲੇਖ ਹੇਠ ਛਪੇ ਲੇਖ ਨੂੰ ਪੜਣ ਉਪਰੰਤ ਪਾਠਕਾਂ ਦੇ ਬਹੁਤ ਸਾਰੇ ਸੁਨੇਹੇ ਵੱਖਰੇ ਵੱਖਰੇ ਵਿਚਾਰ ਸੁਣਨ ਨੂੰ ਮਿਲੇ। ਜਿਸ ਵਿੱਚ ਵੱਧ ਵਿਚਾਰ ਅਤੇ ਸਵਾਲ ਇਹ ਸੀ ਕਿ ਅੱਜ ਦੇ ਬੱਚਿਆਂ ਵਿੱਚ ਗੁਰਬਾਣੀ ਪ੍ਰਤੀ ਸਨੇਹ ਪੈਦਾ ਕਿਵੇਂ ਕੀਤਾ ਜਾਵੇ ? ਅੱਜ ਦਾ ਯੁੱਗ ਬਹੁਤ ਅਗਾਂਹ ਵਧੂ ਯੁੱਗ ਹੈ। ਹਰ ਖੇਤਰ ਵਿੱਚ ਤਰੱਕੀ ਹੋ ਰਹੀ ਹੈ ਪ੍ਰੰਤੂ ਅਫ਼ਸੋਸ ਇਹ ਹੈ ਕਿ ਅਸੀਂ ਅਗਾਂਹ ਵਧੂ ਸੋਚ ਦੇ ਗਲਤ ਅਰਥ ਸਮਝ ਬੈਠੇ ਹਾਂ। ਅੱਜ ਸਾਡੇ ਲਈ ਅਗਾਂਹ ਵਧੂ ਸੋਚ ਦੀ ਨਿਸ਼ਾਨੀ ਪਹਿਰਾਵੇ ਵਿੱਚ ਪੱਛਮੀ ਸੱਭਿਅਤਾ ਝਲਕਦੀ ਹੋਵੇ, ਵਾਧੂ ਦੀਆਂ ਕਾਸਮੈਟਿਕ ਵਸਤੂਆਂ ਨਾਲ ਸ਼ਿੰਗਾਰਿਆ ਮੁੱਖ, ਅੰਗਰੇਜ਼ੀ ਭਾਸ਼ਾ ਦੀ ਵਧੇਰੇ ਵਰਤੋਂ, ਟਿਕਟਾਕ ਤੇ ਹੋਰ ਸ਼ੋਸ਼ਲ ਮੀਡੀਆ ਐਪਸ ਦੇ ਜ਼ਰੀਏ ਬੇਤੁਕੀਆਂ ਗੱਲਾਂ ਉੱਤੇ ਹੱਸਣਾ ਅਤੇ ਵੀਡੀਓ ਬਣਾਉਣਾ ਆਦਿ ਹਨ। ਇਸੇ ਸੋਚ ਦੇ ਚੱਲਦਿਆਂ ਅਸੀਂ ਅਧਿਆਤਮਕ ਪੱਖ ਤੋਂ ਬੁਰੀ ਤਰਾਂ ਖੋਖਲੇ ਹੁੰਦੇ ਜਾ ਰਹੇ ਹਾਂ। ਆਪਣੇ ਇਤਹਾਸ ਤੋਂ ਕੋਹਾਂ ਦੂਰ ਆਈ ਜਾ ਰਹੇ ਹਾਂ ਅਤੇ ਗੁਰਬਾਣੀ ਦੇ ਉਪਦੇਸ਼ ਤੋਂ ਪਾਸਾ ਵੱਟ ਰਹੇ ਹਾਂ। ਜੇਕਰ ਮੈਂ ਗਲਤ ਨਾ ਹੋਵਾਂ ਤਾਂ 100 ਬੱਚੇ ਪਿੱਛੇ ਜੇਕਰ ਅਸੀਂ ਸਿੱਖ ਇਤਿਹਾਸ ਅਤੇ ਗੁਰਬਾਣੀ ਨਾਲ ਜੁੜੇ ਬੱਚਿਆਂ ਦੀ ਪਛਾਣ ਕਰਨੀ ਹੋਵੇ ਤਾਂ ਬਹੁਤ ਜੱਦੋ ਜਹਿਦ ਪਿਛੋਂ ਕੇਵਲ 10 ਤੋਂ 15 ਬੱਚੇ ਮਿਲਣਗੇ।

ਹੁਣ ਪਾਠਕਾਂ ਦੇ ਸਵਾਲਾਂ ਦੇ ਅਨੁਸਾਰ ਅਜਿਹੇ ਕਿਹੜੇ ਉਪਰਾਲੇ ਕੀਤੇ ਜਾਣ ਜਿਸ ਨਾਲ ਬੱਚਿਆਂ ਅੰਦਰ ਗੁਰਬਾਣੀ ਪ੍ਰਤੀ ਸਨੇਹ ਪੈਦਾ ਕੀਤਾ ਜਾ ਸਕੇ। ਸਭ ਤੋਂ ਪਹਿਲਾਂ ਤਾਂ ਹਰ ਘਰ ਦਾ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਕਿ ਉਸ ਘਰ ਦੇ ਵੱਡੇ ਖੁਦ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਹੋਣ। ਸ਼ਾਮ ਨੂੰ ਵੀ ਰਹਿਰਾਸ ਸਾਹਿਬ ਦਾ ਪਾਠ ਹੁੰਦਾ ਹੋਵੇ । ਘਰ ਵਿੱਚ ਬਜ਼ੁਰਗਾਂ ਦੁਆਰਾ ਬੱਚਿਆਂ ਨੂੰ ਇਤਹਾਸ ਵਿਚੋਂ ਸਾਖੀਆਂ ਸੁਣਾਈਆਂ ਜਾਣ। ਬੱਚਿਆਂ ਨੂੰ ਅੰਮ੍ਰਿਤ ਵੇਲੇ ਅਤੇ ਗੁਰਬਾਣੀ ਦੀ ਮਹਾਨਤਾ ਤੋਂ ਜਾਣੂ ਕਰਵਾਇਆ ਜਾਵੇ। ਇੱਥੇ ਇੱਕ ਗੱਲ ਬਹੁਤ ਧਿਆਨ ਦੇਣ ਯੋਗ ਹੈ ਕਿ ਬੱਚਿਆਂ ਨੂੰ ਕੱਟੜਤਾ ਦੇ ਨਾਮ ਤੇ ਡਰਾਇਆ ਨਾ ਜਾਵੇ। ਗੁਸਤਾਖੀ ਮੁਆਫ਼ ਪਰ ਮੈਂ ਕਈ ਕਥਾਵਾਚਕਾਂ ਨੂੰ ਜਾਂ ਬੁਲਾਰਿਆਂ ਨੂੰ ਆਪਣੇ ਬੋਲਾਂ ਦੇ ਰਾਹੀਂ ਪ੍ਰਮਾਤਮਾ ਪ੍ਰਤੀ ਸਨੇਹ ਪੈਦਾ ਕਰਨ ਦੀ ਬਜਾਇ ਇੱਕ ਅਜੀਬ ਡਰ ਪੈਦਾ ਕਰਦਿਆਂ ਸੁਣਿਆ ਹੈ। ਪ੍ਰਮਾਤਮਾ ਦਾ ਨਿਰਮਲ ਭਾਓ ਹੋਣਾ ਜਰੂਰੀ ਹੈ, ਪ੍ਰੰਤੂ ਉਹ ਕਿਸੇ ਨੂੰ ਡਰਾਉਂਦਾ ਨਹੀਂ ਹੈ। ਅਜਿਹੀਆਂ ਗੱਲਾਂ ਦੇ ਚੱਲਦੇ ਬਹੁਤ ਸਾਰੇ ਬੱਚੇ ਅਧਿਆਤਮਕ ਪੱਖ ਤੋਂ ਪੱਛੜੇ ਹੀ ਰਹਿ ਜਾਂਦੇ ਹਨ। ਸੋ ਇਸ ਗੱਲ ਦਾ ਬਹੁਤ ਖਾਸ ਧਿਆਨ ਰੱਖਿਆ ਜਾਵੇ ਕਿ ਸਾਡਾ ਸਭ ਤੋਂ ਪਹਿਲਾ ਯਤਨ ਬੱਚਿਆਂ ਵਿੱਚ ਗੁਰਬਾਣੀ ਪ੍ਰਤੀ ਸਨੇਹ ਪੈਦਾ ਕਰਨਾ ਹੈ ਨਾ ਕਿ ਬੱਚਿਆਂ ਨੂੰ ਡਰਾਉਣਾ ਜਾਂ ਕੱਟੜ ਬਣਾਉਣਾ।

ਦੂਸਰਾ ਹੀਲਾ ਇਹ ਹੋ ਸਕਦਾ ਹੈ ਕਿ ਜਿਸ ਵੀ ਸਕੂਲ ਵਿੱਚ ਤੁਸੀਂ ਆਪਣੇ ਬੱਚੇ ਨੂੰ ਪੜਨ ਲਈ ਭੇਜ ਰਹੇ ਹੋ, ਯਕੀਨੀ ਬਣਾਓ ਕਿ ਉਸ ਸਕੂਲ ਵਿੱਚ ਧਾਰਮਿਕ ਸਿੱਖਿਆ ਦਾ ਇੱਕ ਲਾਜ਼ਮੀ ਵਿਸ਼ਾ ਹੋਵੇ। ਜੇਕਰ ਸਕੂਲ ਵਿੱਚ ਵਿਸ਼ਾ ਨਹੀਂ ਹੈ ਤਾਂ ਧਾਰਮਿਕ ਸਿੱਖਿਆ ਦੇ ਵਿਸ਼ੇ ਨੂੰ ਪੜਾਉਣ ਦੀ ਮੰਗ ਕੀਤੀ ਜਾਵੇ। ਇਸ ਤੋਂ ਇਲਾਵਾ ਸਕੂਲਾਂ ਵਿੱਚ ਜਿੱਥੇ ਹੋਰ ਸੱਭਿਆਚਾਰਕ ਗਤੀਵਿਧੀਆਂ ਹੁੰਦੀਆਂ ਹਨ ਉੱਥੇ ਗੁਰਮਤਿ ਨਾਲ



ਸੰਬੰਧਿਤ ਪ੍ਰੋਗਰਾਮ ਉਲੀਕੇ ਜਾਣ, ਗੁਰਬਾਣੀ ਕੰਠ ਅਤੇ ਇਤਹਾਸ ਨਾਲ ਸਬੰਧਤ ਹੋਰ ਗੁਰਮਤਿ ਮੁਕਾਬਲੇ ਕਰਵਾਏ ਜਾਣ। ਮੈਨੂੰ ਲੱਗਦਾ ਹੈ ਕਿ ਜੇਕਰ ਅਸੀਂ ਇਸ ਗੱਲ ਵੱਲ ਗੌਰ ਫਰਮਾਈਏ ਤਾਂ ਇਹ ਸਭ ਤੋਂ ਅਸਾਨ ਅਤੇ ਪ੍ਰਭਾਵਪੂਰਵਕ ਤਰੀਕਾ ਹੋਵੇਗਾ, ਬੱਚਿਆਂ ਨੂੰ ਸਿੱਖ ਇਤਹਾਸ ਨਾਲ ਜੋੜਨ ਦਾ।

ਤੀਸਰਾ ਪੱਖ ਇਹ ਰੱਖਣਾ ਚਾਹਾਂਗੀ ਕਿ ਜਦੋਂ ਪਰਿਵਾਰ ਸਮੇਤ ਗੁਰੂਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹੋ ਤਾਂ ਉਸ ਸਮੇਂ ਕੇਵਲ ਸੈਲਫੀਆਂ ਜਾਂ ਫੋਟੋਆਂ ਖਿੱਚਣ ਵੱਲ ਹੀ ਨਾ ਕੇਂਦਰਿਤ ਰਹੀਏ, ਉਸ ਸਮੇਂ ਬੱਚਿਆਂ ਨੂੰ ਉਸ ਗੁਰਧਾਮ ਦੀ ਇਤਹਾਸਿਕ ਜਾਣਕਾਰੀ ਵੀ ਦਿੱਤੀ ਜਾਵੇ। ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਗੁਰਧਾਮਾਂ ਨੂੰ ਵੀ ਇੱਕ ਪਿਕਨਿਕ ਸਪਾੱਟ ਬਣਾ ਦਿੱਤਾ ਹੈ । ਮਾਪਿਆਂ ਨੂੰ ਇਸ ਗੱਲ ਵੱਲ ਖਾਸ ਧਿਆਨ ਦੇਣ ਦੀ ਜਰੂਰਤ ਹੈ।

ਬੱਚਿਆਂ ਵਿੱਚ ਗੁਰਬਾਣੀ ਪ੍ਰਤੀ ਸਨੇਹ ਪੈਦਾ ਕਰਨ ਲਈ ਬੱਚਿਆਂ ਨੂੰ ਸਮੇਂ ਸਮੇਂ ਤੇ ਛੋਟੇ ਮੋਟੇ ਤੋਹਫੇ ਵੀ ਦਿੱਤੇ ਜਾ ਸਕਦੇ ਹਨ, ਬੱਚਿਆਂ ਦੀ ਹੌਸਲਾ ਅਫਜਾਈ ਲਈ ਉਨਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਹੱਲਾਸ਼ੇਰੀ ਦਿੰਦੇ ਰਹੋ, ਬੱਚਿਆਂ ਦੇ ਮਨ ਬਹੁਤ ਕੋਮਲ ਹੁੰਦੇ ਹਨ ਮਾਪਿਆਂ ਦੁਆਰਾ ਕੀਤੀ ਰਤਾ ਜਿੰਨੀ ਤਾਰੀਫ਼ ਬੱਚੇ ਦੀ ਹੌਸਲਾ ਅਫਜਾਈ ਕਰਦੀ ਹੈਂ ਅਤੇ ਉਸਨੂੰ ਅਹਿਸਾਸ ਕਰਵਾਉਂਦੀ ਹੈ ਕਿ ਉਹ ਕਿਸੇ ਚੰਗੇ ਰਸਤੇ ਤੇ ਜਾ ਰਹੇ ਹਨ। ਇਹ ਕੁਝ ਬਹੁਤ ਹੀ ਨਿੱਕੇ ਨਿੱਕੇ ਉਪਰਾਲੇ ਹਨ, ਜਿੰਨਾ ਦੀ ਮਦਦ ਨਾਲ ਅਸੀਂ ਬੱਚਿਆਂ ਨੂੰ ਬਹੁਤ ਵੱਡੇ ਪੱਧਰ ਤੇ ਗੁਰਮਤਿ ਨਾਲ ਜੋੜ ਸਕਦੇ ਹਾਂ। ਇਹ ਹਰ ਮਾਪੇ ਦਾ ਫਰਜ਼ ਹੈ ਕਿ ਉਹ ਆਪਣੀ ਕੌਮ ਪ੍ਰਤੀ ਜਿੰਮੇਵਾਰੀ ਨੂੰ ਸਮਝਦੇ ਹੋਏ, ਬੱਚਿਆਂ ਨੂੰ ਗੁਰਬਾਣੀ ਨਾਲ ਜੋੜਣ ਦੇ ਵੱਖਰੇ ਵੱਖਰੇ ਹੀਲੇ ਕਰਨ। ਅੱਜ ਦੇ ਬੱਚੇ ਸਾਡੀ ਕੌਮ ਦਾ ਭਵਿੱਖ ਹਨ। ਜੇਕਰ ਅੱਜ ਅਸੀਂ ਇਸ ਨੂੰ ਅਵੇਸਲੇ ਹੋ ਨਾ ਸਾਂਭ ਸਕੇ ਤਾਂ ਆਉਣ ਵਾਲੇ ਸਮੇਂ ਵਿੱਚ ਅਸੀਂ ਆਪਣੀ ਕੌਮ ਦੇ ਕਰਜ਼ਦਾਰ ਹੋਵਾਂਗੇ।

ਮਾਪਿਆਂ, ਅਧਿਆਪਕਾਂ ਤੇ ਧਰਮ ਪ੍ਰਚਾਰਕਾਂ ਨੂੰ ਮਿਲ ਕੇ ਹੰਭਲਾ ਮਾਰ ਆਪਣੀ ਅਗਲੇਰੀ ਪੀੜੀ ਸਾਂਭਣ ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਕੌਮ ਨੂੰ ਸਮਝਦਾਰ ਤੇ ਸੁਲਝੇ ਹੋਏ ਵਾਰਿਸ ਮਿਲ ਸਕਣ।

---

# ਅਨੋਖਾ ਬਚਪਨ

## (ਵਿਅੰਗਮਈ ਵਾਰਤਾ)



**ਸੰਜੀਵ ਸਿੰਘ ਝੱਜ**

**9815150542**

ਬਚਪਨ ਹਰ ਇਨਸਾਨ ਦੀ ਜਿੰਦਗੀ ਦਾ ਰੰਗੀਨ ਪਹਿਲੂ ਹੁੰਦਾ ਹੈ।ਉਸ ਸਮੇਂ ਕੋਈ ਵੀ ਕੰਮ ਐਸਾ ਨਹੀਂ ਜਾਪਦਾ ਜੋ ਨਾ ਕੀਤਾ ਜਾ ਸਕਦਾ ਹੋਵੇ।ਹਰ ਇਕ ਕੰਮ ਦੇ ਪ੍ਰਤੀ ਸਾਕਾਰਤਮਿਕਤਾ ਦਾ ਪੱਧਰ ਬਹੁਤ ਪ੍ਰਬਲ ਹੁੰਦਾ ਹੈ। ਭਾਵੇਂ ਕੋਈ ਝੂਠਾ ਕਾਰਨਾਮਾ ਵੀ ਪੇਸ਼ ਕਰ ਦੇਵੇ ਬਚਪਨ ਉਸਨੂੰ ਵੀ ਆਪਣੀ ਕਲਪਨਾ ਦਾ ਜਾਮਾ ਪਹਿਨਾਉਣ ਲੱਗ ਪੈਂਦਾ ਹੈ। ਕੁਝ ਕੁ ਬਚਪਨ ਦੇ ਐਸੇ ਕਿੱਸੇ ਹਰ ਇਨਸਾਨ ਦੀ ਜਿੰਦਗੀ ਵਿੱਚ ਹੁੰਦੇ ਹਨ।

ਬਚਪਨ ਦੇ ਦਿਨਾਂ ਵਿੱਚ ਮੈਂ ਕਿਸੇ ਕੋਲੋਂ ਸੁਣਿਆ ਸੀ ਕਿ ਰੇਲ ਗੱਡੀ ਦੀ ਪਟੜੀ ਤੇ ਪੰਜਾਹ ਪੈਸੇ ਦਾ ਸਿੱਕਾ ਰੱਖਣ ਨਾਲ ਜਦੋਂ ਉੱਤੋਂ ਰੇਲ ਗੱਡੀ ਗੁਜ਼ਰੇਗੀ ਤਾਂ ਪੰਜਾਹ ਪੈਸੇ ਦਾ ਸਿੱਕਾ ਪੰਜ ਰੁਪਏ ਦਾ ਠੀਪਾ ਬਣ ਜਾਵੇਗਾ। ਉਦੋਂ ਪੰਜ ਰੁਪਏ ਦੀ ਸਮੋਸੇ ਛੋਲੇ ਦੀ ਪਲੇਟ ਆ ਜਾਂਦੀ ਸੀ ਉਹ ਵੀ ਫੁਲ ਪਲੇਟ। ਬਸ ਫਿਰ ਕੀ ਸੀ ਮੇਰੇ ਸੁਪਨਿਆਂ ਵਿਚ ਵੀ ਸਮੋਸੇ ਆਉਣ ਲੱਗ ਪਏ। ਮੈਂ ਪੰਜਾਹ ਪੰਜਾਹ ਪੈਸੇ ਇਕੱਠੇ ਕਰਨ ਦੇ ਕਾਰਜ ਵਿੱਚ ਜੁਟ ਗਿਆ।

ਹਫਤਾ ਕੁ ਲੱਗਾ ਹੋਵੇਗਾ, ਸ਼ਾਇਦ ਪੰਜਾਹ ਪੰਜਾਹ ਪੈਸੇ ਇਕੱਠੇ ਕਰਨ ਲਈ। ਤਕਰੀਬਨ ਦਰਜਨ ਕੁ ਸਿੱਕੇ ਮੈਂ ਏਧਰੋਂ ਉਧਰੋਂ ਗੋਲਕਾਂ ਬੁਗਣੀਆਂ ਝਾੜ ਕੇ ਅਤੇ ਘਰਵਾਲਿਆਂ ਦੇ ਮੰਗਵਾਏ ਕਰਿਆਨੇ ਵਾਲਿਆਂ ਪੈਸਿਆਂ ਵਿਚੋਂ ਟਾਂਕੇ ਲਾ ਕੇ ਇਕੱਠੇ ਕਰ ਲਏ। ਇਹ ਕੰਮ ਕਾਫੀ ਜੋਖਮ ਭਰਿਆ ਰਹਿਆ ਸੀ ਅਤੇ ਮੈਂ ਆਪਣੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਅਚਨਚੇਤ ਪੈਂਦੀ ਫੈਂਟੀ ਦਾ ਸ਼ਿਕਾਰ ਵੀ ਹੋਇਆ ਸੀ।

ਹੋਇਆ ਇਸ ਤਰਾਂ ਇਕ ਬਜ਼ੁਰਗ ਬਾਪੂ ਰਿਸ਼ਤੇਦਾਰੀ 'ਚੋਂ ਪਿਤਾ ਜੀ ਦੇ ਫੁਫੜ ਲਗਦੇ ਸਨ।ਉਹ ਅਕਸਰ ਜਦੋਂ ਵੀ ਆਉਂਦੇ ਸੀ ਤਾਂ ਜਾਣ ਲੱਗੇ ਮੈਨੂੰ ਇਕ ਦੋ ਰੁਪਈਏ ਦੇ ਜਾਂਦੇ ਸੀ। ਇੱਕ ਦਿਨ ਚੜਦੀ ਦੁਪਹਿਰੇ ਉਹ ਘਰ ਆਏ ਹੋਏ ਸਨ ਤੇ ਮੈਂ ਭੂੰਡ ਦੀ ਤਰਾਂ ਉਨਾਂ ਦੇ ਅੱਗੇ ਪਿੱਛੇ ਮੰਡਰਾ ਰਿਹਾ ਸੀ। ਜਦੋਂ ਉਹ ਜਾਣ ਲੱਗੇ ਤਾਂ ਮੇਰੇ ਪੈਰ ਭੁੰਜੇ ਨਹੀਂ ਸਨ ਲੱਗ ਰਹੇ। ਪਰ ਉਸ ਦਿਨ ਉਹ



ਮਾਤਾ ਨਾਲ ਗੱਲਾਂ ਕਰਦੇ ਕਰਦੇ ਪੈਸੇ ਦੇਣੇ ਹੀ ਭੁਲ ਗਏ ਅਤੇ ਉਨਾਂ ਸਾਇਕਲ ਉਤੋਂ ਦੀ ਲੱਤ ਦੇਤੀ।

ਜਦੋਂ ਮੈਨੂੰ ਮੇਰੀ ਪੇਮੈਂਟ ਮਰਦੀ ਦਿਸੀ ਤਾਂ ਮੇਰੇ ਕੋਲ਼ੋਂ ਰਿਹਾ ਨਾ ਗਿਆ ਅਤੇ ਮੇਰੇ ਮੂੰਹੋਂ ਇਹ ਲਫ਼ਜ਼ ਨਿਕਲ ਗਏ,'ਬਾਪੂ ਮੇਰੇ ਪੈਸੇ ਤਾਂ ਦੇਹ ਜਾ ਮੈਂ ਕਦੋਂ ਦਾ ਖੜਾ। ਬਸ ਇੰਨਾ ਕਹਿਣ ਦੀ ਹੀ ਦੇਰੀ ਸੀ ਬੇਸ਼ੱਕ ਮੇਰੀ ਪੇਮੈਂਟ ਹਰੀ ਹੋ ਗਈ ਸੀ ਪਰ ਅਗਲੇ ਈ ਮਿੰਟ ਮੈਂ ਮਾਤਾ ਦੇ ਗੋਡਿਆਂ ਥੱਲੇ ਸੀ ਤੇ ਮੇਰੇ ਜੂਤ ਫਿਰਦਾ ਲਗਭਗ ਅੱਧੇ ਪਿੰਡ ਨੇ ਬਨੇਰਿਆਂ ਤੇ ਖੜ ਖੜ ਦੇਖਿਆ ਸੀ।ਦੋ ਕ ਦਿਨ ਮੈਨੂੰ ਸੂਤ ਹੋਣ ਨੂੰ ਲੱਗ ਗਏ।ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਮੈਂ ਸਫਲਤਾ ਦਾ ਪਹਿਲਾ ਸੰਘਰਸ਼ ਭਰਿਆ ਪੜਾਅ ਪਾਰ ਕਰ ਲਿਆ ਹੋਵੇ।

ਇੰਤਜ਼ਾਰ ਦੀਆਂ ਘੜੀਆਂ ਸਮਾਪਤ ਹੋਈਆਂ ਤੇ ਮਾਤਾ ਦਾ ਨਾਨਕੇ ਜਾਣ ਦਾ ਪ੍ਰੋਗਰਾਮ ਬਣ ਗਿਆ। ਕੁਦਰਤੀ ਤੌਰ 'ਤੇ ਦਾਸ ਵੀ ਛੁੱਟੀਆਂ ਤੇ ਚੱਲ ਰਿਹਾ ਸੀ। ਪੂਰੀ ਪਲੈਨਿੰਗ ਤਹਿਤ ਮੈਂ ਸਕੂਲ ਦਾ ਸਾਰਾ ਕੰਮ ਕਰਨ ਦਾ ਸੌਦਾ ਇੱਕ ਰੁਪਈਏ ਵਿਚ ਆਪਣੇ ਇਕ ਜਮਾਤੀ ਨਾਲ ਮਾਰ ਲਿਆ ਸੀ ਤੇ ਆਪ ਮੈਂ ਉਸ ਠੇਕੇਦਾਰ ਦੀ ਤਰਾਂ ਸੁਰਖ਼ਰੂ ਮਹਿਸੂਸ ਕਰ ਰਿਹਾ ਸੀ ਜੋ ਸਬ ਕੰਟਰੈਕਟ ਤੇ ਕੰਮ ਦੇ ਕੇ ਆਪ ਕਿਸੇ ਹੋਰ ਦੀ ਖੁਰਲੀ ਬਣਾਉਣ ਦਾ ਠੇਕਾ ਫੜ ਲੈਂਦਾ ਹੈ। ਨਾਨਕੇ ਪਹੁੰਚ ਕੇ ਘੜੀ ਵਿਉਂਤਬੰਦੀ ਤਹਿਤ ਉਥੋਂ ਅੱਗੇ ਸ਼ਹਿਰ ਰਹਿੰਦੀ ਮਾਸੀ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ ਗਿਆ ਅਤੇ ਸ਼ਾਮ ਢਲਦੇ ਨੂੰ ਮੈਂ ਢੋਲੇ ਦੀਆਂ ਲਾਉਂਦਾ ਮਾਸੀ ਦੇ ਘਰ ਬਹੁੜ ਗਿਆ।

ਅਗਲੇ ਦਿਨ ਉਹ ਇਤਿਹਾਸਿਕ ਘੜੀ ਆ ਗਈ ਜਿਸ ਦਾ ਸੁਪਨਾ ਮੈਂ ਬੜੇ ਲੰਬੇ ਸਮੇਂ ਤੋਂ ਵੇਖ ਰਿਹਾ ਸੀ। ਨਹਾ ਧੋਅ ਕੇ ਇਕ ਚੇਪੀ ਤੇ ਆਪਣੀ ਜਮਾਂ ਪੂੰਜੀ ਲੈ ਕੇ ਆਪਾ ਇਤਿਹਾਸ ਸਿਰਜਣ ਲਈ ਰੇਲ ਦੀ ਪਟੜੀ ਤੇ ਪਹੁੰਚ ਗਏ। ਤਕਰੀਬਨ ਦੋ ਦੋ ਫੁੱਟ ਦੀ ਦੂਰੀ ਤੇ ਇੱਕ ਇੱਕ ਸਿੱਕਾ ਰੱਖ ਕੇ ਉਤੋਂ ਕੱਸ ਕੇ ਚੇਪੀ ਲਾਈ ਗਈ। ਇਸ ਕੰਮ ਵਿੱਚ ਮੇਰਾ ਸਾਥ ਮੇਰੇ ਮਾਸੀ ਦੇ ਬੇਟੇ ਨੇ ਦਿੱਤਾ ਜਿਸ ਨੂੰ ਮੈਂ ਪੂਰੀ ਪੇਮੈਂਟ ਦੀ ਵਸੂਲੀ ਹੋਣ ਤੋਂ ਬਾਅਦ 10% ਕਮਿਸ਼ਨ ਤੇ ਰਾਜ਼ੀ ਕੀਤਾ ਹੋਇਆ ਸੀ। ਪੌਣਾ ਘੰਟਾ ਧੁੱਪ ਵਿਚ ਸੜਨ ਤੋਂ ਬਾਅਦ ਟ੍ਰੇਨ ਦਾ ਭੋਂਪੂ ਸੁਣਾਈ ਦਿੱਤਾ ਤੇ ਮੇਰੇ ਗੁਰਦਿਆਂ ਵਿਚ ਕੁਤ ਕੁਤਾੜੀਆਂ ਹੋਣ ਲੱਗ ਪਈਆਂ। ਟ੍ਰੇਨ ਬੁੱਕਦੀ ਤੁਰੀ ਆਉਂਦੀ ਸੀ। ਡਰਦੇ ਮਾਰੇ ਆਪਾਂ ਦੋਵੇਂ ਜਣੇ ਭੱਜ ਕੇ ਕੰਧ ਪਿੱਛੇ ਲੁੱਕ ਗਏ।

ਟ੍ਰੇਨ ਗੁਜ਼ਰਨ ਤੋਂ ਬਾਲਦ ਮੈਂ ਬੀਜੇ ਬੀਜ ਦਾ ਫ਼ਲ ਲੁੱਟਣ ਲਈ ਸਿਰ ਤੇ ਪੈਰ ਰੱਖ ਕੇ ਪਟੜੀ ਵੱਲ ਨੂੰ ਦੌੜਿਆ ਤੇ ਚਾਈਂ ਚਾਈਂ ਪੰਜਾਂ ਪੰਜਾਂ ਦੇ ਠੀਪੇ ਲੱਭਣ ਡਹਿ ਪਿਆ। ਕਿੰਨਾ ਚਿਰ ਲੱਭਦੇ ਰਹੇ ਪਰ ਪੰਜਾਂ ਪੰਜਾਂ ਦੇ ਠੀਪੇ ਛੱਡੋ ਆਪਣੇ ਰੱਖੇ ਹੋਏ ਵੀ ਕਿਧਰੇ ਨਜ਼ਰ ਨਾ ਆਉਣ। ਪੰਜਾਂ ਸੱਤਾਂ ਮਿੰਟਾਂ ਮਗਰੋਂ ਜਦੋਂ ਧਿਆਨ ਨਾਲ ਦੇਖਿਆ ਤਾਂ ਮੇਰੀਆਂ ਅੱਖਾਂ ਪਾਟੀਆਂ ਰਹਿ ਗਈਆਂ। ਚੇਪੀਆਂ ਨਾਲ ਲੱਗੇ ਪੰਜਾਹ ਪੰਜਾਹ ਪੈਸੇ ਦੇ ਢਊਏ ਖੱਗਿਆਂ ਜਿੱਡੇ ਹੋਏ ਪਏ ਸਨ।ਨਾਲ ਖੜਾ ਮੇਰਾ ਕਜਨ ਕਹਿੰਦਾ,'ਮੈਨੂੰ ਲਗਦਾ ਦਸ ਦਸ ਰੁਪਏ ਦੇ ਠੀਪੇ ਬਣਾਤੇ ਰੇਲ ਨੇ ਗਲਤੀ ਨਾਲ। ਇਹ ਸੁਣਦੇ ਸਾਰ ਮੇਰੀਆਂ ਅੱਖਾਂ ਵਿਚ ਆਸ ਦੀ ਚਮਕ ਆ ਗਈ। ਅਸੀਂ ਸਾਰਾ ਕੁਝ ਇਕੱਠਾ ਕਰ ਕੇ ਡੌਰ ਭੌਰ ਹੋਏ ਭਾਈਆ ਜੀ ਦੀ ਹੱਟੀ ਤੇ ਜਾ ਪਹੁੰਚੇ।

ਮੈਂ ਬੜੇ ਰੋਹਬ ਨਾਲ ਜਾ ਕੇ ਕਿਹਾ, 'ਪੰਜਾਂ ਦੀਆਂ ਟੌਫੀਆਂ ਦੇਦੇ ਤੇ ਪੰਜ ਰੁਪਏ ਮੋੜ ਕੇ ਦੇਦੇ।ਮੈਂ ਜਿਵੇਂ ਹੀ ਸੌਦਾ ਫੜ ਕੇ ਢਊਆ ਅੱਗੇ ਕੀਤਾ ਤਾਂ ਲਗਭਗ ਸੱਤਰ ਸਾਲ ਦੇ ਬਜ਼ੁਰਗ ਨੇ ਡੂਢ ਸੋ ਦੀ ਸਪੀਟ ਨਾਲ ਧੌੜੀ ਦੀ ਜੁੱਤੀ ਚਲਾ ਕੇ ਮਾਰੀ ਜੋ ਸਿੱਧੀ ਮੇਰੀ ਪਿੱਠ ਤੇ ਲੈਂਡ ਕੀਤੀ। ਮੇਰਾ ਹਲ਼ਕ ਬਾਹਰ ਆ ਗਿਆ ਤੇ ਮੈਨੂੰ ਸਮਝ ਨਹੀਂ ਲੱਗ ਰਹੀ ਸੀ ਕਿ ਆਖਿਰ ਇਹ ਬਣਿਆ ਕੀ ? ਹਾਲੇ ਮੈਂ ਸੋਚ ਈ ਰਿਹਾ ਸੀ ਕਿ ਪ੍ਰਚੰਡ ਹੋਏ ਬਜ਼ੁਰਗ ਨੇ ਦੂਜੀ ਜੁੱਤੀ ਵੀ ਲਾਹ ਲਈ।ਖ਼ਤਰੇ ਨੂੰ ਭਾਂਪਦਿਆਂ ਜਿਉਂ ਈ ਮੈਂ ਅੱਡੀਆਂ ਨੂੰ ਚਾਬੀ ਦਿੱਤੀ ਤੇ ਪਿੱਛੇ ਮੁੜ ਕੇ ਵੇਖਿਆ ਕਜ਼ਨ ਉੱਥੇ ਹੈ ਈ ਨਹੀਂ ਸੀ।ਉਹ ਪਤੰਦਰ ਧੌੜੀ ਦੀ ਆਵਾਜ਼ ਸੁਣ ਕੇ ਪਹਿਲਾਂ ਈ ਸੇਫ ਜ਼ੋਨ ਵਿਚ ਪਹੁੰਚ ਗਿਆ ਸੀ। ਹੁਣ ਭੱਜਣ ਦੀ ਵਾਰੀ ਮੇਰੀ ਸੀ, ਬਸ ਫਿਰ ਕੀ ਸੀ ਮੇਰੇ ਖਿਆਲ ਤੋਂ ਉਦੋਂ ਐਨੇ ਜਿਆਦਾ ਕੈਮਰੇ ਨਹੀਂ ਹੁੰਦੇ ਸਨ ਨਹੀਂ ਸ਼ਾਇਦ ਮਿਲਖਾ ਸੂ ਦਾ ਦੌੜ ਵਾਲਾ ਰਿਕਾਰਡ 1994 ਵਿਚ ਹੀ ਮੇਰੇ ਨਾਮ ਹੋ ਜਾਣਾ ਸੀ।

# ਮੋਬਾਇਲ ਗੇਮਾਂ ਵਿੱਚ ਗੁਆਚ ਰਿਹਾ ਬਚਪਨ



## ਇਕਵਾਕ ਸਿੰਘ ਪੱਟੀ

ਬਚਪਨ ਦਾ ਸੁਖਦ ਅਹਿਸਾਸ ਹੁੰਦੀ ਹੈ 'ਖੇਡ', ਉਹ ਖੇਡ ਜੋ ਬਚਪਨ ਵਿੱਚ ਬੱਚੇ ਨੂੰ ਸੱਭ ਤੋਂ ਜਿਆਦਾ ਪਸੰਦ ਹੋਵੇ। ਜਿਸ ਨੂੰ ਖੇਡ ਕੇ ਮਨ ਨੂੰ ਸਕੂਨ ਮਿਲੇ। ਖ਼ਾਸ ਤੌਰ 'ਤੇ ਜੇਕਰ ਖੇਡ, ਖੇਡਦਿਆਂ ਬੱਚੇ ਦੇ ਮਾਨਸਿਕ ਅਤੇ ਸਰੀਰਿਕ ਵਿਕਾਸ ਵਿੱਚ ਵਾਧਾ ਹੁੰਦਾ ਹੋਵੇ ਤਾਂ ਉਹ ਖੇਡ ਮੁਬਾਰਕ ਮੰਨੀ ਜਾਂਦੀ ਹੈ। ਖੇਡਾਂ ਦੋ ਪ੍ਰਕਾਰ ਦੀਆਂ ਮੰਨੀਆਂ ਗਈਆਂ ਹਨ ਇੱਕ ਤਾਂ ਘਰ ਬਹਿ ਕੇ ਖੇਡਣ ਵਾਲੀਆਂ ਖੇਡਾਂ ਅਤੇ ਦੂਜਾ ਘਰੋਂ ਬਾਹਰ ਨਿਕਲ ਕੇ ਖੇਡੀਆਂ ਜਾਣ ਵਾਲੀਆਂ। ਕੁੱਝ ਖੇਡਾਂ ਕਿਤੇ ਵੀ ਕਿਸੇ ਸਮੇਂ ਵੀ ਖੇਡੀਆਂ ਜਾ ਸਕਦੀਆਂ ਸਨ, ਜਿਨਾਂ ਵਿੱਚੋਂ ਅੰਤਾਕਸ਼ਰੀ ਸੱਭ ਤੋਂ ਮਕਬੂਲ ਖੇਡ ਰਹੀ ਹੈ। ਇਸੇ ਤਰਾਂ ਘਰ ਵਿੱਚ ਆਪਣੇ ਛੋਟੇ-ਵੱਡੇ ਭੈਣ ਭਰਾਵਾਂ ਨਾਲ ਰਲ ਮਿਲ ਕੇ ਕੈਰਮਬੋਰਡ, ਸ਼ਤਰੰਜ, ਲੁਡੋ, ਲੁੱਕਣਮੀਚੀ, ਦਿਮਾਗੀ ਕਸਰਤ ਰਹੀ ਸੱਭ ਤੋਂ ਅਹਿਮ ਬੁਝਾਰਤਾਂ ਪਾਉਣੀਆਂ ਅਤੇ ਬੁਝਣੀਆਂ, ਬਲਾਕ ਬਣਾਉਣੇ, ਅੱਖਰਾਂ ਦੀ ਪਹਿਚਾਣ ਕਰਨੀ, ਰੱਸੀ ਟੱਪਣਾ, ਬਾਰਾਂ ਟਹਿਣੀ, ਕਲੀ-ਜੋਟਾ, ਪੀਂਘ ਝੂਟਣਾ ਵਰਗੀਆਂ ਅਨੇਕਾਂ ਖੇਡਾਂ ਬੱਚੇ ਘਰਾਂ ਵਿੱਚ ਖੇਡ ਸਕਦੇ ਸਨ ਅਤੇ ਬਾਹਰ ਜਾ ਕੇ ਸਕੂਲ ਦੇ ਖੇਡ ਮੈਦਾਨ ਵਿੱਚ ਜਾਂ ਆਪਸੀ ਨੇੜੇ ਦੇ ਗਲੀ ਮੁਹੱਲਿਆਂ ਵਿੱਚ ਰਲ ਮਿਲ ਕੇ ਬੱਚੇ-ਬੱਚੀਆਂ ਨੇ ਸਟਾਪੂ, ਬਾਂਦਰ ਕਿੱਲਾ, ਛੂਹਣ-ਛਪਾਈ, ਗੀਟੀਆਂ, ਬਂਟੇ, ਖੋ-ਖੋ, ਚਿੜੀ-ਛਿੱਕਾ (ਬੈਡਮਿੰਟਨ), ਕੋਟਲਾ ਛਪਾਕੀ, ਲਾਟੂ ਦਾ ਮੁਕਾਬਲਾ, ਅੱਡੀ-ਛੜੱਪਾ, ਪਿੱਠੂ ਗਰਮ ਆਦਿ ਅਣਗਿਣਤ ਖੇਡਾਂ ਖੇਡਣੀਆਂ।

ਅਜੋਕੇ ਦੌਰ ਵਿੱਚ ਤੀਸਰੇ ਤਰਾਂ ਦੀਆਂ ਖੇਡਾਂ ਨੇ ਵੀ ਨਿਰੰਤਰ ਅਤੇ ਤੇਜ਼ੀ ਨਾਲ ਵਿਕਾਸ ਕੀਤਾ ਹੈ। ਭਾਵੇਂ ਕਿ ਬੀਤੇ ਸਮੇਂ ਵਿੱਚ ਇਲੈਕਟ੍ਰੌਨਿਕ ਖੇਡਾਂ ਦੇ ਰੂਪ ਵਿੱਚ ਵੀਡੀਉ ਗੇਮਜ਼ ਨੇ ਆਪਣੀ ਥਾਂ ਬਣਾਈ ਸੀ, ਪਰ ਫਿਰ ਵੀ ਉਹ ਹਰ ਬੱਚੇ ਦੀ ਪਹੁੰਚ ਵਿੱਚ ਨਾ ਹੋਣ ਦੇ ਨਾਲ ਮਹਿੰਗੀ ਹੋਣ ਕਾਰਣ ਆਪਣੀ ਥਾਂ ਜਮਾਉਣ ਵਿੱਚ ਜਿਆਦਾ ਪ੍ਰਾਪਤੀ ਨਹੀਂ ਕਰ ਸਕੀ। ਪਰ ਮੋਬਾਇਲ ਅਤੇ ਮੋਬਾਇਲ ਤੋਂ ਬਾਅਦ ਸਮਾਰਟ ਫੋਨਾਂ ਵਿੱਚ ਚੱਲਣ ਵਾਲੀਆਂ ਗੇਮਾਂ ਨੇ ਬੱਚਿਆਂ ਦੇ ਬਚਪਨ ਤੋਂ ਲੈ ਕੇ ਵੱਡਿਆਂ ਦੇ ਕੀਮਤੀ ਸਮੇਂ ਨੂੰ ਵੀ ਆਪਣੀ ਪਕੜ ਵਿੱਚ ਕਰ ਲਿਆ ਹੈ।

ਬਿਨਾਂ ਸ਼ੱਕ ਅਜਿਹੀਆਂ ਖੇਡਾਂ ਨੇ ਬੱਚਿਆਂ ਦਾ ਬਚਪਨ ਤਾਂ ਖੋਹਿਆ ਹੀ ਹੈ, ਪਰ ਉਸਦੇ ਨਾਲ ਕਈ ਬਿਮਾਰੀਆਂ ਨੂੰ ਵੀ ਜਨਮ ਦਿੱਤਾ ਹੈ। ਮੋਬਾਇਲ ਫੋਨ ਦੀ ਪਕੜ ਵਿੱਚ ਆਇਆ ਬਚਪਨ ਕੇਵਲ ਵਿੱਦਿਆ ਤੋਂ ਹੀ ਦੂਰ ਨਹੀਂ ਹੋ ਰਿਹਾ ਸਗੋਂ ਅੱਖਾਂ ਦੀ ਬਿਮਾਰੀਆਂ ਤੋਂ ਵੀ ਪੀੜਿਤ ਹੋ ਰਿਹਾ ਹੈ, ਉਸਦੇ ਨਾਲ ਪਰਵਾਰਕ ਸਾਂਝ ਤੋਂ ਵੀ ਟੁੱਟ ਰਿਹਾ ਹੈ। ਨੈਤਿਕਤਾ,





ਮਿਲਣਸਾਰਤਾ, ਆਪਸੀ ਸਾਂਝ ਤੋਂ ਦੂਰ ਹੋ ਕੇ ਇੱਕਲੇਪਣ ਅਤੇ ਚਿੜਚੜੇਪਣ ਦਾ ਸ਼ਿਕਾਰ ਵੀ ਹੋ ਰਿਹਾ ਹੈ। ਇੱਕ ਨਹੀਂ ਬਲਕਿ ਹੁਣ ਹਜ਼ਾਰਾਂ ਹੀ ਗੇਮਾਂ ਅੱਖ ਚਪਕਦੇ ਹੀ ਫੋਨ ਵਿੱਚ ਡਾਊਨਲੋਡ ਹੋ ਜਾਂਦੀਆਂ ਹਨ ਅਤੇ ਮਿੰਟਾਂ ਸਕਿੰਟਾਂ ਵਿੱਚ ਹੀ ਗੇਮਾਂ ਰਾਹੀਂ ਮੋਬਾਇਲ ਦੀ ਤਿੱਖੀ ਰੋਸ਼ਨੀ ਬੱਚਿਆਂ ਦੀਆਂ ਅੱਖਾਂ ਅਤੇ ਦਿਮਾਗ ਤੇ ਕਾਬੂ ਪੈ ਲੈਂਦੀ ਹੈ। ਪਿਛਲੇ ਸਮੇਂ ਮੋਬਾਇਲ ਖੇਡਾਂ ਰਾਹੀਂ ਮਿਲਣ ਵਾਲੇ ਚੈਲੰਜਾਂ ਕਾਰਣ ਕਈ ਕੀਮਤੀ ਜਾਨਾਂ ਭੰਗ ਦੇ ਭਾੜੇ ਗਈਆਂ ਸਨ। ਕਈ ਵਾਰ ਤਾਂ ਮਾਪੇ ਵੀ ਬੱਚਿਆਂ ਨੂੰ ਆਹਰੇ ਲਗਾਉਣ ਲਈ ਆਪ ਮੋਬਾਇਲ ਉਨਾਂ ਦੇ ਹੱਥੀਂ ਫੜਾ ਦਿੰਦੇ ਹਨ।

ਮੌਜੂਦਾ ਸਮੇਂ ਵਿੱਚ ਮੋਬਾਇਲ ਗੇਮਾਂ ਵਿੱਚ 'ਪਬਜੀ ਅਤੇ ਫੋਰਟਨਾਈਟ' ਸੱਭ ਤੋਂ ਪਸੰਦੀਦਾ ਗੇਮਾਂ ਬਣ ਚੁੱਕੀਆਂ ਹਨ। ਇਹਨਾਂ ਦੋਹਾਂ ਗੇਮਾਂ ਨੇ ਬੱਚਿਆਂ ਅਤੇ ਵੱਡਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਗੇਮਿੰਗ ਐਨਾਲਾਇਟਿਕਸ ਫਰਮ ਦੀ ਖਬਰ ਦੇ ਅਨੁਸਾਰ ਵਿਸ਼ਵ ਭਰ ਵਿੱਚ ਮੋਬਾਇਲ ਗੇਮਾਂ ਤੋਂ 138 ਅਰਬ ਡਾਲਰ (ਲਗਭਗ 9700 ਅਰਬ ਰੁਪਏ) ਤੋਂ ਜਿਆਦਾ ਕਮਾਈ ਕੀਤੀ ਜਾ ਚੁੱਕੀ ਹੈ।

ਇਸ ਖਬਰ ਅਨੁਸਾਰ ਦੁਨੀਆ ਭਰ ਵਿੱਚ ਮੋਬਾਇਲ ਵੀਡੀਓ ਗੇਮਰਜ਼ ਦੀ ਗਿਣਤੀ 2.3 ਅਰਬ ਹੀ ਜਿਸ ਵਿੱਚੋ ਦੇਸ਼ ਵਿੱਚ ਮੋਬਾਇਲ ਗੇਮਾਂ ਖੇਡਣ ਵਾਲਿਆਂ ਦੀ ਗਿਣਤੀ 22 ਕਰੋੜ ਦੇ ਕਰੀਬ ਬਣਦੀ ਹੈ ਅਤੇ 68 ਫੀਸਦੀ ਬੱਚੇ ਮੋਬਾਇਲ ਤੇ ਕੋਈ ਨਾ ਕੋਈ ਗੇਮ ਖੇਡਦੇ ਹਨ। ਜਿਨਾਂ ਵਿੱਚੋਂ 52 ਫੀਸਦੀ ਬੱਚੇ ਪਬਜੀ ਗੇਮ ਖੇਡਦੇ ਹਨ। ਕੁੱਝ ਬੱਚੇ ਤਾਂ ਰੋਜ਼ਾਨਾ 4 ਤੋਂ 14 ਘੰਟੇ ਤੱਕ ਮੋਬਾਇਲ ਤੇ ਗੇਮਾਂ ਖੇਡਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਇਸ ਸਾਲ ਮੋਬਾਇਲ ਦੇ ਵੀਡੀਓ ਗੇਮਾਂ ਖੇਡਣ ਦੀ ਆਦਤ ਨੂੰ ਇੱਕ ਮਾਨਸਿਕ ਰੋਗ ਦੇ ਤੌਰ ਤੇ ਸਵਿਕਾਰ ਕਰ ਲਿਆ ਹੈ ਅਤੇ ਇਸ ਨੂੰ ਗੇਮਿੰਗ ਡਿਸਆਰਡਰ ਦਾ ਨਾਂ ਦਿੱਤਾ ਗਿਆ ਹੈ। ਪਿਛਲੇ ਦੋ ਸਾਲਾਂ ਵਿੱਚ ਮੋਬਾਇਲ ਖੇਡ ਰੋਗੀਆਂ ਦੀ ਗਿਣਤੀ ਤਿੰਨ ਗੁਣ ਵਧ ਗਈ ਹੈ ਅਤੇ ਇਸ ਵਿੱਚ ਜ਼ਿਆਦਾ ਵਾਧਾ ਉਸ ਸਮੇਂ ਤੋਂ ਹੋ ਰਿਹਾ ਹੈ ਜਦੋਂ 2016 ਵਿੱਚ ਇੰਟਰਨੈੱਟ ਸਸਤਾ ਹੋਇਆ ਸੀ। ਇੱਕ ਖਬਰ ਅਨੁਸਾਰ ਸਾਰੀ ਰਾਤ ਮੋਬਾਇਲ ਗੇਮ ਖੇਡਣ ਵਾਲੇ ਇੱਕ ਬੱਚੇ ਨੂੰ ਸਕੂਲੋਂ ਕੱਢ ਦਿੱਤਾ ਗਿਆ, ਕਿਉਂਕਿ ਇੱਕ ਤਾਂ ਉਹ ਪੜਾਈ ਵਿੱਚ ਪਛੜਨ ਲੱਗ ਪਿਆ ਸੀ ਅਤੇ ਜੇਕਰ ਮਾਤਾ-ਪਿਤਾ ਗੇਮ ਖੇਡਣ ਤੋਂ ਰੋਕਦੇ ਤਾਂ ਘਰ ਵਿੱਚ ਪਏ ਸਮਾਨ ਦੀ ਭੰਨ-ਤੋੜ ਸ਼ੁਰੂ ਕਰ ਦਿੰਦਾ ਸੀ ਅਤੇ ਉਸਦਾ ਭਾਰ ਵੀ ਵੱਧਣ ਲੱਗ ਪਿਆ ਸੀ। ਡਾਕਟਰੀ ਸਹਾਇਤਾ ਅਤੇ ਮਾਹਰਾਂ ਨਾਲ 25 ਮੀਟਿੰਗਾਂ ਕਰਨ ਤੋਂ ਬਾਅਦ ਉਹ ਦਿਮਾਗੀ ਤੌਰ 'ਤੇ ਕੁੱਝ ਸੰਤੁਲਿਤ ਹੋ ਸਕਿਆ। ਇਸੇ ਤਰਾਂ ਬਹੁਤ ਸਾਰੇ ਬੱਚੇ ਆਪਣੇ ਇਮਤਿਹਾਨਾਂ ਵਿੱਚ ਵੀ ਫੇਲ ਹੋ ਰਹੇ ਹਨ ਜੋ ਜਿਆਦਾ ਸਮਾਂ ਮੋਬਾਇਲ ਫੋਨਾਂ 'ਤੇ ਬਿਤਾ ਰਹੇ ਹਨ। ਪਬਜੀ ਗੇਮ ਬਣਾਉਣ ਵਾਲਿਆਂ ਦੀ ਪ੍ਰਤੀ ਦਿਨ ਦੀ ਔਸਤ ਕਮਾਈ 12 ਕਰੋੜ ਰੁਪਏ ਤੱਕ ਹੈ ਅਤੇ ਹੁਣ ਤੱਕ 20 ਕਰੋੜ ਵਾਰ ਡਾਊਨਲੋਡ ਕੀਤੀ ਜਾ ਚੁੱਕੀ ਹੈ। ਖੈਰ! ਮੁੜ ਵਿਸ਼ੇ ਵੱਲ ਆਈਏ ਤਾਂ ਅੱਜ ਸਾਨੂੰ ਆਪਣੇ ਬੱਚਿਆਂ ਦੇ ਨੇੜੇ ਜਾਣਾ ਚਾਹੀਦਾ ਹੈ। ਆਪ ਵੀ ਮੋਬਾਇਲ ਦੀ ਬੇਲੋੜੀ ਵਰਤੋਂ ਘਟਾ ਕੇ ਹੀ ਬੱਚਿਆਂ ਦੀ ਮੋਬਾਇਲ ਤੋਂ ਦੂਰੀ ਬਣਾ ਸਕਦੇ ਹਾਂ। ਘਰ ਵਿੱਚ ਹੋਰ ਖੇਡੀਆਂ ਜਾਣ ਵਾਲੀਆਂ ਗੇਮਾਂ ਦੀ ਹੋਂਦ ਅਤੇ ਬੱਚਿਆਂ ਨੂੰ ਮਾਤਾ ਪਿਤਾ ਵੱਲੋਂ ਦਿੱਤਾ ਗਿਆ ਸਮਾਂ ਹੀ ਬੱਚਿਆਂ ਨੂੰ ਮੋਬਾਇਲ ਖੇਡ ਰੋਗੀ ਬਣਨ ਤੋਂ ਬਚਾ ਸਕਦਾ ਹੈ। ਭਾਵੇਂ ਕਿ ਔਖਾ ਜ਼ਰੂਰ ਹੈ, ਪਰ ਨਾ-ਮੁਮਕਿਨ ਨਹੀਂ ਹੈ। ਬੱਚਿਆਂ ਨੂੰ ਸਮਝਾਉਣ ਦੀ ਲੋੜ ਹੈ ਕਿ ਖੇਡਾਂ ਦਾ ਮਤਲਬ ਮੋਬਾਇਲ ਨਹੀਂ, ਪਸੀਨਾ ਕੱਢਣਾ ਹੁੰਦਾ ਹੈ ਤਾਂ ਕਿ ਬੱਚਿਆਂ ਦਾ ਸਰੀਰਿਕ ਅਤੇ ਮਾਨਸਿਕ ਵਿਕਾਸ ਹੋ ਸਕੇ। ਇਸ ਦੇ ਨਾਲ ਹੀ ਬੱਚਿਆਂ ਵਿੱਚ ਸਕੂਲਾਂ/ਕਾਲਜਾਂ ਵੱਲੋਂ ਵੀ ਖੇਡਾਂ ਪ੍ਰਤੀ ਦਿਲਚਸਪੀ ਪੈਦਾ ਕੀਤੇ ਜਾਣ ਦੇ ਯਤਨ ਕਰਨੇ ਚਾਹੀਦੇ ਹਨ।

# ਖਾ ਗਏ ਮੋਬਾਇਲ ਬਚਪਨ ਅਤੇ ਜਵਾਨੀ

**ਇਕਬਾਲ ਸਿੰਘ ਬਰਾੜ**

ਮੋ. : 98145-00156

ਜੇਕਰ ਕੁਝ ਦਹਾਕੇ ਪਿਛੇ ਵੱਲ ਝਾਤ ਮਾਰੀਏ ਤਾਂ ਸੱਚਮੁੱਚ ਹੀ ਲਗਦਾ ਹੈ ਕਿ ਕਿਥੇ ਗਏ ਉਹ ਬਚਪਨ ਅਤੇ ਜਵਾਨੀ ਜਿਸ ਸਮੇ ਛੋਟੇ-ਛੋਟੇ ਬਾਲ ਗੁੱਡੀਆਂ-ਪਟੋਲੇ, ਗੁੱਲੀ ਡੰਡਾ, ਬੰਟੇ, ਲੁੱਕਣ ਮੀਚੀ, ਬਾਂਦਰ ਕਿੱਲਾ ਆਦਿ ਛੋਟੀਆਂ-2 ਖੇਡਾਂ ਨਾਲ ਖੇਡਦੇ ਖੇਡਦੇ ਵੱਡੇ ਹੋ ਜਾਂਦੇ ਪਤਾ ਹੀ ਨਾ ਚਲਦਾ। ਇਸ ਤਰਾਂ ਜਦ ਜਵਾਨੀ ਵਿੱਚ ਪੈਰ ਧਰਦੇ ਤਾਂ ਬੇਬੇ-ਬਾਪੂ ਹੌਲੀ-2 ਕੰਮਾਂ ਵਿੱਚ ਲਗਾ ਲੈਂਦੇ ਪਰ ਉਸ ਸਮੇਂ ਜੋ ਬਚਪਨ ਅਤੇ ਜਵਾਨੀ ਦਾ ਆਨੰਦ ਸੀ ਉਹ ਵੱਖਰਾ ਹੀ ਹੁੰਦਾ ਸੀ ਇਕ ਦੂਸਰੇ ਪ੍ਰਤੀ ਪਿਆਰ ਅਤੇ ਵਫਾਦਾਰੀ ਅਤੇ ਆਗਿਆਕਾਰੀ ਹੁੰਦਾ ਸੀ। ਪਰ ਇਸ ਦੇ ਮੁਕਾਬਲੇ ਅੱਜ ਦੇ ਬਚਪਨ ਅਤੇ ਜਵਾਨੀ ਦੀ ਗੱਲ ਕਰੀਏ ਤਾਂ ਬਹੁਤ ਵੱਖਰਾ ਹੀ ਅਨੁਭਵ ਹੁੰਦਾ ਹੈ। ਅੱਜ ਦੇ ਬੱਚਿਆ ਨੇ ਤਾਂ ਬਚਪਨ ਦੀਆਂ ਖੇਡਾਂ ਗੁੱਡੀਆਂ-ਪਟੋਲੇ, ਗੁੱਲੀ ਡੰਡਾ, ਬੰਟੇ ਆਦਿ ਸ਼ਾਇਦ ਦੇਖੀਆਂ ਹੀ ਨਾ ਹੋਣ। ਪਰ ਹੁਣ ਇਨਾਂ ਖੇਡਾਂ ਦੀ ਜਗਾਂ ਇਲੈਕਟ੍ਰੌਨਿਕ ਗੇਮਾਂ ਅਤੇ ਮੋਬਾਇਲਾਂ ਨੇ ਲੈ ਲਈ ਹੈ। ਇਸ ਦੇ ਨਾਲ-ਨਾਲ ਮਾਪੇ ਵੀ ਆਪਣੇ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜ ਕੇ ਰੱਖਣ ਦੀ ਬਜਾਏ ਉਨਾਂ ਨੂੰ ਆਧੁਨਿਕ ਯੁੱਗ ਕਹਿ ਕੇ ਖੇਡਣ ਲਈ ਇਲੈਕਟ੍ਰੌਨਿਕ ਗੇਮਾਂ ਅਤੇ ਮੋਬਾਇਲ ਲੈ ਕੇ ਦੇਣ ਵਿੱਚ ਮਾਣ ਮਹਿਸੂਸ ਕਰਦੇ ਹੋਏ ਇਕ ਦੂਸਰੇ ਨੂੰ ਦਸਦੇ ਹਨ ਸਾਡਾ ਛੋਟਾ ਜਿਹਾ ਬੱਚਾ ਹੀ ਸਮਾਰਟ ਫੋਨ ਮਿੰਟੋ ਮਿੰਟੀ (ਬੜੀ ਤੇਜ਼ੀ) ਨਾਲ ਚਲਾ ਲੈਂਦਾ ਹੈ। ਇਸ ਤਰਾਂ ਦੇ ਬਚਪਨ ਵਿੱਚ ਪਲਿਆ ਹੋਇਆ ਬੱਚਾ ਹਮੇਸ਼ਾ ਹੀ ਸਾਡੇ ਪੰਜਾਬੀ ਸਭਿਆਚਾਰ ਨੂੰ ਗ੍ਰਹਿਣ ਨਹੀਂ ਕਰ ਪਾਵੇਗਾ ਅਤੇ ਉਹ ਆਧੁਨਿਕ ਯੁੱਗ ਦੇ ਸਮੇਂ ਅਨੁਸਾਰ ਹੀ ਚੀਜ਼ਾਂ ਦੀ ਮੰਗ ਰੱਖੇਗਾ ।

ਇਸੇ ਤਰਾਂ ਨਵੀ ਜਨਰੇਸ਼ਨ ਦੇ ਬੱਚੇ ਹੀ ਬਚਪਨ ਤੋਂ ਬਾਅਦ ਜਦ ਜਵਾਨੀ ਦੀ ਦਹਿਲੀਜ 'ਤੇ ਪੈਰ ਰੱਖਦੇ ਹਨ ਤਾਂ ਉਹੀ ਬੱਚੇ ਮਹਿੰਗੇ ਮਹਿੰਗੇ ਸਮਾਰਟ ਫੋਨਾਂ ਦੀ ਮੰਗ ਕਰਦੇ ਆਮ ਦੇਖੇ ਜਾ ਸਕਦੇ ਹਨ ਪਰ ਸਧਾਰਨ ਘਰਾਂ ਦੇ ਮਾਤਾ ਪਿਤਾ ਬੱਚੇ ਦੀ ਅਜਿਹੀ ਮੰਗ ਨੂੰ ਪੂਰਾ ਕਰਨ ਦੇ ਅਸਮਰਥ ਹੋਣ ਦੇ ਬਾਵਜੂਦ ਵੀ ਕਰਜਾ ਚੁੱਕ ਕੇ ਵੀ ਬੱਚੇ ਦੀ ਜਿੱਦ 'ਤੇ ਫੁੱਲ ਚੜਾਉਣ ਨੂੰ ਵੀ ਵਡਿਆਈ ਸਮਝਦੇ ਹਨ। ਗੱਲ ਇੱਥੇ ਹੀ ਖਤਮ ਨਹੀਂ ਹੋ ਜਾਂਦੀ ਫਿਰ ਹੀ ਸਮਾਟ ਬੱਚੇ ਆਪਣੇ ਸਮਾਰਟ ਫੋਨਾਂ ਤੇ ਸੋਸ਼ਲ ਨੈਟਵਰਕ ਉਪਰ ਜਿਵੇਂ ਫੇਸਬੁੱਕ, ਵੱਟਸੱਪ, ਇੰਸਟਾਗ੍ਰਾਮ ਜਾਂ ਪਬਜੀ ਗੇਮਜ ਆਦਿ ਵਿੱਚ ਇੰਨੇ ਲੀਨ ਹੋ ਜਾਂਦੇ ਹਨ ਕਿ ਉਨਾਂ ਨੂੰ ਸਮੇਂ ਸਿਰ ਖਾਣਾ ਪੀਣਾ, ਰਿਸ਼ਤੇ-ਨਾਤੇ ਅਤੇ ਪਰਿਵਾਰ ਦੇ ਮੈਂਬਰ ਆਦਿ ਤੱਕ ਭੁੱਲ ਜਾਂਦੇ ਹਨ। ਕਈ ਵਾਰ ਤਾਂ ਇਥੋਂ ਤੱਕ ਨੌਬਤ ਆ ਜਾਂਦੀ ਹੈ ਕਿ ਹੈਡਫੋਨ ਜ਼ਿਆਦਾ ਸਮਾਂ ਲੱਗੇ ਰਹਿਣ ਨਾਲ ਕੰਨਾਂ ਦੇ ਪਰਦੇ ਖਰਾਬ ਹੋ ਜਾਂਦੇ ਹਨ। ਇਸ ਤਰਾਂ ਫੋਨਾਂ ਵਿੱਚ ਰੁਝੇ ਹੋਏ ਬੱਚੇ ਪੜਾਈ ਨੂੰ ਅੱਧ ਵਿਚਕਾਰ ਹੀ ਛੱਡਦੇ ਹੋਏ ਸਕੂਲਾਂ ਜਾਂ ਕਾਲਜਾਂ ਵਿਚੋਂ ਹਟਣ ਨੂੰ ਹੀ ਤਰਜੀਹ ਦਿੰਦੇ ਵੀ ਦੇਖੇ ਜਾ ਸਕਦੇ ਹਨ। ਜਿਨਾਂ ਦਾ ਭਵਿੱਖ ਬਹੁਤ ਘਾਤਕ ਸਿੱਧ ਹੁੰਦਾ ਹੈ ।

ਜੇਕਰ ਆਪਾਂ ਪਿਛਲੇ ਦਹਾਕੇ ਬਿਨਾਂ ਮੋਬਾਇਲ ਵਾਲੇ ਯੁੱਗ ਅਤੇ ਅੱਜ ਦੇ ਆਧੁਨਿਕ ਯੁੱਗ ਦਾ ਤੁਲਨਾਤਮਕ ਅਧਿਐਨ ਕਰੀਏ ਤਾਂ ਮੋਬਾਇਲ ਜਿਥੇ ਸਾਡੇ ਮਨੁੱਖੀ ਜੀਵਨ ਵਿੱਚ ਬਹੁਤ ਅਹਿਮ ਰੋਲ ਅਦਾ ਕਰ ਰਹੇ ਹਨ ਤਾਂ ਉਥੇ ਸਾਨੂੰ ਸਾਡੇ ਪੰਜਾਬੀ ਸੱਭਿਆਚਾਰ ਨਾਲੋਂ ਤੋੜ ਕੇ ਸਾਡੇ ਬੱਚਿਆਂ ਦੇ ਬਚਪਨ ਅਤੇ ਜਵਾਨੀ ਨੂੰ ਘੁਣ ਵਾਂਗ ਖਾ ਰਹੇ ਹਨ ਜਿਵੇਂ ਬੱਚਿਆਂ ਦੀ ਯਾਦਦਾਸ਼ਤ ਨੂੰ ਕਮਜ਼ੋਰ ਕਰਨਾ, ਅੱਖਾਂ ਦੀ ਰੌਸ਼ਨੀ ਦਾ ਘਟਣਾ, ਅਣਮੁੱਲੇ ਸਮੇਂ ਅਤੇ ਪੈਸੇ ਦੀ ਬਰਬਾਦੀ ਆਦਿ।

ਅੰਤ ਵਿੱਚ ਮੈਂ ਇਹੀ ਕਹਿਣਾ ਚਾਹਾਂਗਾਂ ਕਿ ਆਪਣੇ ਬੱਚਿਆਂ ਨੂੰ ਅੱਜ ਦੇ ਆਧੁਨਿਕ ਯੁੱਗ ਦੇ ਨਾਲ-ਨਾਲ ਆਪਣੇ ਪੁਰਾਤਨ ਪੰਜਾਬੀ ਸਭਿਆਚਾਰ ਬਾਰੇ ਜਾਣੂ ਕਰਵਾਉਂਦੇ ਹੋਏ ਸਭਿਆਚਾਰਕ ਖੇਡਾਂ ਮੁਤਾਬਕ ਖੇਡਣ ਲਈ ਵੀ ਪ੍ਰੇਰਿਤ ਕਰੋ ਤਾਂ ਜੋ ਆਉਣ ਵਾਲੇ ਭਵਿੱਖ ਵਿੱਚ ਵੀ ਅਸੀਂ ਆਪਣੀਆਂ ਸਭਿਆਚਾਰਕ ਖੇਡਾਂ ਗੁੱਡੀਆਂ-ਪਟੋਲੇ, ਗੁੱਲੀ ਡੰਡਾ, ਬੰਟੇ, ਲੁੱਕਣ ਮੀਚੀ ਆਦਿ ਨੂੰ ਜਿਉਂਦੇ ਰੱਖਣ ਦੇ ਨਾਲ ਨਾਲ ਇਲੈਕਟ੍ਰੌਨਿਕ ਗੇਮਾਂ ਅਤੇ ਮੋਬਾਇਲਾਂ ਨਾਲ ਬੱਚਿਆਂ ਦੇ ਬਚਪਨ ਉਪਰ ਪੈਣ ਵਾਲੇ ਬੁਰੇ ਪ੍ਰਭਾਵਾਂ ਤੋਂ ਬਚਾ ਸਕੀਏ।

# ਅੰਗੂਰਾਂ ਦੇ ਗੁੱਛੇ

## ਅਜਮੇਰ ਸਿੰਘ ਖ਼ਾਲਸਾ

ਕੱਲ ਜਿਹੜੀਆਂ ਨਿੱਕੀਆਂ ਨਿੱਕੀਆਂ ਤੋਤਲੀਆਂ ਜੁਬਾਨਾਂ ਮੰਮੀ-ਮੰਮੀ, ਪਾਪਾ-ਪਾਪਾ ਕਰਦੀਆਂ ਸੀ ।

ਅੱਜ ਸਕੂਲ ਨਾ ਜਾਣ ਦੀ ਜਿੱਦ ਵੀ ਨਈਂ ਕਰਨਗੀਆਂ । ਜਿਹੜੀਆਂ ਕੋਮਲ ਕਲੀਆਂ ਰਾਤ-ਰਾਤ ਮਾਂ ਦੀ ਹਿੱਕ ਨਾਲ ਚਿੰਬੜ ਕੇ ਸੌਂਦੀਆਂ ਸੀ । ਰਾਤ ਨੂੰ ਸੁੱਤੇ ਸਿਧ ਮਾਂ ਦੀ ਬਾਂਹ ਕਿੱਤੇ ਸਿਰ ਥੱਲਿਉਂ ਨਿਕਲ ਜਾਣੀ ਤਾਂ ਖਿੱਚ ਕਿ ਫੇਰ ਸਿਰ ਥੱਲੇ ਕਰ ਲੈਣੀ।

ਅੱਜ ਉਹ ਕੋਮਲ ਕਲੀਆਂ ਕਿੰਝ ਉਸ ਅਣਹੋਈ ਤੇ ਬੰਦੇਖਾਣੀ ਮੌਤ ਦਾ ਸਾਹਮਣਾ ਕਰ ਰਹੀਆਂ ਹੋਣਗੀਆਂ । ਕੱਲ ਘਰ ਦੇ ਕੰਮਾਂ ਤੋਂ ਛੇਤੀ ਛੇਤੀ ਵੇਹਲੀ ਹੋ ਕੇ, ਮਾਂ ਨੇ ਕਿੰਨੀ ਰੀਝ ਨਾਲ ਰੋਟੀ ਬਣਾਈ ਹੋਉਗੀ ।....

ਆਉਦਿਆਂ ਭੜਥੂ ਪਾ ਦਿੰਦੇ ਨੇ,

ਅਖੇ....

ਕੁਝ ਨਈਂ ਕਰਨ ਦਿੰਦੇ ਫਿਰ,

ਅਖੇ....

ਮੰਮੀ ਛੇਤੀ ਰੋਟੀ ਦੇਦੇ...

ਭੁੱਖ ਬੜੀ ਲੱਗੀ ਆ....

ਵੇ ਚੰਦਰਿਆ ਤੂੰ ਤੇ ਸਾਡੀ ਉਮਰਾਂ ਦੀ ਭੁੱਖ ਨਾਲ ਲੈ ਗਿਆਂ।

ਸਾਰੀ ਉਮਰ ਦਾ ਜਖਮ...

ਤੇ ਪਾਪਾ ਦੀ ਛਿੰਦੀ ਧੀ ਕਹਿੰਦੀ...

ਪਾਪਾ ਸੈਂਡਲ ਲੈਣੇ ਆ..

ਤੁਸੀਂ ਵੀਰੇ ਨੂੰ ਨਵੇਂ ਬੂਟ ਲੈ ਤੇ...

ਪਿਉ ਨੇ ਘੁੱਟ ਕਿ ਸੀਨੇ ਨਾਲ ਲਾ ਲਿਆ ।

ਤੇ ਕਿਹਾ....

ਕੇਹੋ ਜਿਹੇ ਸੈਂਡਲ ਲੈਣੇ ਆ ਮੇਰੀ ਧੀ ਨੇ..

ਕਹਿੰਦੀ.....ਪਾਪਾ ਜਿਨਾਂ ਤੇ ਅੰਗੂਰਾਂ ਦੇ ਗੁੱਛੇ ਬਣੇ ਹੁੰਦੇ ਆ..।

ਤੇ ਅਜੇ ਕੱਲ ਹੀ ਤੇ ਲੈ ਕੇ ਦਿੱਤੇ ਸੀ ..ਅਟਾਰੀਉਂ ।

ਸਵੇਰੇ ਜਿੱਦ ਕਰਨ ਲੱਗੀ..ਕਹਿੰਦੀ.. ਐਹੋ ਪਾ ਕੇ ਜਾਣਾ ਸਕੂਲ..ਖੈਰ ਹੱਸਦੇ ਖੇਡਦੇ ਦੋਵੇਂ ਚਲੇ ਗਏ..

ਤੇ ਉਸ ਦਾ ਪਿਉ ਰੋਜ ਦੀ ਤਰਾਂ ਦੁਪਿਹਰੇ 12 ਕੁ ਵਜੇ ਖੇਤਾਂ ਦਾ ਕੰਮ ਮੁਕਾ ਕੇ ਘਰ ਨੂੰ ਤੁਰਿਆ ਆਵੇ, ਤਾਂ ਸਾਹਮਣੇ ਨਹਿਰ 'ਤੇ ਰੌਲਾ ਪੈਂਦਾ ਵੇਖਿਆ, ਭੱਜ ਕੇ ਅੱਗੇ ਹੋਇਆ ਤਾਂ ਏਹ ਕੀ.... ਉਹ ਤਾਂ ਜਿਵੇਂ ਬੋਲਾ ਹੀ ਹੋ ਗਿਆ...ਏਹ ਕੀ ਹੋਇਆ..। ਅਜੇ ਥੋੜੇ ਦਿਨ ਪਹਿਲਾਂ ਹੀ ਤੇ ਵੀਰੇ ਦੇ ਗੁੱਟ ਤੇ ਰੱਖੜੀ ਬੰਨੀ ਸੀ..ਮੇਰੀ ਲਾਡੋ ਧੀ ਨੇ... ਤੇ ਅੱਜ ਉਹ ਗੁੱਟ ਨਹਿਰ ਵਿੱਚ ਡਿੱਗੀ ਸਕੂਲ ਬੱਸ 'ਚੋਂ ਬਾਹਰ ਪਿਆ ਲਮਕਦਾ... ਬੇਜਾਨ ਜਿਹਾ....



ਤੇ ਲਾਡੋ ਦੀ ਜੁੱਤੀ ਦੇ ਅੰਗੂਰਾਂ ਦੇ ਗੁੱਛੇ...ਨਹਿਰ ਵਿੱਚ ਤਰਦੇ ਪਏ ਸੀ....ਸ਼ਾਇਦ ਕਦੀ ਨਾ ਡੁੱਬਣ ਲਈ....।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# ਹਾਈਕੋਰਟ ਨੇ ਨਤਾਸ਼ਾ ਨਰਵਾਲ, ਦੇਵਾਂਗਨਾ ਕਲਿਤਾ ਅਤੇ ਆਸਿਫ਼ ਇਕਬਾਲ ਤਨਹਾ ਨੂੰ ਦਿੱਤੀ ਜਮਾਨਤ

## ✪ ਖਤਰੇ ਵਿਚ ਹੈ ਭਾਰਤ ਵਿਖੇ ਵਿਚਾਰ ਪ੍ਰਗਟ ਕਰਨ ਤੇ ਰੋਸ ਪ੍ਰਗਟ ਕਰਨ ਦੀ ਅਜ਼ਾਦੀ ✪

## ਬੁੱਧੀਜੀਵੀਆਂ ਤੇ ਵਿਦਿਆਰਥੀਆਂ ਨੂੰ ਬਣਾਇਆ ਜਾ ਰਿਹਾ ਨਿਸ਼ਾਨਾ

**ਜਲੰਧਰ/ਏ.ਟੀ.ਨਿਊਜ਼ :** ਦਿੱਲੀ ਹਾਈ ਕੋਰਟ ਦੇ ਜਸਟਿਸ ਸਿਧਾਰਥ ਮ੍ਰਿਦੁਲ ਤੇ ਜਸਟਿਸ ਏ ਜੇ ਭੰਭਾਨੀ ਦੀ ਬੈਂਚ ਨੇ ਦਿੱਲੀ ਦੰਗਿਆਂ ਦੇ ਦੋਸ਼ ਅਧੀਨ ਯੂ ਏ ਪੀ ਏ ਤਹਿਤ ਗ੍ਰਿਫ਼ਤਾਰ ਕੀਤੇ ਗਏ ਵਿਦਿਆਰਥੀ ਆਗੂਆਂ ਨਤਾਸ਼ਾ ਨਰਵਾਲ, ਦੇਵਾਂਗਨਾ ਕਲੀਤਾ ਤੇ ਆਸਿਫ਼ ਇਕਬਾਲ ਤਨਹਾ ਨੂੰ ਜ਼ਮਾਨਤ ਦੇ ਦਿੱਤੀ ਹੈ। ਪਿਛਲੇ ਸਾਲ ਫਰਵਰੀ ਮਹੀਨੇ ਦੌਰਾਨ ਨਾਗਰਿਕ ਸੋਧ ਕਾਨੂੰਨ ਵਿਰੁਧ ਹੋ ਰਹੇ ਪ੍ਰਦਰਸ਼ਨਾਂ ਦੌਰਾਨ ਦਿੱਲੀ ਵਿੱਚ ਦੰਗੇ ਭੜਕਾ ਦਿੱਤੇ ਗਏ ਸਨ। 23 ਫ਼ਰਵਰੀ ਨੂੰ ਸ਼ੁਰੂ ਹੋਏ ਦੰਗੇ ਤਿੰਨ ਦਿਨ ਤੱਕ ਜਾਰੀ ਰਹੇ ਤੇ ਇਸ ਦੌਰਾਨ 53 ਵਿਅਕਤੀਆਂ ਦੀ ਮੌਤ ਹੋ ਗਈ ਤੇ 581 ਵਿਅਕਤੀ ਜ਼ਖ਼ਮੀ ਹੋਏ ਸਨ। ਮਰਨ ਵਾਲੇ ਵਿਅਕਤੀਆਂ ਵਿੱਚ ਬਹੁਤੇ ਵਿਅਕਤੀ ਮੁਸਲਿਮ ਭਾਈਚਾਰੇ ਨਾਲ ਸੰਬੰਧਤ ਸਨ। ਜਾਫਰਾਬਾਦ, ਵੈਲਕਮ, ਸੀਲਮਪੁਰ, ਭਜਨਪੁਰਾ, ਗੋਕੁਲਪੁਰੀ ਤੇ ਨਿਊ ਉਸਮਾਨ ਨਗਰ ਇਲਾਕਿਆਂ ਵਿੱਚ ਦੁਕਾਨਾਂ-ਮਕਾਨਾਂ ਨੂੰ ਲਾਈਆਂ ਅੱਗਾਂ ਵਿੱਚ ਬੇਤਹਾਸ਼ਾ ਸੰਪਤੀ ਦਾ ਨੁਕਸਾਨ ਹੋਇਆ ਸੀ। ਇਸ ਮਾਮਲੇ ਵਿੱਚ ਦਿੱਲੀ ਪੁਲਿਸ ਵੱਲੋਂ ਖਾਲਿਦ, ਇਸ਼ਰਤ ਜਹਾਂ, ਤਾਹਿਰ ਹੁਸੈਨ, ਮੀਰਾਨ ਹੈਦਰ, ਨਤਾਸ਼ਾ ਨਰਵਾਲ, ਦੇਵਾਂਗਨਾ ਕਲੀਤਾ, ਆਸਿਫ਼ ਇਕਬਾਲ ਤਨਹਾ ਤੇ ਸਿਫ਼ਾ ਉਰ ਰਹਿਮਾਨ ਨੂੰ ਮੁਲਜ਼ਮ ਬਣਾਇਆ ਗਿਆ ਸੀ।

ਨਤਾਸ਼ਾ ਨਰਵਾਲ ਤੇ ਦੇਵਾਂਗਨਾ ਕਲੀਤਾ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਹਨ ਤੇ ਉਹ ਹੋਸਟਲ ਵਿੱਚ ਵਿਦਿਆਰਥਣਾਂ ਨਾਲ ਹੁੰਦੇ ਭੇਦਭਾਵ ਵਿਰੁੱਧ ਪਿੰਜਰਾ ਤੋੜ ਮੁਹਿੰਮ ਦੀਆਂ ਆਗੂ ਸਨ। ਦਿੱਲੀ ਪੁਲਿਸ ਨੇ ਦੋਸ਼ ਲਾਇਆ ਸੀ ਕਿ ਜਦੋਂ ਲੋਕ ਨਾਗਰਿਕ ਸੋਧ ਕਾਨੂੰਨਾਂ ਵਿਰੁੱਧ ਜਾਫਰਾਬਾਦ ਮੈਟਰੋ ਸਟੇਸ਼ਨ ਉੱਤੇ ਵਿਖਾਵਾ ਕਰ ਰਹੇ ਸਨ ਤਾਂ ਦੇਵਾਂਗਨਾ ਤੇ ਨਤਾਸ਼ਾ ਨਰਵਾਲ ਨੇ ਲੋਕਾਂ ਨੂੰ ਭੜਕਾਇਆ ਸੀ। ਪੁਲਿਸ ਨੇ ਇੱਕ ਵੀਡੀਓ ਕਲਿਪ ਪੇਸ਼ ਕਰਕੇ ਕਿਹਾ ਸੀ ਕਿ ਇਸ ਵਿੱਚ ਦੇਵਾਂਗਨਾ ਸੀ ਏ ਏ ਵਿਰੁੱਧ ਭਾਸ਼ਣ ਦੇ ਰਹੀ ਹੈ। ਇਹ ਸਾਰੇ ਦੋਸ਼ ਹਾਈਕੋਰਟ ਦੇ ਜੱਜਾਂ ਅੱਗੇ ਟਿਕ ਨਹੀਂ ਸਕੇ।

ਹਾਈ ਕੋਰਟ ਨੇ ਇਨਾਂ ਤਿੰਨਾਂ ਨੂੰ ਜ਼ਮਾਨਤ ਦਿੰਦਿਆਂ ਨਰਵਾਲ ਤੇ ਕਲੀਤਾ ਦੇ ਆਦੇਸ਼ ਵਿੱਚ ਕਿਹਾ ਹੈ, 'ਅਸੀਂ ਇਹ ਕਹਿਣ ਲਈ ਮਜਬੂਰ ਹਾਂ ਕਿ ਅਜਿਹਾ ਲਗਦਾ ਹੈ ਕਿ ਅਸਹਿਮਤੀ ਨੂੰ ਦਬਾਉਣ ਦੀ ਫਿਕਰ ਤੇ ਮਾਮਲੇ ਦੇ ਹੱਥੋਂ ਨਿਕਲ ਜਾਣ ਦੀ ਚਿੰਤਾ ਵਿੱਚ ਸਰਕਾਰ ਨੇ ਵਿਰੋਧ ਦੇ ਸੰਵਿਧਾਨ ਅਧਿਕਾਰ ਦੀ ਗਰੰਟੀ ਅਤੇ ਆਤੰਕੀ ਕਾਰਵਾਈਆਂ ਵਿਚਲੀ ਲਕੀਰ ਨੂੰ ਧੁੰਦਲਾ ਕਰ ਦਿੱਤਾ ਹੈ। ਅਗਰ ਇਹੋ ਮਾਨਸਿਕਤਾ ਤਾਕਤ ਫੜਦੀ ਰਹੀ ਤਾਂ ਇਹ ਲੋਕਤੰਤਰ ਲਈ ਦੁਖਦਾਈ ਦਿਨ ਹੋਵੇਗਾ।' ਅਦਾਲਤ ਨੇ ਕਿਹਾ ਕਿ ਪਹਿਲੀ ਨਜ਼ਰੇ ਯੂ ਏ ਪੀ ਏ ਦੀ ਧਾਰਾ 15, 17 ਤੇ 18 ਅਧੀਨ ਪੇਸ਼ ਕੀਤੇ ਗਏ ਤੱਥਾਂ ਦੇ ਅਧਾਰ ਉੱਤੇ ਕੋਈ ਵੀ ਅਪਰਾਧ ਨਹੀਂ ਬਣਦਾ। ਅਦਾਲਤ ਨੇ ਹੇਠਲੀ ਅਦਾਲਤ ਦੀ ਵੀ ਝਾੜਝੰਬ ਕੀਤੀ ਕਿ ਉਸ ਨੇ ਪੁਲਿਸ ਵੱਲੋਂ ਲਾਏ ਦੋਸ਼ਾਂ ਨੂੰ ਬਿਨਾਂ ਆਪਣਾ ਦਿਮਾਗ਼ ਲਾਏ ਸਹੀ ਮੰਨ ਲਿਆ।

ਅਦਾਲਤ ਦੇ ਇਸ ਆਦੇਸ਼ ਦੀ ਹੀ ਹਾਲੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਗਾਜ਼ੀਆਬਾਦ ਪੁਲਿਸ ਨੇ ਇੱਕ ਬਜ਼ੁਰਗ ਵਿਅਕਤੀ ਨਾਲ ਕੀਤੀ ਕੁੱਟਮਾਰ ਦੇ ਮਾਮਲੇ ਵਿੱਚ ਟਵੀਟ ਕਰਨ ਉੱਤੇ ਟਵਿੱਟਰ, ਤਿੰਨ ਕਾਂਗਰਸੀਆਂ ਆਗੂਆਂ, ਪੱਤਰਕਾਰ ਮੁਹੰਮਦ ਜੁਬੇਰ, ਰਾਣਾ ਅਯੂਬ ਤੇ ਮੀਡੀਆ ਪੋਰਟਲ 'ਦੀ ਵਾਇਰ' ਵਿਰੁੱਧ ਕੇਸ ਦਰਜ ਕਰ ਲਿਆ ਹੈ। ਇਸ ਕੇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਇਨਾਂ ਵਿਅਕਤੀਆਂ ਤੇ ਵਾਇਰ ਨੇ ਘਟਨਾ ਦੀ ਸੱਚਾਈ ਜਾਣਨ ਤੋਂ ਬਿਨਾਂ ਹੀ ਇਸ ਨੂੰ ਸੰਪਰਦਾਇਕ ਰੰਗ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਭਾਵੇਂ ਦਿੱਲੀ ਹਾਈਕੋਰਟ ਨੇ ਉਕਤ ਵਿਦਿਆਰਥੀਆਂ ਨੂੰ ਜ਼ਮਾਨਤਾਂ ਦੇ ਦਿੱਤੀਆਂ ਹਨ ਪਰ ਦਿੱਲੀ ਹਾਈਕੋਰਟ ਦੇ ਇਸ ਫ਼ੈਸਲੇ ਵਿਰੁੱਧ ਅਪੀਲ ਲੈ ਕੇ ਦਿੱਲੀ ਪੁਲਿਸ ਸੁਪਰੀਮ ਕੋਰਟ ਵਿਚ ਚਲੇ ਗਈ ਹੈ। 2014 ਵਿਚ ਜਦੋਂ ਤੋਂ ਕੇਂਦਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਸਰਕਾਰ ਹੋਂਦ ਵਿਚ ਆਈ ਹੈ ਅਤੇ ਇਸ ਤੋਂ ਬਾਅਦ ਵੱਖ-ਵੱਖ ਬਹੁਤ ਸਾਰੇ ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਬਣੀਆਂ ਹਨ, ਉਸੇ ਸਮੇਂ ਤੋਂ ਭਾਰਤ ਭਰ ਵਿਚ ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਪੱਤਰਕਾਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਅਤੇ ਆਪਣੇ ਹੱਕਾਂ-ਹਿਤਾਂ ਲਈ ਅੰਦੋਲਨ ਕਰਨ ਵਾਲੇ ਹੋਰ ਲੋਕਾਂ ਦੇ ਖ਼ਿਲਾਫ਼ ਦੇਸ਼ਧ੍ਰੋਹ, ਬਗ਼ਾਵਤ ਜਾਂ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕਣ ਸਬੰਧੀ ਕਾਨੂੰਨਾਂ ਅਧੀਨ ਚੋਖੀ ਗਿਣਤੀ ਵਿਚ ਮੁਕੱਦਮੇ ਦਰਜ ਕੀਤੇ ਜਾਣੇ ਆਰੰਭ ਹੋ ਗਏ ਹਨ। ਅਜਿਹੇ ਮੁਕੱਦਮੇ ਵਿਸ਼ੇਸ਼ ਤੌਰ 'ਤੇ ਬਿਹਾਰ, ਝਾਰਖੰਡ, ਤਾਮਿਲਨਾਡੂ, ਕਰਨਾਟਕ ਅਤੇ ਉੱਤਰ ਪ੍ਰਦੇਸ਼ ਆਦਿ ਰਾਜਾਂ ਵਿਚ ਦਰਜ ਹੋਏ ਹਨ। ਇਨਾਂ ਰਾਜਾਂ ਵਿਚ ਵਧੇਰੇ ਕਰਕੇ ਜਾਂ ਤਾਂ ਭਾਜਪਾ ਦੀਆਂ ਸਰਕਾਰਾਂ ਹਨ ਅਤੇ ਜਾਂ ਫਿਰ ਭਾਜਪਾ ਦੇ ਭਾਈਵਾਲ ਉਥੇ ਸੱਤਾਧਾਰੀ ਹਨ। ਮਿਸਾਲ ਦੇ ਤੌਰ 'ਤੇ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਦੇਸ਼ ਭਰ ਵਿਚ ਚੱਲੇ ਅੰਦੋਲਨ ਦੇ ਸਮੇਂ 25 ਦੇਸ਼ਧ੍ਰੋਹ ਅਤੇ ਬਗ਼ਾਵਤ ਦੇ ਦੋਸ਼ਾਂ ਵਿਚ ਕੇਸ ਦਰਜ ਹੋਏ ਹਨ, ਜਿਨਾਂ ਵਿਚੋਂ 22 ਸਿਰਫ ਭਾਜਪਾ ਦੀਆਂ ਰਾਜ ਸਰਕਾਰਾਂ ਵਾਲੇ ਰਾਜਾਂ ਵਿਚ ਦਰਜ ਹੋਏ ਹਨ। ਦੇਸ਼ਧ੍ਰੋਹ ਦੇ ਮਾਮਲੇ ਵਿਚ ਕੁੱਲ ਦਰਜ ਕੇਸਾਂ ਵਿਚੋਂ 65 ਫ਼ੀਸਦੀ ਕੇਸ ਭਾਜਪਾ ਦੀਆਂ ਰਾਜ ਸਰਕਾਰਾਂ ਵਾਲੇ ਰਾਜਾਂ ਵਿਚ ਦਰਜ ਹੋਏ ਹਨ। ਤਿੰਨ ਸਾਲ ਪਹਿਲਾਂ 6 ਜੂਨ 2018 ਨੂੰ ਭੀਮਾ ਕੋਰੇਗਾਉਂ ਕੇਸ ਵਿਚ ਬੁੱਧੀਜੀਵੀ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਦੀ ਪਹਿਲੀ ਗ੍ਰਿਫ਼ਤਾਰੀ ਹੋਈ। ਅੱਜ ਮੁਲਕ ਦੇ 16 ਨਾਗਰਿਕ ਇਸ ਮਨਘੜਤ ਕੇਸ ਵਿਚ ਮੁੰਬਈ ਦੀਆਂ ਜੇਲਾਂ ਅੰਦਰ ਡੱਕੇ ਹੋਏ ਹਨ (ਉਘੇ ਸ਼ਾਇਰ ਵਰਵਰਾ ਰਾਓ ਅੱਜ ਕੱਲ ਜ਼ਮਾਨਤ 'ਤੇ ਹਨ)। ਇਨਾਂ ਵਿਚ ਪ੍ਰੋਫ਼ੈਸਰ, ਵਕੀਲ, ਬੁੱਧੀਜੀਵੀ, ਦਲਿਤ ਸਭਿਆਚਾਰਕ ਕਾਮੇ ਅਤੇ ਦਲਿਤ ਆਦਿਵਾਸੀ ਤੇ ਮਨੁੱਖੀ ਹੱਕਾਂ ਦੇ ਕਾਰਕੁਨ ਸ਼ਾਮਲ ਹਨ ਜਿਨਾਂ ਦੀਆਂ ਲਿਖਤਾਂ ਅਤੇ ਜਮਹੂਰੀ ਹੱਕਾਂ ਲਈ ਲੜਾਈ ਵਿਚ ਸ਼ਾਮਲ ਹੋਣ ਦਾ ਲੰਮਾ ਇਤਿਹਾਸ ਹੈ। ਇਨਾਂ ਵਿਚ 13 ਪੁਰਸ਼ ਤਾਲੋਜਾ ਜੇਲ ਅਤੇ 3 ਔਰਤਾਂ ਬਾਈਕੁਲਾ ਜੇਲ ਵਿਚ ਹਨ। ਇਹ ਸਾਰੇ ਬੁੱਧੀਜੀਵੀ ਕਾਰਕੁਨ (ਬੀਕੇ-16, **Bhima Koregaon**) ਪਿਛਲੇ ਤਿੰਨ ਵਰਿਆਂ ਵਿਚ ਗ੍ਰਿਫ਼ਤਾਰ ਕੀਤੇ ਗਏ ਅਤੇ ਜੂਨ ਨੂੰ ਇਨਾਂ ਵਿਚੋਂ ਬਹੁਤ ਸਾਰੇ ਕੈਦੀਆਂ ਦੀ ਬਿਨਾਂ ਮੁਕੱਦਮਾ ਕੈਦ ਦੀ ਤੀਜੀ ਵਰੇਗੰਢ ਸੀ। ਇਤਿਹਾਸ ਵਿਚ ਇਹ ਮੁਕੱਦਮਾ ਉਨਾਂ ਮੁਕੱਦਮਿਆਂ ਵਿਚ ਗਿਣਿਆ ਜਾਵੇਗਾ ਜਿਨਾਂ ਵਿਚ ਸਿਆਸੀ ਕੈਦੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਉਨਾਂ ਉੱਤੇ ਵਿਉਂਤਬੱਧ ਢੰਗ ਨਾਲ ਤਸ਼ੱਦਦ ਢਾਹਿਆ ਗਿਆ।

ਬੀਕੇ-16 ਵਿਰੁੱਧ ਇਲਜ਼ਾਮ ਹੈ ਕਿ ਉਨਾਂ ਨੇ ਦਲਿਤਾਂ ਨੂੰ ਹਿੰਸਕ ਬਗ਼ਾਵਤ ਲਈ ਉਕਸਾਉਣ ਅਤੇ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਸਾਜਿਸ਼ ਰਚੀ। ਪੁਲਿਸ ਨੇ ਦਾਅਵਾ ਕੀਤਾ ਕਿ 1 ਜਨਵਰੀ 2018 ਨੂੰ ਪੁਣੇ ਜ਼ਿਲੇ ਦੇ ਛੋਟੇ ਜਿਹੇ ਪਿੰਡ ਕੋਰੇਗਾਉਂ, ਜਿੱਥੇ 200 ਸਾਲ ਪਹਿਲਾਂ ਲੜੀ ਜੰਗ ਵਿਚ ਦਲਿਤ ਮਹਾਰ ਸਿਪਾਹੀਆਂ ਨੇ ਪੇਸ਼ਵਾਵਾਂ ਦੀ ਫੌਜ ਨੂੰ ਹਰਾਇਆ ਸੀ, ਦੀ ਵਰੇਗੰਢ ਮਨਾਉਣ ਦੌਰਾਨ ਹੋਈ ਹਿੰਸਾ (ਜਿਸ ਵਿਚ ਇਕ ਦੀ ਮੌਤ ਹੋ ਗਈ ਸੀ) ਖੱਬੇ-ਪੱਖੀ ਕਾਰਕੁਨਾਂ ਅਤੇ ਬੁੱਧੀਜੀਵੀਆਂ ਵਲੋਂ ਰਚੀ ਸਾਜ਼ਿਸ਼ ਦਾ ਨਤੀਜਾ ਸੀ। ਇਸ ਦੋਸ਼ ਦਾ ਆਧਾਰ ਕੁਝ ਈ-ਮੇਲਾਂ ਹਨ ਜੋ ਪੁਲਿਸ ਦਾ ਦਾਅਵਾ ਹੈ ਕਿ ਦੋ ਮੁਲਜ਼ਮਾਂ ਦੇ ਕੰਪਿਊਟਰਾਂ ਤੋਂ ਬਰਾਮਦ ਕੀਤੀਆਂ ਹਨ। ਗ੍ਰਿਫ਼ਤਾਰ ਕਾਰਕੁਨਾਂ ਨੇ ਇਨਾਂ ਈ-ਮੇਲਾਂ ਦੀ ਹੋਂਦ ਤੋਂ ਇਨਕਾਰ ਕੀਤਾ ਹੈ। ਇਕ ਅਮਰੀਕਨ ਸੁਤੰਤਰ ਪੇਸ਼ੇਵਰ ਫਰਮ ਅਰਸੇਨਲ ਕੰਸਲਟਿੰਗ ਨੇ ਪੁਸ਼ਟੀ ਕੀਤੀ ਹੈ ਕਿ ਇਨਾਂ ਕਾਰਕੁਨਾਂ ਦੇ ਕੰਪਿਊਟਰਾਂ ਨਾਲ ਛੇੜਛਾੜ ਕੀਤੀ ਗਈ ਹੈ ਤੇ ਜਾਅਲੀ ਈ-ਮੇਲਾਂ ਕੰਪਿਊਟਰਾਂ ਵਿਚ ਮਾਲਵੇਅਰ ਰਾਹੀਂ ਦਾਖ਼ਲ ਕੀਤੀਆਂ ਗਈਆਂ। ਇਨਾਂ ਈ-ਮੇਲਾਂ ਨੂੰ ਆਧਾਰ ਬਣਾ ਕੇ ਹੀ ਸਰਕਾਰ ਨੇ ਇਨਾਂ ਖਿਲਾਫ ਸਾਜ਼ਿਸ਼ ਰਚਣ ਦੀ ਚਾਰਜਸ਼ੀਟ ਤਿਆਰ ਕੀਤੀ।



ਇਹ ਗੱਲ ਸਰਕਾਰ ਵੀ ਜਾਣਦੀ ਹੈ ਕਿ ਇਨਾਂ ਇਲਜ਼ਾਮਾਂ ਦਾ ਕੋਈ ਆਧਾਰ ਨਹੀਂ। ਅਦਾਲਤ ਵਿਚ ਮੁਕੱਦਮੇ ਦੀ ਸੁਣਵਾਈ ਦੌਰਾਨ ਇਹ ਇਲਜ਼ਾਮ ਟਿਕ ਨਹੀਂ ਸਕਣਗੇ ਪਰ ਤਿੰਨ ਸਾਲ ਬੀਤਣ ਬਾਅਦ ਵੀ ਇਸ ਮੁਕੱਦਮੇ ਦੀ ਸੁਣਵਾਈ ਸ਼ੁਰੂ ਨਹੀਂ ਹੋਈ। ਸਰਕਾਰ ਚੰਗੀ ਤਰਾਂ ਜਾਣਦੀ ਹੈ ਕਿ ਇਨਾਂ ਕੇਸਾਂ ਵਿਚ ਪ੍ਰਕਿਰਿਆ (ਸਿਆਸੀ ਕੈਦੀਆਂ ਨੂੰ ਮੁਕੱਦਮੇ ਦੌਰਾਨ ਜੇਲ ਵਿਚ ਰੱਖਣਾ) ਹੀ ਸਜ਼ਾ ਹੈ। ਇਹ ਕੈਦੀ ਸਾਲਾਂਬੱਧੀ ਬਿਨਾ ਮੁਕਦਮੇ ਤੋਂ ਜੇਲਾਂ ਵਿਚ ਡੱਕੇ ਰਹਿ ਸਕਦੇ ਹਨ। ਸਾਡੇ ਮੁਲਕ ਦੀਆਂ ਵੱਖ ਵੱਖ ਸਰਕਾਰਾਂ ਨੇ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਜਿਹੇ ਐਸੇ ਅਸਾਧਾਰਨ ਕਾਨੂੰਨ ਪਾਸ ਕੀਤੇ ਹਨ ਜੋ ਰਾਜ ਨੂੰ ਬਗ਼ਾਵਤ ਦੇ ਜੁਰਮਾਂ ਦੇ ਦੋਸ਼ੀਆਂ ਨੂੰ ਅਣਮਿਥੇ ਸਮੇਂ ਲਈ ਕੈਦ ਕਰਨ ਦੀ ਤਾਕਤ ਦਿੰਦੇ ਹਨ। ਸਾਡੇ ਸਾਹਮਣੇ ਬਹੁਤ ਸਾਰੇ ਕੇਸ ਹਨ ਜਿੱਥੇ ਇਨਾਂ ਕਾਨੂੰਨਾਂ ਹੇਠ ਬੰਦੀ ਬਣਾਏ ਲੋਕਾਂ ਨੂੰ ਕਈ ਵਾਰ 8, 10, ਜਾਂ 20 ਸਾਲ ਜੇਲ ਵਿਚ ਬਿਤਾਉਣ ਤੋਂ ਬਾਅਦ ਨਿਰਦੋਸ਼ ਕਹਿ ਕੇ ਬਰੀ ਕੀਤਾ ਗਿਆ ਹੈ। ਮੌਜੂਦਾ ਸਰਕਾਰ ਹੁਣ ਅਜਿਹੇ ਕਾਨੂੰਨਾਂ ਦੀ ਵਰਤੋਂ ਵੱਖ ਵੱਖ ਲੋਕਾਂ ਤੇ ਦੋਸ਼ ਲਾਉਣ ਲਈ ਵਰਤ ਰਹੀ ਹੈ। ਇਹ ਤਰੀਕਾ 2018 ਵਿਚ ਭੀਮਾ ਕੋਰੇਗਾਉਂ ਕੇਸ ਵਿਚ ਅਤੇ ਫਿਰ 2020 ਦੀ ਦਿੱਲੀ ਵਿਚ ਹੋਈ ਫਿਰਕੂ ਹਿੰਸਾ ਦੇ ਕੇਸਾਂ ਵਿਚ ਵਰਤਿਆ ਗਿਆ। ਨਾਗਰਿਕ ਸੋਧ ਐਕਟ 2019 ਦਾ ਸ਼ਾਂਤਮਈ ਵਿਰੋਧ ਜੋ ਸ਼ਾਹੀਨ ਬਾਗ ਸ਼ੁਰੂ ਹੋਇਆ, ਇਸ ਵਿਚ ਹਿੱਸਾ ਲੈਣ ਵਾਲੇ ਨੌਜਵਾਨ ਆਗੂਆਂ ਉੱਤੇ ਦੇਸ਼ਧ੍ਰੋਹ ਅਤੇ ਬਗ਼ਾਵਤ ਦੇ ਦੋਸ਼ ਮੜੇ ਗਏ ਅਤੇ ਯੂਏਪੀਏ ਦੀਆਂ ਸੰਗੀਨ ਧਾਰਾਵਾਂ ਲਾ ਕੇ ਜ਼ਮਾਨਤ ਤੱਕ ਦੇ ਅਧਿਕਾਰ ਸੀਮਤ ਕਰ ਦਿੱਤੇ ਗਏ। ਨਾ ਤਾਂ ਜ਼ਮਾਨਤ ਲਈ ਕੋਈ ਮੌਕਾ ਅਤੇ ਨਾ ਹੀ ਖ਼ੁਦ ਨੂੰ ਬੇਕਸੂਰ ਸਾਬਿਤ ਕਰਨ ਦਾ ਅਵਸਰ। ਇਥੇ ਇਹ ਵੀ ਵਰਨਣਯੋਗ ਹੈ ਕਿ ਬਹੁਤੇ ਕੇਸਾਂ ਵਿਚ ਪੁਲਿਸ ਦੋਸ਼ੀਆਂ ਵਿਰੁੱਧ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ, ਇਸ ਕਾਰਨ ਜਿਨਾਂ ਲੋਕਾਂ 'ਤੇ ਇਹ ਕੇਸ ਦਰਜ ਕੀਤੇ ਗਏ ਸਨ, ਉਨਾਂ ਵਿਚੋਂ ਬਹੁਤੇ ਬਰੀ ਹੋ ਗਏ ਹਨ। ਪਰ ਅਜਿਹੇ ਅਮਲ ਦੌਰਾਨ ਉਨਾਂ ਨੂੰ ਸਾਲਾਂ ਤੱਕ ਜੇਲਾਂ ਵਿਚ ਰਹਿਣਾ ਪਿਆ ਅਤੇ ਉਨਾਂ ਦੀਆਂ ਜ਼ਿੰਦਗੀਆਂ ਬਰਬਾਦ ਹੋ ਗਈਆਂ। ਉਨਾਂ ਦੇ ਕੁਝ ਕਰਨ ਅਤੇ ਕੁਝ ਬਣਨ ਦੇ ਸੁਪਨੇ ਚਕਨਾਚੂਰ ਹੋ ਗਏ। ਉਨਾਂ ਦੇ ਪਰਿਵਾਰਾਂ ਨੂੰ ਆਰਥਿਕ ਤਬਾਹੀ ਦੇ ਨਾਲ-ਨਾਲ ਸੰਤਾਪ ਵੀ ਭੁਗਤਣਾ ਪਿਆ। ਕੁਝ ਮਹੀਨੇ ਪਹਿਲਾਂ ਪਦਮਸ੍ਰੀ ਐਵਾਰਡੀ ਪੱਤਰਕਾਰ ਵਿਨੋਦ ਦੂਆ 'ਤੇ ਇੰਡੀਅਨ ਪੀਨਲ ਕੋਡ ਦੀ ਧਾਰਾ 124-ਏ ਅਧੀਨ ਦੇਸ਼ਧ੍ਰੋਹ ਤੇ ਬਗ਼ਾਵਤ ਦਾ ਕੇਸ ਕਿਸੇ ਭਾਜਪਾ ਆਗੂ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ। ਵਿਨੋਦ ਦੂਆ ਨੇ ਇਸ ਕੇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ ਅਤੇ ਸੁਪਰੀਮ ਕੋਰਟ ਨੇ ਇਸ ਕੇਸ ਨੂੰ ਰੱਦ ਕਰਦਿਆਂ ਇਹ ਟਿੱਪਣੀ ਕੀਤੀ ਸੀ ਕਿ ਸਰਕਾਰ ਦੀ ਆਲੋਚਨਾ ਕਰਨਾ ਕੋਈ ਦੇਸ਼ ਧ੍ਰੋਹ ਨਹੀਂ ਹੈ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ 'ਤੇ ਮੁਕੱਦਮੇ ਦਰਜ ਨਹੀਂ ਹੋਣੇ ਚਾਹੀਦੇ, ਸਗੋਂ ਉਨਾਂ ਨੂੰ ਸੁਰੱਖਿਆ ਦਿੱਤੀ ਜਾਣੀ ਚਾਹੀਦੀ ਹੈ।

ਅਸੀਂ ਇਹ ਵੀ ਜਾਣਦੇ ਹਾਂ ਕਿ ਕਿਸ ਤਰਾਂ ਕਿਸਾਨ ਅੰਦੋਲਨ ਦਾ ਸਮਰਥਨ ਕਰਨ ਵਾਲੇ ਵਿਦਿਆਰਥੀਆਂ ਉੱਪਰ ਅਤੇ ਕਿਸਾਨਾਂ ਉੱਪਰ ਵੀ ਦੇਸ਼ਧ੍ਰੋਹ ਜਾਂ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕਣ ਸਬੰਧੀ ਕਾਨੂੰਨਾਂ ਅਧੀਨ ਕੇਸ ਦਰਜ ਕੀਤੇ ਗਏ ਹਨ। ਅਖੌਤੀ ਟੂਲਕਿੱਟ ਕੇਸ ਵਿਚ ਦਿਸ਼ਾ ਰਵੀ ਅਤੇ ਦੋ ਹੋਰ ਨੌਜਵਾਨਾਂ 'ਤੇ ਦੇਸ਼ ਵਿਰੁੱਧ ਸਾਜਿਸ਼ ਰਚਣ ਦੇ ਦੋਸ਼ ਲਾ ਕੇ ਕੇਸ ਦਰਜ ਕੀਤਾ ਗਿਆ ਸੀ। ਦਿਸ਼ਾ ਰਵੀ ਨੂੰ ਗ੍ਰਿਫ਼ਤਾਰ ਕਰ ਕੇ ਜੇਲ ਵਿਚ ਸੁੱਟ ਦਿੱਤਾ ਗਿਆ ਸੀ। ਦਿੱਲੀ ਦੀ ਇਕ ਅਦਾਲਤ ਨੇ ਉਸ ਦੀ ਜ਼ਮਾਨਤ ਸਵੀਕਾਰ ਕਰਦਿਆਂ ਦਿੱਲੀ ਪੁਲਿਸ ਦੇ ਖ਼ਿਲਾਫ਼ ਸਖ਼ਤ ਟਿੱਪਣੀਆਂ ਕਰਦਿਆਂ ਕਿਹਾ ਸੀ ਕਿ ਦਿਸ਼ਾ ਰਵੀ ਦੇ ਖ਼ਿਲਾਫ਼ ਦੇਸ਼ ਵਿਰੁੱਧ ਸਾਜਿਸ਼ ਰਚਣ ਜਾਂ ਬਗ਼ਾਵਤ ਕਰਨ ਵਰਗੇ ਕੋਈ ਦੋਸ਼ ਸਾਬਤ ਨਹੀਂ ਹੋਏ। ਉਪਰੋਕਤ ਤੱਥ ਇਹ ਦਰਸਾਉਂਦੇ ਹਨ ਕਿ ਕਿਸ ਤਰਾਂ ਭਾਜਪਾ ਦੀ ਕੇਂਦਰੀ ਸਰਕਾਰ ਅਤੇ ਉਸ ਦੀਆਂ ਰਾਜ ਸਰਕਾਰਾਂ ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਲੋਕਾਂ ਜਾਂ ਸਰਕਾਰਾਂ ਦੀਆਂ ਨੀਤੀਆਂ ਵਿਰੁੱਧ ਅੰਦੋਲਨ ਕਰਨ ਵਾਲੀਆਂ ਧਿਰਾਂ 'ਤੇ ਸੰਗੀਨ ਦੋਸ਼ ਲਾ ਕੇ ਨਾ ਸਿਰਫ ਉਨਾਂ ਨੂੰ ਨਿਰਉਤਸ਼ਾਹਿਤ ਕਰਦੀਆਂ ਹਨ, ਸਗੋਂ ਉਨਾਂ ਨੂੰ ਜੇਲਾਂ ਵਿਚ ਬੰਦ ਕਰ ਕੇ ਰੋਸ ਪ੍ਰਗਟ ਕਰਨ ਜਾਂ ਆਜ਼ਾਦੀ ਨਾਲ ਵਿਚਾਰ ਪ੍ਰਗਟ ਕਰਨ ਦੇ ਉਨਾਂ ਦੇ ਅਧਿਕਾਰਾਂ ਨੂੰ ਵੀ ਕੁਚਲਦੀਆਂ ਆ ਰਹੀਆਂ ਹਨ। ਕੇਂਦਰ ਵਿਚ ਭਾਜਪਾ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਦੇਸ਼ ਭਰ ਵਿਚ ਘੱਟ-ਗਿਣਤੀਆਂ ਅਤੇ ਦਲਿਤਾਂ ਉੱਪਰ ਹਮਲੇ ਵਧੇ ਹਨ। ਦਰਜਨਾਂ ਵਾਰ ਗਊ ਰੱਖਿਆ ਦੇ ਨਾਂਅ ਹੇਠ ਘੱਟ-ਗਿਣਤੀਆਂ ਨਾਲ ਸਬੰਧਤ ਲੋਕਾਂ 'ਤੇ ਹਮਲੇ ਕਰ ਕੇ ਅਖੌਤੀ ਹਿੰਦੂਤਵੀ ਭੀੜਾਂ ਵਲੋਂ ਉਨਾਂ ਨੂੰ ਕੁੱਟ-ਕੁੱਟ ਕੇ ਮਾਰਿਆ ਗਿਆ ਹੈ। ਕੋਰੋਨਾ ਫੈਲਾਉਣ ਦੇ ਦੋਸ਼ ਲਾ ਕੇ ਵੀ ਇਕ ਵੱਡੇ ਘੱਟ-ਗਿਣਤੀ ਭਾਈਚਾਰੇ ਨਾਲ ਸਬੰਧਿਤ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਉਨਾਂ ਨੂੰ ਜੈ ਸ੍ਰੀ ਰਾਮ ਜਾਂ ਹੋਰ ਇਸ ਤਰਾਂ ਦੇ ਨਾਅਰੇ ਲਾਉਣ ਲਈ ਮਜਬੂਰ ਵੀ ਕੀਤਾ ਜਾਂਦਾ ਰਿਹਾ ਹੈ। ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਦਲਿਤ ਭਾਈਚਾਰੇ ਦੇ ਲੋਕਾਂ ਅਤੇ ਦਲਿਤ ਲੜਕੀਆਂ ਨਾਲ ਜਬਰ ਜਨਾਹ ਦੀਆਂ ਘਟਨਾਵਾਂ ਵਿਚ ਵੀ ਵਾਧਾ ਹੋਇਆ ਹੈ। ਬਹੁਤਾ ਪਿੱਛੇ ਨਾ ਵੀ ਜਾਈਏ ਤਾਂ 14 ਜੂਨ, 2021 ਨੂੰ ਅਖ਼ਬਾਰਾਂ ਵਿਚ ਛਪੀਆਂ ਦੋ ਖ਼ਬਰਾਂ ਨੂੰ ਹੀ ਅਸੀਂ ਮਿਸਾਲ ਦੇ ਤੌਰ 'ਤੇ ਦੇਖ ਸਕਦੇ ਹਾਂ। ਰਾਜਸਥਾਨ ਵਿਚ 13 ਤੇ 14 ਜੂਨ ਦੀ ਦਰਮਿਆਨੀ ਰਾਤ ਨੂੰ ਭੀਲਖੰਡ ਨੇੜੇ ਬਾਬੂ ਭੀਲ ਅਤੇ ਪਿੰਟੂ ਭੀਲ ਦੋ ਵਿਅਕਤੀ ਜੋ ਬਲਦ ਖ਼ਰੀਦ ਕੇ ਲਿਜਾ ਰਹੇ ਸਨ, ਉਨਾਂ ਦੀ ਭੀੜ ਵਲੋਂ ਬੁਰੀ ਤਰਾਂ ਕੁੱਟਮਾਰ ਕੀਤੀ ਗਈ ਅਤੇ ਜਿਸ ਕਾਰਨ ਬਾਬੂ ਭੀਲ ਹਸਪਤਾਲ ਵਿਚ ਦਮ ਤੋੜ ਗਿਆ। ਇਸੇ ਦਿਨ ਛਪੀ ਦੂਜੀ ਖ਼ਬਰ ਇਹ ਹੈ ਕਿ ਉੱਤਰ ਪ੍ਰਦੇਸ਼ ਦੇ ਗਾਜ਼ੀਆਬਾਦ ਜ਼ਿਲੇ ਦੇ ਲੋਨੀ ਨਾਂਅ ਦੇ ਸਥਾਨ 'ਤੇ ਅਬਦੁੱਲ ਸਮਦ ਨਾਂ ਦੇ ਇਕ ਗ਼ਰੀਬ ਮੁਸਲਿਮ ਵਿਅਕਤੀ ਦੀ 5 ਵਿਅਕਤੀਆਂ ਨੇ ਬੁਰੀ ਤਰਾਂ ਕੁੱਟ-ਮਾਰ ਕੀਤੀ ਅਤੇ ਉਸ ਦੀ ਦਾੜੀ ਵੀ ਕੱਟ ਦਿੱਤੀ। ਉਸ ਨੂੰ ਜੈ ਸ੍ਰੀ ਰਾਮ ਅਤੇ ਵੰਦੇ ਮਾਤਰਮ ਆਦਿ ਦੇ ਨਾਅਰੇ ਲਾਉਣ ਲਈ ਵੀ ਮਜਬੂਰ ਕੀਤਾ ਗਿਆ ਪਰ ਇਸ ਸਬੰਧੀ ਪੁਲਿਸ ਦਾ ਦਾਅਵਾ ਹੈ ਕਿ ਇਹ ਘਟਨਾ ਆਪਸੀ ਰੰਜਿਸ਼ ਕਾਰਨ ਵਾਪਰੀ ਹੈ ਤੇ ਇਸ ਵਿਚ ਧਰਮ ਦਾ ਕੋਈ ਰੋਲ ਨਹੀਂ ਹੈ ਪਰ ਪੀੜਤ ਵਿਅਕਤੀ ਦੇ ਪਰਿਵਾਰ ਨੇ ਪੁਲਿਸ ਦੇ ਇਸ ਦਾਅਵੇ ਦਾ ਖੰਡਨ ਕੀਤਾ ਹੈ।

ਦੇਸ਼ ਵਿਚ ਉਪਰੋਕਤ ਕਿਸਮ ਦੀਆਂ ਵਾਪਰ ਰਹੀਆਂ ਘਟਨਾਵਾਂ ਇਹ ਸਪੱਸ਼ਟ ਸੰਕੇਤ ਕਰਦੀਆਂ ਹਨ ਕਿ ਲੋਕਾਂ ਦੇ ਵਿਚਾਰ ਪ੍ਰਗਟ ਕਰਨ ਅਤੇ ਆਪਣੇ ਹੱਕਾਂ-ਹਿਤਾਂ ਲਈ ਰੋਸ ਪ੍ਰਗਟ ਕਰਨ ਜਾਂ ਸੰਘਰਸ਼ ਕਰਨ ਦੇ ਅਧਿਕਾਰਾਂ ਨੂੰ ਸੱਤਾਧਾਰੀਆਂ ਜਾਂ ਉਨਾਂ ਦੀ ਸ਼ਹਿ 'ਤੇ ਬੁਰੀ ਤਰਾਂ ਦਬਾਇਆ ਜਾ ਰਿਹਾ ਹੈ।

**ਸੋਸ਼ਲ ਮੀਡੀਆ ਉਪਰ ਪਾਬੰਦੀਆਂ**

ਸਰਕਾਰ ਅਤੇ ਸੋਸ਼ਲ ਮੀਡੀਆ ਪਲੇਟਫਾਰਮ 'ਟਵਿੱਟਰ' ਵਿਚਕਾਰ ਤਣਾਉ ਅਜੇ ਜਾਰੀ ਹੈ। ਜੀ-7 ਦੇਸ਼ਾਂ ਦੀ ਕਾਨਫਰੰਸ ਵਿਚ ਬੋਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੰਟਰਨੈੱਟ ਅਤੇ ਸਾਈਬਰਸਪੇਸ 'ਤੇ ਜਮਹੂਰੀ ਕਦਰਾਂ-ਕੀਮਤਾਂ ਦੇ ਪ੍ਰਗਟਾਵੇ ਨੂੰ

**ਬਾਕੀ ਸਫ਼ਾ 31 'ਤੇ**

# ਬ੍ਰਿਟੇਨ ਹਕੂਮਤ ਨੇ ਮਹਾਰਾਜਾ ਦਲੀਪ ਸਿੰਘ ਦਾ ਵਿਆਹ ਸਿੱਖ ਪਰਿਵਾਰ ਵਿਚ ਨਾ ਹੋਣ ਦਿੱਤਾ

**ਡਾ. ਗੁਰਦੇਵ ਸਿੰਘ ਸਿੱਧੂ**

ਮਹਾਰਾਜਾ ਦਲੀਪ ਸਿੰਘ ਦੀ ਮੰਗਣੀ ਸ਼ੇਰ ਸਿੰਘ ਅਟਾਰੀ ਵਾਲੇ ਦੀ ਭੈਣ ਨਾਲ ਹੋਈ ਸੀ, ਪਰ ਉਸ ਨੂੰ ਪੰਜਾਬ ਬਦਰ ਕਰਨ ਵਾਲੇ ਅੰਗਰੇਜ਼ਾਂ ਨੂੰ ਮਹਾਰਾਜੇ ਦਾ ਵਿਆਹ ਕਿਸੇ ਸਿੱਖ ਪਰਿਵਾਰ ਵਿਚ ਹੋਣਾ ਮਨਜ਼ੂਰ ਨਹੀਂ ਸੀ। ਇਸ ਤਹਿਤ ਉਨਾਂ ਨੇ ਮਹਾਰਾਜੇ ਦਾ ਪਾਲਣ ਪੋਸ਼ਣ ਇਸ ਤਰਾਂ ਕੀਤਾ ਕਿ ਉਹ ਅਜਿਹਾ ਸੋਚੇ ਵੀ ਨਾ।

ਸੰਨ 1849 ਵਿਚ ਸਿੱਖਾਂ ਤੇ ਅੰਗਰੇਜ਼ਾਂ ਦਰਮਿਆਨ ਹੋਈ ਦੂਜੀ ਜੰਗ ਵਿਚ ਸਿੱਖ ਫ਼ੌਜ ਦੀ ਹਾਰ ਉਪਰੰਤ ਈਸਟ ਇੰਡੀਆ ਕੰਪਨੀ ਨੇ ਪੰਜਾਬ ਨੂੰ ਆਪਣੀ ਸਲਤਨਤ ਵਿਚ ਸ਼ਾਮਲ ਕਰਨ ਅਤੇ ਮਹਾਰਾਜਾ ਦਲੀਪ ਸਿੰਘ ਨੂੰ ਰਾਜ-ਭਾਗ ਤੋਂ ਦਸਤਬਰਦਾਰ ਕਰਕੇ ਪੰਜਾਬ ਤੋਂ ਬਾਹਰ ਲੈ ਜਾਣ ਦਾ ਨਿਰਣਾ ਲਿਆ। ਫਲਸਰੂਪ ਇਕ ਅੰਗਰੇਜ਼ ਡਾਕਟਰ ਲੋਗਨ ਦੀ ਸਪੁਰਦਗੀ ਅਧੀਨ ਸੰਯੁਕਤ ਪ੍ਰਾਂਤ ਦਾ ਸ਼ਹਿਰ ਫਤਹਿਗੜ ਮਹਾਰਾਜਾ ਦਲੀਪ ਸਿੰਘ ਦੇ ਨਿਵਾਸ ਲਈ ਚੁਣਿਆ ਗਿਆ। ਡਾ. ਲੋਗਨ ਮਹਾਰਾਜਾ ਦਲੀਪ ਸਿੰਘ ਅਤੇ ਉਸ ਦੇ ਨੌਕਰਾਂ ਚਾਕਰਾਂ ਨੂੰ ਨਾਲ ਲੈ ਕੇ ਫਰਵਰੀ 1850 ਵਿਚ ਫਤਹਿਗੜ ਪੁੱਜਾ ਜਿੱਥੇ ਦਰਿਆ ਗੰਗਾ ਕਿਨਾਰੇ ਕੁਝ ਕੋਠੀਆਂ ਦੇ ਸਮੂਹ ਵਿਚ ਉਨਾਂ ਦੇ ਠਹਿਰਨ ਦਾ ਇੰਤਜ਼ਾਮ ਕੀਤਾ ਗਿਆ। ਗਵਰਨਰ ਜਨਰਲ ਵੱਲੋਂ ਤਿਆਰ ਕੀਤੀ ਸੋਚੀ ਸਮਝੀ ਯੋਜਨਾ ਅਨੁਸਾਰ ਮਹਾਰਾਜਾ ਡਾ. ਲੋਗਨ ਦੀ ਸਰਪ੍ਰਸਤੀ ਹੇਠ ਸਿੱਖਿਆ ਪ੍ਰਾਪਤ ਕਰਨ ਲੱਗਾ। ਨਤੀਜੇ ਵਜੋਂ ਹੌਲੀ ਹੌਲੀ ਉਸ ਦੇ ਮਨ ਵਿਚ ਲਾਹੌਰ ਦਰਬਾਰ ਅਤੇ ਆਪਣੇ ਸਕੇ ਸਬੰਧੀਆਂ ਪ੍ਰਤੀ ਮੋਹ ਦੀ ਥਾਂ ਨਫ਼ਰਤ ਪੈਦਾ ਹੋਣ ਲੱਗੀ। ਅਜਿਹੀ ਮਨੋ-ਸਥਿਤੀ ਵਿਚੋਂ ਗੁਜ਼ਰਦਿਆਂ ਉਹ ਅਤੀਤ ਨਾਲੋਂ ਟੁੱਟਣ ਲੱਗਾ। ਡਾ. ਲੋਗਨ ਨੇ 16 ਜੁਲਾਈ 1850 ਨੂੰ ਆਪਣੀ ਪਤਨੀ ਵੱਲ ਲਿਖੀ ਚਿੱਠੀ ਵਿਚ ਲਿਖਿਆ ਕਿ ਮਹਾਰਾਜਾ ਦਲੀਪ ਸਿੰਘ ਨਾਲ ਉਸ ਦੇ ਵਿਆਹ ਬਾਰੇ ਗੱਲ ਛੇੜਨ ਉੱਤੇ ਮਹਾਰਾਜਾ ਨੇ ਆਖਿਆ ਕਿ ਸ਼ੇਰ ਸਿੰਘ ਅਟਾਰੀ ਵਾਲੇ ਦੀ ਭੈਣ, ਜਿਸ ਨਾਲ ਉਸ ਦੀ ਮੰਗਣੀ ਹੋ ਚੁੱਕੀ ਹੈ, ਨਾਲ ਉਹ ਕਿਸੇ ਕਿਸਮ ਦਾ ਸਬੰਧ ਬਣਾਈ ਰੱਖਣਾ ਨਹੀਂ ਚਾਹੁੰਦਾ। ਡਾ. ਲੋਗਨ ਨੇ ਇਹ ਗੱਲ ਗਵਰਨਰ ਜਨਰਲ ਨਾਲ ਵੀ ਸਾਂਝੀ ਕੀਤੀ। ਗਵਰਨਰ-ਜਨਰਲ ਤਾਂ ਪਹਿਲਾਂ ਹੀ ਇਹੋ ਚਾਹੁੰਦਾ ਸੀ। ਉਸ ਨੇ ਆਪਣੀ ਸੋਚ ਨੂੰ ਸਪੱਸ਼ਟ ਕਰਦਿਆਂ ਡਾ. ਲੋਗਨ ਨੂੰ ਲਿਖਿਆ ਕਿ 'ਮਹਾਰਾਜੇ ਦੀ ਸ਼ਾਦੀ ਕਰਨਾ ਸਾਡੇ ਲਈ ਹੋਰ ਵੀ ਕਠਿਨ ਮਾਮਲਾ ਹੈ। ਮੈਂ ਨਿਸ਼ਚਿਤ ਤੌਰ 'ਤੇ ਇਤਰਾਜ਼ ਕਰਾਂਗਾ ਅਤੇ ਨਹੀਂ ਚਾਹਾਂਗਾ ਕਿ ਹੁਣ ਤੋਂ ਮਹਾਰਾਜੇ ਦੇ ਕਿਸੇ ਸਿੱਖ ਪਰਿਵਾਰ ਵਿਚ ਵਿਆਹ ਜਾਂ ਸਿੱਖ ਭਾਵਨਾਵਾਂ ਪ੍ਰਤੀ ਹਮਦਰਦੀ ਸਦਕਾ ਮਹਾਰਾਜੇ ਅਤੇ ਸਿੱਖ ਕੌਮ ਦਰਮਿਆਨ ਕੋਈ ਸੰਪਰਕ ਬਣਿਆ ਰਹੇ।' ਇਸ ਤਰਾਂ ਬਰਤਾਨਵੀ ਸਰਕਾਰ ਦੀ ਸੋਚੀ ਸਮਝੀ ਨੀਤੀ ਅਨੁਸਾਰ ਮਹਾਰਾਜਾ ਦਲੀਪ ਸਿੰਘ ਦੇ ਅਟਾਰੀ ਖਾਨਦਾਨ ਨਾਲ ਜੁੜਨ ਵਾਲੇ ਵਿਆਹ ਸਬੰਧ ਦਾ ਭੋਗ ਪੈ ਗਿਆ।

ਮਹਾਰਾਜਾ ਦਲੀਪ ਸਿੰਘ ਦੇ ਮਹਾਰਾਜਾ ਸ਼ੇਰ ਸਿੰਘ ਦੀ ਵਿਧਵਾ, ਆਪਣੀ ਭਰਜਾਈ, ਨਾਲ ਵਿਆਹ ਬਾਰੇ ਵੀ ਚਰਚਾ ਹੁੰਦੀ ਰਹੀ। ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਨਿਕਾਲਾ ਦੇਣ ਪਿੱਛੇ ਬਰਤਾਨਵੀ ਸਰਕਾਰ ਦਾ ਇਹ ਡਰ ਵੀ ਸੀ ਕਿ ਜੇਕਰ ਦਲੀਪ ਸਿੰਘ ਪੰਜਾਬ ਵਿੱਚ ਹਾਜ਼ਰ ਰਿਹਾ ਤਾਂ ਸਿੱਖ ਕੌਮ ਆਪਣੇ ਮਹਾਰਾਜੇ ਨੂੰ ਰਾਜ ਭਾਗ ਮੁੜ ਦਿਵਾਉਣ ਲਈ ਕਦੇ ਵੀ ਸੰਘਰਸ਼ ਦੇ ਰਾਹ ਪੈ ਸਕਦੀ ਹੈ। ਇਸ ਸੋਚ ਅਧੀਨ ਹੀ ਗਵਰਨਰ ਜਨਰਲ ਨੇ ਮਹਾਰਾਜਾ ਦਲੀਪ ਸਿੰਘ ਦੇ ਨਾਲ ਹੀ ਉਸ ਪਿੱਛੋਂ ਲਾਹੌਰ ਦੀ ਰਾਜਗੱਦੀ ਉੱਤੇ ਦਾਅਵਾ ਕਰ ਸਕਣ ਵਾਲੇ ਕੰਵਰ ਸ਼ਾਹਦੇਵ ਸਿੰਘ ਨੂੰ ਵੀ ਫਤਹਿਗੜ ਭੇਜ ਦਿੱਤਾ ਸੀ। ਕੰਵਰ ਸ਼ਾਹਦੇਵ ਸਿੰਘ ਮਹਾਰਾਜਾ ਸ਼ੇਰ ਸਿੰਘ ਦਾ ਪੁੱਤਰ ਅਤੇ ਦਲੀਪ ਸਿੰਘ ਦਾ ਭਤੀਜਾ ਸੀ। ਸ਼ਾਹਦੇਵ ਸਿੰਘ ਦੀ ਮਾਂ ਰਾਣੀ ਦੁਕਨੂੰ, ਕਾਂਗੜਾ ਪਹਾੜੀ ਖੇਤਰ ਦੇ ਕਿਸੇ ਪੁਰਾਣੇ ਰਾਜਪੂਤ ਖਾਨਦਾਨ ਵਿਚੋਂ ਸੀ ਜਿਸ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਮਹਾਰਾਜਾ ਸ਼ੇਰ ਸਿੰਘ ਨੇ ਗੱਦੀ ਉੱਤੇ ਬੈਠਣ ਉਪਰੰਤ ਉਸ ਨਾਲ ਵਿਆਹ ਕੀਤਾ ਸੀ। ਮਹਾਰਾਜਾ ਸ਼ੇਰ ਸਿੰਘ ਦੇ ਕਤਲ ਹੋਣ ਸਮੇਂ ਸ਼ਾਹਦੇਵ ਸਿੰਘ ਦੀ ਉਮਰ ਕੇਵਲ ਚਾਰ ਮਹੀਨੇ ਦੀ ਸੀ ਅਤੇ ਇਉਂ ਜਦ ਉਸ ਨੂੰ ਮਹਾਰਾਜਾ ਦਲੀਪ ਸਿੰਘ ਨਾਲ ਪੰਜਾਬ-ਬਦਰ ਕੀਤਾ ਤਾਂ ਉਹ ਹਾਲੇ ਉਮਰ ਦੇ ਸੱਤਵੇਂ ਵਰੇ ਵਿਚ ਸੀ। ਰਾਣੀ ਦੁਕਨੂੰ ਨੇ ਰੈਜ਼ੀਡੈਂਟ ਨੂੰ ਬੇਨਤੀ ਕੀਤੀ ਕਿ ਉਸ ਨੂੰ ਵੀ ਆਪਣੇ ਬਾਲ ਪੁੱਤਰ ਦੇ ਨਾਲ ਜਾਣ ਦੀ ਆਗਿਆ ਦਿੱਤੀ ਜਾਵੇ। ਫਲਸਰੂਪ, ਉਹ ਵੀ ਫਤਹਿਗੜ ਵਿਖੇ ਆਪਣੇ ਪੁੱਤਰ ਸਮੇਤ ਮਹਾਰਾਜਾ ਦਲੀਪ ਸਿੰਘ ਦੇ ਗੁਆਂਢ ਇਕ ਕੋਠੀ ਵਿਚ ਰਹਿੰਦੀ ਰਹੀ। ਮਹਾਰਾਜਾ ਦਲੀਪ ਸਿੰਘ ਕਦੇ ਕਦਾਈਂ ਰਾਣੀ ਦੁਕਨੂੰ ਅਤੇ ਆਪਣੇ ਭਤੀਜੇ ਸ਼ਾਹਦੇਵ ਸਿੰਘ ਨੂੰ ਮਿਲਣ ਉਨਾਂ ਦੇ ਨਿਵਾਸ ਉੱਤੇ ਵੀ ਜਾਂਦਾ ਸੀ। ਅਜਿਹੇ ਮੌਕਿਆਂ ਉੱਤੇ ਰਾਣੀ ਉਸ ਨੂੰ ਖਾਨਦਾਨ ਦਾ ਮੁਖੀ ਸਮਝਦਿਆਂ ਨੰਗੇ ਮੂੰਹ ਮਿਲਦੀ



ਸੀ ਅਤੇ ਬਣਦਾ ਮਾਣ ਸਤਿਕਾਰ ਵੀ ਦਿੰਦੀ। ਭਾਵੇਂ ਇਸ ਸਮੇਂ ਮਹਾਰਾਜਾ ਦਲੀਪ ਸਿੰਘ ਅਜੇ ਉਮਰ ਦੇ ਤੇਰਵੇਂ-ਚੌਦਵੇਂ ਵਰੇ ਵਿਚ ਹੀ ਸੀ, ਪਰ ਕਿਵੇਂ ਨਾ ਕਿਵੇਂ ਮਹਾਰਾਜਾ ਦਲੀਪ ਸਿੰਘ ਅਤੇ ਕੰਵਰ ਸ਼ਾਹਦੇਵ ਸਿੰਘ ਨਾਲ ਗਏ ਪੰਜਾਬੀ ਸੇਵਾਦਾਰਾਂ ਅਤੇ ਹੋਰਨਾਂ ਵਿਚ ਕਾਨਾਫੂਸੀ ਹੋਣ ਲੱਗੀ ਕਿ ਦਲੀਪ ਸਿੰਘ ਚਾਦਰ ਪਾਉਣ ਦੀ ਰਸਮ ਕਰਕੇ ਆਪਣੀ ਵਿਧਵਾ ਭਰਜਾਈ ਰਾਣੀ ਦੁਕਨੂੰ ਨਾਲ ਵਿਆਹ ਕਰਵਾ ਲਏਗਾ। ਸਿੱਖ ਪ੍ਰੰਪਰਾ ਅਜਿਹਾ ਕਰਨ ਦੀ ਆਗਿਆ ਵੀ ਦਿੰਦੀ ਸੀ, ਪਰ ਮਹਾਰਾਜਾ ਦਲੀਪ ਸਿੰਘ ਦੇ ਰਾਣੀ ਦੁਕਨੂੰ ਪ੍ਰਤੀ ਵਰਤੋਂ ਵਿਹਾਰ ਤੋਂ ਅਜਿਹਾ ਕੋਈ ਸੰਕੇਤ ਨਾ ਮਿਲਿਆ। ਫਲਸਰੂਪ ਇਹ ਕੇਵਲ ਅਫ਼ਵਾਹ ਮਾਤਰ ਹੀ ਰਹੀ।

ਮਹਾਰਾਜਾ ਦਲੀਪ ਸਿੰਘ ਨੂੰ ਵਿਆਹ ਬੰਧਨ ਵਿੱਚ ਬੰਨਣ ਲਈ ਰਾਜਾ ਕੁਰਗ ਦੀਆਂ ਰਾਜਕੁਮਾਰੀਆਂ ਨੂੰ ਵੀ ਵਿਚਾਰਿਆ ਗਿਆ। ਜਿਵੇਂ ਪਹਿਲਾਂ ਲਿਖਿਆ ਗਿਆ ਹੈ ਕਿ ਮਹਾਰਾਜੇ ਦੇ ਫਤਹਿਗੜ ਨਿਵਾਸ ਸਮੇਂ ਡਾ. ਲੋਗਨ ਵੀ ਉਸ ਦੇ ਵਿਆਹ ਬਾਰੇ ਸੋਚ-ਵਿਚਾਰ ਕਰਦਾ ਰਿਹਾ। ਗਵਰਨਰ ਜਨਰਲ ਲਾਰਡ ਡਲਹੌਜ਼ੀ ਦੀ ਹਦਾਇਤ ਅਨੁਸਾਰ ਦਲੀਪ ਸਿੰਘ ਨੂੰ ਕਿਸੇ ਸਿੱਖ ਪਰਿਵਾਰ ਵਿੱਚ ਵਿਆਹੁਣ ਬਾਰੇ ਕੋਈ ਸੰਭਾਵਨਾ ਨਹੀਂ ਸੀ। ਇਸ ਲਈ ਡਾ. ਲੋਗਨ ਨੇ ਆਪਣੇ ਜਾਣੂੰਆਂ ਨੂੰ ਯੁਵਕ ਮਹਾਰਾਜੇ ਲਈ ਢੁੱਕਵੀਂ ਲੜਕੀ ਦੀ ਦੱਸ ਪਾਉਣ ਬਾਰੇ ਆਖਿਆ। ਗਵਰਨਰ ਜਨਰਲ ਦੇ ਬਨਾਰਸ ਵਿਚਲੇ ਏਜੰਟ ਮੇਜਰ ਸਟੀਵਰਟ ਨੇ ਡਾ. ਲੋਗਨ ਨੂੰ ਕੁਰਗ ਦੀ ਰਾਜਕੁਮਾਰੀ ਬਾਰੇ ਦੱਸ ਪਾਈ ਜੋ ਉਨੀਂ ਦਿਨੀਂ ਬਨਾਰਸ ਰਹਿ ਕੇ ਅੰਗਰੇਜ਼ ਬਾਲਕਾਂ ਵਾਂਗ ਹੀ ਸਿੱਖਿਆ ਪ੍ਰਾਪਤ ਕਰ ਰਹੀ ਸੀ ਅਤੇ ਰਾਜਾ ਕੁਰਗ ਨੇ ਉਸ ਦੀ ਉਚੇਰੀ ਪੜਾਈ ਲਈ ਉਸ ਨੂੰ ਇੰਗਲੈਂਡ ਭੇਜਣ ਲਈ ਇਜਾਜ਼ਤ ਲਈ ਹੋਈ ਸੀ। ਅੱਠ ਸਾਲ ਉਮਰ ਦੀ ਇਹ ਰਾਜਕੁਮਾਰੀ ਸੋਹਣੀ ਸਨੁੱਖੀ ਅਤੇ ਅਕਲਮੰਦ ਸੀ। ਲਾਰਡ ਡਲਹੌਜ਼ੀ ਨੇ ਵੀ ਡਾ. ਲੋਗਨ ਨੂੰ ਕੁਰਗ ਦੇ ਰਾਜੇ ਦੀ ਧੀ ਬਾਰੇ ਹੀ ਦੱਸ ਪਾਈ, ਪਰ ਉਸ ਨੇ ਵੱਡੀ ਰਾਜਕੁਮਾਰੀ, ਜਿਸ ਬਾਰੇ ਮੇਜਰ ਸਟੀਵਰਟ ਨੇ ਗੱਲ ਕੀਤੀ ਸੀ, ਦੀ ਬਜਾਏ ਛੋਟੀ ਰਾਜਕੁਮਾਰੀ ਨੂੰ ਦਲੀਪ ਸਿੰਘ ਦੇ ਰਿਸ਼ਤੇ ਲਈ ਯੋਗ ਸਮਝਿਆ। ਇਨਾਂ ਦੋਵਾਂ ਰਾਜਕੁਮਾਰੀਆਂ ਵਿਚੋਂ ਕਿਸੇ ਇਕ ਨਾਲ ਦਲੀਪ ਸਿੰਘ ਦੇ ਰਿਸ਼ਤੇ ਦੀ ਗੱਲ ਇਸ ਦੱਸ-ਪੁੱਛ ਤੋਂ ਅੱਗੇ ਨਹੀਂ ਵਧੀ। ਮਹਾਰਾਜਾ ਦਲੀਪ ਸਿੰਘ 19 ਮਈ 1854 ਨੂੰ ਇੰਗਲੈਂਡ ਲਈ ਰਵਾਨਾ ਹੋਇਆ ਅਤੇ ਜੁਲਾਈ ਵਿਚ ਲੰਡਨ ਪਹੁੰਚ ਗਿਆ।

ਇਸ ਸਮੇਂ ਤੱਕ ਰਾਜਾ ਕੁਰਗ ਦੀ ਵੱਡੀ ਰਾਜਕੁਮਾਰੀ ਵੀ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਲੰਡਨ ਪਹੁੰਚ ਚੁੱਕੀ ਸੀ ਜਿੱਥੇ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਨੇ ਉਸ ਨੂੰ ਆਪਣੀ ਧਰਮ ਦੀ ਧੀ ਬਣਾ ਕੇ ਰੱਖਿਆ ਹੋਇਆ ਸੀ। ਇੰਗਲੈਂਡ ਪਹੁੰਚਣ ਉਪਰੰਤ ਥੋੜੇ ਸਮੇਂ ਅੰਦਰ ਹੀ ਮਹਾਰਾਜਾ ਦਲੀਪ ਸਿੰਘ ਵੀ ਮਹਾਰਾਣੀ ਦਾ ਚਹੇਤਾ ਬਣ ਗਿਆ। ਇੱਥੇ ਹੀ ਮਹਾਰਾਜਾ ਦਲੀਪ ਸਿੰਘ ਅਤੇ ਰਾਜਕੁਮਾਰੀ ਗੌਰਮਾ, ਜਿਸ ਨੂੰ ਮਹਾਰਾਣੀ ਨੇ ਆਪਣਾ ਨਾਉਂ ਦਿੱਤਾ ਹੋਣ ਕਾਰਨ ਵਿਕਟੋਰੀਆ ਗੌਰਮਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਸੀ, ਦੀ ਪਹਿਲੀ ਮੁਲਕਾਤ ਹੋਈ। ਮਹਾਰਾਣੀ ਵਿਕਟੋਰੀਆ ਦੀ ਤੀਬਰ ਇੱਛਾ ਸੀ ਅਤੇ ਉਹ ਮਨ ਹੀ ਮਨ ਇਹ ਫ਼ੈਸਲਾ ਕਰ ਚੁੱਕੀ ਸੀ ਕਿ ਦਲੀਪ ਸਿੰਘ ਅਤੇ ਗੌਰਮਾ ਪਤੀ ਪਤਨੀ ਦੇ ਰਿਸ਼ਤੇ ਵਿਚ ਬੱਝ ਜਾਣ। ਉਸ ਨੇ ਇਕ ਇਤਾਲਵੀ ਬੁੱਤਘਾੜੇ ਮਰੋਚੇਟੀ ਪਾਸੋਂ ਦੋਵਾਂ ਦੇ ਬੁੱਤ ਬਣਵਾ ਕੇ ਨਾਲੋਂ ਨਾਲ ਵਿੰਡਸਰ ਕੈਸਲ ਵਿਚ ਰੱਖੇ ਹੋਏ ਸਨ। ਰਾਜਕੁਮਾਰੀ ਆਪਣੀ ਟਿਊਟਰ ਮਿਸਿਜ਼ ਡਰੂਮੌਂਡ ਨਾਲ ਕਈ ਵਾਰ ਡਾ. ਲੋਗਨ ਦੇ ਨਿਵਾਸ ਉੱਤੇ ਮਹਾਰਾਜੇ ਨੂੰ ਮਿਲਣ ਆਈ ਅਤੇ ਮਹਾਰਾਜਾ ਵੀ ਦੋ ਵਾਰ ਰਾਜਕੁਮਾਰੀ ਅਤੇ ਮਿਸਿਜ਼ ਡਰੂਮੌਂਡ ਨੂੰ ਮਿਲਣ ਗਿਆ। ਡਾ. ਲੋਗਨ ਵੀ ਭਰਪੂਰ ਇੱਛਕ ਅਤੇ ਯਤਨਸ਼ੀਲ ਸੀ ਕਿ ਮਹਾਰਾਜਾ ਦਲੀਪ ਸਿੰਘ ਰਾਜਕੁਮਾਰੀ ਵਿਕਟੋਰੀਆ ਗੌਰਮਾ ਪ੍ਰਤੀ ਆਪਣੀ ਪਿਆਰ ਭਾਵਨਾ ਦਾ ਪ੍ਰਗਟਾਵਾ ਕਰੇ, ਪਰ ਉਸ ਨੇ ਰਾਜਕੁਮਾਰੀ ਦੀ ਸੰਗਤ ਵਿਚ ਖ਼ੁਸ਼ੀ ਦੇ ਭਾਵ ਪ੍ਰਗਟਾਉਣ ਦੇ ਬਾਵਜੂਦ ਰਾਜਕੁਮਾਰੀ ਪਾਸੋਂ ਬਣਦੀ ਦੂਰੀ ਬਣਾਈ ਰੱਖੀ। ਮਿਸਿਜ਼ ਲੋਗਨ ਦੀ ਆਸ ਦੇ ਉਲਟ ਮਹਾਰਾਜੇ ਨੇ ਉਸ ਨੂੰ ਸਪਸ਼ਟ ਕੀਤਾ ਕਿ ਉਹ ਆਪਣੇ ਵਿਆਹ ਨਾਲ ਸੰਬੰਧਤ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਨ ਉਪਰੰਤ ਇਸ ਨਤੀਜੇ ਉੱਤੇ ਪਹੁੰਚਿਆ ਹੈ ਕਿ ਕੋਈ ਅੰਗਰੇਜ਼ ਮੁਟਿਆਰ ਹੀ ਉਸ ਦੇ ਮਨ ਵਿਚ ਬਣੇ ਆਦਰਸ਼ਕ ਪਤਨੀ ਦੇ ਮਿਆਰ ਉੱਤੇ ਪੂਰੀ ਉਤਰ ਸਕਦੀ ਹੈ। ਸ੍ਰੀਮਤੀ ਲੋਗਨ ਵੀ ਜਾਣਦੀ ਸੀ ਕਿ ਇੰਗਲੈਂਡ ਦੇ ਅਨੇਕ ਪਤਵੰਤਿਆਂ ਨੇ ਮਹਾਰਾਜੇ ਨੂੰ ਆਪਣੀਆਂ ਬੇਟੀਆਂ ਨਾਲ ਵਿਆਹ ਬੰਧਨ ਵਿੱਚ ਬੱਝਣ ਲਈ ਉਤਸ਼ਾਹਿਤ ਕੀਤਾ ਹੈ, ਇਸ ਲਈ ਉਹ ਮਹਾਰਾਜੇ ਦੀ ਸੋਚ ਨੂੰ ਅਮਲੀ ਰੂਪ ਧਾਰਨ ਦੇ ਰਾਹ ਵਿਚ ਕੋਈ ਔਕੜ ਨਹੀਂ ਸੀ ਵੇਖਦੀ।

ਮਹਾਰਾਜਾ ਦਲੀਪ ਸਿੰਘ ਸਾਲ 1861 ਦੇ ਸ਼ੁਰੂ ਵਿਚ ਹਿੰਦੋਸਤਾਨ ਆਇਆ ਅਤੇ ਆਪਣੀ ਮਾਤਾ ਮਹਾਰਾਣੀ ਜਿੰਦਾਂ ਨੂੰ ਨਾਲ ਲੈ ਕੇ ਇੰਗਲੈਂਡ ਵਾਪਸ ਆ ਗਿਆ ਜਿੱਥੇ ਪਹਿਲੀ ਅਗਸਤ 1863 ਨੂੰ ਮਹਾਰਾਣੀ ਜਿੰਦਾਂ ਦਾ ਦੇਹਾਂਤ ਹੋ ਗਿਆ। ਮਹਾਰਾਜੇ ਨੇ ਮਹਾਰਾਣੀ ਜਿੰਦਾਂ ਦੀਆਂ ਅੰਤਿਮ ਰਸਮਾਂ ਪੂਰੀਆਂ ਕਰਨ ਲਈ ਹਿੰਦੋਸਤਾਨ ਆਉਣਾ ਸੀ। ਅਕਤੂਬਰ 1863 ਵਿਚ ਹੀ ਡਾ. ਲੋਗਨ ਚਲਾਣਾ ਕਰ ਗਿਆ। ਹਿੰਦੋਸਤਾਨ ਨੂੰ ਚੱਲਣ ਤੋਂ ਪਹਿਲਾਂ ਮਹਾਰਾਜਾ ਦਲੀਪ ਸਿੰਘ ਗ਼ਮਗੀਨ ਲੇਡੀ ਲੋਗਨ ਦਾ ਦੁੱਖ ਵੰਡਾਉਣ ਲਈ ਕੁਝ ਦਿਨ ਉਸ ਪਾਸ ਠਹਿਰਿਆ। ਇਸ ਸਮੇਂ ਤੱਕ ਮਹਾਰਾਜੇ ਦੀ ਸੋਚ ਵਿਚ ਸਿਫ਼ਤੀ ਤਬਦੀਲੀ ਆ ਚੁੱਕੀ ਸੀ। ਉਸ ਨੇ ਹਿੰਦੋਸਤਾਨ ਲਈ ਆਪਣੀ ਰਵਾਨਗੀ ਤੋਂ ਪਹਿਲਾਂ ਮਿਸਿਜ਼ ਲੋਗਨ ਨੂੰ ਦੱਸਿਆ ਕਿ ਉਸ ਨੇ ਆਪਣਾ ਬਾਕੀ ਜੀਵਨ ਇਕ ਧਾਰਮਿਕ ਇਸਾਈ ਵਿਅਕਤੀ ਵਜੋਂ ਗੁਜ਼ਾਰਨ ਦਾ ਮਨ ਬਣਾਇਆ ਹੈ। ਇਸ ਲਈ ਉਹ ਅਜਿਹੀ ਮੁਟਿਆਰ ਨਾਲ ਵਿਆਹ ਕਰਵਾਉਣਾ ਚਾਹੇਗਾ ਜੋ ਇਸ ਕਾਰਜ ਵਿਚ ਉਸ ਦੀ ਸਹਾਇਕ ਬਣ ਸਕੇ। ਮਹਾਰਾਜੇ ਨੇ ਪਿਛਲੀ ਵਾਰ ਹਿੰਦੋਸਤਾਨ ਤੋਂ ਇੰਗਲੈਂਡ ਨੂੰ ਆਉਂਦਿਆਂ ਰਸਤੇ ਵਿੱਚ ਕਾਹਿਰਾ ਵਿਖੇ ਇਸਾਈ ਮਿਸ਼ਨਰੀ ਸਕੂਲ ਵੇਖਿਆ ਸੀ ਅਤੇ ਉਹ ਇੱਥੇ ਕੀਤੇ ਜਾ ਰਹੇ ਸੇਵਾ ਕਾਰਜ ਤੋਂ ਬੇਹੱਦ ਪ੍ਰਭਾਵਿਤ ਹੋਇਆ ਸੀ। ਇਸ ਲਈ ਉਸ ਨੇ ਆਪਣਾ ਮਨ ਖੋਲਦਿਆਂ ਲੇਡੀ ਲੋਗਨ ਨੂੰ ਦੱਸਿਆ ਕਿ ਉਹ ਹਿੰਦੋਸਤਾਨ ਤੋਂ ਵਾਪਸੀ ਸਮੇਂ ਕਾਹਿਰਾ ਦੇ ਮਿਸ਼ਨਰੀ ਸਕੂਲ ਵਿਚ ਜਾ ਕੇ ਮਿਸ਼ਨਰੀਆਂ ਨੂੰ ਆਪਣੇ ਲਈ ਢੁੱਕਵੀਂ ਪਤਨੀ ਦੀ ਖੋਜ ਕਰਨ ਵਿੱਚ ਮਦਦ ਕਰਨ ਲਈ ਕਹੇਗਾ।

ਲੇਡੀ ਲੋਗਨ ਨੇ ਮਹਾਰਾਜਾ ਦਲੀਪ ਸਿੰਘ ਨੂੰ ਅਜਿਹਾ ਕਦਮ, ਜਿਸ ਨੇ ਮਹਾਰਾਜੇ ਦੇ ਅਗਲੇ ਸਾਰੇ ਜੀਵਨ ਨੂੰ ਪ੍ਰਭਾਵਿਤ ਕਰਨਾ ਸੀ, ਚੁੱਕਣ ਤੋਂ ਪਹਿਲਾਂ ਇਸ ਬਾਰੇ ਪੁਨਰ-ਵਿਚਾਰ ਕਰ ਲੈਣ ਲਈ ਆਖਿਆ ਪਰ ਉਹ ਆਪਣਾ ਮਨ ਬਣਾ ਚੁੱਕਾ ਸੀ। ਇਸ ਲਈ ਹਿੰਦੋਸਤਾਨ ਵਿਚ ਮਹਾਰਾਣੀ ਜਿੰਦਾਂ ਦੀਆਂ ਅੰਤਿਮ ਰਸਮਾਂ ਨਿਪਟਾਉਣ ਉਪਰੰਤ ਬਰਤਾਨੀਆ ਲਈ ਵਾਪਸੀ ਯਾਤਰਾ ਦੌਰਾਨ ਉਸ ਨੇ ਆਪਣੇ ਲਈ ਢੁੱਕਵੀਂ ਲਾੜੀ ਦੀ ਸ਼ਨਾਖਤ ਕਰਨ ਲਈ ਕਾਹਿਰਾ ਵਿਖੇ ਅਮਰੀਕੀ ਪ੍ਰੈਸਬੀਟੀਰੀਅਨ ਮਿਸ਼ਨ ਸਕੂਲ ਦਾ ਦੌਰਾ ਕੀਤਾ। ਇਸ ਸਕੂਲ ਵਿਚ ਅਧਿਆਪਕਾ ਵਜੋਂ ਕੰਮ ਕਰ ਰਹੀ ਇਕ ਮੁਟਿਆਰ ਬੰਬਾ ਮੂਲਰ ਮਹਾਰਾਜੇ ਦੇ ਮਨ ਨੂੰ ਭਾਅ ਗਈ। ਇਸ ਸਮੇਂ ਬੰਬਾ ਮੂਲਰ ਦੀ ਉਮਰ ਪੰਦਰਾਂ-ਸੋਲਾਂ ਵਰਿਆਂ ਦੇ ਦਰਮਿਆਨ ਸੀ। ਜਰਮਨ ਬਾਪ ਲੁਡਵਿੰਗ ਮੂਲਰ ਅਤੇ ਐਬੀਸੀਨੀਆਈ ਪਿਛੋਕੜ ਵਾਲੀ ਮਾਂ ਦੇ ਸੰਜੋਗ ਤੋਂ ਜਨਮੀ ਇਸ ਮੁਟਿਆਰ ਨੇ ਇਸਾਈ ਧਰਮ ਗ੍ਰਹਿਣ ਕੀਤਾ ਹੋਇਆ ਸੀ ਅਤੇ ਉਸ ਨੇ ਉਸੇ ਮਿਸ਼ਨ ਸਕੂਲ ਤੋਂ ਸਿੱਖਿਆ ਪ੍ਰਾਪਤ ਕੀਤੀ ਸੀ ਜਿੱਥੇ ਉਹ ਉਨੀਂ ਦਿਨੀਂ ਪੜਾ ਰਹੀ ਸੀ। 7 ਜੂਨ 1864 ਨੂੰ ਸਿਕੰਦਰੀਆ ਸਥਿਤ ਬਰਤਾਨਵੀ ਕੌਂਸਲਖਾਨੇ ਵਿੱਚ ਮਹਾਰਾਜਾ ਦਲੀਪ ਸਿੰਘ ਅਤੇ ਬੰਬਾ ਮੂਲਰ ਦੇ ਵਿਆਹ ਦੀ ਰਸਮ ਪੂਰੀ ਕੀਤੀ ਗਈ।

ਵਿਆਹ ਸਮੇਂ ਬੰਬਾ ਮੂਲਰ ਕੇਵਲ ਅਰਬੀ ਭਾਸ਼ਾ ਬੋਲਣ ਅਤੇ ਸਮਝਣ ਦੇ ਸਮਰੱਥ ਸੀ। ਇਸ ਲਈ ਲੰਡਨ ਪਹੁੰਚ ਕੇ ਮਹਾਰਾਜਾ ਦਲੀਪ ਸਿੰਘ ਨੇ ਉਸ ਨੂੰ ਅੰਗਰੇਜ਼ੀ ਪੜਾਉਣ ਦਾ ਪ੍ਰਬੰਧ ਕੀਤਾ। ਇਸ ਜੋੜੇ ਦਾ ਅਗਲਾ ਵਿਆਹੁਤਾ ਜੀਵਨ ਕੋਈ ਭੇਤ ਦੀ ਗੱਲ ਨਹੀਂ। ਸਾਰੇ ਜਾਣਦੇ ਹਨ ਕਿ ਮਹਾਰਾਣੀ ਬੰਬਾ ਮੂਲਰ ਦੇ ਪੇਟੋਂ ਮਹਾਰਾਜਾ ਦਲੀਪ ਸਿੰਘ ਦੇ ਛੇ ਬੱਚਿਆਂ - ਤਿੰਨ ਲੜਕੇ ਅਤੇ ਤਿੰਨ ਲੜਕੀਆਂ ਨੇ ਜਨਮ ਲਿਆ। ਲਗਭਗ 23 ਸਾਲ ਦਾ ਵਿਆਹੁਤਾ ਜੀਵਨ ਭੋਗਣ ਉਪਰੰਤ ਮਹਾਰਾਣੀ ਬੰਬਾ 18 ਸਤੰਬਰ 1887 ਨੂੰ ਅਕਾਲ ਚਲਾਣਾ ਕਰ ਗਈ।

ਮਹਾਰਾਣੀ ਬੰਬਾ ਦੇ ਦੇਹਾਂਤ ਉਪਰੰਤ ਮਹਾਰਾਜਾ ਦਲੀਪ ਸਿੰਘ ਨੇ ਇਕ ਹੋਰ ਵਿਆਹ 21 ਮਈ 1889 ਨੂੰ ਅਡਾਜ਼ੋਗਲਸ ਵਿਦਰਲ ਨਾਂ ਦੀ ਅੰਗਰੇਜ਼ ਔਰਤ ਨਾਲ ਕੀਤਾ। ਉਸ ਸਮੇਂ ਉਹ ਫਰਾਂਸ ਵਿਚ ਰਹਿ ਰਿਹਾ ਸੀ। ਇਸ ਵਿਆਹ ਤੋਂ ਥੋੜੇ ਸਮੇਂ ਬਾਅਦ ਮਹਾਰਾਜਾ ਦਲੀਪ ਸਿੰਘ 22 ਅਕਤੂਬਰ 1893 ਨੂੰ ਫਰਾਂਸ ਵਿੱਚ ਹੀ ਸਵਰਗਵਾਸ ਹੋ ਗਿਆ।

## ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸਿੱਖ ਸ਼ਰਧਾਲੂਆਂ ਦਾ ਜੱਥਾ ਨਹੀਂ ਜਾ ਸਕੇਗਾ ਪਾਕਿਸਤਾਨ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ ਵਿਖੇ ਜਾਣ ਵਾਲਾ ਸਿੱਖ ਸ਼ਰਧਾਲੂਆਂ ਦਾ ਜਥਾ ਇਸ ਵਾਰ ਪਾਕਿਸਤਾਨ ਨਹੀਂ ਜਾ ਸਕੇਗਾ। ਪਾਕਿਸਤਾਨ ਸਰਕਾਰ ਵੱਲੋਂ ਕੋਰੋਨਾ ਮਹਾਂਮਾਰੀ ਕਾਰਨ ਜਥੇ ਨੂੰ ਪ੍ਰਵਾਨਗੀ ਨਹੀਂ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਮੀਡੀਆ ਕੁਲਵਿੰਦਰ ਸਿੰਘ ਰਾਮਦਾਸ ਨੇ ਦੱਸਿਆ ਕਿ ਇਹ ਜਥਾ 21 ਜੂਨ ਨੂੰ ਪਾਕਿਸਤਾਨ ਜਾਣਾ ਸੀ, ਜਿਸ ਨੇ 29 ਜੂਨ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਉਪਰੰਤ 30 ਜੂਨ ਨੂੰ ਵਾਪਸ ਭਾਰਤ ਪਰਤਣਾ ਸੀ। ਉਨਾਂ ਕਿਹਾ ਕਿ ਜਿਨਾਂ ਸ਼ਰਧਾਲੂਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਲਈ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਪਾਸ ਜਮਾਂ ਕਰਵਾਏ ਸਨ, ਉਹ ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਤੋਂ ਵਾਪਸ ਲੈ ਸਕਦੇ ਹਨ।

# ਖ਼ਾਲਸਾ ਸਮਾਚਾਰ, ਸਿੱਖ ਪੰਥ ਤੇ ਬਰਤਾਨਵੀ ਸਾਮਰਾਜ

**ਡਾ. ਜੋਗਿੰਦਰ ਸਿੰਘ**

'ਖ਼ਾਲਸਾ ਸਮਾਚਾਰ' ਅਖ਼ਬਾਰ ਦਾ ਮੁੱਖ ਸਰੋਕਾਰ ਭਾਵੇਂ ਨਿਵੇਕਲੇ ਸਿੱਖ ਧਰਮ ਤੇ ਸਭਿਆਚਾਰ ਦੀ ਉਸਾਰੀ ਅਤੇ ਪ੍ਰਚਾਰ ਸੀ ਪਰ ਪੱਤਰਕਾਰੀ ਦਾ ਫ਼ਰਜ਼ ਨਿਭਾਉਂਦਿਆਂ ਭਾਈ ਵੀਰ ਸਿੰਘ ਦੇ ਅਖ਼ਬਾਰ ਨੇ ਭਾਰਤੀਆਂ ਦੇ ਸਮਾਜਿਕ ਤੇ ਆਰਥਿਕ ਮਸਲਿਆਂ ਬਾਰੇ ਵੀ ਪਾਠਕਾਂ ਨੂੰ ਜਾਣਕਾਰੀ ਕਰਵਾਈ।

ਇਤਿਹਾਸਕਾਰੀ ਦੇ ਸ਼ੁਰੂਆਤੀ ਦੌਰ 'ਚ ਭਾਰਤੀ ਪਰਵਾਸੀਆਂ ਦੀਆਂ ਸਮੱਸਿਆਵਾਂ ਦਾ ਅਧਿਐਨ ਕੈਨੇਡਾ ਅਤੇ ਅਮਰੀਕਾ ਗਏ ਭਾਰਤੀਆਂ ਪਰਵਾਸੀਆਂ ਦੇ ਪ੍ਰਸੰਗ ਵਿਚ ਕੀਤਾ ਗਿਆ ਹੈ ਪਰ ਭਾਰਤੀ (ਆਮ ਕਰ ਕੇ ਗ਼ੈਰ ਪੰਜਾਬੀ) ਰੋਟੀ ਰੋਜ਼ੀ ਕਮਾਉਣ ਲਈ ਦੱਖਣੀ ਅਫ਼ਰੀਕਾ ਵਿਚ ਵੀ ਗਏ ਸਨ। ਇਨਾਂ ਨੇ ਵੀ ਆਰਥਿਕ ਅਤੇ ਨਸਲੀ ਵਿਤਕਰੇ ਦੀਆਂ ਸਮੱਸਿਆਵਾਂ ਦਾ ਸਾਹਮਣਾ ਕੀਤਾ।

'ਖ਼ਾਲਸਾ ਸਮਾਚਾਰ' ਨੇ ਦੱਖਣੀ ਅਫ਼ਰੀਕਾ ਦੇ ਹਿੰਦੁਸਤਾਨੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਉਨਾਂ ਕਾਨਫ਼ਰੰਸਾਂ ਦੀ ਕਾਰਵਾਈ ਅਖ਼ਬਾਰ ਵਿਚ ਪ੍ਰਕਾਸ਼ਿਤ ਕੀਤੀ ਜਿਨਾਂ ਵਿਚ ਇਨਾਂ ਸਮੱਸਿਆਵਾਂ ਦੇ ਹੱਲ ਲਈ ਮਤੇ ਪਾਸ ਕੀਤੇ। ਇਕ ਖ਼ਬਰ ਅਨੁਸਾਰ ਦੱਖਣੀ ਅਫ਼ਰੀਕਾ ਵਿਚ ਵਸਦੇ ਭਾਰਤੀਆਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਭਾਰਤ ਦੇ ਨੇਤਾਵਾਂ ਨੇ ਮਾਇਕ ਮਦਦ ਲਈ ਕਈ ਉਪਰਾਲੇ ਕੀਤੇ।

'ਖ਼ਾਲਸਾ ਸਮਾਚਾਰ' ਨੇ ਦੱਖਣੀ ਅਫ਼ਰੀਕਾ 'ਚ ਹਿੰਦੋਸਤਾਨੀਆਂ ਨਾਲ ਨਸਲੀ ਵਿਤਕਰੇ ਦਾ ਨੋਟਿਸ ਲਿਆ (ਅੱਗੇ ਦਿੱਤੀਆਂ ਟੂਕਾਂ 'ਖ਼ਾਲਸਾ ਸਮਾਚਾਰ' ਦੇ ਵੱਖ ਵੱਖ ਸਮਿਆਂ 'ਤੇ ਪ੍ਰਕਾਸ਼ਿਤ ਹੋਏ ਅੰਕਾਂ 'ਚੋਂ ਹਨ): 'ਦੱਖਣੀ ਅਫ਼ਰੀਕਾ ਵਿਚ ਜੋ ਸਲੂਕ ਹਿੰਦੋਸਤਾਨੀਆਂ ਨਾਲ ਕੀਤਾ ਜਾਂਦਾ ਹੈ, ਉਹ ਕਿਸੇ ਤੋਂ ਲੁਕਿਆ ਨਹੀਂ। ਉਥੋਂ ਦੇ ਹਿੰਦੋਸਤਾਨੀਆਂ ਬਾਬਤ ਪਾਸ ਹੋਏ ਕਰੜੇ ਕਾਨੂੰਨ ਵਿਚ ਸਰਕਾਰ ਹਿੰਦ ਅਦਲਾ-ਬਦਲੀ ਕਰਾਣੀ ਚਾਹੁੰਦੀ ਸੀ ਪਰ ਦੱਖਣੀ ਅਫ਼ਰੀਕਾ ਦੀ ਗੌਰਮੈਂਟ ਨੇ ਜਵਾਬ ਦੇ ਦਿੱਤਾ ਤੇ ਕਹਿ ਦਿੱਤਾ ਕਿ ਦੱਖਣੀ ਅਫ਼ਰੀਕਾ ਦੀ ਸਰਕਾਰ, ਸਰਕਾਰ ਹਿੰਦੀ ਦੇ ਦਖ਼ਲ ਨੂੰ ਪ੍ਰਵਾਨ ਨਹੀਂ ਕਰੇਗੀ। ਖ਼ੁਸ਼ੀ ਦੀ ਗੱਲ ਇਹ ਹੈ ਕਿ ਹੁਣ ਸਰਕਾਰ ਹਿੰਦ ਨੇ ਹਿੰਦੋਸਤਾਨੀਆਂ ਦੇ ਦੁੱਖ ਦੂਰ ਕਰਨ ਲਈ ਜਿਹਾ ਵੇਖੇ ਤਿਹਾ ਵੇਖੇ ਦੇ ਅਨੁਸਾਰ ਅਮਲ ਆਰੰਭ ਕਰ ਦਿੱਤਾ ਹੈ, ਚੁਨਾਂਚਿ 27 ਅਕਤੂਬਰ ਸ਼ਿਮਲੇ ਦੀ ਖ਼ਬਰ ਹੈ ਕਿ ਸਰਕਾਰ ਹਿੰਦ ਨੇ ਦੱਖਣੀ ਅਫ਼ਰੀਕਾ ਦੀ ਸਰਕਾਰ ਦੀਆਂ ਵੀ ਅੱਖਾਂ ਖੁੱਲ ਜਾਣਗੀਆਂ, ਸਾਡੀ ਕ੍ਰਿਪਾਲੂ ਸਰਕਾਰ ਦੇ ਸ਼ੁਕਰੀਏ ਦੇ ਯੋਗ ਹੈ। ਆਸ਼ਾ ਹੈ ਕਿ ਹੁਣ ਸਰਕਾਰ ਦੀ ਮਦਦ ਨਾਲ ਕੈਨੇਡਾ ਵੱਲ ਵੀ ਰੁਖ਼ ਹੋਵੇਗਾ।'

'ਕਲਕੱਤੇ ਵਿਚ ਭਾਰੀ ਜਲਸਾ ਮਹਾਰਾਜਾ ਬਰਦਵਾਨ ਦੀ ਪ੍ਰਧਾਨਵੀ ਹੇਠ ਹੋਇਆ ਜਿਸ ਵਿਚ ਦੱਖਣੀ ਅਫ਼ਰੀਕਾ ਨਿਵਾਸੀ ਹਿੰਦੋਸਤਾਨੀ ਤੇ ਉਥੋਂ ਦੀ ਸਰਕਾਰ ਵੱਲੋਂ ਲੱਗੇ ਟੈਕਸ ਪਰ ਨਰਾਜ਼ਗੀ, ਸਰਕਾਰ ਬਰਤਾਨੀਆ ਦੇ ਇਸ ਕਾਨੂੰਨ ਵਤਨ ਛੋੜਾਂ ਦੇ ਪਾਸ ਕਰਨ ਪਰ ਮਾਯੂਸੀ, ਹਿੰਦੀਆਂ ਦੀ ਸ਼ਹਿਰੀਅਤ ਦੇ ਸਮ ਅਧਿਕਾਰ ਦੀ ਯਾਚਨਾ, ਮਿਸਟਰ ਗਾਂਧੀ ਦੀ ਕੁਰਬਾਨੀ ਦਾ ਧੰਨਵਾਦ ਤੇ ਕੈਨੇਡੀਅਨ ਸਰਕਾਰ ਦੇ ਹਿੰਦੁਸਤਾਨ ਤੋਂ ਸਿੱਧੇ ਸਫ਼ਰ ਦੇ ਕਾਨੂੰਨ ਪਰ ਨਾਰਾਜ਼ਗੀ ਦੇ ਰੈਜ਼ੋਲੂਸ਼ਨ ਪਾਸ ਹੋਏ। ਪੰਦਰਾਂ ਹਜ਼ਾਰ ਰੁਪਿਆ ਚੰਦਾ ਇਕੱਤਰ ਹੋਇਆ।'

'ਇੰਡੀਅਨ ਨੈਸ਼ਨਲ ਕਾਂਗਰਸ ਦੇ ਮੰਨੇ ਪ੍ਰਮੰਨੇ ਨੇਤਾ ਗੋਖਲੇ ਨੇ ਵੀ ਦੱਖਣੀ ਅਫ਼ਰੀਕਾ ਵਿਚ ਹਿੰਦੋਸਤਾਨੀਆਂ ਦੀ ਦਸ਼ਾ ਬਾਰੇ ਆਪਣਾ ਸਰੋਕਾਰ ਦਿਖਾਇਆ। ਉਸ ਨੇ ਦੱਖਣੀ ਅਫ਼ਰੀਕਾ ਦੇ ਮਜ਼ਲੂਮ ਹਿੰਦੀਆਂ ਦੀ ਠੀਕ ਗਿਣਤੀ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ। ਉਸ ਦੀ ਚਿੰਤਾ ਇਹ ਸੀ ਕਿ ਦੱਖਣੀ ਅਫ਼ਰੀਕਾ ਦੇ ਕਈ ਸ਼ਹਿਰਾਂ ਤੇ ਜੇਲਖਾਨਿਆਂ ਵਿਚ ਬੇਸ਼ੁਮਾਰ ਹਿੰਦੋਸਤਾਨੀਆਂ ਨੂੰ ਡੱਕਿਆ ਹੋਇਆ ਸੀ। ਉਨਾਂ ਤੋਂ ਖਾਨਾਂ ਅਤੇ ਖੇਤਾਂ ਵਿਚ ਵਗਾਰ ਦਾ ਕੰਮ ਲਿਆ ਜਾਂਦਾ ਸੀ। ਸਰਕਾਰੀ ਤਸ਼ੱਦਦ ਵਿਰੁੱਧ ਕਈ ਹਿੰਦੋਸਤਾਨੀਆਂ ਨੇ ਹੜਤਾਲਾਂ ਵੀ ਕੀਤੀਆਂ। ਗੋਖਲੇ ਨੇ ਇਨਾਂ ਸਮੱਸਿਆਵਾਂ ਬਾਰੇ ਰੈਜ਼ੋਲੂਸ਼ਨ ਤਿਆਰ ਕੀਤਾ ਤਾਂ ਕਿ ਉਹ ਵਾਇਸਰਾਇ ਦੇ ਖ਼ਾਸ ਸਮਾਗਮ ਵਿਚ ਪੇਸ਼ ਕਰ ਸਕੇ।'

'ਕੈਨੇਡਾ ਦੀ ਤਰਾਂ ਦੱਖਣੀ ਅਫ਼ਰੀਕਾ ਵਿਚ ਵੀ ਹਿੰਦੋਸਤਾਨੀਆਂ ਨੂੰ ਗੋਰੇ ਮਜ਼ਦੂਰਾਂ ਦੇ ਕ੍ਰੋਧ ਦਾ ਸਾਹਮਣਾ ਕਰਨਾ ਪੈਂਦਾ ਸੀ। ਦੱਖਣੀ ਅਫ਼ਰੀਕਾ ਦੇ ਹਿੰਦਸਤਾਨੀਆਂ ਨੇ ਗੋਰੇ ਮਜ਼ਦੂਰਾਂ ਦੀ ਹੜਤਾਲ ਸਮੇਂ ਹੌਂਸਲੇ, ਦੀਰਘ ਦ੍ਰਿਸ਼ਟੀ ਤੇ ਅਮਨ ਪਸੰਦੀ ਦਾ ਸਬੂਤ ਕਿਸੇ ਤਰਾਂ ਦਾ ਰੌਲਾ ਨਾ ਪਾ ਕੇ ਦਿੱਤਾ ਹੈ। ਉਸ ਦਾ ਅਸਰ ਦੱਖਣੀ ਅਫ਼ਰੀਕਾ ਦੀ ਸਰਕਾਰ 'ਤੇ ਹੋਇਆ ਹੈ। ਹਿੰਦੋਸਤਾਨੀਆਂ ਨੇ ਫ਼ੈਸਲਾ ਕਰ ਲਿਆ ਹੈ ਕਿ ਖੋਜਕ ਕਮਿਸ਼ਨ ਦੀ ਰਿਪੋਰਟ ਤੋਂ ਪਹਿਲਾਂ ਵੇਹਤ ਮੁਕਾਬਲਾ ਆਰੰਭ ਨਾ ਕੀਤਾ ਜਾਵੇ। ਵੇਹਤ ਮੁਕਾਬਲਾ ਕਰਨ ਵਾਲੇ ਕੈਦੀਆਂ ਨੂੰ ਸਰਕਾਰ ਨੇ ਰਿਹਾਅ ਕਰਨਾ ਪ੍ਰਵਾਨ ਕਰ ਲਿਆ ਹੈ ਤੇ ਇਹ ਵੀ ਨਿਸ਼ਚਾ ਕਰਾਇਆ ਹੈ ਕਿ ਕਮਿਸ਼ਨ ਦੀ ਰਿਪੋਰਟ ਤੋਂ ਪਹਿਲਾਂ ਕੋਈ ਵੀ ਕਾਨੂੰਨ ਪ੍ਰਚਲਿਤ ਨਹੀਂ ਕੀਤਾ ਜਾਵੇਗਾ। ਹਿੰਦੋਸਤਾਨੀਆਂ ਤੇ ਦੱਖਣੀ ਅਫ਼ਰੀਕਾ ਦੀ ਸਰਕਾਰ ਵਿਚ ਕਮਿਸ਼ਨ ਦੀ ਖੋਜ ਨਾ ਮੁੱਕਣ ਤਕ ਸੁਲਾ ਹੋ ਕੇ ਉਸ ਪਰ ਦੋਹਾਂ ਧਿਰਾਂ ਦੇ ਦਸਤਖ਼ਤ ਹੋ ਗਏ ਹਨ। ਵੇਹਤ ਮੁਕਾਬਲਾ ਵਾਲੇ ਸਮੂਹ ਹਿੰਦੀ ਰਿਹਾਅ ਕੀਤੇ ਜਾਣਗੇ। ਮਿਸਟਰ ਗਾਂਧੀ ਜੀ ਨੇ ਆਪਣਾ ਮੁਕੱਦਮਾ ਖੋਜਕ ਕਮੇਟੀ ਦੇ ਕਾਇਮ ਮੁਕਾਮ ਹਿੰਦ ਦੇ ਸਪੁਰਦ ਕਰ ਦਿੱਤਾ ਹੈ। ਖੋਜ ਦੇ ਅੰਤ ਤਕ ਹੜਤਾਲੀਆਂ ਨਾਲ ਬਦਸਲੂਕੀ ਹੋਣ ਪਰ ਚਲਾਏ ਗਏ ਮੁਕੱਦਮਿਆਂ ਦੀ ਹਮਾਇਤ ਬੰਦ ਰਹੇਗੀ। ਸਰਕਾਰ ਨੂੰ ਅਧਿਕਾਰ ਪ੍ਰਾਪਤ ਹੈ ਕਿ ਉਹ ਅਮਪੇਰੰਜਾ ਮੌਂਟਏਕ ਕੌਮ ਦੇ ਬਲਵਿਆਂ ਵਿਚ ਹਜ਼ਾਰਾਂ ਮਰਨ ਬਾਬਤ ਖੋਜ ਕਰ ਸਕੇ। ਹਿੰਦੁਸਤਾਨ ਖੋਜਕ ਕਮਿਸ਼ਨ ਦੇ ਅੱਗੇ ਉਹ ਗਵਾਹੀ ਨਾ ਦੇਣ ਦਾ ਪ੍ਰਣ ਕਰ ਚੁੱਕੇ ਹਨ ਪਰ ਉਹ ਹਿੰਦ ਦੇ ਕਾਇਮ ਮੁਕਾਮ ਨੂੰ ਖੋਜ ਵਿਚ ਸਹਾਇਤਾ ਦੇਣਗੇ। ਖੋਜਕ ਕਮੇਟੀ ਦਾ ਵਜੂਦ ਪ੍ਰਮਾਣੀਕ ਕਰ ਲਿਆ ਗਿਆ ਹੈ।'

'ਆਸ਼ਾ ਹੈ ਇਸ ਤਰਾਂ ਸਰਕਾਰ ਹਿੰਦ ਤੇ ਸਰਕਾਰ ਬਰਤਾਨੀਆ ਦੇ ਯਤਨਾਂ ਨਾਲ ਹਿੰਦੋਸਤਾਨੀ ਦੱਖਣੀ ਅਫ਼ਰੀਕਾ ਵਿਚ ਅਮਨ ਪਸੰਦ ਸ਼ਹਿਰੀ ਦੀ ਹੈਸੀਅਤ ਵਿਚ ਵੱਸ ਸਕਣਗੇ।'

'ਦੱਖਣੀ ਅਫ਼ਰੀਕਾ ਦੇ ਵਿਚ ਹਿੰਦੋਸਤਾਨੀ ਮੁਸਲਮਾਨਾਂ ਦੀ ਕਾਫ਼ੀ ਵੱਡੀ ਗਿਣਤੀ ਸੀ, ਜਿਵੇਂ ਕੈਨੇਡਾ ਦੇ ਪਰਵਾਸੀਆਂ ਨੂੰ ਆਪਣੇ ਪਰਿਵਾਰ ਲੈ ਜਾਣ ਦੀ ਇਜਾਜ਼ਤ ਨਹੀਂ ਸੀ, ਇਸੇ ਤਰਾਂ ਦੱਖਣੀ ਅਫ਼ਰੀਕਾ ਦੇ ਮੁਸਲਮਾਨਾਂ ਨੂੰ ਵੀ ਆਪਣੇ ਪਰਿਵਾਰ ਸੱਦਣ ਦੀ ਖੁੱਲ ਨਹੀਂ ਸੀ। ਇਕ ਹਿੰਦੁਸਤਾਨੀ ਮੁਸਲਮਾਨ ਦੀ ਇਸਤਰੀ ਨੂੰ ਦੱਖਣੀ ਅਫ਼ਰੀਕਾ ਵਿਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਸੀ ਜਿਸ ਵਿਰੁੱਧ ਹਿੰਦੋਸਤਾਨੀਆਂ ਵੱਲੋਂ ਮੁਕੱਦਮਾ ਚਲਾਇਆ ਗਿਆ ਜਿਸ ਪਰ ਨਾਟਾਲ ਦੀ ਵੱਡੀ ਅਦਾਲਤ ਨੇ ਫ਼ੈਸਲਾ ਦਿੱਤਾ ਹੈ ਕਿ 'ਉਹ ਆਦਮੀ ਕਦੇ ਅਫ਼ਰੀਕਾ ਵਿਚ ਦਾਖ਼ਲ ਨਹੀਂ ਹੋ ਸਕਦਾ ਜਿਨਾਂ ਦੇ ਵਿਆਹ ਉਸ ਧਰਮ ਸ਼ਾਸਤ੍ਰ ਦੀ ਰੀਤੀ ਅਨੁਸਾਰ ਹੋਏ ਹੋਣ ਜੋ ਇਕ ਇਸਤਰੀ ਦੇ ਹੁੰਦਿਆਂ ਹੋਰ ਵਿਆਹ ਕਰਨ ਦੀ ਆਗਿਆ ਦਿੰਦਾ ਹੈ। ਭਾਵੇਂ ਉਸ ਆਦਮੀ ਦੀ ਇਕੋ ਇਸਤਰੀ ਹੀ ਕਿਉਂ ਨਾ ਹੋਵੇ, ਇਸ ਕਰਕੇ ਇਸ ਇਸਤਰੀ ਨੂੰ ਅਫ਼ਰੀਕਾ ਵਿਚ ਪ੍ਰਵੇਸ਼ ਦੀ ਆਗਿਆ ਨਹੀਂ ਦਿੱਤੀ ਜਾਂਦੀ।' ਅਜਿਹੇ ਵਿਆਹ ਉਥੇ ਨਾਜਾਇਜ਼ ਸਮਝੇ ਜਾਂਦੇ ਹਨ ਤੇ ਇਸੇ ਕਰ ਕੇ ਹਿੰਦੁਸਤਾਨੀਆਂ ਦੀ ਜਾਇਦਾਦ ਦੇ ਮਾਲਕ ਉਨਾਂ ਦੇ ਪੁੱਤਰ ਨਹੀਂ ਹੋ ਸਕਦੇ।'

'ਜਿਵੇਂ ਕੈਨੇਡਾ ਦੇ ਪਰਵਾਸੀਆਂ ਦੇ ਪਰਿਵਾਰਾਂ ਨੂੰ ਕੈਨੇਡਾ ਵਿਚ ਲਿਆਉਣ ਦੀ ਸਮੱਸਿਆ ਸਿੱਖ ਪਰਵਾਸੀਆਂ ਅਤੇ ਪੰਜਾਬ ਦੇ ਸਿੱਖਾਂ ਵੱਲੋਂ ਇਸ ਸਮੱਸਿਆ ਨੂੰ ਹੱਲ ਕਰਨ ਲਈ ਯਤਨ ਕੀਤੇ, ਤਿਵੇਂ ਹੀ ਅਫ਼ਰੀਕਾ ਦੇ ਵਿਚ ਮੁਸਲਿਮ ਪਰਿਵਾਰਾਂ ਨੂੰ ਲੈ ਜਾਣ ਲਈ 'ਮੁਸਲਮਾਨ ਦੇ ਇਕ ਡੈਪੂਟੇਸ਼ਨ ਨੇ ਸਰਬੰਜਮਨ ਰਾਬ੍ਰਟਸ ਜੋ ਸਰਕਾਰ ਹਿੰਦ ਵੱਲੋਂ ਦੱਖਣੀ ਅਫ਼ਰੀਕਾ ਵਿਚ ਕਾਇਮ ਮੁਕਾਮ ਹੋ ਕੇ ਗਏ ਹੋਏ ਸਨ, ਪਾਸ ਦਰਖ਼ਾਸਤ ਕੀਤੀ ਹੈ ਕਿ ਸਰਕਾਰ ਦੱਖਣੀ ਅਫ਼ਰੀਕਾ ਨੂੰ ਮੁਸਲਮਾਨਾਂ ਦੇ ਵਿਹਾਰ, ਤਲਾਕ ਅਤੇ ਵਾਰਸਤ (ਵਿਰਾਸਤ) ਦੇ ਮਸਲਿਆਂ ਦੇ ਮਜ਼ਹਬੀ ਪੱਖ ਨੂੰ ਕੁਰਾਨ ਅਨੁਸਾਰ ਮੰਨ ਲੈਣਾ ਚਾਹੀਏ ਤੇ ਮੁਸਲਮਾਨ ਇਸ ਤੋਂ ਕਮਤਰ ਫ਼ੈਸਲੇ ਨੂੰ ਪ੍ਰਵਾਨ ਨਹੀਂ ਕਰਨਗੇ। ਆਪਣੇ ਡੈਪੂਟੇਸ਼ਨ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਕਿਹਾ ਕਿ ਮੁਸਲਮਾਨ ਹੁਣ ਤੱਕ ਚੁੱਪ ਕਿਉਂ ਰਹੇ। ਮੈਂ ਇਸ ਇੱਛਾ ਨੂੰ ਵਾਇਸਰਾਇ ਜੀ ਦੇ ਸਾਹਮਣੇ ਪੇਸ਼ ਕਰਾਂ, ਪਰ ਇਸ ਦੀ ਪੂਰਨਤਾ ਦੀ ਉਮੀਦ ਨਹੀਂ ਦਿਵਾ ਸਕਦਾ।' ਇਸ ਸਮੱਸਿਆ ਦੇ ਹੱਲ ਲਈ 'ਦੱਖਣੀ ਅਫ਼ਰੀਕਾ ਵਿਚ ਹਿੰਦੋਸਤਾਨੀਆਂ ਨੂੰ ਇਸਤਰੀ ਤੇ ਬੱਚੇ ਲੈ ਜਾਣ ਬਾਬਤ ਸਰਕਾਰ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਜੇ ਕੋਈ ਹਿੰਦੁਸਤਾਨੀ ਇਸਤਰੀ ਜਾਂ ਬੱਚਾ ਦੱਖਣੀ ਅਫ਼ਰੀਕਾ ਵਿਚ ਜਾਣਾ ਚਾਹੇ ਤਾਂ ਉਸ ਦੇ ਦੱਖਣੀ ਅਫ਼ਰੀਕਾ ਨਿਵਾਸੀ ਪਤੀ ਜਾਂ ਪਿਤਾ ਨੂੰ ਲਿਖਤੀ ਦਰਖ਼ਾਸਤ ਨਾਲ ਹਿੰਦੋਸਤਾਨ ਦੇ ਕਿਸੇ ਸ਼ਹਿਰ ਵਿਚ ਪ੍ਰਸਨਲ ਲੋਕਲ ਮੈਜਿਸਟ੍ਰੇਟ ਤੋਂ ਉਨਾਂ ਵਾਸਤੇ ਸਰਟੀਫ਼ਿਕੇਟ ਪ੍ਰਾਪਤ ਕਰਨ ਚਾਹੀਦਾ।'

'ਕਾਂਗਰਸ ਦੇ ਨਾਮਵਰ ਨੇਤਾਵਾਂ ਤੇ ਦੱਖਣੀ ਅਫ਼ਰੀਕਾ ਦੇ ਭਾਰਤੀ ਕਾਰਕੁਨਾਂ ਦੇ ਦਬਾਅ ਦੇ ਅਧੀਨ ਦੱਖਣੀ ਅਫ਼ਰੀਕਾ ਦੀ ਸਰਕਾਰ ਨੇ ਕਮਿਸ਼ਨ ਬਿਠਾਇਆ ਜਿਸ ਨੇ ਮਾਰਚ 1914 ਦੀ ਆਪਣੀ ਰਿਪੋਰਟ ਪੇਸ਼ ਕੀਤੀ। ਭਾਰਤੀ ਪਰਵਾਸੀਆਂ ਨੇ ਇਸ ਕਮਿਸ਼ਨ ਦੇ ਅੱਗੇ ਪੇਸ਼ ਹੋ ਕੇ ਆਪਣੀਆਂ ਸਮੱਸਿਆਵਾਂ ਰੱਖਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਕਿ ਸਰਕਾਰ ਨੇ ਇਸ ਕਮਿਸ਼ਨ ਦਾ ਸੰਗਠਨ ਆਪਣੀ ਮਰਜ਼ੀ ਅਨੁਸਾਰ ਕੀਤਾ ਸੀ। ਪਰ ਫਿਰ ਵੀ ਇਸ ਕਮਿਸ਼ਨ ਨੇ ਆਪਣੀ ਰਿਪੋਰਟ ਪੇਸ਼ ਕੀਤੀ ਜਿਸ ਵਿਚ ਹਿੰਦੋਸਤਾਨੀਆਂ ਨੂੰ ਕੁਝ ਰਿਆਇਤਾਂ ਦੇਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਕਮਿਸ਼ਨ ਨੇ ਕਿਹਾ ਕਿ 3 ਪੌਂਡ ਟੈਕਸ ਮਨਸੂਖ ਕੀਤਾ ਜਾਵੇ, ਨਿਰੀ ਇਕ ਵਿਵਾਹਤ ਇਸਤਰੀ ਨੂੰ ਨਾਟਾਲ ਵਿਚ ਦਾਖ਼ਲ ਹੋਣ ਦਿੱਤਾ ਜਾਵੇ ਅਤੇ ਉਹ ਇਸਤਰੀ ਜਾਇਜ਼ ਸਮਝੀ ਜਾਵੇਗੀ। ਇਸ ਵਿਵਾਹਕ ਇਸਤਰੀ ਨੂੰ ਕੈਦ ਨਹੀਂ ਕੀਤਾ ਜਾਵੇਗਾ। ਵਿਆਹ ਭਾਵੇਂ ਉਸਨੇ ਕਿਸੇ ਵੀ ਰਿਵਾਜ ਅਨੁਸਾਰ ਕੀਤਾ ਹੋਵੇ। ਹਰ ਆਦਮੀ ਵਿਆਹ ਆਪਣੀ ਮਜ਼ਹਬੀ ਰਿਵਾਜ ਅਨੁਸਾਰ ਕਰਵਾ ਸਕੇਗਾ। ਇਸ ਤੋਂ ਇਲਾਵਾ ਜੋ ਹੋਰ ਬੰਦਸ਼ਾਂ ਏਸ਼ੀਆਈਆਂ ਉੱਤੇ ਲਾਈਆਂ ਹਨ, ਉਨਾਂ ਨੂੰ ਦੂਰ ਕੀਤਾ ਜਾਵੇਗਾ।'

## ਧੰਨ ਗੁਰੂ ਅਰਜਨ ਦੇਵ ਜੀ

ਧੰਨ ਪੰਜਵੇਂ ਪਾਤਸ਼ਾਹ ਜੀ,
ਧੰਨ ਹੈ ਜੀ ਥੋਡੀ ਕੁਰਬਾਨੀ।
ਤੱਤੀ ਤਵੀ ਤੇ ਬੈਠ ਗਏ,
ਕਰ ਗਏ ਕੌਮ ਲਈ ਕੰਮ ਲਾਸਾਨੀ।
ਮਾਨਵ ਅਧਿਕਾਰਾਂ ਤੇ ਦਿੱਤਾ,
ਪਹਿਰਾ ਪੂਰਾ ਡੱਟ ਕੇ।
ਬਾਣੀ ਦੇ ਬੋਹਿਥ ਬਣ,
ਕਦੀ ਨਾ ਕਰਮ ਬਚਨ ਤੋਂ ਭਟਕੇ।
ਸਿਰ ਤੇ ਤਪਦੀ ਰੇਤ ਪੈਂਦੀ,
ਮੂੰਹ 'ਚੋਂ ਫਿਰ ਵੀ ਨਿਕਲੇ ਬਾਣੀ।
ਧੰਨ ਪੰਜਵੇਂ ਪਾਤਸ਼ਾਹ ਜੀ,
ਧੰਨ ਹੈ ਜੀ ਥੋਡੀ ਕੁਰਬਾਨੀ।
ਜਿਨਾਂ ਜੁਲਮ ਕਮਾਏ ਸੀ,
ਉਨਾਂ ਦੇ ਬਚੇ ਨਾ ਮਹਿਲ ਮੁਨਾਰੇ।
ਸਿੱਖੀ ਦੇ ਦੁਨੀਆਂ ਵਿੱਚ,
ਝੂਲਣ ਝੰਡੇ ਗੁਰੂ ਦੁਆਰੇ।
ਨਾਲੇ ਲੰਗਰ ਲਗਦੇ ਜੀ,
ਲੱਗਣ ਛਬੀਲਾਂ, ਮਿੱਠਾ ਪਾਣੀ
ਧੰਨ ਪੰਜਵੇਂ ਪਾਤਸ਼ਾਹ ਜੀ,
ਧੰਨ ਹੈ ਜੀ ਥੋਡੀ ਕੁਰਬਾਨੀ।
ਗ੍ਰੰਥ ਸਾਹਿਬ ਦੀ ਕਰ ਸਥਾਪਨਾ,
ਕੀਤਾ ਕਾਰਜ ਮਹਾਨ ਤੁਸੀ ਜਿਹੜਾ,
ਜਿੱਥੇ ਕੂੜ ਪਸਰਿਆ ਸੀ,
ਉਹ ਥਾਂ ਕਰਤਾ ਰੌਸ਼ਨ ਖੇੜਾ।
ਅੱਜ ਪੂਰੀ ਦੁਨੀਆਂ ਵਿੱਚ,
ਘਰ ਘਰ ਪਹੁੰਚੀ ਹੈ ਗੁਰਬਾਣੀ।
ਧੰਨ ਪੰਜਵੇਂ ਪਾਤਸ਼ਾਹ ਜੀ,
ਧੰਨ ਹੈ ਜੀ ਥੋਡੀ ਕੁਰਬਾਨੀ।

ਰਾਜਨਦੀਪ ਕੌਰ ਮਾਨ,
6239326166




# ਭਗਤ ਕਬੀਰ ਦਾਸ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

**24 ਜੂਨ, ਜਨਮ ਦਿਵਸ 'ਤੇ ਵਿਸ਼ੇਸ਼**

ਅੱਠਵੀਂ ਸਦੀ ਮੱਧਕਾਲੀਨ ਕਾਲ ਵਿਚ ਭਗਤੀ ਲਹਿਰ ਦਾ ਆਰੰਭ ਦੱਖਣੀ ਭਾਰਤ ਵਿਚ ਹੋਇਆ। ਇਹ ਇਕ ਧਾਰਮਿਕ ਜਾਗ੍ਰਿਤੀ ਦੀ ਲਹਿਰ ਸੀ। ਭਗਤਾਂ ਨੇ ਆਪਣੀ ਬਾਣੀ ਰਾਹੀਂ ਸਮਾਜਿਕ ਨਾਬਰਾਬਰੀ ਅਤੇ ਨਫ਼ਰਤ ਨੂੰ ਖਤਮ ਕਰਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਭਗਤਾਂ ਨੇ ਸੰਤ ਲੋਕ ਭਾਸ਼ਾ ਵਿਚ ਅਧਿਆਤਮਕ ਉਪਦੇਸ਼ ਦਿੱਤਾ। ਨਾਥ ਜੋਗੀਆਂ ਅਤੇ ਸੂਫ਼ੀਆਂ ਦੇ ਰੰਗ ਵਿਚ ਆਪਣੀ ਰਚਨਾ ਨੂੰ ਗਾਇਆ। ਦੂਰ ਦੂਰ ਤੱਕ ਭਰਮਣ ਕਰਦੇ ਰਹਿਣ ਨਾਲ ਭਗਤਾਂ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਗਈ। ਗੁਰਮਤਿ ਵਿਚਾਰਧਾਰਾ ਕਰਕੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਆਦਰਯੋਗ ਸਥਾਨ ਮਿਲਿਆ। ਕਾਵਿ ਰਚਨਾ ਨਿਰਗੁਣ ਅਤੇ ਸਰਗੁਣ ਵਿਚ ਵੰਡੀ ਗਈ। ਨਿਰਗੁਣ ਧਾਰਾ ਵਿਚ ਭਗਤ ਰਵਿਦਾਸ ਅਤੇ ਕਬੀਰ ਜੀ ਪ੍ਰਮੁੱਖ ਆਗੂ ਹੋਏ ਹਨ। ਜੋ ਨਿਰੰਕਾਰ ਨੂੰ ਸਿਮਰਦੇ ਹਨ। ਗੁਰਬਾਣੀ ਵਿਚ ਭਗਤਾਂ ਤੇ ਕ੍ਰਿਪਾ ਹੋਈ ਹੈ ਕਿ :

ਪ੍ਰਭੂ ਨੇ ਭਗਤ ਜਨਾਂ ਤੋਂ ਆਪ ਹੀ ਆਪਣੀ ਭਗਤੀ ਕਰਾ ਕੇ, ਭਗਤੀ ਦੀ ਬਰਕਤਿ ਨਾਲ ਉਨਾਂ ਨੂੰ ਆਪਣੀ ਵਡਿਆਈ ਵਿਖਾਲੀ ਹੈ। ਪ੍ਰਭੂ ਭਗਤਾਂ ਦੇ ਹਿਰਦੇ ਵਿਚ ਆਪਣਾ ਭਰੋਸਾ ਆਪ ਉਤਪੰਨ ਕਰਦਾ ਹੈ। ਉਨਾਂ ਤੋਂ ਆਪ ਹੀ ਸੇਵਾ ਉਸ ਕਰਾਈ ਹੈ। ਭਗਤਾਂ ਨੂੰ ਆਪਣੇ ਭਜਨ ਦਾ ਅਨੰਦ ਭੀ ਆਪ ਹੀ ਬਖਸ਼ਦਾ ਹੈ। ਇਸ ਤਰਾਂ ਉਨਾਂ ਨੂੰ ਹਿਰਦੇ ਵਿਚ ਅਡੋਲ ਟਿਕਾ ਰੱਖਿਆ ਹੈ। ਪਰ ਪਾਪੀਆਂ ਨੂੰ ਅਡੋਲ ਚਿੱਤ ਨਹੀਂ ਰਹਿਣ ਦੇਂਦਾ। ਚੁਣ ਕੇ ਉਨਾਂ ਨੂੰ ਘੋਰ ਨਰਕ ਵਿਚ ਪਾ ਦਿੱਤਾ ਹੈ। ਭਗਤ ਜਨਾ ਨੂੰ ਪਿਆਰ ਕਰਦਾ ਹੈ। ਉਨਾਂ ਦਾ ਪੰਖ ਕਰਕੇ ਉਸ ਨੇ ਆਪ ਉਨਾਂ ਨੂੰ ਵਿਕਾਰਾਂ ਤੋਂ ਬਚਾਇਆ ਹੈ।

ਭਗਤ ਕਬੀਰ ਦਾਸ ਜੀ :

ਪੁਰਾਤਨ ਇਤਿਹਾਸ ਵਿਚ ਕਬੀਰ ਜੀ ਬਾਰੇ ਕਿਹਾ ਜਾਂਦਾ ਹੈ ਕਿ ਕੋਈ ਬ੍ਰਾਹਮਦੀ ਬਾਲ ਕਬੀਰ ਨੂੰ ਜਨਮ ਦੇ ਕੇ ਲਹਿਰਾ ਤਲਾਵੁ ਦੇ ਕੰਢੇ ਛੱਡ ਗਈ ਸੀ। ਤਦ ਨੀਰੂ ਅਲੀ ਮੁਸਲਮਾਨ ਜੁਲਾਹਾ ਅਤੇ ਉਸ ਦੀ ਪਤਨੀ ਨੀਮਾ ਨੇ ਪਾਲਿਆ। ਜਨਮ 1398 ਦਾ ਮੰਨਿਆ ਜਾਂਦਾ ਹੈ। ਆਪ ਜੀ ਦਾ ਨਾਉਂ ਕਬੀਰ ਦਾਸ ਰੱਖਿਆ ਗਿਆ। ਪਾਲਣ ਪੋਸ਼ਦ ਇਸਲਾਮਿਕ ਸੱਭਿਆਚਾਰ ਦੇ ਢੰਗ ਨਾਲ ਹੋਇਆ। ਪਾਵੇਂ ਸੰਸਕਾਰਣ ਵਜੋਂ ਆਪ ਹਿੰਦੂ ਸਨ। ਕਿੱਤੇ ਵਜੋਂ ਪਿਤਾ ਪੁਰਖੀ ਜੁਲਾਹਾ ਦਾ ਕੰਮ ਕੀਤਾ। ਆਪ ਜੀ ਦੀ ਧਰਮ ਪਤਨੀ ਦਾ ਨਾਉਂ ਲੋਈ ਸੀ ਆਪ ਜੀ ਦੇ ਪੁੱਤਰ ਕਮਲ ਅਤੇ ਧੀ ਕਮਲੀ ਹੋਏ ਹਨ।

ਆਪ ਜੀ ਨੇ ਪ੍ਰਭੂ ਦਾ ਸਿਮਰਨ ਦ੍ਰਿੜਤਾ ਵਿਸ਼ਵਾਸ ਅਤੇ ਲਗਨ ਨਾਲ ਕੀਤਾ। ਸਿਮਰਨ ਰਾਹੀਂ ਪ੍ਰਭੂ ਨਾਲ ਇਕਮਿੱਕਤਾ ਪ੍ਰਾਪਤ ਕੀਤੀ। ਆਪਣੀ ਆਤਮਿਕ ਪ੍ਰਾਪਤੀ ਬਾਰੇ ਕਹਿੰਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਮੈਂ ਹੁਣ ਉੱਚੇ ਆਤਮਿਕ ਟਿਕਾਣੇ ਤੇ ਅੱਪੜ ਗਿਆ ਹਾਂ। ਜਿੱਥੇ ਮੈਨੂੰ ਪ੍ਰਮਾਤਮਾ ਮਿਲ ਪਿਆ ਹੈ। ਮੈਂ ਕਬੀਰ ਅਤੇ ਮੇਰਾ ਰਾਮ ਇਕ ਰੂਪ ਹੋ ਗਏ ਹਾਂ। ਕੋਈ ਸਾਡੇ ਵਿਚ ਫਰਕ ਨਹੀਂ ਦੱਸ ਸਕਦਾ।– ਅੰਗ–969

ਆਪ ਇਕ ਪ੍ਰਮਾਣਿਕ ਕ੍ਰਾਂਤੀਕਾਰੀ ਲੋਕ ਕਵੀ ਸਨ। ਉਨਾਂ ਨੇ ਵਿਅੰਗਮਈ ਢੰਗ ਨਾਲ ਉਪਦੇਸ਼ ਦਿੱਤਾ। ਉਨਾਂ ਦੀਆਂ ਰਚਨਾਵਾਂ ਮੌਖਿਕ ਅਤੇ ਲਿਖਤੀ ਰੂਪ ਵਿਚ ਹਨ। ਉਨਾਂ ਨੇ ਸਮਾਜਿਕ ਵਰਣ ਵੰਡ ਨੂੰ ਨਹੀਂ ਸਵੀਕਾਰਿਆ। ਰੂੜੀਵਾਦੀ, ਕੱਟੜਪੰਥੀ, ਜਾਤੀਵਾਦ ਵਿਤਕਰੇ ਦਾ ਜ਼ੋਰਦਾਰ ਖੰਡਨ ਕੀਤਾ। ਉਨਾਂ ਨੇ ਇਨਕਲਾਬੀ ਢੰਗ ਨਾਲ ਸਮਾਜ ਦੀ ਦੁਰਦਸ਼ਾ ਨੂੰ ਬਦਲਿਆ। ਕਰਮਕਾਂਡਾਂ ਵਿਚੋਂ ਮਨੁੱਖਤਾ ਨੂੰ ਕੱਢ ਕੇ ਪ੍ਰਮਾਤਮਾ ਨਾਲ ਨਿਸ਼ਠਾ ਅਤੇ ਸ਼ਰਧਾ ਦਾ ਮਾਰਗ ਦਿੱਤਾ। ਮਨੁੱਖੀ ਜੀਵਨ ਵਿਚ ਆਤਮ ਮਨ ਦੇ ਦੁੱਖਾਂ ਦਾ ਨਾਸ਼ ਕਰਨ ਲਈ ਸਮਾਜਿਕ ਚੇਤਨਾ ਪ੍ਰਦਾਨ ਕਰਦੀ ਬਾਣੀ ਨਾਲ ਜੋੜਿਆ। ਆਪ ਜੀ ਦੀਆਂ ਰਚਨਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਸਾਧਾਰਨ ਬੋਲੀ ਅਤੇ ਰੋਜ਼ਮਰਾ ਜਿੰਦਗੀ ਵਿਚ ਵਿਚਰਦਿਆਂ ਅਨੁਭਵਾਂ ਤੇ ਆਧਾਰਤ ਹੇ। ਸਮਾਜ ਵਿਚ ਕੱਟੜਪੰਥੀਆਂ ਤੇ ਖੁੱਲ ਕੇ ਵਿਅੰਗਮਈ ਵਾਰ ਕੀਤਾ ਹੈ। ਉਨਾਂ ਕਿਹਾ ਕਿ ਸੱਚ ਪ੍ਰਮਾਤਮਾ ਵਿਚ ਵਿਸ਼ਵਾਸ਼ ਰੱਖੋ ਨਾ ਕਿ ਪਾਖੰਡੀਆਂ ਦੇ ਝੂਠੇ ਕਰਮਕਾਂਡਾਂ ਵਿਚ ਫਸ ਕੇ ਰਹਿ ਜਾਇਓ। ਆਪ ਕਹਿਣੀ ਤੇ ਕਥਨੀ ਦੇ ਇਕ ਸਨ। ਉਹ ਇਕ ਨਿਡਰ ਪ੍ਰਚਾਰਕ ਸਨ।

ਆਪ ਜੀ ਦੀ ਭਗਤਾ ਦੀ ਮਾਰਗ ਬੜਾ ਕਠਿਨ ਰਿਹਾ। ਕਿਉਂਕਿ ਹਕੂਮਤ ਆਪ ਜੀ ਦੇ ਖਿਲਾਫ਼ ਸੀ। ਆਪ ਜੀ ਦਾ ਉਪਦੇਸ਼ ਹਿੰਦੂ ਮੁਸਲਮਾਨਾਂ ਦੋਨੋਂ ਹੁੰਮ ਹੁਮਾ ਕੇ ਸੁਣਨ ਲੱਗੇ। ਮੁਸਲਮਾਨ ਆਪ ਜੀ ਨੂੰ ਸੂਫ਼ੀ ਕਹਿੰਦੇ ਸਨ। ਹਿੰਦੂ ਆਪ ਜੀ ਨੂੰ ਸੰਤ ਕਹਿੰਦੇ ਸਨ। ਉਸ ਸਮੇਂ ਵਿਚ ਬਨਾਰਸ ਬ੍ਰਾਹਮਣਵਾਦ ਦਾ ਇਕ ਵੱਡਾ ਕੇਂਦਰ ਸੀ। ਉਥੇ ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿਚ ਕਬੀਰ ਜੀ ਦਾ ਵੱਡਾ ਨਾਉਂ ਸੀ। ਕਬੀਰ ਜੀ ਦੇ ਉਪਦੇਸ਼ ਤੋਂ ਬ੍ਰਾਹਮਣ ਦੁਖੀ ਸਨ। ਉਨਾਂ ਦੇ ਪਾਖੰਡ ਦੇ ਭੇਦ ਖੁੱਲਦੇ ਸਨ। ਉਨਾਂ ਮਖੌਲ ਉਡਾਇਆ ਕਿ ਕਬੀਰ ਭ੍ਰਿਸ਼ਟ ਅਤੇ ਨੀਚ ਜਾਤ ਦੇ ਲੋਕਾਂ ਨੂੰ ਸਿੱਖਿਆ ਦੇਣ ਲੱਗਾ ਹੈ। ਆਪ ਜੀ ਦੇ ਮੰਨਣ ਵਾਲਿਆਂ ਦੀ ਗਿਣਤੀ ਵਧਦੀ ਗਈ।

ਧਾਰਮਿਕ ਅਤੇ ਰਾਜਨੀਤਕ ਆਗੂਆਂ ਨੇ ਬਾਦਸ਼ਾਹ ਸਿਕੰਦਰ ਲੋਧੀ ਕੋਲ ਸ਼ਿਕਾਇਤ ਕੀਤੀ ਕਿ ਇਕ ਮੁਸਲਮਾਨ ਹੋ ਕੇ ਰਾਮ ਦਾ ਜਾਪ ਕਰਦਾ ਹੈ। ਬਾਦਸ਼ਾਹ ਨੇ ਰਾਮ ਦਾ ਨਾਮ ਲੈਣ ਤੋਂ ਰੋਕਿਆ। ਪਰ ਕਬੀਰ ਜੀ ਨੇ ਸਾਫ਼ ਇਨਕਾਰ ਕਰ ਦਿੱਤਾ। 'ਕਹਿ ਕਬੀਰ ਰਾਜਾ ਰਾਮ ਨਾ ਛੋਡਓ ਸਗਲ ਊਚ ਤੇ ਉੱਚਾ।' ਅੰਗ 338,

ਮੁਗਲ ਹਾਕਮਾਂ ਦੀ ਆਦਤ ਅਨੁਸਾਰ ਕਈ ਲਾਲਚ, ਡਰਾਵੇ ਅਤੇ ਤਸੀਹੇ ਦੇਣ ਦੀ ਧਮਕੀ ਦਿੱਤੀ। ਜਿੰਦਾ ਸਾੜਨ ਦਾ ਹੁਕਮ ਤੱਕ ਦਿੱਤਾ। ਬਾਦਸ਼ਾਹ ਨੇ ਹਰ ਫਰੇਬੀ ਚਾਲ ਚੱਲੀ। ਹਰ ਵੰਗਾਰ ਨੂੰ ਨਿਸਚੈ, ਭਰੋਸੇ ਅਤੇ ਦ੍ਰਿੜਤਾ ਨਾਲ ਸਵੀਕਾਰਿਆ। ਜਦੋਂ ਬਾਦਸ਼ਾਹ ਦੀ ਇਕ ਨਾ ਚੱਲੀ ਤਾਂ ਕਬੀਰ ਜੀ ਨੂੰ ਛੱਡ ਦਿੱਤਾ।

ਭਗਤ ਕਬੀਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 17 ਰਾਗਾਂ ਵਿਚ ਦਰਜ ਹੈ। ਜਿਵੇਂ 219 ਸ਼ਬਦ, 247 ਸਲੋਕ, ਇਕ ਬਾਵਨ ਅੱਖਰੀ, ਇਕ ਪੰਦਰਾਂ ਥਿਤੀ, ਇਕ ਸਤਵਾਰੇ ਤੇ ਵਾਰਾਂ ਤੇ ਵਧੀਕ ਸਲੋਕ ਹਨ। ਆਪ ਜੀ ਦੀ ਬਾਣੀ ਦੇ ਕੁਝ ਹਵਾਲੇ ਹਨ :ਜਗਤ ਵਿਚ ਜ਼ਿੰਦਗੀ ਅਜਹੇ ਹੀ ਹੈ ਜਿਹਾ ਸੁਪਨਾ ਹੈ। ਜਿੰਦਗੀ ਸੁਪਨੇ ਵਰਗੀ ਹੈ। ਪਰ ਅਸਾਂ ਸਭ ਤੋਂ ਉੱਚੇ ਸੁੱਖਾਂ ਦੇ ਖਜ਼ਾਨੇ ਪ੍ਰਭੂ ਨੂੰ ਛੱਡ ਕੇ ਇਸ ਸੁਪਨ ਸਮਾਨ ਜੀਵਨ ਨੂੰ ਸਦਾ ਕਾਇਮ ਰਹਿਣ ਵਾਲਾ ਜਾਣ ਕੇ ਇਸ ਨੂੰ ਗੰਢ ਦੇ ਰੱਖੀ ਹੈ। ਹੇ ਬਾਬਾ! ਅਸਾਂ ਮਾਇਆ ਲਾਲ ਮੋਹ ਪਿਆਰ ਪਾਇਆ ਹੋਇਆ ਹੈ। ਜਿਸ ਨੇ ਸਾਡਾ ਗਿਆਨ ਰੂਪ ਹੀਰਾ ਚੁਰਾ ਲਿਆ ਹੈ। (1) ਰਹਾਉ ॥ ਭੰਬਟ ਅੱਖਾਂ ਨਾਲ ਦੀਵੇ ਦੀ ਲਾਟ ਦਾ ਰੂਪ ਵੇਖ ਕੇ ਭੁੱਲ ਜਾਂਦਾ ਹੈ। ਮੂਰਖ ਅੱਗ ਨੂੰ ਨਹੀਂ ਵੇਖਦਾ। ਤਿਵੇਂ ਹੀ ਮੂਰਖ ਜੀਵ ਸੋਨੇ ਅਤੇ ਇਸਤਰੀ ਦੇ ਮੋਹ ਵਿਚ ਫਸ ਕੇ ਮੌਤ ਦੀ ਫਾਹੀ ਨੂੰ ਚੇਤੇ ਨਹੀਂ ਰੱਖਦਾ। ਕਬੀਰ ਆਖਦਾ ਹੈ–ਹੇ ਭਾਈ, ਤੂੰ ਵਿਕਾਰ ਛੱਡ ਦੇ ਅਤੇ ਪ੍ਰਭੂ ਨੂੰ ਚੇਤੇ ਕਰ। ਉਹੀ ਇਸ ਸੰਸਾਰ ਸਮੁੰਦਰ ਵਿਚੋਂ ਤਾਰਨ ਲਈ ਜਹਾਜ ਹੇ। ਉਹ ਸਾਡੇ ਜੀਵਨ ਦਾ ਆਸਰਾ ਹੈ। ਪ੍ਰਭੂ ਦਾ ਆਸਰਾ ਐਸਾ ਹੈ ਕਿ ਕੋਈ ਹੋਰ ਉਸ ਵਰਗਾ ਨਹੀਂ ਹੈ। ਅੰਗ–482

ਹੇ ਭਾਈ, ਕਿਸੇ ਪਸ਼ੂ ਜੂਨ ਵਿਚ ਪੈ ਕੇ ਜਦੋਂ ਤੇਰੇ ਚਾਰ ਪੈਰ ਦੋ ਸਿੰਙ ਹੋਣਗੇ ਤੇ ਮੂੰਹੋਂ ਗੁੰਗਾ ਹੋਵੇਂਗਾ। ਤਦੋਂ ਤੂੰ ਕਿਸ ਤਰਾਂ ਪ੍ਰਭੂ ਦੇ ਗੁਣ ਗਾ ਸਕੇਂਗਾ? ਉਠਦਿਆਂ ਬੈਠਦਿਆਂ ਤੇਰੇ ਸਿਰ ਉੱਤੇ ਸੋਟਾ ਪਏਗਾ। ਤਦੋਂ ਤੂੰ ਕਿੱਥੇ ਸਿਰ ਲੁਕਾਏਂਗਾ? ਹੇ ਭਾਈ, ਪ੍ਰਭੂ ਦਾ ਸਿਮਰਨ ਕਰਨ ਤੋਂ ਬਿਨਾਂ ਬਲਦ ਆਦਿਕ ਪਸ਼ੂ ਬਣ ਕੇ ਪਰ ਅਧੀਨ ਹੋ ਜਾਏਂਗਾ। ਨੱਥ ਨਾਲ ਨੱਕ ਵਿੰਨਿਆ ਜਾਏਗਾ। ਕੰਨ ਜੂਲੇ ਨਾਲ ਫਿੱਸੇ ਹੋਏ ਹੋਣਗੇ ਤੇ ਕੋਧਰੇ ਦਾ ਭੋਹ ਖਾਏਂਗਾ। (ਰਹਾਉ)। ਜੰਗਲ ਜੁਹ ਵਿਚ ਸਾਰਾ ਦਿਨ ਭਟਕਿਆ ਭੀ, ਪੇਟ ਨਹੀਂ ਰੱਜੇਗਾ। ਹੁਣ ਐਸ ਵੇਲੇ ਤੂੰ ਭਗਤ ਜਨਾਂ ਦਾ ਬਚਨ ਨਹੀਂ ਮੰਨਦਾ। ਉਮਰ ਵਿਹਾ ਜਾਣ ਤੇ ਆਪਣਾ ਕੀਤਾ ਪਾਏਂਗਾ। ਹੁਣ ਭੈੜੇ ਹਾਲ ਵਿਚ ਦਿਨ ਗੁਜ਼ਾਰ ਕੇ ਕੁਰਾਹੇ ਗਰਕ ਹੋਇਆਂ ਹੋਇਆ ਹੈ। ਆਖਰ ਅਨੇਕ ਜੂਨਾਂ ਵਿਚ ਭਟਕੇਂਗਾ। ਤੂੰ ਪ੍ਰਭੂ ਨੂੰ ਵਿਸਾਰ ਦਿੱਤਾ ਹੈ। ਸ਼੍ਰੇਸਟ ਮਨੁੱਖਾ ਜੀਵਨ ਗਵਾ ਲਿਆ ਹੈ। ਇਹ ਸਮਾਂ ਫੇਰ ਕਿਤੇ ਨਹੀਂ ਮਿਲੇਗਾ। ਤੇਰੀ ਜ਼ਿੰਦਗੀ–ਰੂਪ ਸਾਰੀ ਰਾਤ ਤੇਲੀ ਦੇ ਬਲਦ ਅਤੇ ਬਾਂਦਰ ਵਾਂਗ ਭਟਕਦਿਆਂ ਵਿਕਾਰਾਂ ਤੋਂ ਖਲਾਸੀ ਹਾਸਲ ਕਰਨ ਤੋਂ ਬਿਨਾਂ ਹੀ ਲੰਘ ਜਾਵੇਗੀ। ਕਬੀਰ ਆਖ਼ਦਾ ਹੈ ਕਿ ਪ੍ਰਭੂ ਦਾ ਨਾਮ ਭੁਲਾ ਕੇ ਆਖਰ ਸਿਰ ਮਾਰ ਕੇ ਪਛਤਾਏਂਗਾ। ਅੰਗ 524

ਕਬੀਰ ਜੀ ਕਥਨ ਕਰਦੇ ਹਨ ਕਿ ਮੇਰੀ ਮਾਲਾ ਏਹੀ ਹੈ ਕਿ ਮੇਰੀ ਜਬਾਨ 'ਤੇ ਹਰ ਵੇਲੇ ਰਾਮ ਦਾ ਨਾਮ ਰਹਿੰਦਾ ਹੈ। ਇਸ ਤੋਂ ਪਹਿਲਾਂ ਵੀ ਯੁੱਗਾਂ ਦੇ ਆਦਿ ਤੋਂ ਜੋ ਸਾਰੇ ਭਗਤ ਹੋਏ ਹਨ, ਉਨਾਂ ਨੇ ਵੀ ਇਸ ਰਾਮ ਦੀ ਮਾਲਾ ਦੁਆਰਾ ਹੀ ਆਤਮ ਸੁੱਖ ਪ੍ਰਾਪਤ ਕੀਤਾ ਹੈ। ਸਲੋਕ–1

ਕਬੀਰ ਜੀ ਕਹਿੰਦੇ ਹਨ ਕਿ ਅਕਾਸ਼ ਵਿਚ ਬੱਦਲ ਛਾਇਆ ਹੋਇਆ ਹੈ। ਮੀਂਹ ਵਰੇ ਕਿ ਸਰੋਵਰ ਤੇ ਤਾਲ ਭਰ ਗਏ ਹਨ। ਪਰ ਪਪੀਹਾ ਫਿਰ ਵੀ ਟੀ.ਟੀ. ਕਰਦਾ ਤੇ ਇਕ ਬੂੰਦ ਨੂੰ ਤਰਸਦਾ ਰਹਿੰਦਾ ਹੇ। ਪਰ ਜਿਹੜੇ ਸਰਬ ਸਰੋਵਰ ਰੂਪ ਵਿਆਪਕ ਪ੍ਰਮਾਤਮਾ ਨੂੰ ਛੱਡ ਕੇ ਮਾਇਆ ਪਿੱਛੇ ਤਰਸਦੇ ਫਿਰਦੇ ਹਨ, ਉਨਾਂ ਦਾ ਕੀ ਹਾਲ ਹੋਵੇਗਾ? ਉਹ ਕਦੇ ਤ੍ਰਿਪਤ ਨਹੀਂ ਹੋ ਸਕਦੇ। ਸਲੋਕ–124

ਕਬੀਰ ਜੀ ਫੁਰਮਾਉਂਦੇ ਹਨ ਕਿ ਜੇ ਤੈਨੂੰ ਆਪਣੇ ਪਿਆਰੇ ਨੂੰ ਮਿਲਣ ਦੀ ਸ਼ਰਧਾ ਹੈ ਤਾਂ ਪੱਕੇ ਗੁਰੂ ਨਾਲ ਖੇਡ। ਕਿਉਂਕਿ ਕੱਚੇ ਗੁਰੂ ਤੋਂ ਤਾਂ ਨਾ ਲੋਕ ਸੁੱਖ ਅਤੇ ਨਾ ਪ੍ਰਲੋਕ ਸੁੱਖ ਪ੍ਰਾਪਤ ਹੁੰਦਾ ਹੈ। ਜਿਸ ਤਰਾਂ ਕੱਚੀ ਸਰੋਂ ਨੂੰ ਪੀੜਨ ਕਰਕੇ, ਉਸ ਤੋਂ ਨਾ ਤੇਲ ਪ੍ਰਾਪਤ ਹੁੰਦਾ ਹੈ ਨਾ ਹੀ ਖਲ਼ ਪ੍ਰਾਪਤ ਹੁੰਦੀ ਹੈ। ਸਲੋਕ–240

ਕਬੀਰ ਜੀ ਨੇ ਆਪਣੀ ਕਾਵਿ ਰਚਨਾ ਵਿਚ ਅਨੇਕ ਵੰਨਗੀਆਂ ਦਾ ਪ੍ਰਯੋਗ ਕੀਤਾ ਹੈ। ਉਹ ਭਾਸ਼ਾ ਦੇ ਧਨੀ ਸਨ। ਬਾਣੀ ਸਮਝਾਉਣ ਲਈ ਕਈ ਭਾਸ਼ਾਵਾਂ ਦੀ ਸ਼ਬਦਾਵਲੀ ਵਰਤੀ ਹੈ। ਕਬੀਰ ਜੀ ਇਕ ਸਮਾਜ ਸੁਧਾਰਕ ਕਵੀ ਮੰਨੇ ਜਾਂਦੇ ਹਨ। ਬਾਣੀ ਵਿਚੋਂ ਮਨੁੱਖ ਦੇ ਮੂਲ ਸਰੋਕਾਰ, ਸ੍ਰਿਸ਼ਟੀ ਦਾ ਪਸਾਰ, ਪ੍ਰਮਾਤਮਾ ਦੀ ਪ੍ਰਾਪਤੀ, ਅਧਿਆਤਮਕ ਸਾਧਨ, ਮਾਨਵੀ ਜੀਵਨ ਦੀਆਂ ਸਮੱਸਿਆਵਾਂ ਦੇ ਹੱਲ। ਜੀਵਨ–ਜਾਚ, ਸਮਾਜਿਕ ਬਰਾਬਰੀ ਆਦਿ ਵਿਸ਼ਿਆਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਕਬੀਰ ਜੀ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਵੀ ਉਨਾਂ ਦੇ ਚੇਲਿਆਂ ਵਲੋਂ ਇਕੱਠੀ ਕੀਤੀ ਮਿਲਦੀ ਹੈ। ਸਮੁੱਚੀ ਰਚਨਾ ਪ੍ਰਭੂ ਮਿਲਾਪ ਲਈ ਅਧਿਆਤਮਕ ਸਾਧਨ ਦਾ ਉਪਦੇਸ਼ ਹੈ।

ਸੰਨ 1518 ਵਿਚ 120 ਸਾਲ ਦੀ ਉਮਰ ਵਿਚ ਮਗਹਰ ਨਗਰ ਵਿਖੇ ਅਕਾਲ ਚਲਾਣਾ ਕਰ ਗਏ। ਅੰਤਲੇ ਸਮੇਂ ਇਹ ਭਰਮ ਦੂਰ ਕਰਨ ਲਈ ਕਿ ਮਗਹਰ ਵਿਚ ਪ੍ਰਾਣ ਤਿਆਗਣ ਵਾਲਾ ਖੋਤੇ ਦੀ ਜੂਨ ਵਿਚ ਪੈਂਦਾ ਹੈ। 'ਜੈਸਾ ਮਗਹਰੁ ਤੈਸੀ ਕਾਸ਼ੀ, ਹਮ ਏਕੈ ਕਰਿ ਜਾਨੀ। ਅੰਗ–967

ਆਪ ਜੀ ਦੀ ਯਾਦ ਵਿਚ ਬਨਾਰਸ ਦੇ ਰਾਜਾ ਵੀਰ ਸਿੰਘ ਬਘੇਲਾ ਨੇ ਸਮਾਧ ਬਣਾਈ ਤੇ ਗੋਰਖਪੁਰ ਦੇ ਨਵਾਬ ਬਿਜਲੀ ਖਾਨ ਨੇ ਕਬਰ ਬਣਵਾਈ।

ਅੰਤਿਕਾ : ਮੁਕਤੀ ਦੇ ਮਾਰਗ ਵੱਲ ਤੋਰਦੇ ਹੋਏ ਬਿਆਨ ਕਰਦੇ ਹਨ : ਹੇ ਕਬੀਰ ! ਗੰਗਾ ਆਦਿਕ ਤੀਰਥਾਂ ਦੇ ਸਾਫ਼ ਜਲ ਦੇ ਕੰਢੇ ਰਿਹਾਇਸ਼ ਰੱਖਿਆ ਤਾਂ ਕਾਮਾਦਿਕ ਵਿਕਾਰ ਖਲਾਸੀ ਨਹੀਂ ਕਰਦੇ। ਤੇ ਨਾ ਹੀ ਮਨ ਪਵਿੱਤਰ ਹੋ ਸਕਦਾ ਹੈ। ਪਰ ਜਦੋਂ ਪ੍ਰਮਾਤਮਾ ਦੇ ਨਾਮ ਦਾ ਸਿਮਰਨ ਕੀਤਿਆਂ ਮੇਰਾ ਮਨ ਗੰਗਾ ਦੇ ਸਾਫ਼ ਪਾਣੀ ਵਰਗਾ ਪਵਿੱਤਰ ਹੋ ਗਿਆ ਤਾਂ ਪ੍ਰਮਾਤਮਾ ਮੈਨੂੰ ਕਬੀਰ ਕਬੀਰ ਆਖ ਕੇ ਵਾਜਾਂ ਮਾਰਦਾ, ਮੇਰੇ ਪਿੱਛੇ ਤੁਰਿਆ ਫਿਰੇਗਾ। ਅੰਗ 1367



# ਤਵਾਰੀਖ਼ ਦੇ ਪੰਨਿਆਂ 'ਤੇ ਜੂਨ 1984

## ਦਰਬਾਰ ਸਾਹਿਬ 'ਤੇ ਹਮਲੇ ਲਈ ਚੁਣਨਾ ਸਰਕਾਰ ਦੀ ਅੱਤ ਘਿਨਾਉਣੀ ਜ਼ਾਲਮ ਨੀਤੀ



**ਪਰਮਪਾਲ ਸਿੰਘ ਸਭਰਾਅ**
9814991699

ਤਿੰਨ ਜੂਨ 1984 ਦਾ ਦਿਨ ਸ਼ਹੀਦਾਂ ਦੇ ਸਿਰਤਾਜ ਧੰਨ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਨ ਸੀ। ਇਸ ਦਿਨ ਪੰਜਵੇਂ ਗੁਰੂ ਨੇ ਧਰਮ ਤੋਂ ਕੁਰਬਾਨ ਹੋ ਕੇ ਸ਼ਹਾਦਤ ਦੀ ਨੀਂਹ ਰੱਖੀ ਸੀ, ਜਿਉਣਾ ਸਫ਼ਲ ਕਰਨ ਲਈ ਮੌਤ ਦੀ ਜਾਚ ਸਿਖਾਈ ਸੀ, ਖ਼ੂਨ ਦੇ ਕੇ ਲਾਜ ਰੱਖਣ ਦਾ ਸਬਕ ਅੱਜ ਦੇ ਦਿਨ ਦੀ ਪ੍ਰੇਰਨਾ ਸੀ। ਇਹ ਦਿਨ ਤੂਫ਼ਾਨ ਤੋਂ ਪਹਿਲਾਂ ਦੀ ਸ਼ਾਂਤੀ ਦਾ ਦਿਨ ਸੀ। ਸਭ ਕਿਆਸਰਾਈਆਂ ਮੁੱਕ ਚੁੱਕੀਆਂ ਸਨ। 2 ਜੂਨ ਦੀ ਰਾਤ ਨੂੰ ਪੰਜਾਬ ਨੂੰ ਸਾਰੇ ਸੰਸਾਰ ਨਾਲੋਂ ਕੱਟ ਕੇ ਭਾਰਤੀ ਫੌਜ ਦੇ ਹਵਾਲੇ ਕੀਤਾ ਜਾ ਚੁੱਕਾ ਸੀ, ਹਿੰਦ ਦੀ ਅੜੀ ਦੇ ਸਾਹਮਣੇ ਪੰਜਾਬ ਦੀ ਸੂਰਮਗਤੀ ਮੋਰਚੇ ਸੰਭਾਲ ਬੈਠੀ ਸੀ, ਸਰਕਾਰ ਦੇ ਮੋਰਚਿਆਂ ਵਿਚ ਬੈਠੇ ਫੌਜੀਆਂ ਦੇ ਮਨਾਂ ਵਿਚ ਹਾਈਕਮਾਂਡ ਵਲੋਂ ਨਫਰਤਾਂ ਦੀ ਬਾਰੂਦੀ ਜਵਾਲਾ ਉਬਾਲੇ ਮਾਰ ਰਹੀ ਸੀ। ਫੌਜੀਆਂ ਦੇ ਕਈ ਸਾਲਾਂ ਦੇ ਜੰਗੀ ਤਜ਼ਰਬੇ ਦੀ ਪਰਖ ਹੋਣੀ ਸੀ, ਸਾਲਾਂ ਤੋਂ ਨਿਸ਼ਾਨੇਬਾਜੀ ਦੀ ਟ੍ਰੇਨਿੰਗ ਦੀ ਪਰਖਣ ਦਾ ਸਮਾਂ ਸੀ। ਸੰਸਾਰ ਦੇ ਸਰਵੋਤਮ ਜੰਗੀ ਸਾਜ਼ੋ ਸਾਮਾਨ ਅਤੇ ਹਥਿਆਰਾਂ ਨਾਲ ਲੈਸ ਦੁਨੀਆਂ ਦੀ ਤੀਜੀ ਵੱਡੀ ਫੌਜੀ ਤਾਕਤ ਹੋਣ ਦਾ ਹੰਕਾਰ ਫੁੰਕਾਰੇ ਮਾਰ ਰਿਹਾ ਸੀ। ਫੌਜੀਆਂ ਨੂੰ ਆਪਣੇ ਕਈ ਜੰਗਾਂ ਦੇ ਜੇਤੂ ਜਰਨੈਲਾਂ ਦੀਆਂ ਜੰਗੀ ਤਕਨੀਕਾਂ 'ਤੇ ਵੀ ਪੂਰਾ ਮਾਣ ਸੀ। ਦੂਜੇ ਪਾਸੇ ਹਰਿਮੰਦਰ ਦੇ ਜਾਂਬਾਜ ਰਾਖੇ ਕੁਰਬਾਨੀ ਦੇ ਫੌਲਾਦੀ ਜਜ਼ਬਿਆਂ ਨਾਲ ਵੈਰੀਆਂ ਤੇ ਟੁੱਟ ਪੈਣ ਲਈ ਕੌਮੀ ਜਰਨੈਲ ਦੇ ਹੁਕਮ ਦੀ ਉਡੀਕ ਕਰ ਰਹੇ ਸਨ। ਮਾਲਾ ਵਾਲੇ ਹੱਥ ਅਜੇ ਕੁਝ ਦਿਨਾਂ ਤੋਂ ਹੀ ਅਗਨ ਸ਼ਾਸਤਰਾਂ ਤੋਂ ਵਾਕਫ਼ ਹੋਏ ਸਨ, ਦੇਗਾਂ ਵਿਚ ਖ਼ੁਰਪਾ ਫੇਰਦੇ ਹੱਥ, ਕਾਰਸੇਵਾ ਦੀਆਂ ਕਹੀਆਂ ਟੋਕਰੀਆਂ ਚੁੱਕਦੇ ਹੱਥਾਂ ਵਿੱਚ ਸਰਕਾਰੀ ਫੌਜੀਆਂ ਬਰਾਬਰ ਮਾਮੂਲੀ ਹਥਿਆਰ ਤੇ ਜੰਗੀ ਸਾਜੋ ਸਾਮਾਨ ਸੀ। ਚੋਲਿਆਂ ਦੀਆਂ ਜੇਬਾਂ ਵਿਚ ਮੁੱਠ ਮੁੱਠ ਭੁੱਜੇ ਛੋਲੇ ਸਨ, ਨਾਮ ਬਾਣੀ ਦੇ ਰੰਗ ਵਿਚ ਰੱਤੀਆਂ ਰੂਹਾਂ ਦੇ ਰੂਹਾਨੀ ਜਜ਼ਬਾਤ ਅਡੋਲ ਸਨ। ਹਰ ਸਾਹ ਨਾਲ ਵਾਹਿਗੁਰੂ ਵਾਹਿਗੁਰੂ ਜਪਦੇ ਜੰਗਜੂਆਂ ਨੂੰ ਖੰਡੇ ਦੀ ਧਾਰ ਵਿਚੋਂ ਪੀਤੇ ਅੰਮ੍ਰਿਤ ਦੇ ਘੁੱਟਾਂ ਤੇ ਪੂਰਨ ਭਰੋਸਾ ਸੀ। ਰਗਾਂ ਵਿਚ ਸ਼ਹੀਦਾਂ ਦੇ ਲਹੂ ਦੀ ਤਾਸੀਰ ਕੌਮੀ ਪੱਤ ਦੀ ਰਾਖੀ ਲਈ ਵਧੇਰੇ ਗਰਮ ਤੇ ਤੇਜ ਹੋ ਚੁੱਕੀ ਸੀ, ਕੌਮੀ ਜਰਨੈਲ ਦੇ ਬੋਲ 'ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ, ਧਰਮ ਸਿਰ ਦਿੱਤਿਆਂ ਬਾਝ ਨਹੀਂ ਰਹਿਣਾ ਨਿਰੰਤਰ ਕੰਨਾਂ ਵਿਚ ਗੂੰਜ ਰਹੇ ਸਨ। ਦਰਬਾਰ ਸਾਹਿਬ ਤੋਂ ਗੁਰਬਾਣੀ ਦੀ ਗੂੰਜ ਸਰੋਵਰ ਦੀਆਂ ਲਹਿਰਾਂ ਨਾਲ ਟਾਕਰਾ ਕੇ ਸਾਰੀ ਫਿਜ਼ਾ ਵਿਚ 'ਅਬ ਜੂਝਨ ਕੋ ਦਾਉ' ਦਾ ਜੰਗੀ ਬੋਲਾ ਘੋਲ ਰਹੀ ਸੀ ਅੱਤ ਦੀ ਗਰਮੀ ਦੇ ਇਸ ਮੌਸਮ ਵਿਚ ਵੀ ਨੀਲਿਆਂ, ਕੇਸਰੀ ਖਾਲਸਾਈ ਬਾਣਿਆਂ ਵਿਚ ਧਰਮਯੁੱਧ ਦੇ ਜੰਗਜੂ ਤੱਤੀ ਲੋਹ 'ਤੇ ਬੈਠੇ ਗੁਰੂ ਅਰਜਨ ਸਾਹਿਬ ਜੀ ਨੂੰ ਯਾਦ ਕਰ ਕੇ ਹਿਰਦਿਆਂ ਨੂੰ ਠੰਡਕ ਦੇ ਰਹੇ ਸਨ ।

1 ਜੂਨ ਦੀ ਗੋਲੀਬਾਰੀ ਅਤੇ 2 ਜੂਨ ਨੂੰ ਪੰਜਾਬ ਦੇ ਫੌਜ ਹਵਾਲੇ ਹੋਣ ਅਤੇ ਖ਼ਤਰਨਾਕ ਕਰਫਿਊ ਦੇ ਹਾਲਾਤਾਂ ਵਿਚ ਵੀ ਸੰਗਤਾਂ ਦਾ ਦਰਬਾਰ ਸਾਹਿਬ ਵਿਚ ਸ਼ਹੀਦੀ ਪੁਰਬ ਮਨਾਉਣ ਆਉਣਾ ਕਿਸੇ ਵੀ ਦੁਨਿਆਵੀ ਕਲਮ ਜਾਂ ਸੋਚ ਤੋਂ ਬਹੁਤ ਉੱਤੇ ਦੀ ਬਾਤ ਹੈ। ਸੰਗਤ ਦੇ ਗੁਰੂ ਪਿਆਰ ਦਾ ਰੂਹਾਨੀ ਅਥਾਹ ਸਾਗਰ ਮਾਪਿਆ ਨਹੀਂ ਜਾ ਸਕਦਾ, ਪਰ ਇਸ ਦਿਨ ਨੂੰ ਦਰਬਾਰ ਸਾਹਿਬ 'ਤੇ ਹਮਲੇ ਲਈ ਚੁਣਨਾ ਸਰਕਾਰ ਦੀ ਅੱਤ ਘਿਨਾਉਣੀ ਜਾਲਮ ਨੀਤੀ ਦੀ ਗਵਾਹੀ ਭਰਦਾ ਹੈ । ਇਸ ਦਿਨ ਜਥੇਦਾਰ ਟੌਹੜਾ ਅਤੇ ਸੰਤ ਲੌਂਗੋਵਾਲ ਵਲੋਂ ਇਕ ਜੂਨ ਦੀ ਗੋਲੀਬਾਰੀ ਦੇ ਨਿਸ਼ਾਨਾ ਦੀ ਲਾਲ ਰੰਗ ਨਾਲ ਨਿਸ਼ਾਨਦੇਹੀ ਕਰਵਾਈ ਗਈ ਤੇ ਵੱਡੀ ਤਾਦਾਦ ਵਿੱਚ ਆਈ ਨੈਸ਼ਨਲ ਇੰਟਰਨੈਸ਼ਨਲ ਮੀਡੀਆ ਦੀ ਟੀਮ ਨੂੰ ਵਿਖਾਈ ਗਈ। ਮੀਡੀਆ ਰਾਹੀਂ ਸਰਕਾਰ ਨੂੰ ਚੇਤਾਵਨੀ ਵੀ ਦਿੱਤੀ ਗਈ, ਇਸ ਘਟਨਾ ਤੋਂ ਇੰਜ ਜਾਪਦਾ ਹੈ ਕਿ ਅਕਾਲੀ ਆਗੂ ਇੰਜ ਕਰਕੇ ਸਰਕਾਰ ਤੇ ਦਬਾਅ ਬਣਾਉਣ ਦੀ ਕੋਸ਼ਿਸ ਕਰ ਰਹੇ ਸਨ ਪਰ ਅਕਾਲੀ ਦਲ ਦੇ ਲੈਟਰ ਪੈਡਾਂ ਤੇ ਇੰਦਰਾ ਨੂੰ ਚਿੱਠੀਆਂ ਲਿਖ ਲਿਖ ਕੇ ਹਮਲੇ ਲਈ ਆਪ ਫੌਜ ਸੱਦ ਕੇ ਹੁਣ ਫੋਕੇ ਫੈਂਟਰ ਮਾਰਨਾ ਬਹੁਤ



ਬੇਥਵਾ ਤੇ ਅਰਥਹੀਣ ਲੱਗ ਰਿਹਾ ਸੀ । ਇਸ ਤੱਥ ਵਿੱਚ ਰੱਤੀ ਭਰ ਵੀ ਸ਼ੱਕ ਨਹੀਂ ਕਿ ਪੰਥ ਦੇ ਨਾਮ 'ਤੇ ਵੋਟਾਂ ਦੀ ਰਾਜਨੀਤੀ ਕਰਦੇ ਅਕਾਲੀ ਆਗੂਆਂ ਨੂੰ ਕੌਮੀ ਹੋਂਦ, ਪੰਥਕ ਭਵਿੱਖ, ਪੰਜਾਬ ਦੀਆਂ ਮੰਗਾਂ ਨਾਲ ਰੱਤੀ ਭਰ ਵੀ ਕੋਈ ਸਰੋਕਾਰ ਨਹੀਂ ਸੀ ਉਹ ਤਾਂ ਬੱਸ ਸਮੁੱਚੀ ਕੌਮ ਵਿੱਚ ਬੁਲੰਦੀਆਂ 'ਤੇ ਪਹੁੰਚੀ ਸੰਤ ਜਰਨੈਲ ਸਿੰਘ ਦੀ ਚੜਤ ਤੋਂ ਬਹੁਤ ਪ੍ਰੇਸ਼ਾਨ ਸਨ। ਉਨਾਂ ਨੂੰ ਆਪਣੀਆਂ ਕੁਰਸੀਆਂ ਗਵਾਚਣ ਦਾ ਡਰ ਪਿਆ ਸੀ, ਇਸ ਲਈ ਅਕਾਲੀ ਆਗੂ ਅੰਦਰਖਾਤੇ ਸਰਕਾਰ ਨੂੰ ਅਰਜੋਈਆਂ ਕਰਦੇ ਸੀ ਕਿ ਆਹ ਸਾਧ ਨੂੰ ਸਾਡੇ ਗਲੋਂ ਲਾਹੋ। ਅਕਾਲ ਤਖ਼ਤ ਸਾਹਿਬ ਦੀ ਉਪਰਲੀ ਮੰਜਿਲ 'ਤੇ 3 ਜੂਨ ਨੂੰ ਬਾਬਾ ਜਰਨੈਲ ਸਿੰਘ ਪਲ ਪਲ ਤੇਜ਼ੀ ਨਾਲ ਜੰਗ ਵੱਲ ਵੱਧ ਰਹੇ ਹਾਲਾਤਾਂ ਦਾ ਬਹੁਤ ਗੰਭੀਰਤਾ ਨਾਲ ਚਿੰਤਨ ਕਰ ਰਹੇ ਸਨ, ਦਰਬਾਰ ਸਾਹਿਬ ਸਮੂਹ ਵਿੱਚ ਆਇਆ ਮੀਡੀਆ ਦਾ ਵੱਡਾ ਵਫਦ ਸੰਤ ਜੀ ਨੂੰ ਵੀ ਆ ਕੇ ਮਿਲਿਆ ਜਿਸ ਦੇ ਹਰ ਸਵਾਲ ਦਾ ਵਿਸਥਾਰ ਇੰਟਰਨੇਟ ਸਾਧਨਾਂ ਵਿੱਚ ਮੌਜੂਦ ਹੈ (ਇਸ ਸਾਰੀ ਵਾਰਤਾਲਾਪ ਨੂੰ ਜ਼ਰੂਰ ਵਿਚਾਰੋ) ਸੰਤ ਜੀ ਵਲੋਂ ਕੀਤੀ ਇਸ ਆਖਰੀ ਪ੍ਰੈਸ ਵਾਰਤਾ ਦਾ ਸਾਰ ਅੰਸ਼ ਸੀ ਕਿ ਜੇ ਭਾਰਤ ਸਰਕਾਰ ਪੰਜਾਬ ਦੀਆਂ ਮੰਗਾਂ ਮੰਨਣ ਦਾ ਰਾਹ ਛੱਡ ਕੇ ਤੋਪਾਂ ਟੈਂਕਾਂ ਨਾਲ ਹਮਲਾ ਕਰਕੇ ਸਿੱਖ ਕੌਮ ਨੂੰ ਝੁਕਾਉਣਾ ਚਾਹੁੰਦੀ ਹੈ ਤਾਂ ਇਹ ਰਾਹ ਸਿੱਧਾ ਖਾਲਿਸਤਾਨ ਤੱਕ ਜਾਵੇਗਾ, ਕਿਉਂਕਿ ਰਾਹ ਦੋ ਹੀ ਹਨ ਇਕ ਹੱਕੀ ਮੰਗਾਂ ਮੰਨ ਲਵੋ ਤੇ ਦੂਜਾ ਸਾਨੂੰ ਵੱਖ ਕਰ ਦਿਓ। ਸੋ ਜੇ ਸਰਕਾਰ ਨੇ ਪਹਿਲਾ ਰਾਹ ਨਹੀਂ ਚੁਣਨਾ ਤਾਂ ਅਕਾਲ ਤਖ਼ਤ ਤੇ ਡਿੱਗਾ ਪਹਿਲਾ ਬੰਬ ਖਾਲਿਸਤਾਨ ਦੀ ਨੀਂਹ ਰੱਖ ਦੇਵੇਗਾ । ਸੰਤ ਜੀ ਨੇ ਕਿਹਾ ਅਸੀਂ ਭਾਰਤ ਦੇ ਨਾਲ ਰਹਿਣਾ ਚਾਹੁੰਦੇ ਹਾਂ ਪਰ ਬਰਾਬਰ ਦੇ ਸ਼ਹਿਰੀ ਬਣ ਕੇ ਨਾ ਕਿ ਗੁਲਾਮਾਂ ਵਾਂਗ । ਇਸ ਮੌਕੇ ਸੰਤ ਜੀ ਨੇ ਸਿੱਖ ਕੌਮ ਦੇ ਨਾਮ ਆਪਣਾ ਆਖਰੀ ਸੰਦੇਸ਼ ਵੀ ਦਿੱਤਾ। ਸ਼ਾਮ ਤੱਕ ਭਾਰਤ ਸਰਕਾਰ ਹਮਲੇ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਚੁੱਕੀ ਸੀ, ਪੰਜਾਬ ਨੂੰ ਪੂਰੀ ਤਰਾਂ ਭਾਰਤ ਤੋਂ ਕੱਟ ਦਿੱਤਾ ਗਿਆ। ਲੈ. ਜਰਨਲ ਰਣਜੀਤ ਦਿਆਲ ਨੂੰ ਪੰਜਾਬ ਦੇ ਗਵਰਨਰ ਦਾ ਰੱਖਿਆ ਸਲਾਹਕਾਰ ਨਿਯੁਕਤ ਕਰ ਦਿੱਤਾ ਗਿਆ, ਪੰਜਾਬ ਦੀਆਂ ਸਾਰੀਆਂ ਸਰਹੱਦਾਂ ਸੀਲ ਕਰ ਦਿੱਤੀਆਂ, ਪੰਜਾਬ ਵਿੱਚ ਮੁਕੰਮਲ ਕਰਫਿਊ ਲਾ ਦਿੱਤਾ ਗਿਆ, ਬੈਲ ਗੱਡੀਆਂ ਅਤੇ ਸਾਈਕਲ ਚਲਾਉਣ 'ਤੇ ਵੀ ਪਾਬੰਦੀ ਲਾ ਦਿੱਤੀ ਗਈ। ਸਾਰੇ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਤਰਕਾਰਾਂ ਨੂੰ ਪੰਜਾਬ ਛੱਡ ਦੇਣ ਦਾ ਹੁਕਮ ਹੋਇਆ। ਸਾਰੀ ਪ੍ਰੈਸ 'ਤੇ ਸੈਂਸਰ ਲਾ ਦਿੱਤਾ। ਅੰਮ੍ਰਿਤਸਰ ਸਾਹਿਬ ਪੂਰਨ ਤੌਰ 'ਤੇ ਫੌਜੀ ਛਾਉਣੀ ਵਿੱਚ ਤਬਦੀਲ ਕਰ ਦਿੱਤਾ ਗਿਆ। ਟੈਲੀਫੋਨ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ, ਇਥੋਂ ਤੱਕ ਕਿ ਪੰਜਾਬ ਉਪਰੋਂ ਲੰਘਣ ਵਾਲੇ ਹਵਾਈ ਜਹਾਜਾਂ 'ਤੇ ਵੀ ਪਾਬੰਦੀ ਲਾ ਦਿੱਤੀ ਗਈ, ਦਰਬਾਰ ਸਾਹਿਬ ਕੰਪਲੈਕਸ ਦਾ ਬਿਜਲੀ ਅਤੇ ਪਾਣੀ ਕੱਟ ਦਿੱਤਾ ਗਿਆ ,

ਇਹ ਸਮਾਂ ਫੈਸਲਾਕੁਨ ਜੰਗ ਦੇ ਐਲਾਨ ਦਾ ਆਖਰੀ ਪਲ ਸੀ। ਸੰਤ ਜੀ ਨੇ ਵਾਕੀ ਟਾਕੀ ਆਪਣੇ ਹੱਥ ਵਿੱਚ ਲਿਆ ਤੇ ਸਭ ਮੋਰਚਿਆਂ ਵਿੱਚ ਵੈਰੀਆਂ ਦੇ ਪਹਿਲ ਕਰਨ ਦੀ ਉਡੀਕ ਕਰ ਰਹੇ ਜੰਗਜੂਆਂ ਦਾ ਹਾਲ ਜਾਨਣ ਮਗਰੋਂ ਜੰਗੀ ਨੁਕਤੇ ਤੋਂ ਤਾਕੀਦ ਕੀਤੀ ਕਿ ਜਦ ਤੱਕ ਕੋਈ ਫੌਜੀ ਪਰਿਕਰਮਾ ਵਿੱਚ ਪੈਰ ਨਹੀਂ ਧਰਦਾ ਗੋਲੀ ਨਹੀਂ ਚਲਾਉਣੀ, ਹਰ ਇਕ ਗੋਲੀ ਟਿਕਾਣੇ ਲਾਉਣੀ ਹੈ, ਇਕ ਵੀ ਗੋਲੀ ਵਿਅਰਥ ਨਹੀਂ ਗੁਆਉਣੀ, ਗੁਰਬਾਣੀ ਦੇ ਓਟ ਆਸਰੇ ਵਿੱਚ ਆਪਣੇ ਫੈਸਲੇ ਆਪ ਲਿਓ, ਬੱਸ ਇਕ ਗੱਲ ਦਾ ਖਿਆਲ ਰੱਖਣਾ ਤੁਹਾਡੇ ਜਿਉਂਦੇ ਜੀਅ ਇਕ ਵੀ ਜਿਉਂਦਾ ਫੌਜੀ ਪਵਿੱਤਰ ਪਰਿਕਰਮਾ ਵਿੱਚ ਪੈਰ ਨਹੀਂ ਰੱਖਣਾ ਚਾਹੀਦਾ, ਇਨਾਂ ਵੈਰੀਆਂ ਨੂੰ ਐਸੀ ਧੂੜ ਚਟਾਇਓ ਕਿ ਰਹਿੰਦੀ ਦੁਨੀਆਂ ਤੱਕ ਇਸ ਅਸਾਵੀਂ ਜੰਗ ਦੇ ਚਰਚੇ ਹੁੰਦੇ ਰਹਿਣ। ਚਮਕੌਰ ਦੀ ਕੱਚੀ ਗੜੀ ਯਾਦ ਰੱਖਕੇ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਦੇ ਵਾਰਿਸ ਬਣਕੇ ਮੁਕਾਬਲਾ ਕਰਿਓ।

ਮੋਰਚਿਆਂ ਵਿੱਚ ਸ਼ਹੀਦੀ ਖੁਮਾਰੀਆਂ ਨਾਲ ਸ਼੍ਰਸ਼ਰਾਰ ਯੋਧੇ ਅਗਨ ਸ਼ਾਸ਼ਤਰਾਂ ਦੇ ਘੋੜੇ ਦੱਬਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਸਨ। ਖਾਲਿਸਤਾਨ ਦੀ ਨੀਂਹ ਰੱਖਦੀ ਘੜੀ ਆਣ ਪਹੁੰਚੀ ਜਦ 4 ਜੂਨ ਦੇ ਤੜਕੇ ਚਾਰ ਵੱਜ ਕੇ ਚਾਲੀ ਮਿੰਟ ਤੇ ਤੋਪ ਦਾ ਪਹਿਲਾ ਗੋਲਾ ਮੀਰੀ ਪੀਰੀ ਦੇ ਮੁਕਾਮ ਅਕਾਲ ਤਖ਼ਤ ਸਾਹਿਬ ਦੇ ਸੁਨਹਿਰੀ ਗੁੰਬਦ ਉੱਤੇ ਆਣ ਡਿੱਗਾ। ਇੱਕੋ ਝੱਟਕੇ ਵਿੱਚ ਜਮੀਨ ਅਸਮਾਨ ਕੰਬ ਗਿਆ।

(ਚਲਦਾ...)

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# ਆਓ ਕਰੀਏ ਆਪੇ ਦੀ ਸਵੈ-ਪੜਚੋਲ



**ਗਗਨਦੀਪ ਧਾਲੀਵਾਲ**

ਮਨੁੱਖੀ ਜਿੰਦਗੀ ਦੇ ਦੋ ਪੱਖ ਹਨ।ਸਕਾਰਤਮਕ ਤੇ ਨਕਾਰਾਤਮਕ। ਹਰ ਇੱਕ ਮਨੁੱਖ ਵਿੱਚ ਚੰਗੇ ਮਾੜੇ ਗੁਣ ਜ਼ਰੂਰ ਹੁੰਦੇ ਹਨ। ਕੋਈ ਵੀ ਮਨੁੱਖ ਗੁਣਾਂ ਨਾਲ ਭਰਪੂਰ ਨਹੀਂ ਹੁੰਦਾ। ਦੋਸਤੋ, ਕਈ ਵਾਰ ਮਨੁੱਖ ਮੁਸੀਬਤ ਸਮੇਂ ਜਲਦੀ ਹੀ ਹੌਸਲਾ ਛੱਡ ਦਿੰਦਾ ਹੈ।ਜਾ ਕਈ ਵਾਰ ਉਹ ਆਪਣੀਆਂ ਕਮੀਆਂ ਨੂੰ ਲੈ ਕੇ ਹੀ ਖ਼ੁਦ ਨੂੰ ਕੋਸਣ ਲੱਗ ਜਾਂਦਾ ਹੈ। ਜਦਕਿ ਆਪਣੇ ਸਕਾਰਤਮਕ ਰਵੱਈਆ ਤੇ ਆਪਣੇ ਗੁਣਾਂ ਵੱਲ ਧਿਆਨ ਹੀ ਨਹੀਂ ਦਿੰਦਾ। ਜਿਸ ਕਾਰਨ ਉਹ ਆਪਣੇ ਅੰਦਰ ਛੁਪੀ ਯੋਗਤਾ ਨੂੰ ਦੁਨੀਆਂ ਸਾਹਮਣੇ ਨਹੀਂ ਰੱਖ ਪਾਉਂਦਾ ।ਆਪਣੇ ਆਪ ਦੀ ਸਵੈ ਪੜਚੋਲ ਮਤਲਬ ਆਪਣੇ ਆਪ ਦਾ ਸਵੈ ਮੁਲਾਂਕਣ ਇੱਕ ਅਜਿਹਾ ਸਾਧਨ ਹੈ ਜੋ ਕਿ ਸਾਡੇ ਅੰਦਰਲੇ ਸਕਾਰਤਮਕ ਰਵੱਈਆ ਨੂੰ ਬਾਹਰ ਉਜਾਗਰ ਕਰਨ ਵਿੱਚ ਮਦਦ ਕਰਦਾ ਹੈ ਤੇ ਨਕਾਰਤਮਕ ਸੋਚ ਨੂੰ ਘਟਾਉਂਦਾ ਹੈ। ਆਪਣੇ ਅੰਦਰ ਆਪੇ ਦੀ ਪਹਿਚਾਣ ਇੱਕ ਅਜਿਹੀ ਕੋਸ਼ਿਸ਼ ਹੈ, ਜੋ ਮਨੁੱਖ ਦੇ ਅੰਦਰਲੇ ਆਪੇ ਭਾਵ ਆਤਮਾ ਨੂੰ ਹਲੂਣਾ ਦੇ ਕੇ ਅੰਦਰਲਾ ਆਪਾ ਰੌਸ਼ਨ ਕਰਕੇ ਹਨੇਰਾ ਦੂਰ ਕਰਦੀ ਹੈ। ਅਸਲ ਵਿੱਚ ਇਹ ਇੱਕ ਅਜਿਹੀ ਪੌੜੀ ਹੈ ਜੋ ਮਨੁੱਖ ਨੂੰ ਮੰਜਿਲ ਤੱਕ ਪਹੁੰਚਾਉਣ ਦਾ ਯਤਨ ਕਰਦੀ ਹੈ।ਹਰ ਇੱਕ ਮਨੁੱਖ ਨੂੰ ਰੱਬ ਵੱਲੋਂ ਭਾਵ ਕੁਦਰਤ ਵੱਲੋਂ ਬਹੁਤ ਕੁੱਝ ਪ੍ਰਦਾਨ ਕੀਤਾ ਹੁੰਦਾ ਹੈ। ਬੱਸ ਮਨੁੱਖ ਨੂੰ ਉਸਦੀ ਪਹਿਚਾਣ ਨਹੀਂ ਹੁੰਦੀ। ਕਦਰ ਨਹੀਂ ਹੁੰਦੀ ।ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਮਨੁੱਖ ਆਪਣੇ ਲਈ ਸਮਾਂ ਕੱਢੇ ਤੇ ਆਪਣੇ ਆਪ ਦੀ ਸਵੈ ਪੜਚੋਲ ਕਰੇ। ਆਪਣੇ ਅੰਦਰ ਛੁਪੇ ਗੁਣਾ (ਹੁਨਰ) ਨੂੰ ਬਾਹਰ ਲੈ ਕੇ ਆਵੇ ਤੇ ਮਾੜੇ ਨਕਾਰਤਮਕ ਰਵੱਈਏ ਦਾ ਤਿਆਗ ਕਰੇ। ਮਨੁੱਖ ਨੂੰ ਆਪਣੇ ਆਪ ਲਈ ਸਮਾਂ ਦੇਣਾ ਚਾਹੀਦਾ ਹੈ। ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ ਕਿ ਉਹ ਕੀ ਹੈ, ਕੀ ਕਿਸ ਤਰਾਂ ਦੇ ਕੰਮ ਕਰ ਰਿਹਾ ਹੈ। ਕੀ ਉਸਦੇ ਅੱਗੇ ਵਧਣ ਨਾਲ ਕਿਸੇ ਨੂੰ ਕੋਈ ਪ੍ਰੇਸ਼ਾਨੀ ਤਾਂ ਨਹੀਂ ਜਾ ਫਿਰ ਉਹ ਆਪਣੀ ਮੰਜਿਲ ਪਾਉਣ ਲਈ ਕਿਸੇ ਨੂੰ ਦੁਖੀ ਤਾਂ ਨਹੀਂ ਕਰ ਰਿਹਾ। ਉਹ ਰੋਜ਼ਾਨਾ ਦੇ ਜੀਵਨ ਵਿੱਚ ਕਿੰਨਾ ਕੁ ਸਮਾਂ ਫ਼ਜ਼ੂਲ ਗਵਾ ਰਿਹਾ ਹੈ। ਕੀ ਉਸਦਾ ਕੋਈ ਉਦੇਸ਼ ਨਿਸਚਿਤ ਹੈ ਜਾਂ ਬਿਨਾ ਨਿਸ਼ਾਨੇ ਦੇ ਹੀ ਭੱਜ ਦੌੜ ਵਿੱਚ ਲੱਗਿਆ ਹੋਇਆ ਹੈ। ਅੱਜ ਉਹ ਕਿੰਨਾਂ-ਕਿੰਨਾਂ ਦੇ ਨਾਲ ਵਿਚਰਿਆ ਹੈ। ਉਨਾਂ ਤੋਂ ਕੀ-ਕੀ ਹਾਸਿਲ ਕੀਤਾ ਹੈ। ਕੋਈ ਚੰਗਾ ਕੰਮ ਕੀਤਾ ਜਾਂ ਕਿਸੇ ਦਾ ਦਿਲ ਦੁਖਾਇਆ ਹੈ। ਆਪਣੇ ਸਮੇਂ ਦਾ ਸਹੀ ਉਪਯੋਗ ਕੀਤਾ ਹੈ ਜਾ ਨਹੀਂ । ਜੇਕਰ ਮਨੁੱਖ ਇਸ ਤਰਾਂ ਦੇ ਸਵਾਲ ਆਪਣੇ ਆਪ ਨੂੰ ਕਰੇ ਤਾਂ ਉਹ ਦਿਨ ਦੂਰ ਨਹੀਂ ਕਿ ਜਦੋਂ ਉਸਦਾ ਜੀਵਨ ਸਾਰਥਕ ਉਦੇਸ਼ ਨੂੰ ਪੂਰਾ ਕਰ ਲਵੇਗਾ । ਜਦੋਂ ਮਨੁੱਖ ਸਵੈ-ਮੁਲਾਂਕਣ ਕਰਕੇ ਆਪਣੇ ਅੰਦਰਲੇ ਹੁਨਰਾਂ ਦੀ ਪਹਿਚਾਣ ਕਰਕੇ ਉਨਾਂ ਨੂੰ ਬਾਹਰ ਉਜਾਗਰ ਕਰਦਾ ਹੈ ਵਿਕਸਿਤ ਕਰਦਾ ਹੈ ਤਾਂ ਉਹ ਆਪਣੇ ਉਦੇਸ਼ ਦੀ ਪ੍ਰਾਪਤੀ ਵੱਲ ਕਦਮ ਵਧਾਉਣਾ ਸ਼ੁਰੂ ਕਰ ਦਿੰਦਾ ਹੈ ਉਸ ਨੂੰ ਪਹਿਚਾਣ ਹੋ ਜਾਂਦੀ ਹੈ ਕਿ ਅਸਲ ਵਿੱਚ ਉਸਦਾ ਮਨੋਰਥ ਕੀ ਹੈ ਉਸਦੀ ਮੰਜਿਲ ਕੀ ਹੈ।ਉਹ ਸਭ ਕੁੱਝ ਜਾਣ ਲੈਂਦਾ ਹੈ ਜੋ ਕੁੱਝ ਉਸਨੇ ਕਰਨਾ ਹੈ ਜੋ ਕੁੱਝ ਉਹ ਬਣਨਾ ਚਾਹੁੰਦਾ ਹੈ।ਸੋ ਅੰਤ ਵਿੱਚ ਇਹੋ ਕਹਾਂਗੀ ਕਿ ਆਓ ਸਾਰੇ ਆਪਣੇ ਆਪ ਦੀ ਸਵੈ ਪੜਚੋਲ ਕਰੀਏ ਤੇ ਆਪਣੀ ਜ਼ਿੰਦਗੀ ਨੂੰ ਸਫਲ ਬਣਾਈਏ ।

# ਪੈਟਰੋਲ ਹੋਇਆ 100 ਤੋਂ ਪਾਰ, ਲੋਕਾਂ ਵਿਚ ਮਚੀ ਹਾਹਾਕਾਰ



**ਸੰਜੀਵ ਸਿੰਘ ਸੈਣੀ, ਮੋਹਾਲੀ**

ਕੋਰੋਨਾ ਮਹਾਂਮਾਰੀ ਨੇ ਦੇਸ਼ ਦੇ ਅਰਥਚਾਰੇ ਦੀਆਂ ਚੂਲਾਂ ਹਿਲਾ ਦਿੱਤੀਆ ਹਨ। ਅੱਜ ਫਿਰ ਭਾਰਤ ਦੇਸ਼ ਵਿਚ ਮਹਾਂਮਾਰੀ ਕਾਰਨ ਹਾਹਾਕਾਰ ਮੱਚ ਗਈ ਹੈ। ਮਹਿੰਗਾਈ ਨੇ ਆਮ ਬੰਦੇ ਦਾ ਲੱਕ ਤੋੜ ਦਿੱਤਾ ਹੈ। ਪਿਛਲੇ ਮਹੀਨੇ ਕਈ ਸੂਬਿਆਂ ਵਿੱਚ ਮੁਕੰਮਲ ਤਾਲਾਬੰਦੀ ਕਰ ਦਿੱਤੀ ਗਈ। ਕੋਰੋਨਾ ਕਾਰਨ ਸਾਰੇ ਕੰਮਕਾਜ ਠੱਪ ਹੋ ਚੁੱਕੇ ਹਨ। ਪਿਛਲੇ ਵਰੇ ਤਾਲਾਬੰਦੀ ਤੋਂ ਬਾਅਦ ਜੋ ਥੋੜੇ ਬਹੁਤ ਕੰਮ ਕਾਜ ਚਲੇ ਵੀ ਸਨ, ਉਥੇ ਦਿਹਾੜੀਦਾਰ ਨੂੰ ਤਿੰਨ ਸੋ ਰੁਪਏ ਦਿਹਾੜੀ ਬੜੀ ਮੁਸ਼ੱਕਤ ਨਾਲ ਮਿਲੀ। ਕਾਫੀ ਲੰਮੇ ਸਮੇਂ ਤੋਂ ਖਾਣ-ਪੀਣ ਦੀਆਂ ਚੀਜ਼ਾਂ ਆਮ ਲੋਕਾਂ ਲਈ ਚੁਣੌਤੀ ਬਣ ਰਹੀਆਂ ਹਨ। ਮਹਿੰਗਾਈ ਆਸਮਾਨ ਛੂਹ ਰਹੀ ਹੈ। ਫ਼ਿਰ ਤਾਲਾਬੰਦੀ ਕਰਨ ਗ਼ਰੀਬ ਤਬਕਾ ਪ੍ਰਭਾਵਿਤ ਹੋਇਆ ਹੈ । ਕਿਸੇ ਵੀ ਹਰੀ ਸਬਜ਼ੀ ਤੇ ਹੱਥ ਨਹੀਂ ਟਿਕਦਾ। ਫ਼ਲ ਫਰੂਟਾਂ ਦੀ ਤਾਂ ਗੱਲ ਹੀ ਨਾ ਕਰੋ। ਫਰਵਰੀ ਮਹੀਨੇ ਰਸੋਈ ਵਿੱਚ ਵਰਤੇ ਜਾਣ ਵਾਲੇ ਗੈਸ ਸਿਲੰਡਰ ਦੀ ਤਿੰਨ ਵਾਰ ਕੀਮਤਾਂ ਵਧੀਆਂ। ਅੱਜ 850 ਤੋਂ ਉਪਰ ਗੈਸ ਸਿਲੰਡਰ ਦੀ ਕੀਮਤ ਹੋ ਗਈ ਹੈ। ਪੈਟਰੋਲ ਤੇ ਡੀਜ਼ਲ ਦਾ ਤਾਂ ਪੁੱਛੋ ਹੀ ਨਾ। ਤਕਰੀਬਨ ਫਰਵਰੀ ਮਹੀਨੇ 20 ਦਿਨ ਲਗਾਤਾਰ ਕੀਮਤਾਂ ਵਧੀਆਂ ਸਨ। ਅੱਜ ਜਦੋਂ ਫਿਰ ਤਾਲਾਬੰਦੀ ਕੀਤੀ ਗਈ, ਤਾਂ ਮਈ ਮਹੀਨੇ ਤੋਂ ਹੁਣ ਤੱਕ ਲਗਾਤਾਰ 23 ਦਿਨ ਪੈਟਰੋਲ ਤੇ ਡੀਜ਼ਲ ਦੀ ਕੀਮਤ ਵਿੱਚ ਵਾਧਾ ਹੋਇਆ। ਤਕਰੀਬਨ 7 ਸੂਬਿਆਂ ਵਿੱਚ ਸੌ ਰੁਪਏ ਤੋਂ ਉੱਪਰ ਪੈਟਰੋਲ ਵਿਕ ਰਿਹਾ ਹੈ। ਇਹਨਾਂ ਵਿੱਚ ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਿਲੰਗਾਨਾ, ਕਰਨਾਟਕ ਸ਼ਾਮਲ ਹਨ। ਮੈਟਰੋ ਸ਼ਹਿਰਾਂ ਵਿੱਚ ਡੀਜ਼ਲ ਦੀ ਕੀਮਤ 93.57 ਰੁਪਏ ਪ੍ਰਤੀ ਲੀਟਰ ਹੈ। ਹੈਰਾਨੀ ਵਾਲੀ ਗੱਲ ਹੈ ਕਿ ਜਦੋਂ ਪੰਜ ਸੂਬਿਆਂ ਵਿੱਚ ਚੋਣਾਂ ਸਨ ਤਾਂ ਇੱਕ ਰੁਪਿਆ ਵੀ ਪੈਟਰੋਲ, ਡੀਜ਼ਲ ਤੇ ਗੈਸ ਸਿਲੰਡਰ ਦੀ ਕੀਮਤ ਨਹੀਂ ਵਧੀ। ਚੋਣ ਨਤੀਜਿਆਂ ਤੋਂ ਇੱਕ ਦਮ ਬਾਅਦ ਫਿਰ ਪੈਟਰੋਲ ਡੀਜ਼ਲ ਮਹਿੰਗਾ ਹੋ ਗਿਆ। ਜਿਸ ਕਰਕੇ ਆਮ ਆਦਮੀ ਦੀ ਜੇਬ ਢਿੱਲੀ ਹੋ ਗਈ ਹੈ। ਗੁਆਂਢੀ ਦੇਸ਼ਾਂ ਵਿਚ ਆਪਣੇ ਦੇਸ਼ ਨਾਲੋਂ ਤੇਲ ਦੀਆਂ ਕੀਮਤਾਂ ਬਹੁਤ ਹੀ ਘੱਟ ਹਨ। ਵੱਧ ਰਹੀਆਂ ਲਗਾਤਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਕਮੀ ਲਈ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਪਸੀ ਤਾਲਮੇਲ ਕਰਨਾ ਚਾਹੀਦਾ ਹੈ। ਮਹਿੰਗਾਈ ਨੇ ਆਮ ਜਨਤਾ ਦਾ ਬਜਟ ਹਿਲਾ ਦਿੱਤਾ ਹੈ। ਤਾਲਾਬੰਦੀ ਕਰਨ ਲੱਖਾਂ ਹੀ ਲੋਕਾਂ ਦਾ ਰੁਜ਼ਗਾਰ ਖੁਸਿਆ ਹੈ। ਆਮ ਜਨਤਾ ਦਾ ਜਿਊਣਾ ਦੁੱਭਰ ਹੋ ਗਿਆ ਹੈ।ਇੱਕ ਆਮ ਪਰਿਵਾਰ ਲਈ ਢਾਈ ਸੌ ਰੁਪਏ ਦੀ ਸਬਜ਼ੀ ਰੋਜ਼ਾਨਾ ਆਉਂਦੀ ਹੈ। ਜੇ ਗਰੀਬ ਸਬਜ਼ੀਆਂ ਦਾਲਾਂ ਤੇ ਪੂਰੀ ਦਿਹਾੜੀ ਖਰਚ ਕਰ ਦੇਵੇਗਾ ਤਾਂ ਘਰ ਦੇ ਬਾਕੀ ਖਰਚੇ ਕਿਵੇਂ ਪੂਰੇ ਹੋਣਗੇ। ਰੋਟੀ, ਕੱਪੜਾ ਅਤੇ ਮਕਾਨ ਆਮ ਆਦਮੀ ਦੀਆਂ ਅਹਿਮ ਜ਼ਰੂਰਤਾਂ ਹਨ।ਸਰਕਾਰ ਦੀ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਆਮ ਆਦਮੀ ਦੀਆਂ ਲੋੜੀਂਦੀ ਜਰੂਰਤਾਂ ਪੂਰੀਆਂ ਹੋਣ। ਘਰ ਵਿੱਚ ਬਿਜਲੀ ਦਾ ਖਰਚ ਤੇ ਰਾਸ਼ਨ ਵੀ ਚਾਹੀਦਾ ਹੈ। ਸਰੋਂ ਦੇ ਤੇਲ, ਰਾਜਮਾ, ਦਾਲਾਂ ਦੀ ਕੀਮਤਾਂ ਵਿੱਚ ਲਗਾਤਾਰ ਕਾਫ਼ੀ ਵਾਧਾ ਹੋਇਆ ਹੈ। ਖਾਣ ਪੀਣ ਨੂੰ ਤਾਂ ਸਭ ਦਾ ਹੀ ਦਿਲ ਕਰਦਾ ਹੈ।ਬਦਕਿਸਮਤ ਜੇ ਘਰ ਵਿੱਚ ਕੋਈ ਬਿਮਾਰੀ ਆ ਜਾਵੇ, ਫਿਰ ਡਾਕਟਰ ਦੀ ਫੀਸ ਕੌਣ ਭਰੇਗਾ। ਅੱਜ ਅਸੀਂ ਦੇਖ ਹੀ ਰਹੇ ਹਨ ਕਿ ਦੇਸ਼ ਵਿੱਚ ਆਕਸੀਜਨ ਦੀ ਕਮੀ ਕਾਰਨ ਕਿੰਨੀ ਕਾਲਾ ਬਾਜ਼ਾਰੀ ਹੋਈ ਹੈ। ਮਹਿੰਗਾਈ ਵਿਚ ਬੀਮਾਰੀ ਦਾ ਖ਼ਰਚਾ ਕਿਥੋਂ ਆਵੇਗਾ ? ਬੱਚਿਆਂ ਦੀ ਸਕੂਲ ਦੀ ਫ਼ੀਸ ਵੀ ਭਰਨੀ ਹੈ। ਮਹਿੰਗਾਈ ਨੇ ਹਰੇਕ ਵਰਗ ਦਾ ਲੱਕ ਤੋੜ ਦਿੱਤਾ ਹੈ।ਸਰਕਾਰ ਦਾਅਵਾ ਕਰ ਰਹੀ ਹੈ ਕਿ ਮਹਿੰਗਾਈ ਤੇ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ। ਪਰ ਅਫਸੋਸ ਇਸ ਗੱਲ ਦਾ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਸਰਕਾਰ ਲੋਕਾਂ ਨੂੰ ਭਰੋਸਾ ਹੀ ਦੇ ਰਹੀ ਹੈ। ਸਬਜ਼ੀਆਂ ਤੇ ਦਾਲਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਪ੍ਰਚੂਨ ਮਹਿੰਗਾਈ ਪਿਛਲੇ 6 ਸਾਲਾਂ ਵਿਚ ਸਭ ਤੋਂ ਵੱਧ ਹੋ ਗਈ ਹੈ। ਸਰਕਾਰ ਨੂੰ ਜਲਦੀ ਹੀ ਮਹਿੰਗਾਈ ਨੂੰ ਠੱਲ ਪਾਉਣ ਲਈ ਸੋਚ ਵਿਚਾਰਨਾ ਚਾਹੀਦਾ ਹੈ। ਤਾਂ ਜੋ ਆਮ ਲੋਕਾਂ ਨੂੰ ਮਹਿੰਗਾਈ ਤੋਂ ਕੁਝ ਰਾਹਤ ਮਿਲ ਸਕੇ। ਮਹਿੰਗਾਈ ਘਟਾਉਣ ਲਈ ਸਰਕਾਰਾਂ ਕਾਲਾਬਜ਼ਾਰੀਆਂ ਨੂੰ ਵੀ ਨੱਥ ਪਾਉਣ, ਕਿਉਂਕਿ ਉਹ ਵੀ ਮਹਿੰਗਾਈ ਵਧਾਉਣ ਲਈ ਜ਼ਿੰਮੇਵਾਰ ਹਨ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ 209.487.3699
ਹਰਨੇਕ ਸਿੰਘ ਅਟਵਾਲ 209.351.5965
2850 Loomis Rd, Stockton, CA 95205

# ਕਿੱਧਰ ਗਏ ਆੜਤੀ, ਵਾਗੀ ਅਤੇ ਗੱਦੀ ?



ਮਾਸਟਰ ਸੰਜੀਵ ਧਰਮਾਣੀ
੯੪੭੮੫੬੧੩੫੬

ਸਮੇਂ ਦੀ ਤੋਰ ਨਾਲ ਮਨੁੱਖ ਦੇ ਕੰਮ-ਧੰਦੇ ਆਦਿ ਵਿੱਚ ਤਬਦੀਲੀ ਆਉਣਾ ਸੁਭਾਵਿਕ ਹੀ ਹੈ। ਲਗਭਗ ਤਿੰਨ-ਚਾਰ ਦਹਾਕੇ ਪਹਿਲਾਂ ਪਿੰਡਾਂ ਵਿੱਚ ਭੇਡਾਂ, ਬੱਕਰੀਆਂ, ਗਾਵਾਂ, ਮੱਝਾਂ ਆਦਿ ਘਰ-ਘਰ ਪਾਲੀਆਂ ਜਾਂਦੀਆਂ ਸਨ। ਲੋਕ ਇਨਾਂ ਪਸ਼ੂਆਂ ਤੋਂ ਦੁੱਧ, ਘਿਉ, ਉੱਨ ਆਦਿ ਪ੍ਰਾਪਤ ਕਰ ਲੈਂਦੇ ਸੀ। ਉਸ ਸਮੇਂ ਲੋਕ ਦੇਸੀ ਗਾਵਾਂ ਵੀ ਪਾਲਦੇ ਸਨ। ਬਹੁਤੇ ਲੋਕ ਇਨਾਂ ਪਸ਼ੂਆਂ ਨੂੰ ਪਾਲ ਕੇ ਆਪਣਾ ਗੁਜ਼ਾਰਾ ਕਰ ਲੈਂਦੇ ਸਨ। ਉਦੋਂ ਲੋਕ ਇਨਾਂ ਪਸ਼ੂਆਂ ਨੂੰ ਚਰਾਂਦਾਂ ਆਦਿ ਵਿੱਚ ਚਰਾਉਣ ਦਾ ਪ੍ਰਬੰਧ ਵੀ ਕਰਦੇ ਸਨ। ਉਸ ਸਮੇਂ ਖੁੱਲੀਆਂ-ਡੁੱਲੀਆਂ ਗੈਰ-ਆਬਾਦ ਜ਼ਮੀਨਾਂ ਅਤੇ ਜੰਗਲ-ਬੇਲੇ ਕਾਫ਼ੀ ਹੁੰਦੇ ਸਨ ਤੇ ਖੇਤੀ ਯੋਗ ਭੂਮੀ ਕਾਫੀ ਘੱਟ ਹੁੰਦੀ ਸੀ। ਇਸ ਲਈ ਪਸ਼ੂਆਂ ਆਦਿ ਨੂੰ ਚਰਾਉਣ ਲਈ ਖੁੱਲੀਆਂ ਚਰਾਂਦਾਂ ਹੁੰਦੀਆਂ ਸਨ। ਭੇਡਾਂ, ਬੱਕਰੀਆਂ ਦੇ ਇਕੱਠ ਨੂੰ ਆਮ ਤੌਰ 'ਤੇ ਇੱਜੜ ਕਿਹਾ ਜਾਂਦਾ ਹੈ ਅਤੇ ਇਸ ਇੱਜੜ ਨੂੰ ਚਰਵਾਉਣ ਵਾਲਾ 'ਆਜੜੀ' ਅਖਵਾਉਂਦਾ ਸੀ। ਗਊਆਂ ਦੇ ਇਕੱਠ ਨੂੰ ਵਗ ਕਿਹਾ ਜਾਂਦੇ ਅਤੇ 'ਵਗ' ਨੂੰ ਚਰਾਂਦਾਂ ਆਦਿ ਵਿੱਚ ਚਰਾਉਣ ਵਾਲੇ ਨੂੰ 'ਵਾਗੀ' ਕਿਹਾ ਜਾਂਦਾ ਰਿਹਾ। ਸਾਰੇ ਪਿੰਡ ਦੀਆਂ ਗਊਆਂ ਨੂੰ ਚਰਵਾਉਣ ਲਈ ਵਾਗੀ ਰੱਖੇ ਹੁੰਦੇ ਸਨ ਅਤੇ ਕਈ ਵਾਰ ਉਨਾਂ ਵੱਲੋਂ ਆਪਣੀ ਸਹਾਇਤਾ ਲਈ ਸਹਾਇਕ ਦੇ ਤੌਰ 'ਤੇ ਛੋਟੀ ਉਮਰ ਦੇ ਲੜਕੇ ਵੀ ਰੱਖੇ ਹੁੰਦੇ ਸਨ। ਪਸ਼ੂਆਂ ਨੂੰ ਚਰਵਾਉਣ ਲਈ ਲੈ ਕੇ ਜਾਣ ਸਮੇਂ ਇੱਕ ਥਾਂ ਇਕੱਠਾ ਕਰ ਲਿਆ ਜਾਂਦਾ। ਵਾਗੀ ਅਤੇ ਆਜੜੀ ਆਪਣੇ ਕੋਲ ਇੱਕ ਡੰਡਾ, ਢਾਂਗੀ ਅਤੇ ਪਾਣੀ ਵਾਲਾ ਬਰਤਨ ਜ਼ਰੂਰ ਰੱਖਦੇ ਸਨ। ਢਾਂਗੀ ਭੇਡਾਂ ਅਤੇ ਬੱਕਰੀਆਂ ਲਈ ਰੁੱਖਾਂ ਤੋਂ ਪੱਤੇ ਆਦਿ ਝਾੜਨ ਲਈ ਆਜੜੀਆਂ ਦੇ ਕੰਮ ਆਉਂਦੀ ਹੁੰਦੀ ਸੀ। ਇਹ ਲੋਕ ਦੁਪਹਿਰ ਦੀ ਰੋਟੀ ਆਦਿ ਵੀ ਆਪਣੇ ਨਾਲ ਰੱਖ ਲੈਂਦੇ। ਇਨਾਂ ਆਜੜੀਆਂ ਅਤੇ ਬਾਗੀਆਂ ਦੀ ਪ੍ਰਕ੍ਰਿਤੀ ਬਹੁਤ ਸ਼ਾਂਤ ਸੁਭਾਅ ਦੀ ਅਤੇ ਜੀਵਨ ਬਹੁਤ ਹੀ ਸਾਦਾ ਅਤੇ ਸਿੱਧਾ ਜਿਹਾ ਹੁੰਦਾ ਸੀ। ਮੌਸਮ ਦਾ ਹਰ ਰੰਗ ਆਜੜੀ, ਵਾਗੀ ਤੇ ਗੱਦੀ ਆਪਣੇ ਪਿੰਡੇ 'ਤੇ ਸਹਿੰਦੇ ਸਨ। ਗੱਦੀ, ਵਾਗੀ ਤੇ ਆਜੜੀ ਲਈ ਸਰਦੀਆਂ ਦੀ ਠੰਢ, ਗਰਮੀਆਂ ਦੀ ਧੁੱਪ ਤੇ ਲੂ ਸਮੱਸਿਆ ਖੜੀ ਕਰਦੇ ਸਨ। ਇਨਾਂ ਦਾ ਕੰਮ ਕਾਫੀ ਔਖਾ ਅਤੇ ਜੋਖਮ ਭਰਿਆ ਹੁੰਦਾ ਸੀ। ਇਹ ਲੋਕ ਪਸ਼ੂਆਂ ਨੂੰ ਚਰਵਾਉਂਦੇ ਹੋਏ ਰਸਤੇ ਵਿੱਚ ਚਾਹ-ਪਾਣੀ ਦੀ ਤਿਆਰੀ ਆਪ ਕਰਕੇ ਉਸ ਦਾ ਪ੍ਰਬੰਧ ਵੀ ਖੁਦ ਹੀ ਕਰ ਲੈਂਦੇ। ਪਹਿਲਾਂ-ਪਹਿਲ ਆਬਾਦ ਜ਼ਮੀਨਾਂ ਵੀ ਕੇਵਲ ਮੀਂਹ ਆਦਿ 'ਤੇ ਹੀ ਨਿਰਭਰ ਸਨ। ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਆਦਿ ਖੇਤਰਾਂ ਵਿੱਚ ਗੱਦੀ ਲੋਕ ਵੀ ਰਹਿੰਦੇ ਹੁੰਦੇ ਸਨ, ਜੋ ਕਿ ਆਪਣੇ ਘਰ ਤੋਂ ਚਰਵਾਉਣ ਲਈ ਜਾਨਵਰਾਂ ਨੂੰ ਲੈ ਕੇ ਜਾਂਦੇ ਅਤੇ ਸਾਲ ਜਾਂ ਛੇ ਮਹੀਨੇ ਘਰ ਤੋਂ ਦੂਰ ਹੀ ਰਹਿੰਦੇ ਸਨ। ਇਹ ਲੋਕ ਭੇਡਾਂ, ਬੱਕਰੀਆਂ ਆਦਿ ਦੇ ਬੱਚਿਆਂ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਵੀ ਸਫ਼ਰ ਕਰਦੇ ਸਨ। ਇਨਾਂ ਦਾ ਜੀਵਨ ਆਜੜੀ ਅਤੇ ਵਾਗੀਆਂ ਨਾਲੋਂ ਬਹੁਤ ਜ਼ਿਆਦਾ ਕਠਿਨ ਹੁੰਦਾ ਸੀ। ਕਈ ਵਾਰ ਕਿਸੇ ਕਾਰਨ ਵੱਸ ਇਨਾਂ ਦੀ ਮ੍ਰਿਤੂ ਹੋ ਜਾਣ ਦਾ ਸਮਾਚਾਰ ਵੀ ਇਨਾਂ ਦੇ ਘਰ ਤੱਕ ਛੇ



ਮਹੀਨੇ ਜਾਂ ਸਾਲ ਬਾਅਦ ਹੀ ਪੁੱਜਦਾ ਹੁੰਦਾ ਸੀ। ਇਨਾਂ ਦਾ ਇਹ ਕਿੱਤਾ ਬਹੁਤ ਹੀ ਔਕੜਾਂ ਭਰਿਆ ਹੁੰਦਾ ਸੀ।ਪਹਿਲਾਂ-ਪਹਿਲ ਆਬਾਦ ਜ਼ਮੀਨਾਂ ਵੀ ਕੇਵਲ ਮੀਂਹ 'ਤੇ ਹੀ ਨਿਰਭਰ ਸਨ। ਫਿਰ ਹੌਲੀ-ਹੌਲੀ ਸਮਾਂ ਬਦਲਿਆ ਅਤੇ ਨਹਿਰਾਂ, ਖੂਹਾਂ ਅਤੇ ਮੋਟਰਾਂ ਦੀ ਆਮਦ ਵਧੀ। ਮਸ਼ੀਨੀ ਯੁੱਗ ਦੇ ਆਉਣ ਨਾਲ ਗ਼ੈਰ-ਆਬਾਦ ਜ਼ਮੀਨਾਂ ਘਟ ਗਈਆਂ। ਹੁਣ ਪਿੰਡਾਂ ਵਿੱਚ ਕੋਈ ਵੀ ਸਾਂਝੀ ਥਾਂ ਜਾਂ ਨਿੱਜੀ ਥਾਂ ਗੈਰ-ਆਬਾਦ ਨਹੀਂ ਰਹੀ। ਪਹਿਲਾਂ-ਪਹਿਲ ਵਾਗੀ ਅਤੇ ਆਜੜੀ ਨੂੰ ਸਾਉਣੀ ਜਾਂ ਹਾੜੀ ਦੀ ਫਸਲ ਤਨਖ਼ਾਹ ਦੇ ਰੂਪ ਵਿੱਚ ਦਿੱਤੀ ਜਾਂਦੀ ਸੀ। ਫਿਰ ਹੌਲੀ-ਹੌਲੀ ਇਹ ਪ੍ਰਥਾ ਘਟਦੀ ਗਈ ਤੇ ਪੈਸੇ ਦਿੱਤੇ ਜਾਣ ਲੱਗੇ।ਆਜੜੀ, ਵਾਗੀ ਜਾਂ ਗੱਦੀ ਇਨਾਂ ਦਾ ਕਿੱਤਾ, ਇਨਾਂ ਦਾ ਜੀਵਨ, ਇਨਾਂ ਦਾ ਰਹਿਣ-ਸਹਿਣ ਬਹੁਤ ਹੀ ਸਾਦਾ, ਪ੍ਰੰਤੂ ਸਿਦਕ, ਸਿਰੜ ਤੇ ਸਹਿਣਸ਼ੀਲਤਾ ਵਾਲਾ ਹੁੰਦਾ ਸੀ। ਅੱਜ ਵੀ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਲੱਦਾਖ, ਰਾਜਸਥਾਨ ਆਦਿ ਖੇਤਰਾਂ ਵਿੱਚ ਕਿੱਧਰੇ-ਕਿੱਧਰੇ ਵਿਰਲੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਜਾਂ ਵੀਰਾਨ-ਬੀਆਬਾਨਾਂ ਵਿੱਚ ਆਜੜੀ ਤੇ ਵਾਗੀ ਨਜ਼ਰੀਂ ਆਉਂਦੇ ਹਨ। ਹੁਣ ਇਨਾਂ ਦੀਆਂ ਅਗਲੀਆਂ ਪੀੜੀਆਂ ਇਸ ਕਿੱਤੇ ਤੋਂ ਪਾਸਾ ਵੱਟ ਗਈਆਂ ਹਨ, ਕਿਉਂਕਿ ਗ਼ੈਰ-ਆਬਾਦ ਜ਼ਮੀਨਾਂ ਘਟ ਗਈਆਂ ਹਨ, ਪਸ਼ੂ ਪਾਲਣ ਪ੍ਰਤੀ ਲੋਕਾਂ ਦੀ ਰੁਚੀ ਵੀ ਘਟਦੀ ਜਾ ਰਹੀ ਹੈ, ਇਨਾਂ ਲੋਕਾਂ ਦਾ ਰੁਝਾਨ ਵੀ ਹੋਰ ਕੰਮ-ਧੰਦਿਆਂ ਅਤੇ ਨੌਕਰੀਆਂ ਵੱਲ ਵਧਦਾ ਜਾ ਰਿਹਾ ਹੈ, ਇਸ ਕਿੱਤੇ ਵਿੱਚ ਕਾਫ਼ੀ ਖ਼ਤਰਾ ਹੁੰਦਾ ਹੈ, ਆਮਦਨ ਵੀ ਬਹੁਤੀ ਜ਼ਿਆਦਾ ਨਹੀਂ ਹੁੰਦੀ ਤੇ ਪਸ਼ੂਆਂ- ਜਾਨਵਰਾਂ ਦੇ ਬੱਚਿਆਂ ਜਾਂ ਬੀਮਾਰ ਪਸ਼ੂਆਂ ਨੂੰ ਚੁੱਕ ਕੇ ਲੰਬਾ ਸਮਾਂ ਸਫ਼ਰ ਕਰਨਾ ਪੈਂਦਾ ਹੈ। ਹੁਣ ਪੰਜਾਬ ਦੀ ਧਰਤੀ ਪਹਿਲਾਂ ਨਾਲੋਂ ਆਬਾਦ ਹੋ ਗਈ ਹੈ ਅਤੇ ਜੰਗਲ-ਬੇਲੇ ਵੀ ਪਹਿਲਾਂ ਨਾਲੋਂ ਕੁਝ ਘਟ ਗਏ ਹਨ। ਇਸ ਤੋਂ ਇਲਾਵਾ ਬੱਕਰੀਆਂ, ਭੇਡਾਂ ਆਦਿ ਦੇ ਪਾਲਣ ਦਾ ਰੁਝਾਨ ਵੀ ਲੋਕਾਂ ਵਿੱਚੋਂ ਘਟਦਾ ਜਾ ਰਿਹਾ ਹੈ। ਹੁਣ ਆਜੜੀ, ਵਾਗੀ ਤੇ ਗੱਦੀ ਦਾ ਕਿੱਤਾ ਲਗਭਗ ਖ਼ਤਮ ਹੀ ਹੋ ਗਿਆ ਹੈ।ਅੱਜ ਜਦੋਂ ਕਦੇ ਵੀ ਆਜੜੀ, ਵਾਗੀ ਜਾਂ ਗੱਦੀ ਅਚਾਨਕ ਕਿੱਧਰੇ ਨਜ਼ਰ ਆ ਜਾਣ ਤਾਂ ਬੀਤੇ ਸਮੇਂ ਦੀ ਯਾਦ ਮਨ-ਮਸਤਕ ਵਿੱਚ ਸੁਭਾਵਿਕ ਹੀ ਆ ਜਾਂਦੀ ਹੈ ਅਤੇ ਮਨ ਇੱਕ ਪ੍ਰਸ਼ਨ ਕਰਦਾ ਹੈ, 'ਅੱਜ ਕਿੱਧਰ ਗਏ ਆਜੜੀ, ਵਾਗੀ ਅਤੇ ਗੱਦੀ ?' ਸ਼ਾਇਦ ਨਵੀਂ ਪੀੜੀ ਇਨਾਂ ਸ਼ਬਦਾਂ ਤੋਂ ਹੀ ਅਣਜਾਣ ਹੋਵੇ।

# ਕੀ ਹੁੰਦੀ ਸੀ ਚੁੱਲਾ ਨਿਊਂਦਾ



ਰਾਜਨਦੀਪ ਕੌਰ ਮਾਨ
6239326166

ਜਦੋਂ ਨਿੱਕੇ ਹੁੰਦੇ ਸਾਂ ਤਾਂ ਕਦੇ ਸ਼ਰੀਕੇ ਵਿਚ ਕੋਈ ਵਿਆਹ-ਸ਼ਾਦੀ ਜਾਂ ਭੋਗ ਦਾ ਪ੍ਰੋਗਰਾਮ ਹੁੰਦਾ ਸੀ ਤਾਂ ਘਰ ਖਾਣਾ ਨਾ ਪੱਕਣਾ ਤਾਂ ਮਾਂ ਨੂੰ ਪੁੱਛਣਾ ਕਿ ਅੱਜ ਆਪਾਂ ਘਰ ਖਾਣਾ ਕਿਉਂ ਨਹੀਂ ਬਣਾ ਰਹੇ ? ਤਾਂ ਉਨਾਂ ਦਾ ਜਵਾਬ ਹੁੰਦਾ ਸੀ ਅੱਜ ਸਾਡੇ ਸਕਿਆਂ ਦੇ ਘਰ ਚੁੱਲਾ ਨਿਊਂਦਾ ਆ, ਜੇਕਰ ਘਰੇ ਖਾਣਾ ਬਣਾਇਆ ਤਾਂ ਉਨਾਂ ਨੇ ਗੁੱਸਾ ਕਰਨਾ। ਉਦੋਂ ਚੁੱਲਾ ਨਿਊਂਦਾ ਦੇ ਅਰਥ ਸਮਝ ਨਹੀਂ ਆਉਂਦੇ ਸਨ। ਜਦੋਂ ਵੱਡੇ ਹੋਏ ਤਾਂ ਇਹ ਅਰਥ ਸਮਝ ਲੱਗਣ ਲੱਗੇ। ਬੇਸ਼ੱਕ ਸਾਡੇ ਪਿੰਡਾਂ ਵਿਚ ਤਾਂ ਇਹ ਰਿਵਾਜ਼ ਅੱਜ ਵੀ ਕਾਇਮ ਹੈ । ਪਰ ਆਧੁਨਿਕਤਾ ਵਾਲੇ ਵਿਆਹਾਂ ਨੇ ਇਸ ਨੂੰ ਵੀ ਕਾਫੀ ਹੱਦ ਤੱਕ ਘਟਾ ਦਿੱਤਾ ਹੈ । ਚੁੱਲਾ ਨਿਊਂਦਾ ਆਪਸੀ ਭਾਈਚਾਰਕ ਸਾਂਝ ਵਿੱਚ ਇਕ ਬਹੁਤ ਹੀ ਪਿਆਰਾ ਰਿਵਾਜ ਸੀ। ਜਦੋਂ ਵੀ ਸਕਿਆਂ ਸ਼ਰੀਕਾਂ ਵਿਚ ਕਿਸੇ ਦੇ



ਘਰ ਕੋਈ ਵਿਆਹ-ਸ਼ਾਦੀ ਜਾਂ ਹੋਰ ਸਮਾਗਮ ਹੁੰਦਾ ਤਾਂ ਰਾਜਾ, ਜਾਣੀ ਕਿ ਨਾਈ ਕੁਝ ਦਿਨ ਪਹਿਲਾਂ ਹੀ ਸਾਰੇ ਭਾਈਚਾਰੇ ਤੇ ਆਂਢ ਗੁਆਂਢ ਨੂੰ ਚੁੱਲਾ ਨਿਊਂਦਾ ਦਾ ਸੁਨੇਹਾ ਦੇ ਦਿੰਦਾ ਸੀ। ਇਹ ਸੁਨੇਹਾ ਸਮਾਗਮ ਵਾਲੇ ਘਰੋਂ ਭੇਜਿਆ ਗਿਆ ਹੁੰਦਾ ਸੀ। ਚੁੱਲਾ ਨਿਊਂਦਾ ਵਿਚ ਜਿੰਨੇ ਵੀ ਖਾਨਦਾਨ ਦੇ ਦੂਰੋਂ-ਨੇੜਿਓਂ ਸਾਰੇ ਘਰ ਤੇ ਪਿੰਡ ਵਿਚ ਕਈ ਰਿਸ਼ਤੇਦਾਰੀਆਂ ਬਣਦੀਆਂ ਸਨ, ਸਭ ਨੂੰ ਸ਼ਾਮਿਲ ਕੀਤਾ ਜਾਂਦਾ ਸੀ।

ਆਖਰ ਜਦੋਂ ਵਿਆਹ ਛਿੜ ਜਾਂਦਾ ਹੈ, ਭਾਵ ਕੜਾਹੀ ਚੜ ਜਾਂਦੀ ਤਾਂ ਇਹ ਸਾਰੇ ਘਰ, ਵਿਆਹ ਵਾਲੇ ਘਰ ਆ ਕੇ ਆਪਣੀ ਆਪਣੀ ਜ਼ਿੰਮੇਵਾਰੀ ਸਾਂਭ ਕੇ ਕੰਮ ਵਿਚ ਹੱਥ ਵਟਾਉਣਾ ਸ਼ੁਰੂ ਕਰ ਦਿੰਦੇ।

ਇਹ ਆਪਣੇ ਆਪਣੇ ਘਰ ਦਾ ਸਾਰਾ ਦੁੱਧ ਵੀ ਉੱਨੇ ਦਿਨ ਵਿਆਹ ਵਾਲੇ ਘਰ ਹੀ ਲਿਆਉਂਦੇ ਤੇ ਘਰ ਵਾਲਿਆਂ ਦੀ ਜ਼ਿੰਮੇਵਾਰੀ ਹੁੰਦੀ ਇਨਾਂ ਦੇ ਸਾਰੇ ਪਰਿਵਾਰ ਦੇ ਨਾਲ ਨਾਲ ਇਨਾਂ ਦੇ ਘਰ ਕੰਮ ਕਰਨ ਵਾਲਿਆਂ ਦੀ ਵੀ ਰੋਟੀ ਪਾਣੀ ਦਾ ਖਿਆਲ ਰੱਖਣਾ । ਭਾਵ ਭਾਈਚਾਰਕ ਸਾਂਝ ਵੀ ਮਜ਼ਬੂਤ ਹੁੰਦੀ ਸੀ ਇਕ ਦੂਜੇ ਦੇ ਦੁੱਖ ਸੁੱਖ ਵਿੱਚ ਨਾਲ ਖੜਨ ਨਾਲ ਮਾਨਸਿਕ ਸਪੋਰਟ ਵੀ ਮਿਲਦੀ ਸੀ । ਔਰਤਾਂ ਤਾਂ ਪੂਰਾ ਦਿਨ ਰਜਾਈਆਂ ਨਗੰਦਣਾ, ਰੋਟੀ ਪਾਣੀ ਦਾ ਪ੍ਰਬੰਧ ਕਰਨਾ, ਚੁੰਨੀਆਂ ਨੂੰ ਗੋਟੇ ਲਾਉਣ ਤੇ ਹੋਰ ਬਹੁਤ ਸਾਰੇ ਕੰਮਾਂ ਵਿਚ ਹੱਥ ਵਟਾਉਣ ਦੇ ਨਾਲ ਨਾਲ ਕੋਈ ਨਾ ਕੋਈ ਹੇਕਾਂ ਵਾਲੇ ਗੀਤ ਛੋਹ ਲੈਂਦੀਆਂ। ਇਸ ਨਾਲ ਘਰ ਦੀ ਰੌਣਕ ਦੂਣ-ਸਵਾਈ ਹੋ ਜਾਂਦੀ। ਆਦਮੀ ਹਲਵਾਈ ਨਾਲ ਕੰਮ ਕਰਾਉਣ, ਲੱਕੜਾਂ ਦਾ ਪ੍ਰਬੰਧ, ਰਾਸ਼ਨ, ਸੀਧੇ ਦਾ ਸਮਾਨ ਜੁਟਾਉਣ, ਚਾਨਣੀਆਂ ਕਨਾਤਾਂ, ਗੁਰਦੁਵਾਰੇ ਦੇ ਬਰਤਨ, ਪਿੰਡ ਵਿਚੋਂ ਮੰਜੇ ਬਿਸਤਰੇ, ਲੱਡੂ ਵੱਟਣ ਵਰਗੇ ਕੰਮਾਂ ਵਿੱਚ ਮਸ਼ਰੂਫ ਹੋ ਜਾਂਦੇ। ਜਦੋਂ ਤਕ ਵਿਆਹ ਦਾ ਕੰਮ ਸੰਪੂਰਨ ਨਾ ਹੋ ਜਾਂਦਾ, ਉਦੋਂ ਤੱਕ ਇਹੋ ਮਾਹੌਲ ਬਣਿਆ ਰਹਿੰਦਾ ਜਿਸ ਦਿਨ ਗੁਰਦੁਵਾਰੇ ਦੇ ਬਰਤਨ ਗਿਣਕੇ ਵਾਪਿਸ ਚਲੇ ਜਾਂਦੇ, ਮੰਜੇ ਬਿਸਤਰੇ ਤੇ ਹੋਰ ਸਮਾਨ ਦੀ ਵਾਪਸੀ ਹੋ ਜਾਂਦੀ ਤਾਂ ਚੁੱਲਾ ਨਿਊਂਦਾ ਵੀ ਖਤਮ ਹੋ ਜਾਂਦਾ । ਪਰ ਆਪਸੀ ਰਿਸ਼ਤਿਆਂ ਨੂੰ ਮਿਲੀ ਤਾਕਤ ਸਗੋਂ ਹੋਰ ਗੂੜੀ ਹੋ ਜਾਂਦੀ। ਫਿਰ ਸ਼ਰੀਕੇ ਵਿੱਚ ਅਗਲੇ ਜਵਾਨ ਕੁੜੀ ਮੁੰਡੇ ਦੇ ਵਿਆਹ ਤਕ ਇਸ ਵਿਆਹ ਦੇ ਕਿੱਸੇ ਚਲਦੇ ਰਹਿੰਦੇ। ਇਹ ਸੀ ਪਿੰਡਾਂ ਦੀ ਸਾਦਗੀ ਭਰੀ ਜ਼ਿੰਦਗੀ ਦੀ ਇੱਕ ਝਲਕ ।

# ਚੋਣਾਂ ਦੌਰਾਨ ਕਿਸੇ ਵੀ ਸਿਆਸੀ ਲੀਡਰ ਨੂੰ ਪਿੰਡਾਂ 'ਚ ਨਾ ਵੜਨ ਦਿਓ

## ਕਿਸਾਨ ਜਥੇਬੰਦੀਆਂ ਦੀ ਕਿਸਾਨਾਂ ਨੂੰ ਅਪੀਲ

**ਚੰਡੀਗੜ/ਏ.ਟੀ.ਨਿਊਜ਼ :** ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕਰ ਦਿੱਤਾ ਹੈ ਕਿ ਹੁਣ ਪਿੰਡਾਂ ਵਿਚ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਨਹੀਂ ਵੜਣ ਦਿੱਤਾ ਜਾਵੇਗਾ। ਜੇਕਰ ਕੋਈ ਸਿਆਸੀ ਆਗੂ ਆਉਂਦਾ ਵੀ ਹੈ ਤਾਂ ਉਸ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਮੋਰਚੇ ਦੇ ਇਸ ਐਲਾਨ ਨਾਲ ਪੰਜਾਬ ਦਾ ਸਿਆਸੀ ਮਾਹੌਲ ਇਕ ਵਾਰ ਫਿਰ ਤੋਂ ਗਰਮਾਉਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ। ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਤਿੰਨ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਪਿਛਲੇ ਲਗਭਗ ਇਕ ਸਾਲ ਤੋਂ ਕਿਸਾਨ ਅੰਦੋਲਨ ਚੱਲ ਰਿਹਾ ਹੈ।ਇਸ ਦਰਮਿਆਨ ਸੂਬੇ ਦੀਆਂ ਸਿਆਸੀ ਪਾਰਟੀਆਂ ਦੀ ਭੂਮਿਕਾ ਨਾਂਪੱਖੀ ਹੀ ਰਹੀ ਹੈ। ਅਜਿਹੇ ਵਿਚ ਜ਼ਰੂਰੀ ਹੋ ਜਾਂਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਨਾਲ-ਨਾਲ ਬਾਕੀ ਸਿਆਸੀ ਪਾਰਟੀਆਂ ਦੇ ਆਗੂਆਂ ਦਾ ਵੀ ਵਿਰੋਧ ਕੀਤਾ ਜਾਵੇ। ਇਸ ਲਈ ਮੋਰਚੇ ਨੇ ਫ਼ੈਸਲਾ ਲਿਆ ਹੈ ਕਿ ਹੁਣ ਪਿੰਡਾਂ ਵਿਚ ਕਿਸੇ ਵੀ ਸਿਆਸੀ ਪਾਰਟੀ ਦੇ ਆਗੂ ਨੂੰ ਵੜਨ ਨਹੀਂ ਦਿੱਤਾ ਜਾਵੇਗਾ ਅਤੇ ਇਨਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ 26 ਨਵੰਬਰ ਤੋਂ ਦਿੱਲੀ ਵਿਚ ਚੱਲ ਰਹੇ ਕਿਸਾਨਾਂ ਦੇ ਅੰਦੋਲਨ ਦਰਮਿਆਨ ਪੰਜਾਬ ਵਿਚ ਵੀ ਕਿਸਾਨ ਭਾਜਪਾ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ। ਕਿਸਾਨਾਂ ਦੇ ਵਿਰੋਧ ਕਾਰਨ ਭਾਜਪਾ ਆਗੂਆਂ ਦਾ ਸੂਬੇ ਵਿਚ ਨਿਕਲਣਾ ਔਖਾ ਹੋਇਆ ਪਿਆ ਹੈ। ਉਨਾਂ ਦੀਆਂ ਸਿਆਸੀ ਸਰਗਰਮੀਆਂ ਲਗਭਗ ਨਾਂਹ ਦੇ ਬਰਾਬਰ ਹਨ। ਅਜਿਹੇ ਵਿਚ ਹੁਣ ਦੂਜੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਵਿਰੋਧ ਦੇ ਐਲਾਨ ਨਾਲ ਵਿਧਾਨ ਸਭਾ ਚੋਣਾਂ ਦੀਆਂ ਸਰਗਰਮੀਆਂ ਲਗਪਗ ਠੱਪ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ। ਸੰਯੁਕਤ ਕਿਸਾਨ ਮੋਰਚੇ ਦੇ ਇਸ ਫ਼ੈਸਲੇ ਤੋਂ ਪਹਿਲਾਂ ਹੀ ਮੋਰਚੇ ਦੀ ਇਕ ਜਥੇਬੰਦੀ ਕਿਰਤੀ ਕਿਸਾਨ ਯੂਨੀਅਨ ਪੰਜਾਬ ਸਮੇਤ ਵੱਖ-ਵੱਖ ਕਿਸਾਨ ਯੂਨੀਅਨਾਂ ਇਹ ਫ਼ੈਸਲਾ ਲੈ ਚੁੱਕੀਆਂ ਹਨ ਕਿ ਪਿੰਡਾਂ ਵਿਚ ਆਉਣ ਵਾਲੇ ਸਿਆਸੀ ਆਗੂਆਂ ਦਾ ਵਿਰੋਧ ਕੀਤਾ ਜਾਵੇਗਾ। ਇਸਦੇ ਮੱਦੇਨਜ਼ਰ ਹੀ ਬੀਤੇ ਦਿਨੀਂ ਕਾਂਗਰਸ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਦਾ ਨਵਾਂਸ਼ਹਿਰ ਦੇ ਪਿੰਡਾਂ ਵਿਚ ਕਿਸਾਨਾਂ ਨੇ ਜ਼ੋਰਦਾਰ ਵਿਰੋਧ ਕੀਤਾ ਸੀ। ਸੰਯੁਕਤ ਕਿਸਾਨ ਮੋਰਚੇ ਵੱਲੋਂ ਲਏ ਗਏ ਇਸ ਫ਼ੈਸਲੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਉਨਾਂ ਦੀ ਪਾਰਟੀ ਤਾਂ ਸ਼ੁਰੂ ਤੋਂ ਕਿਸਾਨਾਂ ਦਾ ਸਮਰਥਨ ਕਰਦੀ ਆ ਰਹੀ ਹੈ, ਇਸ ਲਈ ਅਜਿਹਾ ਨਹੀਂ ਹੋਣਾ ਚਾਹੀਦਾ। ਦੂਜੇ ਪਾਸੇ ਭਾਜਪਾ ਦੇ ਆਗੂ ਸੁਰਜੀਤ ਕੁਮਾਰ ਜਿਆਣੀ ਨੇ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਮੰਨੀਆਂ ਜਾਣੀਆਂ ਚਾਹੀਦੀਆਂ ਹਨ ਪਰ ਕੁਝ ਇਕ ਲੋਕਾਂ ਦੀ ਵਜਾ ਨਾਲ ਇਹ ਮਸਲਾ ਲਟਕ ਰਿਹਾ ਹੈ।

# ਪੱਤਰਕਾਰ ਕੁਲਵਿੰਦਰ ਸਿੰਘ ਫਲੋਰਾ ਨੂੰ ਸਦਮਾ, ਮਾਤਾ ਬਲਵੀਰ ਕੌਰ ਦਾ ਦਿਹਾਂਤ



**ਨਿਊਯਾਰਕ/(ਰਾਜ ਗੋਗਨਾ):** ਅਮਰੀਕਾ ਦੇ ਸੂਬੇ ਮੈਰੀਲੈਂਡ ਵਿਚ ਰਹਿੰਦੇ ਪੱਤਰਕਾਰ ਅਤੇ ਸਮਾਜ ਦੇ ਭਲਾਈ ਦੇ ਕੰਮਾਂ ਲਈ ਹਮੇਸ਼ਾ ਹੀ ਅਗਲੀ ਕਤਾਰ ਵਿਚ ਖੜੇ ਰਹਿੰਦੇ ਕੁਲਵਿੰਦਰ ਸਿੰਘ ਫਲੋਰਾ ਨੂੰ ਉਸ ਸਮੇਂ ਬਹੁਤ ਹੀ ਗਹਿਰਾ ਸਦਮਾ ਪੁੱਜਾ, ਜਦੋਂ ਉਨਾਂ ਦੀ ਮਾਤਾ ਸਰਦਾਰਨੀ ਬਲਬੀਰ ਕੌਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਸਵਾਸ ਤਿਆਗ ਗਏ । ਇਸ ਤੋਂ ਪਹਿਲਾਂ ਉਨਾਂ ਦੇ ਪਿਤਾ ਜੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਭਰੇ ਮਨ ਨਾਲ ਫ਼ੋਨ 'ਤੇ ਗੱਲਬਾਤ ਦੌਰਾਨ ਪੱਤਰਕਾਰ ਫਲੋਰਾ ਨੇ ਦੱਸਿਆ ਕਿ ਮਿਲਾਪੜੇ ਸੁਭਾਅ ਦੇ ਹੋਣ ਕਾਰਨ ਲੁਧਿਆਣਾ ਵਿਚ ਰਹਿੰਦੇ ਹੋਏ ਹਰ ਵਰਗ ਦੇ ਲੋਕ ਮਾਤਾ ਜੀ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਉਹ ਗੁਰੂ ਆਸ਼ਰੇ ਅਨੁਸਾਰ ਕਿਸੇ ਦੇ ਵੀ ਦੁੱਖ-ਸੁੱਖ ਵੇਲੇ ਭਾਈਚਾਰੇ ਵਿਚ ਮੋਹਰੀ ਹੋ ਕੇ ਵਿਚਰਦੇ ਸਨ। ਇਸ ਦੁੱਖ ਦੀ ਘੜੀ ਵਿਚ ਮੈਰੀਲੈਂਡ ਵਰਜੀਨੀਆ, ਵਾਸ਼ਿੰਗਟਨ ਨਿਊਯਾਰਕ ਦੇ ਸਿਆਸੀ ਧਾਰਮਿਕ ਆਗੂਆਂ ਤੋਂ ਇਲਾਵਾ ਅਮਰੀਕਾ ਵਿਚ ਵੱਸਦੇ ਸਮੂਹ ਪੰਜਾਬੀ ਮੀਡੀਏ ਦੇ ਪੱਤਰਕਾਰਾਂ ਨੇ ਸ: ਫਲੋਰਾ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਉੱਘੇ ਸਿੱਖ ਆਗੂ ਸ. ਜਸਦੀਪ ਸਿੰਘ ਜੱਸੀ, ਸਿੱਖਸ ਆਫ ਅਮੈਰੀਕਾ ਦੇ ਉਪ ਪ੍ਰਧਾਨ ਬਲਜਿੰਦਰ ਸਿੰਘ ਸੰਮੀ, ਮੁਸਲਮ ਆਫ ਅਮੈਰੀਕਾ ਦੇ ਚੇਅਰਮੈਨ ਸਾਜਿਦ ਤਰਾਰ, ਸਿੱਖ ਆਗੂ ਸ. ਬਖ਼ਸ਼ੀਸ਼ ਸਿੰਘ, ਸੋਢੀ ਸ਼ੇਰ ਸਿੰਘ ਵਾਲਾ ਅਤੇ ਸਥਾਨਕ ਗੁਰੂਘਰਾਂ ਦੇ ਧਾਰਮਿਕ ਆਗੂਆ ਅਤੇ ਸੇਵਾਦਾਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਵਾਹਿਗੁਰੂ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ੇ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ੇ।

# ਜਉ ਡਰ ਡਰੈ ਤ ਫਿਰਿ ਡਰੁ ਲਾਗੈ।। ਨਿਡਰ ਹੂਆ ਡਰੁ ਉਰ ਹੋਇ ਭਾਗੈ।।



ਸਰਬਜੀਤ ਕੌਰ 'ਸਰਬ'

ਸਮਾਜ ਵਿੱਚ ਕੁਝ ਅਜਿਹੇ ਲੋਕ ਵੀ ਪੈਦਾ ਹੁੰਦੇ ਹਨ, ਜੋ ਕਿ ਹਰ ਪ੍ਰਕਾਰ ਦੇ ਰਾਜਨੀਤਕ ਜ਼ੁਲਮ, ਸਮਾਜਿਕ ਪੱਖਪਾਤ, ਧਾਰਮਿਕ ਅਨਿਆਂ ਅਤੇ ਹਰ ਪ੍ਰਕਾਰ ਮਨੁੱਖਤਾ ਦੇ ਹੁੰਦੇ ਸ਼ੋਸ਼ਣ ਵਿਰੁੱਧ ਮਾਨਵਤਾ ਦੀ ਭਲਾਈ ਲਈ, ਸੁਚੱਜੇ ਸਮਾਜ ਦੇ ਸੰਗਠਨ ਵਾਸਤੇ ਜਿਸ 'ਚ ਭਾਈਚਾਰੇ ਵਿਚ ਬਰਾਬਰੀ ਦੀ ਭਾਵਨਾ ਤੇ ਮਜ਼ਲੂਮਾਂ ਦੀ ਰੱਖਿਆ ਦੀ ਸਥਾਪਨਾ ਲਈ ਕੁਦਰਤੀ ਮੌਤ ਦੀ ਉਡੀਕ ਨਹੀਂ ਕਰਦੇ ਸਗੋਂ ਹਰ ਤਰਾਂ ਦੇ ਜ਼ੁਲਮ ਨੂੰ ਮਿਟਾਉਣ ਲਈ ਜੂਝ ਪੈਂਦੇ ਹਨ ਅਤੇ ਆਪਣੀ ਮੌਤ ਨੂੰ ਆਪ ਗਲ਼ੇ ਜਾ ਮਿਲਦੇ ਹਨ। ਅਜਿਹੇ ਮਹਾਨ ਵਿਅਕਤੀਆਂ ਨੂੰ ਹੀ ਨਾਇਕ ਦਾ ਦਰਜਾ ਦਿੱਤਾ ਜਾਂਦਾ ਹੈ। ਅਜਿਹੇ ਲੋਕ ਕਿਸੇ ਵੀ ਤਰਾਂ ਦੇ ਸ਼ੋਸ਼ਤ ਸਮਾਜ ਵਿੱਚ ਰਹਿਣਾ ਨਹੀਂ ਚਾਹੁੰਦੇ ਅਤੇ ਉਹ ਮਨੁੱਖਤਾ ਦੀ ਭਲਾਈ ਲਈ ਤੱਤਪਰ ਰਹਿੰਦੇ ਹਨ ਅਤੇ ਮਨੁੱਖਤਾ ਦੇ ਵਿਕਾਸ ਲਈ ਸ਼ਹਾਦਤ ਵੱਲ ਵਧਦੇ ਹਨ।

ਸਿੱਖ ਸਮਾਜ ਵਿੱਚ ਨਾਇਕ ਉਹ ਵਿਅਕਤੀ ਹੁੰਦਾ ਹੈ ਜਿਹੜਾ ਮੌਤ ਦੇ ਡਰ ਤੋਂ ਦੂਰ ਹੁੰਦਾ ਹੈ ਅਤੇ ਵਿਸ਼ੇਸ਼ਤਾ ਦਾ ਧਾਰਨੀ ਹੁੰਦਾ ਹੋਇਆ ਵੀ ਦੂਸਰਿਆਂ ਲਈ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ।ਉਹ ਹਮੇਸ਼ਾ ਉੱਚੀਆਂ ਕੀਮਤਾਂ ਦੀ ਰਖਵਾਲੀ ਕਰਦਾ ਹੈ ਅਤੇ ਆਪਣੀ ਜ਼ਿੰਦਗੀ ਦੀ ਕੀਮਤ 'ਤੇ ਵੀ ਨੈਤਿਕ ਆਦਰਸ਼ਕ ਬਹਾਲ ਕਰਨ ਤੇ ਤਤਪਰ ਰਹਿੰਦਾ ਹੈ ਉਹ ਮਨੁੱਖਤਾ ਦੀ ਸ਼ਾਨ ਅਤੇ ਸਵੈਮਾਣ ਦੀ ਬਹਾਲੀ ਅਤੇ ਚੰਗੇ ਸਮਾਜ ਦੀ ਸਥਾਪਨਾ ਲਈ ਜਿਊਂਦਾ ਅਤੇ ਮਰਦਾ ਹੈ, ਬਹਾਦਰ ਯੋਧਾ ਨਾ ਕੇਵਲ ਕਿਸੇ ਦੀ ਜ਼ਿੰਦਗੀ ਦੇ ਬਚਾਓ ਲਈ ਬਲਕਿ ਉਹ ਜ਼ਿੰਦਗੀ ਦੀ ਉੱਚ ਅਸੂਲਾਂ ਦੀ ਬਹਾਲੀ ਅਤੇ ਧਰਮ ਦੀ ਰਖਵਾਲੀ ਲਈ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਸਿੱਖ ਧਰਮ ਦਾ ਇਹ ਧਾਰਮਿਕ ਸਿਧਾਂਤ ਹੈ ਕਿ ਆਪ ਨਿਡਰ ਅਤੇ ਬਿਨਾਂ ਭੈਅ ਦੇ ਜੀਓ ਅਤੇ ਦੂਸਰਿਆਂ ਨੂੰ ਨਿਡਰ ਹੋ ਕੇ ਜੀਣ ਦਿਓ, ਸਿੱਖ ਧਰਮ ਦੇ ਇਸ ਸਿਧਾਂਤ ਦੇ ਧਾਰਨੀ ਹੋਣ ਨਾਲ ਨਿਰਭਰਤਾ ਆਉਣੀ ਕੁਦਰਤੀ ਹੈ। ਗੁਰੂ ਨਾਨਕ ਪਾਤਸ਼ਾਹ ਦੁਆਰਾ ਸਥਾਪਤ ਕੀਤਾ ਸਿੱਖ ਧਰਮ ਸ਼ਾਂਤਮਈ ਸਿੱਖਾਂ ਦਾ ਮੱਤ ਸੀ ਅਤੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਇਸ ਦਾ ਮੂਲ ਸੁਭਾਅ ਕਾਇਮ ਰਿਹਾ ਪਰ ਇੱਥੇ ਉਨਾਂ ਸਬੰਧੀ ਇਹ ਵੀ ਕਿਹਾ ਜਾਂਦਾ ਹੈ ਕਿ ਉਹ ਇੱਕ ਮਹੱਤਵਾਕਾਂਖੀ ਪੁਰਸ਼ ਸਨ, ਜਿਨਾਂ ਨੇ ਸ਼ਾਂਤਮਈ ਸ਼ਰਧਾਲੂਆਂ ਦੇ ਇਸ ਮੱਤ ਨੂੰ ਦ੍ਰਿੜ ਯੋਧਿਆਂ ਦੇ ਦਲ ਵਿੱਚ ਬਦਲ ਦਿੱਤਾ। ਨਿਰਸੰਦੇਹ ਸੱਚ ਹੈ ਕਿ ਸਿੱਖਾਂ ਦੀਆਂ ਰਾਜਸੀ ਉਮੰਗਾਂ ਦਸਵੇਂ ਗੁਰੂ ਦੀ ਅਗਵਾਈ ਵਿੱਚ ਵਧੇਰੇ ਉਜਾਗਰ ਹੋਈਆਂ ਪਰ ਸਿੱਖ ਧਰਮ ਦਾ ਧਿਆਨਪੂਰਵਕ ਅਧਿਐਨ ਸਿੱਧ ਕਰ ਦਿੰਦਾ ਹੈ ਕਿ ਪਰਿਵਰਤਨ ਪ੍ਰਕਿਰਿਆ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਢੇਰ ਚਿਰ ਪਹਿਲਾਂ ਆਰੰਭ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਪਿਆਰ ਸੱਚਾਈ ਦਾ ਇਲਾਹੀ ਸੰਦੇਸ਼ ਹਰ ਮਨੁੱਖ ਵਾਸਤੇ ਦਿੱਤਾ ਉੱਥੇ ਉਨਾਂ ਨੇ ਲੋਕਾਂ ਨੂੰ ਜ਼ਾਲਮ ਹਾਕਮਾਂ ਵਿਰੁੱਧ ਜਾਗ੍ਰਿਤ ਵੀ ਕੀਤਾ। ਇਹ ਹੀ ਉਹ ਸਮਾਂ ਸੀ ਜਿਥੋਂ ਨਾਇਕ ਦਾ ਮੁੱਢ ਬੱਝਣਾ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ



ਦਾ ਸਮਾਂ ਰਾਜਨੈਤਿਕ ਅਧੋਗਤੀ ਦਾ ਕਾਲ ਸੀ, ਨਿੱਤ ਦੇ ਲੜਾਈ ਝਗੜਿਆਂ ਨੇ ਆਮ-ਜਨ ਦੀ ਜ਼ਿੰਦਗੀ ਅਜ਼ਾਬ ਬਣਾਈ ਹੋਈ ਸੀ।

ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਬਹਿਲੋਲ ਲੋਧੀ ਦਿੱਲੀ ਦਾ ਸੁਲਤਾਨ ਸੀ। ਉਸ ਨੇ ਰਾਜਸੀ ਹਾਲਤ ਨੂੰ ਸੁਧਾਰਨ ਦਾ ਕਾਫ਼ੀ ਯਤਨ ਕੀਤਾ ਪਰ ਗਿਰਾਵਟ ਨੂੰ ਪੂਰੀ ਤਰਾਂ ਰੋਕ ਨਾ ਸਕਿਆ ਕਿਉਂਕਿ ਉਸ ਦੀ ਸ਼ਕਤੀ ਸੁਤੰਤਰ ਜਾਗੀਰਦਾਰਾਂ ਉੱਤੇ ਨਿਰਭਰ ਸੀ। ਹਰ ਸੂਬੇ ਦਾ ਜੱਦੀ ਸਰਦਾਰ ਸੁਤੰਤਰ ਹੁੰਦਾ ਸੀ। ਸੂਬੇ ਦੇ ਵਸਨੀਕ ਆਪਣੇ ਸ਼ਕਤੀਸ਼ਾਲੀ ਸੂਬੇਦਾਰਾਂ ਦੇ ਅਧੀਨ ਹੁੰਦੇ ਸਨ। ਸੂਬਾ ਆਗੂ ਸੁਤੰਤਰ ਜਗੀਰਦਾਰਾਂ ਵਿੱਚ ਵੰਡਿਆ ਹੁੰਦਾ ਸੀ, ਸਥਾਨਕ ਜਗੀਰਦਾਰਾਂ ਦੇ ਹੱਥ ਵਿੱਚ ਲੋਕਾਂ ਦੀ ਇੱਜ਼ਤ ਮਾਣ ਤੇ ਜਾਨ ਹੁੰਦੀ ਸੀ। ਅਜਿਹੇ ਸਮੇਂ ਵਿੱਚ ਹੀ ਆਮ ਲੋਕਾਈ ਨੂੰ ਅਗਵਾਈ ਦੀ ਲੋੜ ਸੀ। ਗੁਰੂ ਨਾਨਕ ਦੇਵ ਜੀ ਇਹ ਜਾਣਦੇ ਸਨ ਕਿ ਬੁਰਾਈ ਅਤੇ ਅੱਤਿਆਚਾਰ ਨੂੰ ਮਨੁੱਖ ਖ਼ਤਮ ਕਰਨ ਦੀ ਤਾਕਤ ਰੱਖਦਾ ਹੈ ਅਤੇ ਦੁਨੀਆਂ ਦੇ ਇਤਿਹਾਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮਨੁੱਖ ਨੇ ਜਦ ਵੀ ਹਿੰਮਤ ਕੀਤੀ ਉਸ ਨੇ ਹਰ ਤਰਾਂ ਦੇ ਜ਼ੁਲਮ ਦਾ ਨਾਸ਼ ਕਰਨ ਲਈ ਸਿਰ ਤੇ ਕੱਫਣ ਬੰਨਿਆ। ਅਜਿਹੀ ਭਾਵਨਾ ਜਦੋਂ ਸੋਚ ਵਿਚ ਉਤਪੰਨ ਹੋ ਗਈ ਤਦ ਉਸ ਦੇ ਪੈਰ ਅਜ਼ਾਦੀ ਨੇ ਚੁੰਮੇ। ਇਸ ਅਜ਼ਾਦੀ ਦੇ ਮਹਾਨ ਕਾਰਜ ਲਈ ਬੇਸ਼ੱਕ ਉਸ ਨੇ ਦੁੱਖਾਂ, ਅੱਤਿਆਚਾਰਾਂ ਅਤੇ ਭਿਆਨਕ ਤੋਂ ਭਿਆਨਕ ਘਟਨਾਵਾਂ ਦਾ ਸਾਹਮਣਾ ਜ਼ਰੂਰ ਕਰਨਾ ਪਿਆ, ਪਰ ਪ੍ਰਮਾਤਮਾ ਇੰਚ ਅੱਗੇ ਸਮੁੱਚੀ ਦੁਨੀਆਂ ਦਾ ਭਲਾ ਚਾਹੁੰਦਾ ਹੈ ਅਤੇ ਸੱਚਾਈ ਦਾ ਪੱਖ ਹਮੇਸ਼ਾ ਲੈਂਦਾ ਹੈ। ਉਹ ਉਸ ਦੇ ਨਾਲ ਹੋਵੇਗਾ ਫਿਰ ਜਦੋਂ ਅਕਾਲ ਪੁਰਖ ਹੀ ਉਸਦੇ ਨਾਲ ਹੋਵੇਗਾ ਤਾਂ ਉਸ ਦੀ ਜਿੱਤ ਯਕੀਨੀ ਹੋਵੇਗੀ। ਹਰ ਮਨੁੱਖ ਦਾ ਕਰਤੱਵ ਹੈ ਕਿ ਉਹ ਚੰਗੇ ਕੰਮਾਂ ਲਈ ਕੁਰਬਾਨੀ ਕਰਨ ਲਈ ਹਰ ਵਕਤ ਤਿਆਰ ਬਰ ਤਿਆਰ ਰਹਿਣ।

ਗੁਰੂ ਨਾਨਕ ਦੇਵ ਜੀ ਗੁਰਬਾਣੀ ਵਿੱਚ ਵੀ ਫਰਮਾਉਂਦੇ ਹਨ ਕਿ ਮੌਤ ਨੇ ਇੱਕ ਨਾ ਇੱਕ ਦਿਨ ਆਉਣਾ ਹੀ ਹੈ ਅਤੇ ਉਹ ਅਟੱਲ ਹੈ ਉਸ ਨੂੰ ਕਿਸੇ ਵੀ ਤਰਾਂ ਟਾਲਿਆ ਨਹੀਂ ਜਾ ਸਕਦਾ। ਫਿਰ ਮੌਤ ਨੂੰ ਬੁਜ਼ਦਿਲਾਂ ਵਾਂਗ ਉਡੀਕਣ ਦੀ ਥਾਂ ਬਹਾਦਰਾਂ ਵਾਂਗ ਕਿਉਂ ਨਾ ਹੰਢਾਇਆ ਜਾਵੇ ਅਤੇ ਪ੍ਰਮਾਤਮਾ ਦੀ ਦਰਗਾਹ ਵਿੱਚ ਪ੍ਰਵਾਨ ਹੋਇਆ ਜਾਵੇ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਮੁੱਢ ਤੋਂ ਹੀ ਇਹ ਗੱਲ ਆਪਣੇ ਸਿੱਖਾਂ ਦੇ ਮਨ ਵਿੱਚ ਬਿਠਾ ਦਿੱਤੀ ਸੀ ਕਿ ਸਿੱਖੀ ਦਾ ਰਸਤਾ ਬਹੁਤ ਔਖਾ ਹੈ ਤੇ ਇਹ ਮਾਰਗ ਔਖਾ ਇਸ ਲਈ ਹੈ, ਕਿਉਂਕਿ ਕਿਸੇ ਵੀ ਵੇਲੇ ਕੁਰਬਾਨੀ ਦੀ ਮੰਗ ਇਹ ਮਾਰਗ ਕਰ ਸਕਦਾ ਹੈ। ਸੋ ਨਾਨਕ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਹੀ ਸਿੱਖਿਆ ਦਿੱਤੀ ਕਿ ਕੁਰਬਾਨੀ ਦੇਣ ਦੀ ਜੇ ਲੋੜ ਹੋਵੇ ਤਾਂ ਇਸ ਕਿਸਮ ਦੀ ਚੇਤਨਾ ਦਾ ਹਿੱਸਾ ਬਣਨ ਦੀ ਲੋੜ ਹੈ ਜਿਸ ਨਾਲ ਆਦਰਸ਼ ਪ੍ਰਾਪਤੀ ਦਾ ਚਾਅ ਪੈਦਾ ਹੋ ਸਕੇ

ਅਜਿਹਾ ਚਾਅ ਉਸ ਨਾਇਕ ਦੇ ਅੰਦਰ ਹੀ ਹੋਵੇਗਾ ਜੋ ਆਪਣੇ ਗੁਰੂ ਨੂੰ ਸਮਰਪਿਤ ਹੋਣ ਲਈ ਤਿਆਰ ਬਰ ਤਿਆਰ ਰਹੇਗਾ। ਅਜਿਹੇ ਚਾਅ ਹੀ ਪਿੱਛੋਂ ਸ਼ਹੀਦੀ ਦਾ ਮੂਲ ਆਧਾਰ ਬਣਦਾ ਹੈ।

ਅਜਿਹੇ ਵਿਚਾਰ ਸਿੱਖ ਧਰਮ ਵਿਚ ਨਾਇਕਤਵ ਦੀ ਧਾਰਨਾ ਨੂੰ ਅਮਲੀ ਰੂਪ ਦੇਣ ਲਈ ਭੂਮਿਕਾ ਨਿਭਾਉਂਦੇ ਹਨ। ਧਰਮ ਚਿੰਤਨ ਵਿਚ ਇਹ ਪ੍ਰਵਾਨ ਕੀਤਾ ਗਿਆ ਹੈ ਕਿ ਮਾਨਵ ਦੀ ਅਧਿਆਤਮਕ ਉੱਨਤੀ ਤਦ ਹੀ ਸੰਭਵ ਹੈ ਜੇਕਰ ਉਹ ਧਾਰਮਿਕ ਰਾਜਨੀਤਿਕ ਆਰਥਿਕ ਅਤੇ ਸਮਾਜਿਕ ਪੱਖ ਤੋਂ ਸੁਤੰਤਰ ਮਾਹੌਲ ਦਾ ਮਾਲਿਕ ਹੈ ਜਾਂ ਸੰਸਾਰ ਮੁਕਤ ਵਿਵਹਾਰ ਦੇ ਸਮਰੱਥ ਹੈ। ਇਹ ਇਤਿਹਾਸ ਦੀ ਅਟੱਲ ਸਚਾਈ ਹੈ ਕਿ ਸਿੱਖ ਗੁਰੂਆਂ ਵੇਲੇ ਲੋਕ ਰਾਜਨੀਤਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਤੌਰ 'ਤੇ ਬੁਰੀ ਤਰਾਂ ਲਤਾੜੇ ਹੋਏ ਸਨ। ਗੁਰੂ ਪਾਤਸ਼ਾਹ ਨੇ ਅਜਿਹੀ ਅਵਸਥਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਲੋਕਾਂ ਨੂੰ ਇਸ ਸਥਿਤੀ ਵਿੱਚ ਮੁਕਤ ਹੋਣ ਲਈ ਨਵੇਂ ਵਿਚਾਰ ਦਿੱਤੇ। ਇਸ ਕਰਕੇ ਸਿੱਖ ਚਿੰਤਨ ਦੇ ਮੁਦਈਆਂ ਦਾ ਵਿਰੋਧ ਤਾਂ ਸਮਕਾਲੀ ਰਾਜ ਅਤੇ ਧਾਰਮਿਕ ਲੀਡਰਾਂ ਵਲੋਂ ਹੋਣਾ ਕੁਦਰਤੀ ਸੀ। ਇਸ ਟਕਰਾਓ ਨਾਲ ਜਿਹੜੇ ਤੱਤਾਂ ਦਾ ਸੰਘਰਸ਼ ਸਾਹਮਣੇ ਆਇਆ ਉਸ ਵਿੱਚ ਨੇਕੀ ਤੇ ਬਦੀ ਦੇ ਯੁੱਧ ਵਰਗੀ ਸਥਿਤੀ ਪੈਦਾ ਹੋ ਗਈ ਸੀ। 'ਸਦੀਆਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜ ਕੇ ਹੱਕ ਅਤੇ ਸੱਚ ਲਈ ਜੂਝਣ ਵਾਲਿਆਂ ਨੂੰ ਜੋ ਕੁਰਬਾਨੀਆਂ ਕਰਨੀਆਂ ਪਈਆਂ ਉਨਾਂ ਵਿੱਚੋਂ ਹੀ ਵੀਰ ਨਾਇਕਾਂ ਦਾ ਅਜਿਹਾ ਨਾਇਕਤਵ ਸੰਕਲਪ ਨਿਖਰ ਕੇ ਸਾਹਮਣੇ ਆਇਆ ਜਿਸ ਦੀ ਅਗਵਾਈ ਰਾਹੀਂ ਨਿਰਭਉ ਤੇ ਨਿਰਵੈਰ ਕੌਮ ਦਾ ਉਥਾਨ ਹੋਇਆ। ਸੋ ਸਿੱਖ ਧਰਮ ਵਿਚ ਨਾਇਕਤਵ ਦਾ ਵਿਚਾਰ ਜਿਹੜਾ ਕਿ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨਾਲ ਸ਼ੁਰੂ ਹੋਇਆ ਤੇ ਜਿਸ ਨੇ ਸਮਾਜ ਵਿਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ ਅਤੇ ਲੋਕਾਂ ਦੇ ਮਨ ਵਿੱਚ ਧਾਰਮਿਕ ਅਜ਼ਾਦੀ ਦੀ ਚੇਤਨਾ ਭਰ ਦਿੱਤੀ ਅਤੇ ਹੌਲੀ ਹੌਲੀ ਇਹ ਸੰਕਲਪ ਤਾਕਤ ਫੜਦਾ ਗਿਆ ਅਤੇ ਹਰ ਤਰਾਂ ਦੇ ਅੱਤਿਆਚਾਰ ਅਤੇ ਜ਼ੁਲਮ ਵਿਰੁੱਧ ਸਿੱਖ ਡਟ ਕੇ ਖਲੋਣ ਲੱਗੇ ਅਤੇ ਇਹ ਕੇਵਲ ਧਾਰਮਿਕ ਕਾਰਨਾਂ ਤੱਕ ਹੀ ਸੀਮਤ ਨਾ ਰਿਹਾ ਬਲਕਿ ਰਾਜਨੀਤਿਕ, ਸਮਾਜਿਕ, ਆਰਥਿਕ ਕਾਰਨ ਵੀ ਸ਼ਾਮਲ ਹੋ ਗਏ। ਸਿੱਖ ਕੌਮ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਉਸ ਦਾ ਇਤਿਹਾਸ ਨਾਇਕਤਵ ਨਾਲ ਭਰਪੂਰ ਹੈ ਅਤੇ ਇਨਾਂ ਨਾਇਕਾਂ ਦੀ ਆਗਵਾਈ ਨੇ ਸਿੱਖੀ ਨੂੰ ਵਿਲੱਖਣਤਾ ਪ੍ਰਦਾਨ ਕੀਤੀ ਹੈ।

ਸਿੱਖੀ ਸਿਧਾਂਤ ਸਨ ਜਿਹੜੇ ਕਿ ਸਰਬੱਤ ਦੇ ਭਲੇ ਵੱਲ ਵੱਧਦੇ ਹਨ। ਬੇਸ਼ੱਕ ਦੋ ਸਿੱਖ ਗੁਰੂਆਂ ਨੇ ਆਪਣੀ ਜਾਨ ਨਾਨਕ ਘਰ ਦੇ ਵਰਸਾਇ ਅਸੂਲਾਂ 'ਤੇ ਪਹਿਰਾ ਦਿੰਦਿਆਂ ਹੋਇਆਂ ਦੇ ਦਿੱਤੀ ਪਰ ਇਸ ਨਾਲ ਹੋ ਰਹੇ ਅਨਿਆਂ ਜ਼ੁਲਮ ਅਤੇ ਅੱਤਿਆਚਾਰਾਂ ਦੀ ਚਾਲ ਮੱਠੀ ਨਾ ਪਈ।

ਸੋ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਧਾਰਨ ਕਰਨ ਵੇਲੇ ਇਹ ਸੋਚ ਲਿਆ ਰਿਹਾ ਸੀ ਕਿ ਇਸ ਅੱਤਿਆਚਾਰ ਅਤੇ ਬੇਇਨਸਾਫ਼ੀ ਦੇ ਆਧਾਰ ਪ੍ਰਬੰਧ ਵਿੱਚ ਤਬਦੀਲੀ ਲਿਆਉਣ ਲਈ ਹਥਿਆਰਬੰਦ ਕੌਮੀ ਆਧਾਰ ਤਿਆਰ ਕਰਨਾ ਜ਼ਰੂਰੀ ਹੈ।

ਸਿੱਖ ਧਰਮ ਦਰਸ਼ਨ ਵਿਚ ਮਨੁੱਖ ਦੇ ਸਰੀਰ ਨੂੰ ਕੇਂਦਰੀ ਪ੍ਰਵਾਨ ਨਹੀਂ ਕੀਤਾ ਗਿਆ। ਸਰੀਰ ਤਾਂ ਬਿਣਸਹਾਰ ਹੈ ਅਤੇ ਕੇਵਲ ਆਤਮਾ ਹੀ ਅਮਰ ਅਤੇ ਅਜਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਆਤਮਾ ਨੂੰ ਸ਼ਬਦ ਦਾ ਓਟ ਆਸਰਾ ਮਿਲ ਜਾਵੇ ਤਾਂ ਉਹ ਆਤਮਾ ਅਮਰ ਹੋ ਜਾਂਦੀ ਹੈ। ਗੁਰਬਾਣੀ ਦਾ ਫੁਰਮਾਨ ਹੈ ਕਿ ਮਨੁੱਖ ਨੂੰ ਡਰ ਸਿਰਫ਼ ਉਸ ਅਕਾਲ ਪੁਰਖ ਪ੍ਰਮਾਤਮਾ ਦਾ ਹੋਣਾ ਚਾਹੀਦਾ ਹੈ ਨਾ ਕਿ ਵਹਿਮਾਂ ਭਰਮਾਂ ਦਾ ਜਿਨਾਂ ਵਿੱਚ ਜਕੜਿਆ ਹੋਇਆ ਮਨੁੱਖ ਚੰਗੇ ਕਰਮਾਂ ਤੋਂ ਦੂਰ ਹੁੰਦਾ ਹੈ।

# ਦੁਨੀਆਂ ਦੇ ਸਮੁੰਦਰੀ ਵਪਾਰ ਦੀਆਂ ਸ਼ਾਹ ਰਗ, ਸੁਏਜ਼ ਅਤੇ ਪਨਾਮਾ ਨਹਿਰਾਂ

ਬਲਰਾਜ ਸਿੰਘ ਸਿੱਧੂ
ਸੀਨੀਅਰ ਪੁਲਿਸ ਅਧਿਕਾਰੀ

23 ਮਾਰਚ ਨੂੰ ਮਲੇਸ਼ੀਆ ਤੋਂ ਹਾਲੈਂਡ ਜਾ ਰਿਹਾ ਇੱਕ ਬਹੁਤ ਵੱਡਾ ਕੰਨੇਟਰ ਜਹਾਜ਼, ਐੱਮ.ਵੀ. ਐਵਰਗਿਵਨ ਸੁਏਜ਼ ਨਹਿਰ ਵਿੱਚ ਫਸ ਗਿਆ ਸੀ, ਜਿਸ ਨੂੰ ਮਿਸਰ ਸਰਕਾਰ ਦੇ ਸਿਰਤੋੜ ਯਤਨਾਂ ਕਾਰਨ 29 ਮਾਰਚ ਨੂੰ ਉਸ ਦੇ ਰਸਤੇ 'ਤੇ ਤੋਰ ਦਿੱਤਾ ਗਿਆ ਹੈ। ਇਸ ਸੰਕਟ ਨੇ ਸੁਏਜ਼ ਨਹਿਰ ਦੇ ਮਹੱਤਵ ਨੂੰ ਦੁਨੀਆਂ ਸਾਹਮਣੇ ਲਿਆ ਦਿੱਤਾ ਹੈ ਕਿਉਂਕਿ ਇਸ ਕਾਰਨ ਇੱਕ ਤਰ੍ਹਾਂ ਨਾਲ ਸੰਸਾਰ ਦਾ ਸਮੁੰਦਰੀ ਵਪਾਰ ਰੁਕ ਕੇ ਰਹਿ ਗਿਆ ਸੀ। ਨਹਿਰ ਦੇ ਦੋਵੇਂ ਪਾਸੇ ਮੈਡੀਟਰੇਨੀਅਨ ਸਾਗਰ ਅਤੇ ਲਾਲ ਸਾਗਰ ਵਿੱਚ ਕਰੀਬ 400 ਜਹਾਜ਼ ਆਪਣੀ ਵਾਰੀ ਦੀ ਉਡੀਕ ਵਿੱਚ ਖੜ੍ਹੇ ਸਨ। ਇਸ ਨਹਿਰ ਵਿੱਚੋਂ ਹਰ ਰੋਜ਼ ਤਕਰੀਬਨ 50 ਜਹਾਜ਼ ਗੁਜ਼ਰਦੇ ਹਨ। 2020 ਦੌਰਾਨ ਇਸ ਨਹਿਰ ਵਿੱਚੋਂ ਰਿਕਾਰਡ 19 ਹਜ਼ਾਰ ਜਹਾਜ਼ 117 ਕਰੋੜ ਟਨ ਮਾਲ ਲੈ ਕੇ ਗੁਜ਼ਰੇ ਸਨ। ਇਸ ਨਹਿਰ ਰਾਹੀਂ ਰੋਜ਼ਾਨਾ ਤਕਰੀਬਨ 95 ਕਰੋੜ ਡਾਲਰ (ਤਕਰੀਬਨ 7200 ਕਰੋੜ ਰੁਪਏ) ਦਾ ਸਮਾਨ ਲੰਘਦਾ ਹੈ। ਨਹਿਰ ਵਿੱਚ ਫਸਣ ਵਾਲੇ ਇਕੱਲੇ ਐੱਮ.ਵੀ. ਐਵਰਗਿਵਨ ਜਹਾਜ਼ ਵਿੱਚ ਹੀ 10 ਕਰੋੜ ਡਾਲਰ (750 ਕਰੋੜ ਰੁਪਏ) ਦਾ ਮਾਲ ਭਰਿਆ ਹੋਇਆ ਸੀ। ਸੁਏਜ਼ ਰਾਹੀਂ ਸਲਾਨਾ ਸੰਸਾਰ ਦਾ 8% ਵਪਾਰ ਹੁੰਦਾ ਹੈ ਤੇ ਚੁੰਗੀ ਤੋਂ ਮਿਸਰ ਸਰਕਾਰ ਨੂੰ 53 ਕਰੋੜ ਡਾਲਰ (3900 ਕਰੋੜ ਰੁਪਏ) ਦੇ ਕਰੀਬ ਆਮਦਨ ਹੁੰਦੀ ਹੈ।

ਇਸ ਨਹਿਰ ਨੂੰ ਖੋਦਣ ਦੀ ਸਭ ਤੋਂ ਪਹਿਲੀ ਕੋਸ਼ਿਸ਼ 1874 ਬੀ.ਸੀ. ਈਸਵੀ ਵਿੱਚ ਮਿਸਰ ਦੇ ਬਾਦਸ਼ਾਹ ਸੇਨਾਉਸਰਟ ਦੇ ਰਾਜ ਦੌਰਾਨ ਕੀਤੀ ਗਈ ਸੀ ਜੋ ਰੇਗਿਸਤਾਨ ਅਤੇ ਰੇਤੀਲੇ ਤੂਫਾਨਾਂ ਕਾਰਨ ਕਾਮਯਾਬ ਨਹੀਂ ਸੀ ਹੋ ਸਕੀ। ਇਸ ਤੋਂ ਬਾਅਦ ਵੀ ਕਈ ਕੋਸ਼ਿਸ਼ਾਂ ਕੀਤੀ ਗਈਆਂ ਪਰ ਉਹ ਵੱਖ ਵੱਖ ਕਾਰਨਾਂ ਕਾਰਨ ਸਫਲ ਨਾ ਹੋ ਸਕੀਆਂ। ਸੰਨ 1850 ਵਿੱਚ ਫਰਾਂਸ ਦੇ ਇੱਕ ਇੰਜਨੀਅਰ ਫਰਡੀਨੈਂਡ ਡੀ ਲੈਸਪਜ਼ ਨੇ ਸੁਏਜ਼ ਨਹਿਰ ਕੰਪਨੀ ਬਣਾਈ ਅਤੇ ਮਿਸਰ ਦੇ ਬਾਦਸ਼ਾਹ ਇਸਮਾਈਲ ਪਾਸ਼ਾ ਦੀ ਆਗਿਆ ਨਾਲ 25 ਸਤੰਬਰ 1859 ਨੂੰ ਸੁਏਜ਼ ਨਹਿਰ ਦੀ ਖੁਦਾਈ ਸ਼ੁਰੂ ਕਰ ਦਿੱਤੀ ਜੋ ਦਸ ਸਾਲਾਂ ਬਾਅਦ 1869 ਵਿੱਚ ਪੂਰੀ ਹੋ ਗਈ। ਇਸ ਨੂੰ 17 ਨਵੰਬਰ 1869 ਨੂੰ ਜਹਾਜ਼ਾਂ ਦੀ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ। ਇਸਦੀ ਖੁਦਾਈ ਤੋਂ ਪਹਿਲਾਂ ਸਮੁੰਦਰੀ ਜਹਾਜ਼ਾਂ ਨੂੰ ਅਮਰੀਕਾ ਅਤੇ ਯੂਰਪ ਤੋਂ ਭਾਰਤ, ਚੀਨ, ਮਲੇਸ਼ੀਆ ਅਤੇ ਇੰਡੋਨੇਸ਼ੀਆ ਆਦਿ ਵੱਲ ਜਾਣ ਲਈ ਸਾਰੇ ਅਫਰੀਕਾ ਦਾ ਚੱਕਰ ਲਗਾਉਣਾ ਪੈਂਦਾ ਸੀ। ਪਰ ਸੁਏਜ਼ ਨਹਿਰ ਕਾਰਨ ਇਹ ਸਫਰ 9000 ਕਿ.ਮੀ. ਘਟ ਗਿਆ ਹੈ। ਇਸਦੀ ਲੰਬਾਈ 194 ਕਿ.ਮੀ., ਚੌੜਾਈ 225 ਮੀਟਰ ਤੇ ਡੂੰਘਾਈ 24 ਮੀਟਰ ਹੈ। ਸ਼ੁਰੂਆਤ ਵਿੱਚ ਇਹ ਨਹਿਰ ਮਿਸਰ, ਫਰਾਂਸ ਅਤੇ ਇੰਗਲੈਂਡ ਦੀ ਸਾਂਝੀ ਜਾਇਦਾਦ ਸੀ ਪਰ ਜੁਲਾਈ 1956 ਵਿੱਚ ਮਿਸਰ ਦੇ ਰਾਸ਼ਟਰਪਤੀ ਜਮਾਲ ਅਬਦੁਲ ਨਾਸਰ ਨੇ ਇਸਦਾ ਰਾਸ਼ਟਰੀਕਰਣ ਕਰ ਦਿੱਤਾ। ਇਸ ਮੁੱਦੇ 'ਤੇ ਮਿਸਰ ਨੂੰ ਇੰਗਲੈਂਡ, ਫਰਾਂਸ ਅਤੇ ਇਜ਼ਰਾਈਲ ਦੀਆਂ ਸਾਂਝੀਆਂ ਫੌਜਾਂ ਨਾਲ ਯੁੱਧ ਵੀ ਕਰਨਾ ਪਿਆ ਸੀ। ਹੁਣ ਇਸ ਨਹਿਰ ਦੀ ਦੇਖਭਾਲ ਮਿਸਰ ਦੀ ਸਰਕਾਰੀ ਕੰਪਨੀ ਸੁਏਜ਼ ਕੈਨਾਲ ਅਥਾਰਟੀ ਕਰਦੀ ਹੈ।

ਇਹ ਨਹਿਰ ਹੁਣ ਤੱਕ ਪੰਜ ਵਾਰ ਬੰਦ ਹੋਈ ਹੈ ਤੇ ਬੰਦੀ ਦਾ ਸਭ ਤੋਂ ਲੰਬਾ ਸਮਾਂ 1967 ਦੀ ਅਰਬ ਇਜ਼ਰਾਈਲ ਜੰਗ ਸਮੇਂ ਸੀ ਜਦੋਂ ਇਹ 1967 ਤੋਂ 1975 ਤੱਕ ਅੱਠ ਸਾਲ ਲਈ ਬੰਦ ਰਹੀ। 2014 ਤੱਕ ਇਸ ਵਿੱਚ ਸਿਰਫ ਇੱਕ ਪਾਸੇ ਤੋਂ ਹੀ ਜਹਾਜ਼ ਚੱਲ ਸਕਦੇ ਸਨ ਤੇ ਜਹਾਜ਼ਾਂ ਨੂੰ ਆਪਣੀ ਵਾਰੀ ਲਈ ਕਈ ਵਾਰ ਦਿਨਾਂ ਤੱਕ ਇੰਤਜ਼ਾਰ ਕਰਨਾ ਪੈਂਦਾ ਸੀ। ਪਰ 2014 ਵਿੱਚ ਮਿਸਰ ਸਰਕਾਰ ਨੇ 870 ਕਰੋੜ ਰੁਪਏ ਖਰਚ ਕੇ ਬੱਲਾਹ ਬਾਈਪਾਸ ਨੂੰ 35 ਕਿ.ਮੀ. ਚੌੜਾ ਕਰ ਦਿੱਤਾ ਜਿਸ ਕਾਰਨ ਹੁਣ ਇਸ ਵਿੱਚ ਦੋਵਾਂ ਪਾਸਿਆਂ ਤੋਂ ਜਹਾਜ਼ ਚੱਲ ਸਕਦੇ ਹਨ। ਐੱਮ.ਵੀ. ਐਵਰਗਿਵਨ ਕਾਰਨ ਇਸ ਵਾਰ ਦੀ ਹੋਈ ਨਹਿਰ ਬੰਦੀ ਸੰਸਾਰ 'ਤੇ ਬਹੁਤ ਭਾਰੀ ਪਈ ਹੈ। ਵਪਾਰ ਰੁਕ ਜਾਣ ਕਾਰਨ ਜਹਾਜ਼ਰਾਨੀ ਅਤੇ ਬੀਮਾ ਕੰਪਨੀਆਂ ਨੂੰ ਹਰੇਕ ਘੰਟੇ ਦਾ ਤਕਰੀਬਨ 40 ਕਰੋੜ ਡਾਲਰ (3000 ਕਰੋੜ ਰੁਪਏ) ਦਾ ਘਾਟਾ ਸਹਿਣਾ ਪਿਆ ਹੈ। ਇਸ ਘਾਟੇ ਦਾ ਸਿੱਧਾ ਅਸਰ ਆਮ ਜਨਤਾ 'ਤੇ ਪੈਣਾ ਹੈ ਕਿਉਂਕਿ ਕੰਪਨੀਆਂ ਨੇ ਇਹ ਘਾਟਾ ਖੁਦ ਸਹਿਣ ਦੀ ਬਜਾਏ ਖਪਤਕਾਰ ਦੇ ਹੱਡਾਂ ਵਿੱਚੋਂ ਕੱਢਣਾ ਹੈ। ਇਸ ਸੰਕਟ ਨੇ ਸੰਸਾਰ ਪੱਧਰ 'ਤੇ ਵਪਾਰ ਦੀਆਂ ਕਮਜ਼ੋਰੀਆਂ ਨੂੰ ਸਾਹਮਣੇ ਲਿਆਂਦਾ ਹੈ ਕਿ ਕਿਵੇਂ ਅੰਤਰਰਾਸ਼ਟਰੀ ਪੱਧਰ 'ਤੇ ਆਇਆ ਛੋਟੇ ਤੋਂ ਛੋਟਾ ਸੰਕਟ ਵੀ ਸਾਰੇ ਸੰਸਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ। ਕੰਪਨੀਆਂ ਉਤਪਾਦ ਦੇ ਨਿਰਮਾਣ, ਭੰਡਾਰਣ ਅਤੇ ਸ਼ਿੰਪਿੰਗ ਤੋਂ ਲੈ ਕੇ ਖਪਤਕਾਰ ਤਕ ਪੁੱਜਦਾ ਕਰਨ ਤਕ ਬਹੁਤ ਹੀ ਸਖਤ ਸਮਾਂ ਸਾਰਣੀ ਵਿੱਚ ਬੱਝੀਆਂ ਹੋਈਆਂ ਹਨ। ਉਨ੍ਹਾਂ ਕੋਲ ਅੱਜ ਦੇ ਗਲਾ ਵੱਢ ਵਪਾਰਕ ਮੁਕਾਬਲੇ ਕਾਰਨ ਬਰਬਾਦ ਕਰਨ ਲਈ ਇੱਕ ਸੈਕੰਡ ਵੀ ਨਹੀਂ ਹੈ। ਸੁਏਜ਼ ਨਹਿਰ ਦੇ ਇਸ ਹਾਦਸੇ ਵਰਗਾ ਕੋਈ ਵੀ ਕਾਰਨ ਇਸ ਸਾਰੀ ਪ੍ਰਕਿਰਿਆ ਨੂੰ ਬਰਬਾਦ ਕਰ ਕੇ ਰੱਖ ਦੇਣ ਦੀ ਸਮਰੱਥਾ ਰੱਖਦਾ ਹੈ। ਕੋਵਿਡ-19 ਵੱਲੋਂ ਵਰਤਾਈ ਗਈ ਬਰਬਾਦੀ ਤੋਂ ਬਾਅਦ ਅਜੇ ਤਕ ਨਾ ਸੰਭਲੀ ਵਿਸ਼ਵ ਆਰਥਿਕਤਾ ਅਜਿਹੇ ਹੋਰ ਝਟਕੇ ਝੱਲਣ ਦੀ ਸਥਿਤੀ ਵਿੱਚ ਨਹੀਂ ਹੈ।

ਸੰਸਾਰ ਵਿੱਚ ਇਸ ਵੇਲੇ ਸੁਏਜ਼, ਪਨਾਮਾ, ਰੂਸ ਦੀ ਡਾਨ ਵੋਲਗਾ ਅਤੇ ਚੀਨ ਦੀ ਗਰਾਂਡ ਕੈਨਾਲ, ਚਾਰ ਵੱਡੀਆਂ ਵਪਾਰਕ ਨਹਿਰਾਂ ਹਨ। ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਨ੍ਹਾਂ ਸਾਰੀਆਂ ਦੇ ਆਪਣੇ ਢੰਗ ਤਰੀਕੇ ਅਤੇ ਨਿਯਮ ਹਨ। ਇਨ੍ਹਾਂ ਸਾਰੀਆਂ ਨਹਿਰਾਂ ਵਿੱਚੋਂ ਜਹਾਜ਼ਾਂ ਨੂੰ ਪਾਰ ਲੰਘਾਉਣ ਲਈ ਸਬੰਧਤ ਦੇਸ਼ਾਂ ਵੱਲੋਂ ਆਪਣੇ ਮਾਹਰ ਪਾਇਲਟ ਚਾਲਕ ਮੁਹਈਆ ਕਰਵਾਏ ਜਾਂਦੇ ਹਨ। ਪਨਾਮਾ ਵਿੱਚ ਤਾਂ ਕਈ ਭੀੜੀਆਂ ਥਾਂਵਾਂ 'ਤੇ ਜਹਾਜ਼ਾਂ ਦੇ ਇੰਜਣ ਬੰਦ ਕਰ ਦਿੱਤੇ ਜਾਂਦੇ ਹਨ ਤੇ ਉਨ੍ਹਾਂ ਨੂੰ ਦੋਵਾਂ ਕਿਨਾਰਿਆਂ ਤੇ ਚੱਲ ਰਹੇ ਬਿਜਲਈ ਰੇਲ ਇੰਜਣਾਂ ਨਾਲ ਖਿੱਚ ਕੇ ਨਹਿਰ ਪਾਰ ਕਰਵਾਈ ਜਾਂਦੀ ਹੈ। ਹਾਦਸੇ ਵਾਪਰਨ ਦੀ ਗੁੰਜਾਇਸ਼ ਨਾਂਹ ਦੇ ਬਰਾਬਰ ਹੈ, ਪਰ ਫਿਰ ਵੀ ਕਦੇ ਨਾ ਕਦੇ ਕੁਦਰਤੀ ਜਾਂ ਇਨਸਾਨੀ ਗਲਤੀ ਨਾਲ ਅਜਿਹਾ ਹਾਦਸਾ ਵਾਪਰ ਹੀ ਜਾਂਦਾ ਹੈ।

ਐੱਮ.ਵੀ. ਐਵਰਗਿਵਨ ਹਾਦਸਾ, ਜਿਸਦਾ ਸਾਰਾ ਸਟਾਫ ਭਾਰਤੀ ਹੈ, ਬਾਰੇ ਅਜੇ ਜਾਂਚ ਚੱਲ ਰਹੀ ਹੈ ਕਿ ਇਹ ਤੁਫਾਨ ਕਾਰਨ ਵਾਪਰਿਆ ਹੈ ਕਿ ਇਨਸਾਨੀ ਗਲਤੀ ਕਾਰਨ। ਅਸਲੀ ਕਾਰਨ ਤਾਂ ਜਾਂਚ ਦੇ ਬਾਅਦ ਹੀ ਸਾਹਮਣੇ ਆਵੇਗਾ ਪਰ ਇਹ ਆਮ ਧਾਰਣਾ ਹੈ ਕਿ ਇਸ ਇਲਾਕੇ ਵਿੱਚ ਚੱਲਣ ਵਾਲੀਆਂ ਤੇਜ਼ ਹਵਾਵਾਂ ਬਾਕੀ ਸਫ਼ਾ 30 'ਤੇ

# ਪੰਜਾਬੀ ਲੋਕ ਗਾਇਕੀ ਦੀ ਕੋਇਲ ਸੁਰਿੰਦਰ ਕੌਰ

**ਅੰਗਰੇਜ ਸਿੰਘ ਵਿਰਦੀ**

ਮਿੱਠੀ ਆਵਾਜ਼ ਦੀ ਮਲਿਕਾ, ਸੁਰ ਤਾਲ ਲੈਅ ਦੀ ਪੱਕੀ ਅਤੇ ਦੇਸੀ ਸੰਗੀਤ ਦੀ ਮਹਿਕ ਆਪਣੀ ਗਾਇਕੀ ਰਾਹੀਂ ਕੁੱਲ ਦੁਨੀਆਂ ਵਿਚ ਫੈਲਾਉਣ ਵਾਲੀ ਪੰਜਾਬੀ ਲੋਕ ਗਾਇਕਾ ਸੁਰਿੰਦਰ ਕੌਰ ਨੂੰ ਸਾਡੇ ਕੋਲੋਂ ਵਿੱਛੜਿਆ ਪੰਦਰਾਂ ਵਰੇ ਹੋ ਗਏ ਹਨ। ਪੰਜਾਬ ਦੀ ਕੋਇਲ ਦੇ ਨਾਂ ਨਾਲ ਜਾਣੀ ਜਾਣ ਵਾਲੀ ਇਸ ਮਹਾਨ ਲੋਕ ਗਾਇਕਾ ਨੇ ਆਪਣੀ ਗਾਇਕੀ ਦੇ ਸਫ਼ਰ ਦੌਰਾਨ ਅਣਗਿਣਤ ਹਿੱਟ ਗੀਤ ਗਾਏ।

ਸੁਰਿੰਦਰ ਕੌਰ ਦਾ ਜਨਮ 25 ਨਵੰਬਰ 1929 ਨੂੰ ਅਣਵੰਡੇ ਪੰਜਾਬ (ਬ੍ਰਿਟਿਸ਼ ਇੰਡੀਆ) ਦੀ ਰਾਜਧਾਨੀ ਲਾਹੌਰ ਦੇ ਅੰਦਰੂਨ ਸ਼ਹਿਰ ਵਿਚ ਸਥਿਤ ਭੱਟੀ ਗੇਟ ਦੇ ਰਹਿਣ ਵਾਲੇ ਸਹਿਜਧਾਰੀ ਸਿੱਖ ਬਿਸ਼ਨਦਾਸ ਅਤੇ ਮਾਇਆ ਦੇਵੀ ਦੇ ਘਰ ਹੋਇਆ। ਸਿੱਖੀ ਨਾਲ ਪਿਆਰ ਕਰਨ ਵਾਲੇ ਅਤੇ ਗੁਰਬਾਣੀ ਵਿਚ ਅਥਾਹ ਸ਼ਰਧਾ ਰੱਖਣ ਵਾਲੇ ਇਸ ਪਰਿਵਾਰ ਦਾ ਘਰੇਲੂ ਮਾਹੌਲ ਧਾਰਮਿਕ ਸੀ। ਗੀਤ ਸੰਗੀਤ ਨਾਲ ਇਸ ਪਰਿਵਾਰ ਦਾ ਦੂਰ ਦਾ ਵੀ ਵਾਸਤਾ ਨਹੀਂ ਸੀ, ਪਰ ਸਭ ਤੋਂ ਵੱਡੀ ਧੀ ਪ੍ਰਕਾਸ਼ ਕੌਰ ਨੂੰ ਬਚਪਨ ਤੋਂ ਹੀ ਗੀਤ ਗਾਉਣਾ ਚੰਗਾ ਲੱਗਦਾ ਸੀ। ਸੁਰਿੰਦਰ ਕੌਰ ਨੂੰ ਵੀ ਛੋਟੀ ਉਮਰ ਤੋਂ ਹੀ ਸੰਗੀਤ ਨਾਲ ਮੋਹ ਪੈ ਗਿਆ। ਜਦੋਂ ਪ੍ਰਕਾਸ਼ ਕੌਰ ਨੇ ਆਲ ਇੰਡੀਆ ਰੇਡੀਓ ਲਾਹੌਰ ਤੋਂ ਗਾਉਣਾ ਸ਼ੁਰੂ ਕਰ ਦਿੱਤਾ ਤਾਂ ਸੁਰਿੰਦਰ ਕੌਰ ਦਾ ਆਪਣੀ ਗਾਇਕੀ ਦੇ ਸ਼ੌਕ ਨੂੰ ਜਾਰੀ ਰੱਖਣਾ ਆਸਾਨ ਹੋ ਗਿਆ। ਸੰਗੀਤ ਵਿਚ ਵਧਦੀ ਰੁਚੀ ਨੂੰ ਵੇਖ ਕੇ ਸੁਰਿੰਦਰ ਕੌਰ ਦੇ ਵੱਡੇ ਭਰਾਵਾਂ ਨੇ ਉਸ ਨੂੰ ਬਾਕਾਇਦਾ ਸੰਗੀਤ ਦੀ ਤਾਲੀਮ ਦਿਵਾਉਣ ਦਾ ਫ਼ੈਸਲਾ ਕੀਤਾ ਅਤੇ ਪਟਿਆਲਾ ਘਰਾਣੇ ਦੇ ਲਾਹੌਰ ਰਹਿੰਦੇ ਸੰਗੀਤ ਵਿਚ ਵੱਡਾ ਮੁਕਾਮ ਰੱਖਦੇ ਮਾਸਟਰ ਇਨਾਇਤ ਹੁਸੈਨ ਕੋਲੋਂ ਕਲਾਸੀਕਲ ਸੰਗੀਤ ਦੀਆਂ ਬਾਰੀਕੀਆਂ ਸਿੱਖਣ ਲਈ ਭੇਜਿਆ।

ਉਨਾਂ ਦੀ ਗਾਇਕੀ ਦੇ ਸਫ਼ਰ ਦਾ ਆਗਾਜ਼ ਲਾਹੌਰ ਰੇਡੀਓ ਤੋਂ ਹੋਇਆ। ਜਦੋਂ ਉਨਾਂ ਨੇ ਆਲ ਇੰਡੀਆ ਰੇਡੀਓ ਤੋਂ ਆਪਣਾ ਪਹਿਲਾ ਗੀਤ ਗਾਇਆ ਉਸ ਵਕਤ ਉਨਾਂ ਦੀ ਉਮਰ ਸਿਰਫ਼ 13 ਸਾਲ ਦੀ ਸੀ। 1943 ਵਿਚ ਉਨਾਂ ਨੇ ਆਲ ਇੰਡੀਆ ਰੇਡੀਓ ਲਾਹੌਰ ਤੋਂ ਬੱਚਿਆਂ ਦੇ ਗੀਤ ਸੰਗੀਤ ਦੇ ਪ੍ਰੋਗਰਾਮ ਲਈ ਆਡੀਸ਼ਨ ਦਿੱਤਾ ਜਿਸ ਨੂੰ ਸੁਰਿੰਦਰ ਨੇ ਆਸਾਨੀ ਨਾਲ ਪਾਸ ਕਰ ਲਿਆ। ਉਸ ਦੀ ਆਵਾਜ਼ ਦੀ ਰਵਾਨਗੀ ਨੂੰ ਦੇਖ ਕੇ ਸੁਰਿੰਦਰ ਨੂੰ ਰੇਡੀਓ ਦੇ ਸੰਗੀਤ ਸੈਕਸ਼ਨ ਦੇ ਸਹਾਇਕ ਹੈੱਡ ਜੀਵਨ ਲਾਲ ਮੱਟੂ ਨੇ ਸਿੱਧੇ ਜਨਰਲ ਪ੍ਰੋਗਰਾਮ ਪੇਸ਼ ਕਰਨ ਲਈ ਚੁਣ ਲਿਆ। 30 ਅਗਸਤ 1943 ਨੂੰ ਪਹਿਲੀ ਵਾਰ ਉਸ ਦੀ ਆਵਾਜ਼ ਰੇਡੀਓ ਰਾਹੀਂ ਲੋਕਾਂ ਦੇ ਕੰਨਾਂ ਤਕ ਪਹੁੰਚੀ। ਹੁਣ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੋਵੇਂ ਭੈਣਾਂ ਆਲ ਇੰਡੀਆ ਰੇਡੀਓ ਦੀਆਂ ਪ੍ਰਵਾਨਿਤ ਗਾਇਕਾਵਾਂ ਬਣ ਚੁੱਕੀਆਂ ਸਨ। ਮਾਸਟਰ ਇਨਾਇਤ ਹੁਸੈਨ ਦੇ ਸੰਗੀਤਬੱਧ ਕੀਤੇ ਦੋ ਪੰਜਾਬੀ ਲੋਕ ਗੀਤਾਂ ਨੂੰ ਦੋਵੇਂ ਭੈਣਾਂ ਦੀ ਜੋੜੀ ਨੇ ਇਕੱਠਾ ਲਾਹੌਰ ਰੇਡੀਓ ਤੋਂ ਪਹਿਲੀ ਵਾਰ ਗਾਇਆ ਜਿਨਾਂ ਨੂੰ ਸਰੋਤਿਆਂ ਨੇ ਬੇਹੱਦ ਪਸੰਦ ਕੀਤਾ। ਇਸ ਤਰਾਂ ਛੋਟੀ ਉਮਰ ਵਿਚ ਹੀ ਸੁਰਿੰਦਰ ਵੱਡੀ ਗਾਇਕਾ ਬਣਨ ਦੇ ਰਾਹਾਂ 'ਤੇ ਤੁਰ ਪਈ।

31 ਅਗਸਤ 1943 ਨੂੰ ਸੁਰਿੰਦਰ ਕੌਰ ਅਤੇ ਪ੍ਰਕਾਸ਼ ਕੌਰ ਦੀਆਂ ਆਵਾਜ਼ਾਂ ਵਿਚ ਅਤੇ ਮਾਸਟਰ ਇਨਾਇਤ ਹੁਸੈਨ ਦਾ ਸੰਗੀਤਬੱਧ ਕੀਤਾ ਪਹਿਲਾ ਡਿਊਟ ਗੀਤ 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀਂ ਮਾਏ' ਐੱਚ.ਐੱਮ.ਵੀ. ਕੰਪਨੀ ਵੱਲੋਂ ਰਿਕਾਰਡ ਕੀਤਾ ਗਿਆ। ਇਸ ਗੀਤ ਦੀ ਕਾਮਯਾਬੀ ਨਾਲ ਦੋਵੇਂ ਭੈਣਾਂ ਦੀ ਪ੍ਰਸਿੱਧੀ ਵਿਚ ਅਥਾਹ ਵਾਧਾ ਹੋਇਆ। ਮਾਵਾਂ, ਧੀਆਂ ਦੇ ਗੂੜੇ ਪਿਆਰ ਤੇ ਸਾਂਝ ਨੂੰ ਦਰਸਾਉਂਦਾ ਇਹ ਗੀਤ ਪੰਜਾਬੀ ਗਾਇਕੀ ਵਿਚ ਮੀਲ ਪੱਥਰ ਦੀ ਤਰਾਂ ਹੈ। 1944 ਦੇ ਆਸ ਪਾਸ ਪਹਿਲੀ ਵਾਰ ਭਾਈ ਬੁੱਧ ਸਿੰਘ ਤਾਨ ਨੇ ਸੁਰਿੰਦਰ ਕੌਰ ਦੀ ਸੁਰੀਲੀ ਆਵਾਜ਼ ਵਿਚ ਆਪਣੇ ਸੰਗੀਤਬੱਧ ਕੀਤੇ ਦੋ ਸ਼ਬਦ ਰਿਕਾਰਡ ਕਰਵਾਏ ਜਿਨਾਂ ਵਿਚੋਂ ਇਕ ਸ਼ਬਦ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਰਾਗ ਮਲਾਰ ਵਿਚ ਉਚਾਰਨ ਕੀਤਾ ਸ਼ਬਦ 'ਵੇਦੂ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ' ਵੀ ਸ਼ਾਮਲ ਕੀਤਾ ਗਿਆ ਸੀ। ਇਸ ਰਿਕਾਰਡ ਨੂੰ ਸਿੱਖ ਸੰਗਤ ਵੱਲੋਂ ਭਰਵਾਂ ਪਿਆਰ ਮਿਲਿਆ। ਦੇਸ਼ ਵੰਡ ਦੌਰਾਨ ਹੋਰਾਂ ਦੀ ਤਰਾਂ ਸੁਰਿੰਦਰ ਦਾ ਪਰਿਵਾਰ ਵੀ ਆਪਣਾ ਘਰ ਬਾਰ ਛੱਡ ਕੇ ਫ਼ਿਰੋਜ਼ਪੁਰ ਰਹਿਣ ਲੱਗਿਆ। ਕੁਝ ਸਮਾਂ ਇੱਥੇ ਠਹਿਰਨ ਤੋਂ ਬਾਅਦ ਅਖੀਰ ਸੁਰਿੰਦਰ ਦਾ ਸਾਰਾ ਪਰਿਵਾਰ ਗਾਜ਼ੀਆਬਾਦ ਦਿੱਲੀ ਜਾ ਵੱਸਿਆ।



1948 ਵਿਚ 18 ਸਾਲਾਂ ਦੀ ਉਮਰ ਵਿਚ ਉਸ ਦਾ ਵਿਆਹ ਫ਼ਿਰੋਜ਼ਪੁਰ ਦੇ ਪੜੇ ਲਿਖੇ ਨੌਜਵਾਨ ਜੋਗਿੰਦਰ ਸਿੰਘ ਸੋਢੀ ਨਾਲ ਕਰ ਦਿੱਤਾ ਜੋ ਪ੍ਰੋਫ਼ੈਸਰ ਸਨ। ਵਿਆਹ ਤੋਂ ਬਾਅਦ ਉਸ ਨੂੰ ਹਿੰਦੀ ਫ਼ਿਲਮਾਂ ਵਿਚ ਪਲੇਅ ਬੈਕ ਸਿੰਗਿੰਗ ਲਈ ਮਸ਼ਹੂਰ ਸੰਗੀਤਕਾਰ ਗੁਲਾਮ ਹੈਦਰ ਜੋ ਲਾਹੌਰ ਰੇਡੀਓ ਤੋਂ ਸੁਰਿੰਦਰ ਕੌਰ ਦੇ ਵਾਕਿਫ਼ ਸਨ, ਨੇ ਬੰਬਈ ਆਉਣ ਦਾ ਸੱਦਾ ਦਿੱਤਾ। 1984 ਵਿਚ ਹੀ ਉਸ ਨੂੰ ਪਹਿਲੀ ਹਿੰਦੀ ਫ਼ਿਲਮ 'ਪਿਆਰ ਕੀ ਜੀਤ' ਵਿਚ ਬਤੌਰ ਪਲੇਅ ਬੈਕ ਸਿੰਗਰ ਗੀਤ ਗਾਉਣ ਦਾ ਮੌਕਾ ਮਿਲਿਆ। ਸੰਗੀਤਕਾਰ ਹੁਸਨ ਲਾਲ ਭਗਤ ਰਾਮ ਦੀਆਂ ਸੰਗੀਤਬੱਧ ਧੁਨਾਂ 'ਤੇ ਸੁਰਿੰਦਰ ਕੌਰ ਨੇ ਚਾਰ ਗੀਤ ਗਾਏ। ਇਨਾਂ ਵਿਚੋਂ ਇਕ ਗੀਤ 'ਇਤਨੇ ਦੂਰ ਹੋ ਹਜ਼ੂਰ ਕੈਸੇ ਮੁਲਾਕਾਤ ਹੋ' ਬਹੁਤ ਪਸੰਦ ਕੀਤਾ ਗਿਆ। ਇਸ ਫ਼ਿਲਮ ਤੋਂ ਬਾਅਦ ਉਸ ਨੇ ਦਲੀਪ ਕੁਮਾਰ ਅਤੇ ਕਾਮਿਨੀ ਕੌਸ਼ਲ ਅਭਿਨੀਤ ਸੁਪਰ ਹਿੱਟ ਫ਼ਿਲਮ 'ਸ਼ਹੀਦ' ਦੇ ਤਿੰਨ ਗੀਤ ਗਾਏ। ਹਾਲਾਂਕਿ ਇਸ ਫ਼ਿਲਮ ਵਿਚ ਸੁਰਿੰਦਰ ਕੌਰ ਨੇ 'ਪਿਆਰ ਕੀ ਜੀਤ' ਫ਼ਿਲਮ ਨਾਲੋਂ ਬਾਅਦ ਵਿਚ ਗੀਤ ਗਾਏ ਸਨ, ਪਰ ਇਹ ਫ਼ਿਲਮ ਪਹਿਲਾਂ ਰਿਲੀਜ਼ ਹੋ ਗਈ। ਇਸ ਕਰਕੇ ਇਸ ਫ਼ਿਲਮ ਨੂੰ ਸੁਰਿੰਦਰ ਕੌਰ ਦੀ ਪਹਿਲੀ ਰਿਲੀਜ਼ ਫ਼ਿਲਮ ਦੇ ਤੌਰ 'ਤੇ ਜਾਣਿਆ ਜਾਂਦਾ ਹੈ। 1948 ਤੋਂ ਲੈ ਕੇ 1952 ਤੱਕ ਉਸ ਨੇ ਜਿਹੜੀਆਂ ਹਿੰਦੀ ਫ਼ਿਲਮਾਂ ਵਿਚ ਗੀਤ ਗਾਏ ਉਨਾਂ ਵਿਚ 'ਸ਼ਹੀਦ', 'ਪਿਆਰ ਕੀ ਜੀਤ', 'ਲਾਲ ਦੁਪੱਟਾ', 'ਨਦੀਆ ਕੇ ਪਾਰ', 'ਰੂਪਰੇਖਾ', 'ਦਾਦਾ', 'ਕਨੀਜ਼', 'ਸਾਵਰੀਆ', 'ਸ਼ਿੰਗਾਰ', 'ਸਬਕ', 'ਖ਼ਾਮੋਸ਼ ਸਿਪਾਹੀ', 'ਰਾਜਰਾਣੀ', 'ਸ਼ਾਦੀ ਕੀ ਰਾਤ', 'ਬਾਵਰੇ ਨੈਣ' ਅਤੇ 'ਆਂਧੀਆ' ਪ੍ਰਮੁੱਖ ਹਨ। ਇਨਾਂ ਫ਼ਿਲਮਾਂ ਵਿਚ ਉਸ ਨੇ ਤਕਰੀਬਨ 80 ਤੋਂ ਜ਼ਿਆਦਾ ਗੀਤ ਗਾਏ। ਹਿੰਦੀ ਫ਼ਿਲਮਾਂ ਤੋਂ ਇਲਾਵਾ ਉਸ ਨੇ 4 ਪੰਜਾਬੀ ਫ਼ਿਲਮਾਂ ਵਿਚ 15 ਦੇ ਕਰੀਬ ਗੀਤ ਗਾਏ। ਉਹ ਪੰਜਾਬੀ ਫ਼ਿਲਮਾਂ ਸਨ 'ਮਦਾਰੀ', 'ਮੁਟਿਆਰ', 'ਬਾਲੋ' ਅਤੇ 'ਸਤਲੁਜ ਦੇ ਕੰਢੇ'।

ਉਸ ਨੂੰ ਫ਼ਿਲਮ ਇੰਡਸਟਰੀ ਦੇ ਬੰਦ ਸਟੂਡੀਓ ਵਿਚ ਗਾਉਣਾ ਰਾਸ ਨਾ ਆਇਆ ਤੇ ਛੇਤੀ ਹੀ ਉਸ ਦਾ ਬੰਬਈ ਤੋਂ ਮੋਹ ਭੰਗ ਹੋ ਗਿਆ। 1952 ਵਿਚ ਸੁਰਿੰਦਰ ਕੌਰ ਬੰਬਈ ਛੱਡ ਦਿੱਲੀ ਵਾਪਸ ਆ ਗਈ ਅਤੇ ਫਿਰ ਤੋਂ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਮਿਲ ਕੇ ਆਲ ਇੰਡੀਆ ਰੇਡੀਓ ਦਿੱਲੀ ਤੋਂ ਪੰਜਾਬੀ ਲੋਕ ਸੰਗੀਤ ਨੂੰ ਗਾਉਣਾ ਸ਼ੁਰੂ ਕੀਤਾ। ਪੰਜਾਬ ਦੇ ਰਵਾਇਤੀ ਗੀਤਾਂ ਨੂੰ ਘਰਾਂ ਵਿਚੋਂ ਕੱਢ ਕੇ ਦੋਵਾਂ ਭੈਣਾਂ ਨੇ ਪੂਰੀ ਦੁਨੀਆਂ ਵਿਚ ਮਸ਼ਹੂਰ ਕਰ ਦਿੱਤਾ। ਐੱਚ. ਐੱਮ.ਵੀ. ਕੰਪਨੀ ਨੇ ਇਨਾਂ ਦੇ ਕਈ ਐੱਲ.ਪੀ. ਰਿਕਾਰਡ ਰਿਲੀਜ਼ ਕੀਤੇ ਜਿਨਾਂ ਨੂੰ ਲੋਕਾਂ ਨੇ ਹੱਥੋਂ ਹੱਥ ਖ਼ਰੀਦਿਆ। ਇਸ ਜੋੜੀ ਨੇ ਰਲ ਕੇ ਧਾਰਮਿਕ ਗੀਤ ਵੀ ਗਾਏ।

ਉਸ ਦੌਰ ਦੇ ਸੁਰਿੰਦਰ ਕੌਰ ਦੇ ਕੁਝ ਯਾਦਗਾਰੀ ਗੀਤ ਸਨ 'ਵੇ ਇਕ ਮੇਰੀ ਅੱਖ ਕਾਸ਼ਨੀ ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ', 'ਮਾਏ ਨੀਂ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ', 'ਜੁੱਤੀ ਕਸੂਰੀ ਪੈਰੀ ਨਾ ਪੂਰੀ', 'ਚੰਨ ਵੇ ਕਿ ਸ਼ੌਂਕਣ ਮੇਲੇ ਦੀ', 'ਚੰਨ ਕਿਥਾਂ ਗੁਜ਼ਾਰੀ ਆਈ ਰਾਤ ਵੇ' ਅਤੇ 'ਲੱਠੇ ਦੀ ਚਾਦਰ'।

ਸਾਲ 1975 ਵਿਚ ਪਤੀ ਦੀ ਮੌਤ ਨਾਲ ਸੁਰਿੰਦਰ ਕੌਰ ਨੂੰ ਗਹਿਰਾ ਸਦਮਾ ਲੱਗਿਆ। ਤਿੰਨ ਧੀਆਂ ਅਤੇ ਆਪਣੇ ਘਰ ਨੂੰ ਚਲਾਉਣ ਦੀ ਸਾਰੀ ਜ਼ਿੰਮੇਵਾਰੀ ਸੁਰਿੰਦਰ ਦੇ ਮੋਢਿਆਂ 'ਤੇ ਆਣ ਪਈ। ਇਸ ਦੌਰਾਨ ਉਸ ਦਾ ਝੁਕਾਅ ਉਦਾਸ ਗੀਤ, ਗਜ਼ਲ ਗਾਉਣ ਵੱਲ ਹੋਇਆ। ਉਨਾਂ 'ਚ ਪ੍ਰਮੁੱਖ ਗੀਤਾਂ ਦੇ ਬੋਲ ਸਨ 'ਇਨਾਂ ਅੱਖੀਆਂ 'ਚ ਪਾਵਾਂ ਕਿਵੇਂ ਕੱਜਲਾ, ਵੇ ਅੱਖੀਆਂ 'ਚ ਤੂੰ ਦਿਸਦਾ', 'ਵਿਛੜੇ ਚਿਰਾ ਤੋਂ ਉਹ ਮੈਨੂੰ' ਅਤੇ 'ਮਹਿਰਮ ਦਿਲਾਂ ਦੇ ਮਾਹੀ'। ਪਤੀ ਦੇ ਜਾਣ ਦੀ ਪੀੜਾ ਨੂੰ ਬਿਆਨ ਕਰਦਾ ਇਕਲੌਤਾ ਗੀਤ ਜੋ ਸੁਰਿੰਦਰ ਕੌਰ ਨੇ ਗਾਉਣ ਦੇ ਨਾਲ ਲਿਖਿਆ ਵੀ ਖ਼ੁਦ ਸੀ, ਉਸ ਦੇ ਬੋਲ ਸਨ-'ਨੀਂ ਮੈਂ ਜਾਣਾ ਰੱਬ ਦੇ ਕੋਲ, ਦਿਲ ਮੇਰੇ ਨੂੰ ਚੈਨ ਨਾ ਆਵੇ ਫਿਰਨੀ ਆਂ ਡਾਂਵਾ ਡੋਲ'।

ਸੁਰਿੰਦਰ ਕੌਰ ਨੇ ਪੰਜਾਬ ਦੇ ਕਈ ਪ੍ਰਸਿੱਧ ਗਾਇਕਾਂ ਨਾਲ ਦੋਗਾਣੇ ਵੀ ਰਿਕਾਰਡ ਕਰਵਾਏ ਜਿਨਾਂ ਨੂੰ ਪੰਜਾਬ ਦੇ ਲੋਕਾਂ ਨੇ ਬੇਹੱਦ ਪਸੰਦ ਕੀਤਾ। ਹਰਚਰਨ ਗਰੇਵਾਲ ਨਾਲ ਉਨਾਂ ਨੇ ਸਭ ਤੋਂ ਵੱਧ ਦੋਗਾਣੇ ਗਾਏ। ਬਾਕੀ ਗਾਇਕਾਂ ਵਿਚ ਆਸਾ ਸਿੰਘ ਮਸਤਾਨਾ, ਮੁਹੰਮਦ ਸਦੀਕ, ਕਰਨੈਲ ਗਿੱਲ, ਜਗਜੀਤ ਜ਼ੀਰਵੀ, ਰਮੇਸ਼ ਰੰਗੀਲਾ, ਸਾਬਰ ਹੁਸੈਨ ਸਾਬਰ, ਰੰਗੀਲਾ ਜੱਟ ਅਤੇ ਦੀਦਾਰ ਸੰਧੂ ਦੇ ਨਾਂ ਸ਼ਾਮਲ ਹਨ।

ਬਾਕੀ ਸਫ਼ਾ 31 'ਤੇ

# 'ਸਾਹਾਂ ਦੀ ਡੋਰ ਦੇ ਰਿਸ਼ਤੇ'



ਗੁਰਵਿੰਦਰ ਸਿੰਘ




ਮੇਰੇ ਭਾਪਾ ਜੀ (ਮੈਂ ਹਮੇਸ਼ਾ ਡੈਡੀ ਜੀ ਕਹਿੰਦਾ ਹਾਂ) ਨੂੰ ਪਿਛਲੇ ਮਹੀਨੇ ਖੰਗ, ਸਾਹ ਲੈਣ ਵਿੱਚ ਔਖ ਆਈ ਤਾਂ ਭਤੀਜਾ ਪਵਿੱਤਰ ਸਿੰਘ ਮਿਲਟਰੀ ਹਸਪਤਾਲ ਜਲੰਧਰ ਲੈ ਗਿਆ। ਭਾਪਾ ਜੀ ਦੀ ਉਮਰ 83 ਸਾਲ। ਫੌਜ ਵਿੱਚ ਮਿਲਖਾ ਸਿੰਘ ਦੇ ਨਾਲ ਦੌੜਦੇ ਰਹੇ। ਭਾਰਤੀ ਫੌਜ ਵਿੱਚ ਸੋਨੇ ਦਾ ਤਮਗਾ ਵੀ ਜਿਤਿਆ ਹੋਇਆ। ਹਰ ਰੋਜ਼ ਕਸਰਤ ਕਰਨਾ, ਲੰਬੇ ਸਾਹ ਲੈਣੇ, ਭਾਫ਼ ਲੈਣੀ, ਨਹਾਉਂਦਿਆਂ ਜਪੁਜੀ ਬਾਣੀ ਦਾ ਪਾਠ ਕਰਨਾ ਉਨਾਂ ਦੀ ਆਦਤ ਹੈ। ਹਸਪਤਾਲ ਵਾਲਿਆਂ ਜਾਂਦਿਆਂ ਆਕਸੀਜਨ ਲਾ ਦਿੱਤੀ ਅਤੇ ਹਸਪਤਾਲ ਵਿੱਚ ਦਾਖਲ ਕਰ ਲਿਆ। ਹਾਲਤ ਵਿਗੜਦੀ ਦੇਖਕੇ ਆਈ.ਸੀ.ਯੂ. ਵਿੱਚ ਲੈ ਗਏ। ਦੁਨੀਆਂ ਦੇ ਹਾਲਾਤ ਦੇਖ ਕੇ ਅਸੀਂ ਵੀ ਸਾਰੇ ਭਰਾ, ਭੈਣ ਅਤੇ ਸਾਡੇ ਪਰਿਵਾਰ ਡਰ ਗਏ, ਕਿਉਂਕਿ ਕੋਰੋਨਾ ਪਾਜੇਟਿਵ ਦੀ ਰਿਪੋਰਟ ਵੀ ਆ ਗਈ ਸੀ। ਕੁਝ ਦਿਨਾਂ ਦੇ ਇਲਾਜ ਤੋਂ ਬਾਅਦ ਭਾਪਾ ਜੀ ਨੂੰ ਆਮ ਵਾਰਡ ਵਿੱਚ ਬਦਲ ਦਿੱਤਾ ਗਿਆ। ਹਿੰਮਤ ਕਰਕੇ ਭਰਾ ਬਹਾਦਰ ਸਿੰਘ ਅਤੇ ਭਤੀਜਾ ਆਪਣੇ ਆਪ ਨੂੰ ਪੂਰੀ ਤਰਾਂ ਢੱਕ ਕੇ ਅੰਦਰ ਵਾਰਡ ਵਿੱਚ ਜਾਂਦੇ ਰਹੇ ਅਤੇ ਸਾਡੇ ਨਾਲ ਗੱਲ ਕਰਵਾਉਂਦੇ ਰਹੇ, ਤਸਵੀਰਾਂ ਭੇਜਦੇ ਰਹੇ। 15 ਕੁ ਦਿਨ ਬਾਅਦ ਕੋਰੋਨਾ ਚੈੱਕਅਪ ਰਿਪੋਰਟ ਨੈਗੇਟਿਵ ਆਈ ਅਤੇ ਸਰੀਰ ਵਿੱਚ ਸੁਧਾਰ ਹੋਣਾ ਸ਼ੁਰੂ ਹੋ ਗਿਆ। ਹਸਪਤਾਲ ਤੋਂ ਛੁੱਟੀ ਮਿਲ ਗਈ ਅਤੇ ਘਰ ਆ ਕੇ ਦਿਨ ਬ ਦਿਨ ਸਿਹਤ ਠੀਕ ਹੋ ਗਈ ਅਤੇ ਹੋ ਰਹੀ ਹੈ। ਜੋ ਹਾਲਤ ਸੀ, ਸਦੀਵੀ ਵਿਛੋੜਾ ਪੈਣ ਤੋਂ ਬਚਾਅ ਹੋ ਗਿਆ। ਇਸ ਸਮੇਂ ਦੌਰਾਨ ਇੱਕ ਬਹੁਤ ਵੱਡੀ ਖੁਸ਼ੀ ਮਿਲੀ, ਸਾਡੇ ਕੋਲ ਆਉਣ ਲਈ ਭਾਪਾ ਜੀ ਦਾ ਯੂ.ਕੇ. ਦਾ ਵੀਜ਼ਾ ਲੱਗ ਗਿਆ। ਵੈਸੇ ਇਟਲੀ ਦੇ ਪੱਕੇ ਪੇਪਰ ਅਤੇ ਅਮਰੀਕਾ ਦਾ ਵੀਜ਼ਾ ਵੀ ਕੋਲ ਹੈ। ਹਰ ਸਾਲ ਗਰਮੀਆਂ ਵਿੱਚ ਜਿਸ ਦੇਸ਼ ਨੂੰ ਜੀ ਕਰੇ ਚੜ ਜਾਂਦੇ ਹਨ ਪਰ ਕੋਰੋਨਾ ਕਰਕੇ ਪੰਜਾਬ ਵਿੱਚ ਹੀ ਰੁਕੇ ਹੋਏ ਹਨ।

ਇੱਕ ਸੰਸਾਰੀ ਹੋਣ ਦੇ ਨਾਤੇ ਸਾਡੇ ਭਾਪਾ ਜੀ ਨੇ ਪਿੰਡ ਦੇ ਵਿਚਕਾਰ ਵਾਲਾ ਮਕਾਨ ਆਪਦੇ ਭਰਾਵਾਂ ਤੋਂ ਖਰੀਦ ਲਿਆ ਕਿਉਂਕਿ ਸਾਰਿਆਂ ਨੇ ਸੜਕ ਦੇ ਨਜ਼ਦੀਕ ਪਿੰਡ ਦੇ ਬਾਹਰਲੇ ਪਾਸੇ ਮਕਾਨ ਬਣਾ ਲਏ ਸਨ। ਭਾਪਾ ਜੀ ਨੇ ਵੀ 1990 ਵਿੱਚ 3 ਮੰਜ਼ਿਲਾਂ ਬਾਹਰਲੇ ਪਾਸੇ ਮਕਾਨ ਬਣਾਇਆ। ਕੁਝ ਸਮੇਂ ਬਾਅਦ ਵੱਡਾ ਭਰਾ ਇਟਲੀ ਆ ਗਿਆ, ਫਿਰ ਮੈਂ ਵੀ ਇਟਲੀ ਆ ਗਿਆ ਤਾਂ ਮਕਾਨ ਦੇ ਦੂਜੇ ਪਾਸੇ 2002 ਵਿੱਚ 4 ਮੰਜ਼ਿਲਾਂ ਮਕਾਨ ਬਣਾਇਆ। ਕਹਿੰਦੇ ਜਦੋਂ ਸਾਰੇ ਇਕੱਠੇ ਬੱਚਿਆਂ ਸਮੇਤ ਛੁੱਟੀ ਆਓਗੇ ਤਾਂ ਇੱਕ ਇੱਕ ਕਮਰਾ ਸਭ ਨੂੰ ਆ ਜਾਵੇਗਾ। ਘਰ ਦੇ ਸਾਹਮਣੇ ਵੀ ਜਗਾ ਖਰੀਦੀ। ਘਰ ਦੇ ਪਿਛਲੇ ਪਾਸੇ ਵੀ ਜਗਾ ਖਰੀਦੀ।

ਪਰ ਜਿਨਾਂ ਨੂੰ ਸਹੂਲਤ ਦੇਣ ਲਈ ਹੱਡ ਤੋੜਵੀਂ ਮਿਹਨਤ ਕਰਕੇ ਤੰਗ ਹੁੰਦੇ ਰਹੇ ਉਨਾਂ ਨੂੰ ਬਣਾਈ ਜਾਇਦਾਦ ਦਾ ਕੋਈ ਫਾਇਦਾ ਨਹੀਂ ਹੋਇਆ ਕਿਉਂਕਿ ਸਾਡੇ ਵਿੱਚੋਂ ਪਿੰਡ ਵਿੱਚ ਕੋਈ ਵੀ ਨਹੀਂ ਰਹਿੰਦਾ। ਹੁਣ ਭਾਪਾ ਜੀ ਸ਼ਹਿਰ ਵਿੱਚ ਭਰਾ ਕੋਲ ਰਹਿੰਦੇ ਹਨ। ਪਿੰਡ ਦੇ ਵਿਚਕਾਰ ਵਾਲਾ ਮਕਾਨ, ਸੜਕ ਵਾਲਾ ਮਕਾਨ ਤਿੰਨ ਮੰਜ਼ਿਲਾਂ ਅਤੇ 4ਮੰਜ਼ਿਲਾਂ ਮਕਾਨ ਦੇ ਅੱਗੇ ਅਤੇ ਪਿਛਲੇ ਪਾਸੇ ਪਲਾਟ ਖਾਲੀ ਪਏ ਹਨ। ਦੋਸਤੋ, ਜਿੰਨੀ ਤੁਹਾਡੀ ਪਹੁੰਚ ਹੈ ਆਪਦੇ ਲਈ ਜਾਇਦਾਦ ਬਣਾਓ,

ਬਾਕੀ ਸਫ਼ਾ 30 'ਤੇ

# ਅਜਮੇਰ ਔਲਖ ਦੀ ਆਸ਼ਕੀ ਦਾ ਕਿੱਸਾ

**ਪ੍ਰਿੰ. ਸਰਵਣ ਸਿੰਘ**

ਕੀ ਅਜਮੇਰ ਔਲਖ ਅਣਜਾਣ ਸੀ ਜਾਂ ਸੱਚਮੁੱਚ ਹੀ ਆਸ਼ਕ ਸੀ? ਉਸ ਨੇ ਆਪਣੀ ਸਵੈ ਜੀਵਨੀ 'ਨੰਗਾ ਢਿੱਡ' ਲਿਖਣੀ ਸ਼ੁਰੂ ਕੀਤੀ ਸੀ। ਬਚਪਨ ਦੀਆਂ ਆਲੀਆਂ ਭੋਲੀਆਂ ਖੇਡਾਂ ਤੇ ਆਪਣੇ ਅੱਲੜ ਇਸ਼ਕ ਬਾਰੇ ਕੁਝ ਕਾਂਡ ਲਿਖ ਵੀ ਲਏ ਸਨ ਪਰ ਪੁਸਤਕ ਅਧੂਰੀ ਰਹਿ ਗਈ। ਇਉਂ ਨੰਗਾ ਢਿੱਡ ਪੂਰਾ ਨੰਗਾ ਨਾ ਹੋ ਸਕਿਆ। ਏਵੇਂ ਜਿਵੇਂ ਉਹਦਾ ਇਸ਼ਕ ਵੀ ਅਧੂਰਾ ਰਹਿ ਗਿਆ। ਉਹ ਨਿੱਕਾ ਹੁੰਦਾ ਹੀ ਗੀਤ ਲਿਖਣ ਲੱਗ ਪਿਆ ਸੀ। ਵੱਡਾ ਹੋ ਕੇ ਨਾਟਕ ਲਿਖਣ ਲੱਗਾ ਤਾਂ ਵਿਦਿਆਰਥੀਆਂ ਤੇ ਘਰ ਦੇ ਜੀਆਂ ਨੂੰ ਲੈ ਕੇ ਖੇਡਣ ਲੱਗ ਪਿਆ। ਰੀਹਰਸਲ ਪਿੱਛੋਂ ਉਹ ਹਾਸੇ-ਠੱਠੇ ਦੀਆਂ ਗੱਲਾਂ ਕਰ ਕੇ ਅੱਕੇ-ਥੱਕੇ ਅਦਾਕਾਰਾਂ ਦਾ ਅਕੇਵਾਂ ਦੂਰ ਕਰਦਾ। ਅਮਲੀਆਂ ਤੇ ਛੜਿਆਂ ਦੀਆਂ ਹਸਾਉਣੀਆਂ ਗੱਲਾਂ ਆਪਣੇ ਨਾਟਕਾਂ ਵਿਚ ਪਾ ਦਿੰਦਾ ਜਿਨਾਂ ਨੂੰ ਸੁਣ ਕੇ ਦਰਸ਼ਕ ਲੋਟ-ਪੋਟ ਹੁੰਦੇ। ਅਜਮੇਰ ਦੀ ਭੂਆ ਦਾ ਪੁੱਤ ਮਾਧੋ ਨਾਂ ਦੇ ਪਾਤਰ ਰਾਹੀਂ ਬੋਲਦਾ, 'ਲੈ, ਮੈਂ ਆਵਦੀ ਉਮਰ 'ਚ ਸਾਰੀ ਉਮਰ ਰੱਜ ਕੇ ਜਲੇਬੀਆਂ ਨੀ ਖਾਧੀਆਂ। ਜੇ ਜਲੇਬੀਆਂ ਬਣਾਉਣ ਵੇਲੇ ਮੈਂ ਹਲਵਾਈ ਕੋਲੇ ਬੈਠ-ਜਾਂ ਤਾਂ ਤਿੰਨ ਚਾਰ ਟੋਕਰੇ ਖਾ-ਜਾਂ ਜਲੇਬੀਆਂ ਦੇ!'

ਭਗਤਾ: ਐਨੀਆਂ ਜਲੇਬੀਆਂ ਖਾ ਕੇ ਤਾਂ ਯਾਰ ਬੰਦਾ ਉਈਂ ਅਫਰ ਕੇ ਮਰ-ਜੇ!

ਮਾਧੋ: ਲੈ ਮਰਦਾ ਤਾਂ ਸੌ ਵਾਰੀ ਮਰ-ਜੇ। ਜਦ ਬੰਦੇ ਦੀ ਰੂਹ ਈ ਭਰ-ਗੀ ਭਗਤ ਸਿਆਂ, ਫੇਰ ਜਿਉਂ ਕੇ ਕੀ ਵੜੇਵੇਂ ਲੈਣੇ ਐ? ਮੇਰੇ ਉੱਤੋਂ ਦੀ ਤਾਂ ਫੇਰ ਭਾਵੇਂ ਪਾਕਿਸਤਾਨ ਦੇ ਤੋਪਾਂ ਵਾਲੇ ਟੈਂਕ ਲੰਘੀ ਜਾਣ, ਮੈਂ ਨੀ ਮਰਨ-ਮੁਰਨ ਦੀ ਪ੍ਰਵਾਹ ਕਰਦਾ!



ਅਜਮੇਰ ਮੁਜ਼ਾਰੇ ਕਿਸਾਨ ਦਾ ਪੁੱਤਰ ਹੋਣ ਕਰਕੇ ਨਿੱਕਾ ਹੁੰਦਾ ਨਿੱਕੀਆਂ-ਨਿੱਕੀਆਂ ਖ਼ੁਸ਼ੀਆਂ ਮਾਨਣ ਤੋਂ ਵੀ ਵਿਰਵਾ ਰਿਹਾ ਸੀ। ਦਸਦਾ ਹੁੰਦਾ ਸੀ ਕਿ ਇੱਕ ਵਾਰ ਮੇਰਾ ਭੁੰਨੀ ਹੋਈ ਛੱਲੀ ਖਾਣ ਨੂੰ ਜੀਅ ਕੀਤਾ। ਸਵੇਰੇ ਜਦੋਂ ਮਾਂ ਖੇਤ ਵੱਲ ਕਪਾਹ ਚੁਗਣ ਜਾਣ ਲੱਗੀ ਤਾਂ ਉਸ ਨੇ ਖੇਤੋਂ ਮਾਂ ਨੂੰ ਛੱਲੀ ਲਿਆਉਣ ਵਾਸਤੇ ਕਿਹਾ। ਸ਼ਾਮ ਨੂੰ ਸੱਥ ਵਿੱਚ ਸਾਥੀਆਂ ਨਾਲ ਖੇਡਦਿਆਂ ਉਸ ਨੇ ਰੌਲਾ ਸੁਣਿਆ ਕਿ ਜਗੀਰਦਾਰ ਦਾ ਇੱਕ ਕਾਰਿੰਦਾ ਕਿਸੇ ਤ੍ਰੀਮਤ ਨੂੰ ਉੱਚੀ-ਉੱਚੀ ਬੁਰਾ ਭਲਾ ਕਹਿੰਦਾ ਝਿੜਕਾਂ ਤੇ ਲਾਅਣਤਾਂ ਪਾ ਰਿਹੈ। ਤ੍ਰੀਮਤ ਕੁੱਝ ਬੋਲਦੀ ਤਾਂ ਸੀ ਪਰ ਬਹੁਤਾ ਉੱਚੀ ਨਹੀਂ। ਉਹ ਉਹਦੀ ਮਾਂ ਸੀ। ਕਾਰਿੰਦੇ ਤੇ ਮਾਂ ਦੁਆਲੇ ਭੀੜ 'ਕੱਠੀ ਹੋ ਗਈ ਸੀ। ਭੀੜ ਹੋਈ ਤੋਂ ਮਾਂ ਦੀ ਆਵਾਜ਼ ਪਹਿਲਾਂ ਨਾਲੋਂ ਕੁੱਝ ਕਰੜੀ ਤੇ ਗੁਸੈਲ ਹੋ ਗਈ ਸੀ। ਕਾਰਿੰਦੇ ਦੀਆਂ ਪਾਈਆਂ ਝਾੜਾਂ ਦਾ ਜਵਾਬ ਦਿੰਦੀ ਉਹ ਗੁੱਸੇ 'ਚ ਬੋਲ ਰਹੀ ਸੀ, 'ਕੀ ਹੋ ਗਿਆ ਕੰਜਰਾ, ਜਾਏ-ਖਾਣੇ ਦੀ ਇੱਕ ਛੱਲੀਓ ਈ ਤਾਂ ਸੀ? ਤੜਕੇ ਘਰੋਂ ਤੁਰਨ ਵੇਲੇ ਜੁਆਕ ਨੇ ਕਹਿ-ਤਾ ਸੀ, ਬੇਬੇ ਮੇਰਾ ਭੁੰਨੀ ਹੋਈ ਛੱਲੀ ਖਾਣ ਨੂੰ ਜੀਅ ਕਰਦੈ, ਤਾਂ ਲੈ ਆਈ ਸੀ ਖੇਤੋਂ। ਲੈ ਤੂੰ ਰੱਖ ਲੈ ਇਹ। ਭਰਦੇ ਆਵਦੇ ਸਰਦਾਰ ਦੇ ਕਾਕਿਆਂ ਦਾ ਢਿੱਡ! ਸਾਡੇ ਜੁਆਕ ਤਾਂ ਨੰਗੇ-ਭੁੱਖੇ ਰਹਿ ਕੇ ਵੀ ਕੱਟ ਲੈਣਗੇ ਕਿਵੇਂ ਨਾ ਕਿਵੇਂ।'

ਮੁਜ਼ਾਰੇ ਕਿਸਾਨਾਂ ਦੇ ਬੱਚੇ, ਔਰਤਾਂ ਤੇ ਮਰਦ ਜਦੋਂ ਖੇਤਾਂ 'ਚ ਕੰਮ ਕਰ ਕੇ ਆਥਣੇ ਘਰਾਂ ਨੂੰ ਮੁੜਦੇ ਤਾਂ ਜਗੀਰਦਾਰ ਦੇ ਕਾਰਿੰਦੇ ਸੱਥ ਵਿੱਚ ਉਨਾਂ ਦੀਆਂ ਭਰੀਆਂ, ਪੰਡਾਂ ਤੇ ਭਾਂਡਿਆਂ ਦੀ ਤਲਾਸ਼ੀ ਲੈਂਦੇ ਕਿ ਖੇਤੋਂ ਕੋਈ ਕਪਾਹ ਦੀ ਫੁੱਟੀ, ਗੰਨੇ ਦੀ ਪੋਰੀ, ਛੱਲੀ, ਕੱਦੂ, ਤੋਰੀ ਆਦਿ ਤਾਂ ਨਹੀਂ ਲਕੋਅ ਲਿਆਏ। ਅਜਮੇਰ ਦਾ ਚਾਅ ਪੂਰਾ ਕਰਨ ਲਈ ਖੇਤੋਂ ਲਿਆਂਦੀ ਛੱਲੀ ਨੇ ਸੱਥ ਵਿੱਚ ਮਾਂ ਦੀ ਲਾਹ-ਪਾਹ ਕਰਵਾ ਦਿੱਤੀ ਸੀ ਜੋ ਅਜਮੇਰ ਸਾਰੀ ਉਮਰ ਨਾ ਭੁੱਲ ਸਕਿਆ। ਜਗੀਰਦਾਰੀ ਨਾਲ ਜੁੜੇ 'ਛੱਲੀ' ਵਰਗੇ ਹੋਰ ਕਿੰਨੇ ਹੀ ਵਰਤਾਰੇ ਔਲਖ ਦੀ ਸਿਰਜਣ-ਪ੍ਰਕਿਰਿਆ ਦਾ ਅਟੁੱਟ ਅੰਗ ਬਣੇ ਰਹੇ। ਸਾਰੀ ਉਮਰ ਉਹਦੀ ਮਾਨਸਿਕਤਾ ਨਿਮਨ ਕਿਸਾਨਾਂ ਤੇ ਕਿਰਤੀਆਂ ਨਾਲ ਜੁੜੀ ਰਹੀ। ਜੀਂਦਾ ਹੁੰਦਾ ਤਾਂ ਅਜੋਕੇ ਕਿਸਾਨ ਮੋਰਚੇ ਦੇ ਅੰਗ ਸੰਗ ਹੁੰਦਾ। ਉਹ ਨਿਮਨ ਕਿਸਾਨੀ ਦਾ ਨਾਟਕਕਾਰ ਸੀ। ਉਸ ਦੇ ਨਾਟਕਾਂ ਦੀਆਂ ਹਜ਼ਾਰਾਂ ਪੇਸ਼ਕਾਰੀਆਂ ਹੋਈਆਂ ਜਿਨਾਂ ਨੂੰ ਲੱਖਾਂ ਲੋਕਾਂ ਨੇ ਵੇਖਿਆ।

ਬਾਕੀ ਸਫ਼ਾ 31 'ਤੇ

# ਡਰ

ਅੰਮ੍ਰਿਤ ਕੌਰ ਬਡਰੁੱਖਾਂ

ਰੁਲਦੂ ਨੇ ਦਿਹਾੜੀ ਗਏ ਨੇ ਨਾਲ ਦੇ ਕਾਮਿਆਂ ਦੇ ਮੂੰਹੋਂ ਵੱਡੇ ਵੱਡੇ ਕਹਿੰਦੇ ਕਹਾਉਂਦੇ ਘਰਾਂ ਦੀਆਂ ਕੁੜੀਆਂ ਬਾਰੇ ਸੁਣਿਆ ਕਿ ਕਿਵੇਂ ਉਹ ਆਪਣੇ ਆਪ ਵਿਆਹ ਕਰਾ ਲੈਂਦੀਆਂ ਨੇ। ਉਹ ਵੀ ਘਰੋਂ ਭੱਜ ਕੇ। ਮਾਪਿਆਂ ਦੀ ਪੱਤ ਠਾਣਿਆਂ ਵਿੱਚ ਰੁਲਦੀ ਹੈ ਤੇ ਲੋਕ ਜਿਹੜੇ ਮੂੰਹ ਜੋੜ ਜੋੜ ਗੱਲਾਂ ਕਰਦੇ ਨੇ ਉਹ ਵੱਖ। ਨਾ ਕਿਤੇ ਖੜਨ ਜੋਗੇ, ਨਾ ਬੈਠਣ ਜੋਗੇ। ਕਿਹੋ ਜਿਹੀ ਪੁੱਠੀ 'ਵਾ ਵਗ ਪਈ। ਮਾਂ-ਪਿਉ, ਭੈਣ-ਭਾਈ ਸਭ ਦਾ ਪਿਆਰ ਮਿੰਟਾਂ ਵਿੱਚ ਭੁੱਲ ਜਾਂਦੀਆਂ ਨੇ ਮਰ ਜਾਣੀਆਂ। ਰੁਲਦੂ ਤਾਂ ਜਿਵੇਂ ਸੁੰਨ ਹੋ ਗਿਆ ਸੀ ਸੁਣ ਕੇ। ਉਸ ਦੀ ਆਪਣੀ ਧੀ ਵੀ ਸੀ ਸੋਲਾਂ ਸਤਾਰਾਂ ਕੁ ਸਾਲਾਂ ਦੀ। ਰੁਲਦੂ ਦੇ ਦਿਮਾਗ਼ ਵਿੱਚ ਚਿੰਤਾ ਉੱਭਰ ਆਈ। ਜਦੋਂ ਉਹ ਸ਼ਾਮ ਨੂੰ ਘਰ ਆਇਆ ਤਾਂ ਉਸ ਨੇ ਦੇਖਿਆ, ਗੁਆਂਢੀਆਂ ਦਾ ਚਾਰ ਪੰਜ ਸਾਲ ਦਾ ਮੁੰਡਾ ਗੋਲੂ ਉਸ ਦੀ ਧੀ ਨਿੱਕੀ ਕੋਲ ਖੜਾ ਸੀ। ਉਹ ਬੜੇ ਪਿਆਰ ਨਾਲ ਉਸ ਨੂੰ ਕੁਝ ਕਹਿ ਰਹੀ ਸੀ। ਜਦੋਂ ਨਿੱਕੀ ਨੇ ਰੁਲਦੂ ਨੂੰ ਦੇਖਿਆ ਤਾਂ ਫਟਾਫਟ ਮੁੰਡੇ ਦੇ ਹੱਥ ਕੁਝ ਫੜਾਇਆ। ਮੁੰਡੇ ਨੇ ਆਪਣਾ ਹੱਥ ਬੁਨੈਣ ਹੇਠ ਲੁਕੋ ਲਿਆ ਤੇ ਭੱਜ ਗਿਆ।

'ਕੀ ਲੈਣ ਆਇਆ ਤੀ ਉਏ?' ਰੁਲਦੂ ਗੋਲੂ ਦੀ ਬਾਂਹ ਫੜਨ ਲੱਗਿਆ ਪਰ ਉਹ ਹੱਥ ਨਹੀਂ ਆਇਆ।

'ਕੁਛ ਨੀ ਬਾਪੂ, ਊਈਂ ਖੇਡਦਾ ਖੇਡਦਾ ਆ ਗਿਆ।' ਰੁਲਦੂ ਦੀ ਤਸੱਲੀ ਨਾ ਹੋਈ। ਪਰ ਉਹ ਚੁੱਪ ਕਰ ਗਿਆ।

'ਤੇਰੀ ਮਾਂ ਕਿੱਥੇ ਹੈ?'

'ਉਹ ਤਾਂ ਮਾਸੀ ਦਾ ਪਤਾ ਲੈਣ ਗਈ ਐ, ਦੱਸ ਕੇ ਤਾਂ ਗਈ ਐ ਤੈਨੂੰ, ਸੱਤੇ ਨੂੰ ਨਾਲ ਲੈਗੀ। ਕਹਿੰਦੀ ਤੜਕੇ ਸਦੇਹਾਂ ਆ ਜੂੰ।'

'ਇਨਾਂ ਦੇ ਪਤਿਆਂ ਨੇ ਅੱਡ ਮਾਰ ਲੇ, ਜਾਣ ਦੀ ਕੀ ਲੋੜ ਤੀ, ਫੂਨ ਕਰ ਕੇ ਪੁੱਛ ਲੈਂਦੀ। ਇੱਕ ਤਾਂ ਊਂ ਚੰਦਰਾ ਟੈਮ ਆ ਗਿਆ; ਦੁਨੀਆਂ ਕਹਿੰਦੀ ਐ ਘਰੋਂ ਬਾਹਰ ਨਾ ਨਿਕਲੋ। ਕੰਮ ਐ, ਉਹ ਮਸਾਂ ਮਿਲਦੈ, ਏਹਨੂੰ ਪਤਾ ਨੀ ਕਦੋਂ ਮੱਤ ਆਊ।' ਰੁਲਦੂ ਬੁੜਬੁੜ ਕਰਦਾ ਹੱਥ ਪੈਰ ਧੋ ਕੇ ਚੁੱਲੇ ਮੂਹਰੇ ਫੱਟੀ 'ਤੇ ਬੈਠ ਗਿਆ। ਕੁੜੀ ਨੇ ਤਿੰਨ-ਚਾਰ ਰੋਟੀਆਂ ਇਕੱਠੀਆਂ ਹੀ ਥਾਲ਼ੀ ਵਿੱਚ ਰੱਖ ਕੇ ਫੜਾ ਦਿੱਤੀਆਂ ਤੇ ਪਾਣੀ ਦਾ ਕੌਲਾ ਭਰ ਕੇ ਕੋਲ਼ ਰੱਖ ਦਿੱਤਾ। ਰੁਲਦੂ ਨੇ ਰੋਟੀਆਂ ਦੇਖ ਕੇ ਕਿਹਾ, 'ਮੈਂ ਨੀ ਰੋਟੀ ਹੋਰ ਲੈਣੀ, ਤੂੰ ਵੀ ਖਾ ਲੈ।'

'ਕੋਈ ਨਾ ਬਾਪੂ, ਮੈਂ ਫੇਰ ਖਾ ਲਊਂ।'

ਧੀ ਵੱਲ ਦੇਖਦਿਆਂ ਉਹ ਸੋਚ ਰਿਹਾ ਸੀ ਨਿੱਕੀ ਸਿਆਣੀ ਤਾਂ ਬਥੇਰੀ ਐ। ਪਰ ਕੀ ਪਤਾ ਬੁੱਧੀ ਕਿਹੜੇ ਵੇਲੇ ਪੁੱਠੇ ਪਾਸੇ ਘੁੰਮ ਜਾਵੇ। ਪਿਉ ਨੂੰ ਰੋਟੀ ਫੜਾ ਕੇ ਕੁੜੀ ਨੇ ਬੱਠਲ਼ ਚੁੱਕ ਕੇ ਪੌੜੀ ਦੇ ਡੰਡੇ 'ਤੇ ਪੈਰ ਰੱਖਿਆ। ਰੁਲਦੂ ਨੂੰ ਕੰਬਣੀ ਜਿਹੀ ਛਿੜੀ।

'ਬਾਪੂ ਮੈਂ ਪਾਥੀਆਂ ਲਿਆਵਾਂ ਕੋਠੇ 'ਤੇ ਸੁੱਕਣੀਆਂ ਰੱਖੀਆਂ ਹੋਈਆਂ ਨੇ।' ਰੁਲਦੂ ਨੇ ਕੋਈ ਜਵਾਬ ਨਾ ਦਿੱਤਾ।

ਨਿੱਕੀ ਛੇਤੀ ਹੀ ਪਾਥੀਆਂ ਲੈ ਕੇ ਹੇਠਾਂ ਆ ਗਈ। ਰੁਲਦੂ ਤੋਂ ਸਾਰੀਆਂ ਰੋਟੀਆਂ ਨਾ ਖਾਧੀਆਂ ਗਈਆਂ। ਉਸ ਨੇ ਇੱਕ ਰੋਟੀ ਬੀਹੀ ਵਿੱਚ ਬੈਠੇ ਕੁੱਤੇ ਨੂੰ ਪਾ ਦਿੱਤੀ।

'ਰੋਟੀ ਕੁੱਤੇ ਨੂੰ ਕਾਹਨੂੰ ਪਾ ਤੀ ਬਾਪੂ?'

'ਦਰਵੇਸ਼ ਐ ਵਿਚਾਰਾ, ਇਹਨੇ ਕਿਹੜਾ ਆਖਣੈ ਬੀ ਮੈਨੂੰ ਰੋਟੀ ਦੇ ਦੋ।' ਰੁਲਦੂ ਥੋੜਾ ਚਿਰ ਬਾਹਰ ਹੀ ਬੈਠਾ ਰਿਹਾ। ਅੱਜ ਉਸ ਨੂੰ ਬੀਹੀ ਵਿੱਚੋਂ ਲੰਘਦੇ ਮੁੰਡੇ ਵੀ ਵਿਹੁ ਵਰਗੇ ਲੱਗ ਰਹੇ ਸਨ। ਜੇ ਕੋਈ ਉਨਾਂ ਦੇ ਘਰ ਵੱਲ ਦੇਖਦਾ ਤਾਂ ਰੁਲਦੂ ਉਸ ਨੂੰ ਹੌਲੀ ਜਿਹੀ ਗਾਲ਼ ਕੱਢਦਾ ਤੇ ਇਕੱਲਾ ਹੀ ਬੈਠਾ ਬੁੜਬੁੜਾਉਂਦਾ।

'ਬਾਪੂ! ਆਹ ਖੇਸੀ ਦੀ ਬੁੱਕਲ ਮਾਰ ਲੈ ਠੰਢ ਹੋਗੀ।' ਨਿੱਕੀ ਨੇ ਖੇਸੀ ਫੜਾਉਂਦਿਆਂ ਕਿਹਾ।

'ਤੂੰ ਕੰਮ ਨਿਬੇੜ ਲੈ ਪਹਿਲਾਂ।' ਰੁਲਦੂ ਖਿਝ ਕੇ ਬੋਲਿਆ।

'ਮੈਂ ਸਾਰੇ ਕੰਮ ਨਿਬੇੜ ਲੇ।'

ਰੁਲਦੂ ਨੇ ਆਲੇ ਦੁਆਲੇ ਦੇਖਿਆ। ਸੱਚੀ ਸਾਰੇ ਕੰਮ ਨਿੱਬੜੇ ਹੋਏ ਸਨ। ਉਹ ਉੱਠ ਕੇ ਅੰਦਰ ਚਲਾ ਗਿਆ।

ਰੁਲਦੂ ਨੂੰ ਨੀਂਦ ਨਹੀਂ ਸੀ ਆ ਰਹੀ। ਉਸ ਦੇ ਦਿਮਾਗ ਵਿੱਚ ਕਾਮਿਆਂ ਦੀਆਂ ਕਹੀਆਂ ਗੱਲਾਂ ਘੁੰਮ ਰਹੀਆਂ ਸਨ। ਫਿਰ ਨਿੱਕੀ ਨੇ ਗੋਲੂ ਨੂੰ ਕਾਗਜ਼ ਦਾ ਟੁਕੜਾ ਫੜਾਇਆ ਸੀ। ਉਹਦੇ ਵਿੱਚ ਕੀ ਲਿਖਿਆ ਹੋਊ? ਕਿਸ ਨੂੰ ਭੇਜਿਆ ਹੋਊ? ਰੁਲਦੂ ਦਾ ਜੀਅ ਕਰਦਾ ਸੀ ਕੁੜੀ ਦਾ ਗਲਾ ਘੁੱਟ ਦੇਵੇ। ਬਦਨਾਮੀ ਨਾਲੋਂ ਤਾਂ ਚੰਗਾ ਈ ਐ ਮਰ ਜਾਵੇ। ਨਿੱਕੀ ਨੂੰ ਵੀ ਨੀਂਦ ਨਹੀਂ ਸੀ ਆ ਰਹੀ। ਉਸ ਨੇ ਉੱਠ ਕੇ ਪਾਣੀ ਪੀਤਾ ਤੇ ਬੱਤੀ ਬੁਝਾ ਦਿੱਤੀ।

ਬੀਹੀ ਵਾਲੀਆਂ ਲਾਈਟਾਂ ਦਾ ਚਾਨਣ ਦਰਵਾਜ਼ੇ ਦੀਆਂ ਝੀਥਾਂ ਵਿੱਚ ਦੀ ਅੰਦਰ ਆ ਰਿਹਾ ਸੀ। ਉਹ ਮੰਜੇ 'ਤੇ ਕਿੰਨੀ ਦੇਰ ਬੈਠੀ ਰਹੀ। ਰੁਲਦੂ ਥੋੜਾ ਖੰਘਿਆ। ਕੁੜੀ ਚੁੱਪ ਕਰਕੇ ਲੇਟ ਗਈ। ਵਾਰ ਵਾਰ ਪਾਸੇ ਪਰਤਦੀ ਰਹੀ। ਅੱਗੇ ਤਾਂ ਕਦੇ ਨਹੀਂ ਸੀ ਕਰਦੀ ਇਸ ਤਰਾਂ। ਕੁਝ ਦੇਰ ਬਾਅਦ ਕੁੜੀ ਦੀ ਹਿਲਜੁਲ ਬੰਦ ਹੋਈ। ਰੁਲਦੂ ਦਾ ਮਨ ਵੀ ਟਿਕ ਗਿਆ। ਥੱਕਿਆ ਹੋਣ ਕਰਕੇ ਉਸ ਦੀ ਅੱਖ ਲੱਗ ਗਈ।

ਅੱਧੀ ਕੁ ਰਾਤ ਨੂੰ ਖੜਕਾ ਹੋਇਆ ਤਾਂ ਰੁਲਦੂ ਦੀ ਅੱਖ ਖੁੱਲ ਗਈ। ਇੱਕ ਪਰਛਾਵਾਂ ਉਨਾਂ ਦੇ ਟਰੰਕਾਂ ਵਾਲੇ ਪਾਸੇ ਨਜ਼ਰੀਂ ਪਿਆ। ਉਸ ਨੇ ਮੰਜੇ ਦੀ ਬਾਹੀ ਨਾਲ ਬਿਸਤਰੇ ਹੇਠਾਂ ਰੱਖੇ ਗੰਡਾਸੇ ਨੂੰ ਹੱਥ ਪਾਇਆ। ਧਿਆਨ ਨਾਲ ਦੇਖਣ 'ਤੇ ਔਰਤ ਦਾ ਆਕਾਰ ਲੱਗਿਆ ਹੋਰ ਨੀਝ ਨਾਲ ਦੇਖਿਆ ਤਾਂ ਨਿੱਕੀ ਸੀ। ਉਹ ਟਰੰਕ ਨੂੰ ਥੋੜਾ ਕੁ ਖੋਲ ਕੇ ਉਸ ਵਿੱਚੋਂ ਕੁਝ ਕੱਢ ਰਹੀ ਸੀ ਤੇ ਫਿਰ ਮੰਜੇ 'ਤੇ ਆ ਪਈ। ਰੁਲਦੂ ਨੂੰ ਸਿਰਫ਼ ਕਾਗਜ਼ਾਂ ਦਾ ਖੜਾਕ ਹੀ ਸੁਣਿਆ। ਉਹ ਸੁੰਨ ਹੋ ਗਿਆ। ਉਸ ਤੋਂ ਬਾਅਦ ਰੁਲਦੂ ਨਹੀਂ ਸੁੱਤਾ। ਉੱਠ ਕੇ ਬੂਹੇ ਨੂੰ ਅੰਦਰੋਂ ਹੀ ਜਿੰਦਾ ਲਾ ਦਿੱਤਾ ਤੇ ਚਾਬੀ ਆਪਣੇ ਕੋਲ ਰੱਖ ਲਈ। ਕੁੜੀ ਨੇ ਇੱਕ ਦੋ ਵਾਰ ਉੱਠ ਕੇ ਪਾਣੀ ਪੀਤਾ।



ਉਹ ਸਵੇਰੇ ਥੋੜਾ ਦੇਰ ਨਾਲ ਉੱਠੀ। ਉਸ ਦੇ ਉੱਠਣ ਤੋਂ ਪਹਿਲਾਂ ਰੁਲਦੂ ਨੇ ਜਿੰਦਾ ਖੋਲ ਦਿੱਤਾ। ਉਹ ਸੋਟੀ ਚੁੱਕ ਕੇ ਬਾਹਰ ਖੇਤਾਂ ਵੱਲ ਨੂੰ ਹੋ ਤੁਰਿਆ। ਪਤਾ ਨਹੀਂ ਕੀ ਦਿਮਾਗ ਵਿੱਚ ਆਇਆ, ਰਸਤੇ ਵਿੱਚੋਂ ਹੀ ਮੁੜ ਆਇਆ। ਘਰੇ ਆ ਕੇ ਦੇਖਿਆ, ਬੂਹੇ ਨੂੰ ਕੁੰਡਾ ਲੱਗਿਆ ਸੀ। ਕੁੜੀ ਘਰੇ ਨਹੀਂ ਸੀ। ਰੁਲਦੂ ਦੀਆਂ ਲੱਤਾਂ ਉਸ ਦੇ ਸਰੀਰ ਦਾ ਭਾਰ ਝੱਲਣ ਤੋਂ ਮੁਨਕਰ ਹੋਣ ਲੱਗੀਆਂ। ਅੱਖਾਂ ਅੱਗੇ ਨੇਰਾ ਆਉਣ ਲੱਗਾ, ਧਰਤੀ ਘੁੰਮਦੀ ਜਾਪੀ। ਅੱਖਾਂ ਬੰਦ ਕਰ ਕੇ ਰੁਲਦੂ ਨੇ ਦੋਵੇਂ ਹੱਥਾਂ ਨਾਲ ਸੋਟੀ ਘੁੱਟ ਕੇ ਫੜ ਲਈ। ਮੱਥਾ ਸੋਟੀ ਨਾਲ ਲਾ ਕੇ ਬੈਠ ਗਿਆ। ਜ਼ਮੀਨ ਫਟਣ ਦੀ ਉਡੀਕ ਕਰਨ ਲੱਗਿਆ ਜਾਂ ਸ਼ਾਇਦ ਦੁਆ ਵੀ ਕਰ ਰਿਹਾ ਸੀ। ਆਪਣੇ ਆਪ ਨੂੰ ਲਾਹਨਤਾਂ ਪਾ ਰਿਹਾ ਸੀ ਉਹ ਕਿਉਂ ਘਰੋਂ ਗਿਆ।

'ਬਾਪੂ ਕੀ ਹੋ ਗਿਆ ਐਂ ਕਾਹਤੋਂ ਬੈਠ ਗਿਆ?' ਨਿੱਕੀ ਨੇ ਕੋਲ ਨੂੰ ਹੋ ਕੇ ਪੁੱਛਿਆ।

'ਕਿੱਧਰ ਗਈ ਤੀ ਤੂੰ?' ਰੁਲਦੂ ਥੋੜਾ ਸੰਭਲਿਆ।

'ਆਟਾ ਲੈਣ ਗਈ ਤੀ ਗੋਲੂ ਕੇ ਘਰੋਂ ਆਪਣੇ ਹੈ ਨੀ ... ਪਿਹਾਉਣ ਆਲ਼ੈ।'

ਗੋਲੂ ਦਾ ਨਾਂ ਸੁਣ ਕੇ ਉਸ ਨੂੰ ਕਚੀਚੀ ਜਿਹੀ ਚੜੀ। ਨਿੱਕੀ ਰੋਟੀ ਪਾਣੀ ਦਾ ਆਹਰ ਕਰਨ ਵਿੱਚ ਰੁੱਝ ਗਈ। ਰੁਲਦੂ ਅੰਦਰੋਂ ਛੋਟੀ ਜਿਹੀ ਮੰਜੀ ਚੁੱਕ ਲਿਆਇਆ ਅਤੇ ਉਸ ਉੱਤੇ ਹੀ ਟੇਢਾ ਜਿਹਾ ਹੋ ਕੇ ਪੈ ਗਿਆ। ਫਿਰ ਉੱਠ ਕੇ ਅੰਦਰ ਚਲਾ ਗਿਆ। ਆਟੇ ਵਾਲੇ ਪੀਪੇ ਵਿੱਚ ਹੱਥ ਮਾਰਿਆ, ਸੱਚੀਂ ਖਾਲੀ ਸੀ। ਐਨੇ ਨੂੰ ਰੁਲਦੂ ਦੀ ਘਰਵਾਲੀ ਕੈਲੋ ਆ ਗਈ। ਆਉਂਦਿਆਂ ਹੀ ਰੁਲਦੂ ਨੂੰ ਬੋਲੀ, 'ਦਿਹਾੜੀ 'ਤੇ ਨੀ ਗਿਆ?'

'ਅੱਜ ਚਿੱਤ ਨੀ ਰਾਜੀ।' ਰੁਲਦੂ ਬੇਚੈਨੀ ਵਿੱਚ ਕਦੇ ਅੰਦਰ ਜਾਵੇ ਤੇ ਕਦੇ ਬਾਹਰ।

'ਜੇ ਚਿੱਤ ਨੀ ਰਾਜੀ ਦਵਾਈ ਲਿਆ, ਪੈ ਜਾ ਟਿਕ ਕੇ।' ਕੈਲੋ ਨੇ ਦੇਖਿਆ ਪਾਣੀ ਵਾਲੇ ਭਾਂਡੇ ਵੀ ਖਾਲੀ ਪਏ ਸਨ।

'ਨਾ ਪਾਣੀ ਭਰਿਆ ਅੱਜ; ਇੱਕ ਦਿਨ ਵਗ ਜਾਂ ਕਿਤੇ ਸਾਰੇ ਟੱਬਰ ਨੂੰ ਮੌਜ ਲੱਗ ਜਾਂਦੀ ਐ। ਕੰਮ ਛੱਡ ਛੱਡ ਬਹਿ ਜਾਂਦੇ ਨੇ ਸਾਰੇ।'

'ਬੇਬੇ! ਮੈਂ ਪਾਣੀ ਭਰਨ ਜਾਣ ਲੱਗੀ ਤੀ ਬਾਪੂ ਕਹਿੰਦਾ ਟੂਟੀ 'ਤੇ ਬਾਹਲ਼ੀ ਭੀੜ ਐ ਅਜੇ ਨਾ ਜਾਹ।' ਨਿੱਕੀ ਨੇ ਬਾਲਟੀ ਚੁੱਕਦਿਆਂ ਕਿਹਾ।

'ਜਾਹ ਵੇ, ਅਜੇ ਹੈਗਾ ਟੈਮ ਭੱਜ ਜਾ ਸਕੂਲ ਨੂੰ। ਸਾਰਾ ਦਿਨ ਪੈਰ ਮਾਰਦਾ ਫਿਰੇਂਗਾ ਇੱਥੇ। ਮਾਸਟਰ ਵਿਚਾਰੇ ਘਰੋਂ ਲੈਣ ਆਉਣਗੇ ਨਹੀਂ ਤਾਂ ਫੇਰ।' ਮੁੰਡੇ ਦਾ ਬਸਤਾ ਫੜਾਉਂਦਿਆਂ ਕਿਹਾ।

'ਸਕੂਲਾਂ ਦਾ ਕਿਹੜਾ ਪਤਾ ਲਗਦਾ, ਕਦੋਂ ਬੰਦ ਕਰ ਦੇਣ ...।' ਕੈਲੋ ਨੇ ਸ਼ਾਇਦ ਆਪਣੇ ਆਪ ਨੂੰ ਆਖਿਆ।

'ਰੋਟੀ ਤਾਂ ਖਾ ਲੈਣ ਦੇ ਉਹਨੂੰ।' ਰੁਲਦੂ ਨੇ ਮੁੰਡੇ ਵੱਲ ਦੇਖ ਕੇ ਕਿਹਾ।

'ਰੋਟੀ ਖਵਾ ਕੇ ਭੇਜਿਆ ਏਹਦੀ ਮਾਸੀ ਨੇ।'

ਕੁੜੀ ਪਾਣੀ ਲੈਣ ਚਲੀ ਗਈ ਤੇ ਮੁੰਡਾ ਸਕੂਲ। ਰੁਲਦੂ ਨੇ ਮੌਕਾ ਦੇਖ ਕੇ ਕੈਲੋ ਨੂੰ ਕੱਲ ਸੁਣੀਆਂ ਸਾਰੀਆਂ ਗੱਲਾਂ ਸੁਣਾ ਦਿੱਤੀਆਂ।

'ਮੈਨੂੰ ਪਤੈ ਸਾਰੀਆਂ ਗੱਲਾਂ ਦਾ, ਭਾਵੇਂ ਪੰਜੇ ਉਂਗਲਾਂ ਬਰਾਬਰ ਨੀ ਹੁੰਦੀਆਂ ਫੇਰ ਵੀ ਆਪਾਂ ਧੀਆਂ ਭੈਣਾਂ ਵਾਲਿਆਂ ਨੂੰ ਇਹ ਗੱਲਾਂ ਸੋਂਹਦੀਆਂ ਨੀ।'

ਰੁਲਦੂ ਹੈਰਾਨੀ ਨਾਲ ਦੇਖ ਰਿਹਾ ਸੀ ਕਿ ਔਰਤਾਂ ਦੇ ਗੱਲ ਪਚਦੀ ਤਾਂ ਨੀ ਹੁੰਦੀ, ਪਤਾ ਨਹੀਂ ਇਹਨੇ ਕਿਵੇਂ ਪਚਾ ਲਈ। ਕੈਲੋ ਗੁੱਸੇ ਵਾਲੀ ਤਾਂ ਜ਼ਰੂਰ ਸੀ ਪਰ ਘਰ ਪਰਿਵਾਰ ਸੰਭਾਲ ਕੇ ਰੱਖਣ ਵਾਲੀ ਔਰਤ ਸੀ। ਕੰਮ ਨੂੰ ਤਾਂ ਹੱਥਾਂ ਪੈਰਾਂ ਨਾਲ ਲਾ ਕੇ ਲੈ ਜਾਂਦੀ। ਜਿੰਨਾ ਕੰਮ ਕਰਦੀ ਉਨਾ ਹੀ ਵੱਧ ਉਸ ਨੂੰ ਗੁੱਸਾ ਆਉਂਦਾ।

'ਤੂੰ ਹੋਰ ਨਾ ਕਿਸੇ ਕੋਲੇ ਭਕਾਈ ਮਾਰ ਦੀਂ।' ਉਸ ਨੇ ਰੁਲਦੂ ਨੂੰ ਤਾੜਨਾ ਕੀਤੀ। ਇਸ ਤੋਂ ਬਾਅਦ ਰੁਲਦੂ ਨੇ ਪਤਾ ਨਹੀਂ ਕੀ ਕਿਹਾ, ਉਹ ਮੱਥਾ ਫੜ ਕੇ ਬਹਿ ਗਈ। ਇੰਨੇ ਨੂੰ ਕੁੜੀ ਪਾਣੀ ਲੈ ਕੇ ਆ ਗਈ ਤੇ ਪਾਣੀ ਤੌੜੇ ਵਿੱਚ ਪਾ ਦਿੱਤਾ।

'ਲਿਆ ਫੜਾ ਉਰਾਂ ਬਾਲਟੀ, ਮੈਂ ਲਿਆਉਨੀ ਆਂ ਪਾਣੀ।' ਕੈਲੋ ਨੇ ਕੁੜੀ ਹੱਥੋਂ ਬਾਲਟੀ ਖਿੱਚ ਲਈ। ਕੁੜੀ ਦਾ ਹੱਥ ਸੂਤਿਆ ਗਿਆ ਉਸ ਨੇ ਲਾਲ ਹੋਈਆਂ ਉਂਗਲਾਂ ਨੂੰ ਝਟਕਿਆ ਤੇ ਮਾਂ ਵੱਲ ਹੈਰਾਨੀ ਨਾਲ ਤੱਕਿਆ। ਕੈਲੋ ਬਹੁਤ ਬੇਚੈਨ ਸੀ। ਟੂਟੀ ਤੋਂ ਪਾਣੀ ਦੀ ਬਾਲਟੀ ਭਰ ਕੇ ਲਿਆਉਣ ਤੱਕ ਉਸ ਦੇ ਅੰਦਰ ਪਤਾ ਨਹੀਂ ਕੀ ਘਮਸਾਨ ਮਚਿਆ ਹੋਇਆ ਸੀ। ਅੰਦਰ ਦਾ ਫਿਕਰ ਚਿਹਰੇ 'ਤੇ ਸਾਫ਼ ਝਲਕ ਰਿਹਾ ਸੀ। ਉਸ ਨੇ ਰੁਲਦੂ ਕੋਲ ਜਾ ਕੇ ਹੌਲੀ ਦੇਣੇ ਪੁੱਛਿਆ, 'ਤੈਨੂੰ ਪੱਕਾ ਪਤੈ ਬਈ ਨਿੱਕੀ ਨੇ ਗੋਲੂ ਨੂੰ ਕੁਛ ਫੜਾਇਆ ਤੀ?'

'ਹਾਂ, ਉਹਨੇ ਬੁਨੈਣ ਹੇਠਾਂ ਲੁਕੋ ਲਿਆ। ਮੈਨੂੰ ਕਾਗਤ ਲੱਗਿਆ, ਤੈਨੂੰ ਕਿਹਾ ਤੀ, ਕੁੜੀ ਨੂੰ ਨਾ ਪੜਾ। ਅਖੇ ਚਾਰ ਅੱਖਰਾਂ ਦੀ ਸਿਆਣੂ ਹੋ ਜੂ, ਪੰਜ ਸੱਤ ਜਮਾਤਾਂ ਕਰਾ ਲੈਨੇ ਆਂ। ਹੁਣ ਸਾਂਭ ਲੈ ਆਪਣੀ ਨੂੰ ਪਤਾ ਨੀਂ ਕਿਸ ਨੂੰ ਪਾਉਂਦੀ ਐ ਚਿੱਠੀਆਂ।'

'ਜੇ ਹੁਣ ਬੋਲਿਐਂ ਸੀਰਮੇ ਪੀ ਜੂੰ, ਪਹਿਲਾਂ ਤੇਰੇ, ਫੇਰ ਤੇਰੀ ਧੀ ਦੇ।' ਰੁਲਦੂ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਕੈਲੋ ਨੇ ਪੂਰੇ ਗੁੱਸੇ ਨਾਲ ਦੰਦ ਕਰੀਚਦਿਆਂ ਪਰ ਦਬਵੀਂ ਆਵਾਜ਼ ਵਿੱਚ ਕਿਹਾ।

ਕੈਲੋ ਨੰਗੇ ਪੈਰੀਂ ਹੀ ਗੋਲੂ ਹੁਰਾਂ ਦੇ ਘਰ ਵੱਲ ਤੁਰ ਪਈ।

'ਹੇ ਸੱਚੇ ਪਾਤਸ਼ਾਹ! ਲਾਜ ਰੱਖੀਂ।' ਅਸਮਾਨ ਵੱਲ ਦੇਖ ਕੇ ਕੈਲੋ ਨੇ ਦੋਵੇਂ ਹੱਥ ਜੋੜੇ।

ਗੋਲੂ ਦੀ ਮਾਂ ਬਿਮਾਰ ਸੀ ਉਹ ਹੌਲੀ ਹੌਲੀ ਭਾਂਡੇ ਮਾਂਜ ਰਹੀ ਸੀ ਤੇ ਨਾਲੇ ਹੂੰਗਰ ਜਿਹੀ ਮਾਰ ਰਹੀ ਸੀ। ਕੈਲੋ ਵਿਹੜੇ ਵੜਦਿਆਂ ਹੀ ਇੱਧਰ ਉੱਧਰ ਦੇਖਣ ਲੱਗੀ। ਉਸ ਦੀਆਂ ਨਜ਼ਰਾਂ ਗੋਲੂ ਨੂੰ ਲੱਭ ਰਹੀਆਂ ਸਨ।

'ਹੋਰ ਠੀਕ ਐਂ ਭੈਣੇ?' ਉਸ ਨੇ ਗੋਲੂ ਦੀ ਮਾਂ ਦੀ ਹਾਲਤ ਦੇਖ ਕੇ ਪੁੱਛਿਆ। ਗੋਲੂ ਦੀ ਮਾਂ ਨੇ ਤਕਲੀਫ਼ ਹੁੰਦਿਆਂ ਵੀ 'ਹਾਂ' ਵਿੱਚ ਸਿਰ ਹਿਲਾ ਦਿੱਤਾ।

'ਕੱਲ ਆਥਣੇ ਗੋਲੂ ਰੋਵੇ, ਕਹਿੰਦਾ ਭੁੱਖ ਲੱਗੀ ਐ। ਮੈਥੋਂ ਉੱਠਿਆ ਨੀ ਗਿਆ ... ਤਾਪ ਚੜਿਆ ਪਿਆ ਤੀ ਅੰਤਾਂ ਦਾ। ਫਿਰ ਬਾਹਰ ਨੂੰ ਤੁਰ ਗਿਆ ਰੋਂਦਾ ਰੋਂਦਾ। ਬਚਾਰੀ ਨਿੱਕੀ ਨੇ ਰੋਟੀਆਂ ਕਾਗਤ ਵਿੱਚ ਲਪੇਟ ਕੇ ਦੇ 'ਤੀਆਂ ਅੰਬ ਦੇ 'ਚਾਰ ਨਾਲ, ਉਹੀ ਖਾ ਕੇ ਸੌਂ ਗਿਆ।' ਬੋਲਦਿਆਂ ਬੋਲਦਿਆਂ ਗੋਲੂ ਦੀ ਮਾਂ ਖੰਘਣ ਲੱਗ ਪਈ।

ਗੋਲੂ ਦੀ ਮਾਂ ਦੀ ਗੱਲ ਸੁਣ ਕੇ ਕੈਲੋ ਦਾ ਮਨ ਸ਼ਾਂਤ ਹੋ ਗਿਆ। 'ਕੋਈ ਨਾ ਭੈਣੇ ਰੋਟੀ ਦੀ ਕੀ ਗੱਲ ਐ, ਜੁਆਕਾਂ ਤੋਂ ਭੁੱਖ ਨੀ ਝੱਲੀ ਜਾਂਦੀ। ਸਾਡੀ ਨਿੱਕੀ ਤੇ ਉਹਦਾ ਪਿਓ ਵੀ ਭੁੱਖ ਨੀ ਝੱਲ ਸਕਦੇ।' ਕੈਲੋ ਨੂੰ ਗੋਲੂ ਬਾਰੇ ਪੁੱਛਣ ਦੀ ਜ਼ਰੂਰਤ ਹੀ ਨਾ ਪਈ।

'ਭੈਣੇ ਤੂੰ ਟੀਕਾ ਟੂਕਾ ਲਵਾ ਲੈ। ਕੰਮ ਕਰਨ ਨੂੰ ਤਾਂ ਮੈਂ ਨਿੱਕੀ ਨੂੰ ਭੇਜ ਦਿੰਨੀ ਆਂ। ਤੂੰ ਪੈ ਜਾ ... 'ਰਾਮ ਕਰ। ਇੱਕ ਤਾਂ ਆਹ ਨਪੁੱਤੇ ਦੀ ਕਨੋਨਾ ਕਨੂਨਾ ਨਵੀਂ ਬਿਮਾਰੀ ਚੱਲ ਪੀ ਲੋਕਾਂ ਦੀਆਂ ਗੱਲਾਂ ਸੁਣ ਸੁਣ ਕੇ ਈ ਦਿਲ ਬੈਠਣ ਲੱਗ ਜਾਂਦੈ।'

ਕੈਲੋ ਕਾਹਲੇ ਕਦਮੀਂ ਆਪਣੇ ਘਰੇ ਆ ਗਈ ਉਸ ਨੇ ਨਿੱਕੀ ਨੂੰ ਕੰਮ ਕਰਨ ਲਈ ਗੋਲੂ ਦੇ ਘਰੇ ਭੇਜ ਦਿੱਤਾ। ਰੁਲਦੂ ਅੰਦਰ ਬੈਠਾ ਦੰਦ ਕਰੀਚ ਰਿਹਾ ਸੀ। ਕੈਲੋ ਨੇ ਅੰਦਰ ਜਾ ਕੇ ਰੁਲਦੂ ਨੂੰ ਰੋਟੀਆਂ ਦੇਣ ਬਾਰੇ ਦੱਸ ਦਿੱਤਾ।

'ਪਰ ਉਹਨੇ ਲੁਕੋਈਆਂ ਕਿਉਂ? ਨਾਲ਼ੇ ਮੈਨੂੰ ਦੇਖਣ ਸਾਰ ਭਜਾ 'ਤਾ।'

'ਓਹਨੂੰ ਪਤੈ, ਬਈ ਮੇਰਾ ਪਿਓ ਕਿਸੇ ਨੂੰ ਪਿੰਡੇ ਦੀ ਜੂੰ ਦੇ ਕੇ ਤਾਂ ਰਾਜੀ ਨੀ; ਡਰਗੀ ਹੋਊ ਬੀ ਤੂੰ ਕਲੇਸ਼ ਕਰੇਂਗਾ ਫੇਰ।'

'ਟਰੰਕ ਕਿਉਂ ਖੋਲਿਆ ਫੇਰ?'

ਇਸ ਗੱਲ ਨੇ ਕੈਲੋ ਨੂੰ ਵੀ ਥੋੜਾ ਫਿਕਰ ਵਿੱਚ ਪਾ ਦਿੱਤਾ। ਬਿਸਤਰਿਆਂ ਵਾਲੇ ਮੰਜੇ ਦੀ ਖੱਲ ਵਿੱਚ ਟਰੰਕ ਪਿਆ ਹੋਇਆ ਸੀ। ਕੈਲੋ ਬੁੜਬੁੜ ਕਰਦੀ ਪਹਿਲਾਂ ਬਿਸਤਰੇ ਸੁਆਰੇ ਕਰ ਕੇ ਰੱਖਣ ਲੱਗੀ। ਬਿਸਤਰੇ ਵਿੱਚੋਂ ਰੇਤਾ ਜਿਹਾ ਝੜਿਆ।

'ਬਿਸਤਰੇ ਤਾਂ ਝਾੜ ਕੇ ਰੱਖ ਦਿਆ ਕਰੋ।' ਕੈਲੋ ਨੇ ਰੁਲਦੂ ਨੂੰ ਖਿਝਦਿਆਂ ਆਖਿਆ।

'ਤੂੰ ਜਿਹੜਾ ਕੰਮ ਕਰਨੈ ਉਹ ਕਰ ਪਹਿਲਾਂ।' ਰੁਲਦੂ ਵੀ ਅੱਗੋਂ ਖਿਝ ਕੇ ਪਿਆ।

ਕੈਲੋ ਨੇ ਕੁੱਜੇ ਵਿੱਚੋਂ ਚਾਬੀ ਚੁੱਕੀ, ਟਰੰਕ ਨੂੰ ਲੱਗੀ ਜਿੰਦੀ ਖੋਲਣ ਲੱਗੀ। ਪਰ ਉਹ ਤਾਂ ਪਹਿਲਾਂ ਹੀ ਖੁੱਲੀ ਹੋਈ ਸੀ।

'ਆਹ ਦੇਖ ਲੈ; ਜਿੰਦੀ ਵੀ ਖੁੱਲੀ ਹੋਈ ਐ।' ਰੁਲਦੂ ਨੂੰ ਆਪਣੀ ਗੱਲ ਦਾ ਜਿਵੇਂ ਸਬੂਤ ਮਿਲ ਗਿਆ ਹੋਵੇ।

'ਦੇਖ ਕੇ ਕੋਈ ਮੁੰਡਾ; ਜਿਹਾ ਜਾ ਵੀ ਮਿਲਦਾ ਇਸ ਕੁੜੀ ਦਾ ਰੱਸਾ ਤਾਂ ਲਬੇਟ ਦਿੰਨੇ ਆਂ ਐਤਕੀਂ।'

'ਤੂੰ ਚੁੱਪ ਕਰ ਕੇ ਖੜਾ ਰਹਿ।'

'ਤੂੰ ਟਰੰਕ ਵਿੱਚ ਸਮਾਨ ਦੇਖ।'

ਦੋਵੇਂ ਇੱਕ ਦੂਜੇ ਨੂੰ ਖਿਝ ਖਿੱਝ ਪੈ ਰਹੇ ਸਨ।

'ਟਰੰਕ ਵਿੱਚ ਦੱਸ ਤੇਰਾ ਕੀ ਰੱਖਿਆ ਹੋਇਆ, ਦੋ ਚਾਰ ਕੱਪੜੇ ਨੇ।' ਟਰੰਕ ਫਰੋਲਦਿਆਂ ਕੈਲੋ ਬੋਲ ਰਹੀ ਸੀ। ਪਰ ਅੰਦਰੋਂ ਉਹ ਵੀ ਡਰੀ ਹੋਈ ਸੀ।

'ਸਾਰਾ ਸਮਾਨ ਪਿਆ ਐ, ਆਹ ਇੱਕ ਦੋ ਚਾਂਦੀ ਦੀਆਂ ਟੂੰਮੜੀਆਂ ਕਰਾ ਕੇ ਰੱਖੀਆਂ ਹੋਈਆਂ ਨੇ, ਉਹ ਵੀ ਪਈਆਂ ਨੇ।' ਕੈਲੋ ਇੱਕ ਦਮ ਤ੍ਰਭਕੀ। ਟਰੰਕ ਖੁੱਲਾ ਛੱਡ ਕੇ ਉਸ ਨੇ ਕੁੜੀ ਦਾ ਬਿਸਤਰਾ ਝਾੜਿਆ। ਭੋਰਾ ਚੂਰਾ ਜਿਹਾ ਝੜਿਆ। ਉਸ ਨੇ ਉਂਗਲੀਆਂ ਨਾਲ ਚੁੱਕ ਕੇ ਦੇਖਿਆ। ਉਸ ਦੇ ਚਿਹਰੇ ਦੇ ਹਾਵ-ਭਾਵ ਬਦਲ ਰਹੇ ਸਨ।

'ਕੀ ਡਰਾਮੇ ਜੇ ਕਰੀ ਜਾਨੀ ਐਂ, ਦੱਸ ਤਾਂ ਸਈ ਕੀ ਨੀ ਹੈਗਾ ਏਹਦੇ 'ਚ?'

ਕੈਲੋ ਨੇ ਟਰੰਕ ਵਿੱਚੋਂ ਬਿਸਕੁਟਾਂ ਦੀ ਡੱਬੀ ਕੱਢੀ ਜੋ ਆਏ ਗਏ ਵਾਸਤੇ ਲੁਕੋ ਕੇ ਰੱਖੀ ਹੋਈ ਸੀ। ਡੱਬੀ ਖੁੱਲੀ ਹੋਈ ਸੀ।

'ਕੀ ਹੋਇਆ?' ਰੁਲਦੂ ਨੇ ਕਾਹਲੀ ਵਿੱਚ ਪੁੱਛਿਆ।

'ਤੂੰ ਅਜੇ ਵੀ ਨੀ ਸਮਝਿਆ? ਨਿੱਕੀ ਨੇ ਆਪਣੀਆਂ ਰੋਟੀਆਂ ਗੋਲੂ ਨੂੰ ਦੇ 'ਤੀਆਂ ਤੇ ਆਪ ਸਾਰੀ ਰਾਤ ਭੁੱਖੀ, ਓ ਮੇਰਿਆ ਰੱਬਾ ਇਸ ਪਾਪੀ ਨੇ ਕੀ ਕੁਫਰ ਤੋਲਿਆ।' ਕੈਲੋ ਉੱਥੇ ਹੀ ਕੰਧ ਨਾਲ ਢੋਅ ਲਾ ਕੇ ਬੈਠ ਗਈ ਤੇ ਰੁਲਦੂ ਬਾਹਰ ਨੂੰ ਖਿਸਕ ਗਿਆ।

# ਆਖ਼ਿਰ ਪੰਜਾਬ ਖੇਡ ਵਿਭਾਗ ਨੂੰ ਮਿਲ ਹੀ ਗਿਆ ਅਸਲ ਓਲੰਪੀਅਨ

## ਓਲੰਪੀਅਨ ਰਜਿੰਦਰ ਸਿੰਘ ਨੇ ਸੰਭਾਲੀ ਪੰਜਾਬ ਦੇ ਚੀਫ਼ ਕੋਚ ਦੀ ਕਮਾਨ



**ਜਗਰੂਪ ਸਿੰਘ ਜਰਖੜ**
**+91-9814300722**

ਪੰਜਾਬ ਖੇਡ ਵਿਭਾਗ ਵਿਚ ਹੁਣ ਤਕ ਜੁਗਾੜੀਆਂ ਅਤੇ ਹੰਕਾਰੀਆਂ ਦਾ ਹੀ ਦਬਦਬਾ ਰਿਹਾ ਹੈ ਇਸੇ ਕਰਕੇ ਪੰਜਾਬ ਖੇਡਾਂ ਦੇ ਖੇਤਰ ਵਿੱਚ ਅੱਗੇ ਨਹੀਂ ਵਧ ਸਕਿਆ, ਕਿਉਂਕਿ ਜਿੱਥੇ ਜੁਗਾੜ ਅਤੇ ਉੱਪਰੋਂ ਹੰਕਾਰ ਬੋਲਦਾ ਹੋਵੇ ਉੱਥੇ ਕਿਸੇ ਤਰੱਕੀ ਦੀ ਤਵੱਜੋ ਵੀ ਨਹੀਂ ਕੀਤੀ ਜਾ ਸਕਦੀ। ਖੇਡਾਂ ਦੀ ਤਰੱਕੀ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਪੰਜਾਬ ਇੰਸਟੀਚਿਊਟ ਆਫ ਸਪੋਰਟਸ (ਪੀ ਆਈ ਐਸ) ਦੀ ਕਮਾਂਡ ਪਹਿਲਾਂ ਇਕ ਆਪੇ ਬਣੇ ਓਲੰਪੀਅਨ ਖਿਡਾਰੀ ਕੋਲ ਸੀ ਅਤੇ ਉਸ ਦਾ ਕੰਮ ਕਰਨ ਦਾ ਤੌਰ ਤਰੀਕਾ ਵੀ ਸਹੀ ਨਹੀਂ ਸੀ ਪਰ ਪੰਜਾਬ ਦੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਵੱਡੇ ਪੱਧਰ 'ਤੇ ਵਿਭਾਗ ਦੀ ਸਫਾਈ ਅਤੇ ਰੱਦੋਬਦਲ ਕਰਦਿਆਂ ਆਖ਼ਰ ਓਲੰਪੀਅਨ ਰਾਜਿੰਦਰ ਸਿੰਘ (1984 ਲਾਸ ਏਂਜਲਸ ਓਲੰਪਿਕ) ਨੂੰ ਪੰਜਾਬ ਹਾਕੀ ਦਾ ਚੀਫ ਕੋਚ ਬਣਨ ਦਾ ਨਿਯੁਕਤੀ ਪੱਤਰ ਦਿੰਦਿਆਂ ਉਸ ਨੂੰ ਭਵਿੱਖ ਵਿੱਚ ਕਾਮਯਾਬੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

ਓਲੰਪੀਅਨ ਰਾਜਿੰਦਰ ਸਿੰਘ ਜੋ ਭਾਰਤੀ ਹਾਕੀ ਟੀਮ ਦੇ ਚੀਫ ਕੋਚ ਵੀ ਰਹੇ ਹਨ ਅਤੇ ਜਿਨਾਂ ਨੂੰ ਹਾਕੀ ਦੀਆਂ ਵੱਡੀਆਂ ਪ੍ਰਾਪਤੀਆਂ ਬਦਲੇ ਦਰੋਣਾਚਾਰੀਆ ਐਵਾਰਡ ਨਾਲ ਭਾਰਤ ਸਰਕਾਰ ਨੇ ਸਨਮਾਨਤ ਵੀ ਕੀਤਾ । 20 ਸਾਲ ਜੇ ਕਰੀਬ ਕੌਮੀ ਹਾਕੀ ਖੇਡਣ ਤੋਂ ਇਲਾਵਾ ਰਾਜਿੰਦਰ ਸਿੰਘ ਨੇ ਅੰਤਰਰਾਸ਼ਟਰੀ ਪੱਧਰ ਤੇ 1982 ਏਸ਼ੀਅਨ ਖੇਡਾਂ, 1982 ਏਸੰਡਾ ਵਿਸ਼ਵ ਹਾਕੀ ਚੈਪੀਅਨਸ਼ਿਪ, 1983 ਚੈਂਪੀਅਨਜ਼ ਟਰਾਫੀ, 1984 ਲਾਸ ਏਂਜਲਸ ਓਲੰਪਿਕ, 1985 ਢਾਕਾ ਏਸ਼ੀਆ ਹਾਕੀ ਕੱਪ ਅਤੇ ਕਈ ਹੋਰ ਪ੍ਰਮੁੱਖ ਟੂਰਨਾਮੈਂਟਾਂ ਵਿੱਚ ਭਾਰਤੀ ਹਾਕੀ ਟੀਮ ਦੀ ਨੁਮਾਇੰਦਗੀ ਕੀਤੀ ਅਤੇ ਤਮਗੇ ਜਿੱਤੇ। ਓਲੰਪੀਅਨ ਰਾਜਿੰਦਰ ਸਿੰਘ ਦੇ ਅੰਤਰਰਾਸ਼ਟਰੀ ਹਾਕੀ ਕੈਰੀਅਰ ਵਿਚ ਬਰੇਕ ਉਸ ਵੇਲੇ ਲੱਗ ਗਈ ਜਦੋਂ 1985 ਢਾਕਾ ਏਸ਼ੀਆ ਕੱਪ ਦੇ ਫਾਈਨਲ ਮੈਚ ਵਿਚ ਪਾਕਿਸਤਾਨ ਵਿਰੁੱਧ ਇੱਕ ਵਿਵਾਦਿਤ ਗੋਲ ਤੇ ਜਾਪਾਨ ਦੇ ਰੈਫਰੀ ਨਾਲ ਝਗੜਾ ਹੋ ਗਿਆ ਸੀ ਜਿਸ ਦੇ ਬਦਲੇ ਕੌਮਾਂਤਰੀ ਹਾਕੀ ਸੰਘ ਨੇ ਭਾਰਤੀ ਹਾਕੀ ਟੀਮ ਦੇ 5 ਖਿਡਾਰੀਆਂ ਤੇ ਅੰਤਰਰਾਸ਼ਟਰੀ ਪੱਧਰ 'ਤੇ ਹਾਕੀ ਖੇਡਣ ਦੀ ਪਾਬੰਦੀ ਲਗਾ ਦਿੱਤਾ ਸੀ ਪਰ ਉਸਨੇ ਨੇ



ਕੌਮੀ ਪੱਧਰ 'ਤੇ ਲੰਬਾ ਅਰਸਾ ਹਾਕੀ ਖੇਡਦਿਆਂ ਪੰਜਾਬ ਪੁਲਿਸ ਅਤੇ ਪੰਜਾਬ ਐਂਡ ਸਿੰਧ ਬੈਂਕ ਦੇ ਵਿੱਚ ਆਪਣੀ ਵਿਲੱਖਣ ਪਛਾਣ ਪੈਦਾ ਕਰਦਿਆਂ ਜੂਨੀਅਰ ਰਾਜਿੰਦਰ ਸਿੰਘ ਵਜੋਂ ਇਕ ਵੱਡਾ ਨਾਮਣਾ ਖੱਟਿਆ। ਓਲੰਪੀਅਨ ਰਾਜਿੰਦਰ ਸਿੰਘ ਦਾ ਬੇਟਾ ਜਸਕਰਨ ਸਿੰਘ ਵੀ ਇਸ ਵੇਲੇ ਭਾਰਤੀ ਹਾਕੀ ਟੀਮ ਦਾ ਪ੍ਰਮੁੱਖ ਮੈਂਬਰ ਹੈ। ਉਹ ਵੀ 2021 ਟੋਕੀਓ ਓਲੰਪਿਕ ਦੀ ਤਿਆਰੀ ਵਿੱਚ ਰੁੱਝਿਆ ਹੋਇਆ ਹੈ। ਰਾਜਿੰਦਰ ਸਿੰਘ ਜੂਨੀਅਰ ਦੀਆਂ ਹਾਕੀ ਪ੍ਰਾਪਤੀਆਂ ਨੂੰ ਜਿੱਥੇ ਪੰਜਾਬ ਦੇ ਹਾਕੀ ਪ੍ਰੇਮੀਆਂ ਵੱਲੋਂ ਇਕ ਵੱਡਾ ਸਲਾਮ ਹੈ ਉਥੇ ਪੰਜਾਬ ਸਰਕਾਰ ਕੈਪਟਨ ਅਮਰਿੰਦਰ ਸਿੰਘ ਅਤੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਵੀ ਉਸ ਦੀਆਂ ਪ੍ਰਾਪਤੀਆਂ ਦੇ ਕਦਰਦਾਨ ਹੁੰਦਿਆਂ ਉਨਾਂ ਨੂੰ ਪੰਜਾਬ ਹਾਕੀ ਦੀ ਕਮਾਨ ਸੰਭਾਲੀ ਹੈ ਜਿਸ ਦੇ ਬਦਲੇ ਸੁਰਜੀਤ ਹਾਕੀ ਸੁਸਾਇਟੀ ਵੀ ਵਧਾਈ ਦੀ ਪਾਤਰ ਹੈ ਜਿਸ ਨੇ ਆਪਣੇ ਠੋਸ ਉਪਰਾਲਿਆਂ ਨਾਲ ਨਾ ਸਿਰਫ਼ ਪੰਜਾਬ ਹਾਕੀ ਨੂੰ ਜ਼ਿੰਦਾ ਰੱਖਿਆ ਹੋਇਆ ਹੈ। ਉਨਾਂ ਦੀ ਹਿੰਮਤ ਅਤੇ ਲਗਨ ਦੇ ਨਾਲ ਜਿੱਥੇ ਜਲੰਧਰ ਵਿਖੇ ਨਵੀਂ ਐਸਟਰੋਟਰਫ਼ ਦਾ ਨਿਰਮਾਣ ਹੋਇਆ ਉਥੇ ਰਾਜਿੰਦਰ ਸਿੰਘ ਦੀ ਨਿਯੁਕਤੀ ਵਿਚ ਵੀ ਉਨਾਂ ਦੀ ਵੱਡੀ ਘਾਲਣਾ ਹੈ। ਇਸ ਮੌਕੇ ਸੁਰਜੀਤ ਹਾਕੀ ਸੁਸਾਇਟੀ ਦੇ ਪ੍ਰਮੁੱਖ ਅਹੁਦੇਦਾਰ ਸ੍ਰੀ ਘਨਸ਼ਿਆਮ ਥੋਰੀ ਡਿਪਟੀ ਕਮਿਸ਼ਨਰ ਜਲੰਧਰ, ਇਕਬਾਲ ਸਿੰਘ ਸੰਧੂ, ਸੁਰਿੰਦਰ ਸਿੰਘ ਭਾਪਾ ਰੇਲਵੇ, ਓਲੰਪੀਅਨ ਸੰਜੀਵ ਕੁਮਾਰ, ਦਰੋਣਾਚਾਰੀਆ ਐਵਾਰਡੀ ਕੋਚ ਬਲਦੇਵ ਸਿੰਘ, ਓਲੰਪੀਅਨ ਹਰਦੀਪ ਸਿੰਘ ਗਰੇਵਾਲ, ਓਲੰਪੀਅਨ ਬਲਵਿੰਦਰ ਸਿੰਘ ਸ਼ੰਮੀ, ਅੰਤਰਰਾਸ਼ਟਰੀ ਹਾਕੀ ਸਟਾਰ ਲਖਵਿੰਦਰ ਸਿੰਘ ਲੱਖਾ, ਅਮਰੀਕ ਸਿੰਘ ਪਵਾਰ ਤੋਂ ਇਲਾਵਾ ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਆਦਿ ਹੋਰਾਂ ਨੇ ਵੀ ਓਲੰਪੀਅਨ ਰਜਿੰਦਰ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਨਵੀਂ ਜ਼ਿੰਮੇਵਾਰੀ ਤੇ ਵਧਾਈ ਦਿੱਤੀ ਹੈ।

**ਪ੍ਰਮਾਤਮਾ ਓਲੰਪੀਅਨ ਰਾਜਿੰਦਰ ਸਿੰਘ ਨੂੰ ਵੱਡੀਆਂ ਤਰੱਕੀਆਂ ਦੇਵੇ, ਪੰਜਾਬ ਦੀ ਹਾਕੀ ਹੋਰ ਬੁਲੰਦੀਆਂ 'ਤੇ ਜਾਵੇ। ਰੱਬ ਰਾਖਾ!**

# ਟੋਕੀਓ ਓਲੰਪਿਕ ਲਈ ਭਾਰਤੀ ਮਹਿਲਾ ਹਾਕੀ ਟੀਮ ਦਾ ਐਲਾਨ

## ਅੱਠ ਖਿਡਾਰਨਾਂ ਕਰਨਗੀਆਂ ਓਲੰਪਿਕ ਵਿਚ ਸ਼ੁਰੂਆਤ

**ਬੈਂਗਲੁਰੂ/ਏ.ਟੀ.ਨਿਊਜ਼** : ਭਾਰਤ ਨੇ 23 ਜੁਲਾਈ ਤੋਂ 8 ਅਗਸਤ ਤੱਕ ਚੱਲਣ ਵਾਲੀਆਂ ਟੋਕੀਓ ਓਲੰਪਿਕ ਖੇਡਾਂ ਲਈ 16 ਮੈਂਬਰੀ ਬੀਬੀਆਂ ਦੀ ਹਾਕੀ ਟੀਮ ਚੁਣੀ ਜਿਸ ਵਿਚ ਅੱਠ ਖਿਡਾਰਣਾਂ ਓਲੰਪਿਕ ਵਿਚ ਸ਼ੁਰੂਆਤ ਕਰਨਗੀਆਂ, ਜਦਕਿ ਇੰਨੀਆਂ ਹੀ ਤਜਰਬੇਕਾਰ ਖਿਡਾਰਨਾਂ ਸ਼ਾਮਲ ਹਨ। ਟੀਮ ਵਿਚ ਨੌਜਵਾਨ ਤੇ ਤਜਰਬੇਕਾਰ ਖਿਡਾਰਨਾਂ ਦਾ ਚੰਗਾ ਮੇਲ ਹੈ ਤੇ ਅੱਠ ਖਿਡਾਰਨਾਂ 2016 ਰੀਓ ਓਲੰਪਿਕ ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੀਆਂ ਹਨ। ਭਾਰਤੀ ਮਹਿਲਾ ਹਾਕੀ ਟੀਮ ਦੀ ਕਪਤਾਨੀ ਦੀ ਜ਼ਿੰਮੇਵਾਰੀ ਸਟਾਰ ਸਟ੍ਰਾਈਕਰ ਰਾਣੀ ਰਾਮਪਾਲ ਸੰਭਾਲੇਗੀ। ਟੋਕੀਓ ਓਲੰਪਿਕ ਲਈ ਇਸ ਟੀਮ ਵਿਚ ਹਰਿਆਣਾ ਦੀਆਂ ਨੌਂ ਖਿਡਾਰਨਾਂ ਦੀ ਚੋਣ ਹੋਈ ਹੈ ਜਿਸ ਵਿਚ ਰਾਣੀ ਰਾਮਪਾਲ (ਕੁਰੂਕਸ਼ੇਤਰ), ਨਵਨੀਤ (ਕੁਰੂਕਸ਼ੇਤਰ) ਨਵਜੋਤ (ਕੁਰੂਕਸ਼ੇਤਰ), ਨੇਹਾ (ਸੋਨੀਪਤ), ਨਿਸ਼ਾ (ਸੋਨੀਪਤ), ਮੋਨਿਕਾ (ਸੋਨੀਪਤ), ਸਵਿਤਾ (ਹਿਸਾਰ), ਉਦਿਤਾ (ਹਿਸਾਰ) ਤੇ ਸ਼ਰਮੀਲਾ (ਹਿਸਾਰ) ਸ਼ਾਮਲ ਹਨ। ਓਲੰਪਿਕ ਵਿਚ ਸ਼ੁਰੂਆਤ ਕਰਨ ਵਾਲੀਆਂ ਅੱਠ ਖਿਡਾਰਨਾਂ ਡ੍ਰੈਗ ਫਲਿੱਕਰ ਗੁਰਜੀਤ ਕੌਰ, ਉਦਿਤਾ, ਨਿਸ਼ਾ, ਨੇਹਾ, ਨਵਨੀਤ ਕੌਰ, ਸ਼ਰਮੀਲਾ ਦੇਵੀ, ਲਾਲਰੇਮਸਿਆਮੀ ਤੇ ਸਲੀਮਾ ਟੇਟੇ ਹਨ। ਪਿਛਲੇ ਓਲੰਪਿਕ ਵਿਚ ਟੀਮ ਦਾ ਹਿੱਸਾ ਰਹੀਆਂ ਅੱਠ ਤਜਰਬੇਕਾਰ ਖਿਡਾਰਨਾਂ ਵਿਚ ਕਪਤਾਨ ਰਾਣੀ ਤੋਂ ਇਲਾਵਾ ਗੋਲਕੀਪਰ ਸਵਿਤਾ, ਦੀਪ ਗ੍ਰੇਸ ਏੱਕਾ, ਸੁਸ਼ੀਲਾ ਚਾਨੂ ਪੁਖਰਾਮਬਾਮ, ਮੋਨਿਕਾ, ਨਿੱਕੀ ਪ੍ਰਧਾਨ, ਨਵਜੋਤ ਕੌਰ ਤੇ ਵੰਦਨਾ ਕਟਾਰੀਆ ਸ਼ਾਮਲ ਹਨ। ਟੀਮ ਵਿਚ ਸਿਰਫ਼ ਇਕ ਗੋਲਕੀਪਰ ਸਵਿਤਾ ਹੈ।



**ਮਾਝੇ ਦੀ ਗੁਰਜੀਤ ਕੌਰ ਟੋਕੀਓ ਓਲੰਪਿਕ ਵਿਚ** ਜਾਪਾਨ ਦੇ ਸ਼ਹਿਰ ਟੋਕੀਓ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚ ਮਹਿਲਾ ਹਾਕੀ ਟੀਮ ਦੀਆਂ ਖਿਡਾਰਨਾਂ ਦੀ ਸੂਚੀ ਵਿਚ ਪੰਜਾਬ ਦੀ ਗੁਰਜੀਤ ਕੌਰ ਨੂੰ ਸ਼ਾਮਲ ਕੀਤਾ ਗਿਆ ਹੈ। ਅੰਮ੍ਰਿਤਸਰ ਜ਼ਿਲੇ ਦੀ ਤਹਿਸੀਲ ਅਜਨਾਲਾ ਵਿਚ ਪੈਂਦੇ ਪਿੰਡ ਮਨਿਆਦੀਆ ਕਲਾਂ ਦੀ ਜੰਮਪਲ ਗੁਰਜੀਤ ਕੌਰ ਇਸ ਵੇਲੇ ਐੱਨਸੀਆਰ ਰੇਲਵੇ ਵਿਚ ਨੌਕਰੀ ਕਰ ਰਹੀ ਹੈ ਤੇ ਇਨੀਂ ਦਿਨੀਂ ਬੰਗਲੁਰੂ ਵਿਚ ਇੰਡੀਆ ਮਹਿਲਾ ਹਾਕੀ ਟੀਮ ਦੇ ਕੈਂਪ 'ਚ ਅਭਿਆਸ ਕਰ ਰਹੀ ਹੈ। ਫੋਨ 'ਤੇ ਗੱਲਬਾਤ ਕਰਦਿਆਂ ਗੁਰਜੀਤ ਕੌਰ ਨੇ ਦੱਸਿਆ ਕਿ 2018 ਵਿਚ ਉਹ ਵਰਲਡ ਕੱਪ ਤੇ ਏਸ਼ੀਅਨ ਖੇਡਾਂ ਲਈ ਚੁਣੀ ਗਈ ਭਾਰਤੀ ਮਹਿਲਾ ਟੀਮ ਦੀ ਵੀ ਮੈਂਬਰ ਸੀ।

ਉਸ ਨੇ ਆਪਣਾ ਹਾਕੀ ਦਾ ਸਫਰ 2006 ਵਿਚ ਗਰਲਜ਼ ਸਪੋਰਟਸ ਵਿੰਗ ਕੈਰੋਂ ਜ਼ਿਲਾ ਤਰਨਤਾਰਨ ਤੋਂ ਆਰੰਭ ਕੀਤਾ ਤੇ ਜ਼ਿਲਾ ਪੱਧਰੀ ਮੁਕਾਬਲਿਆਂ ਤੋਂ ਬਾਅਦ ਸਟੇਟ ਤੇ ਫਿਰ ਨੈਸ਼ਨਲ ਪੱਧਰ 'ਤੇ ਹਾਕੀ ਦੇ ਕਈ ਟੂਰਨਾਮੈਂਟਾਂ ਵਿਚ ਆਪਣੀ ਹਾਕੀ ਦਾ ਹੁਨਰ ਦਿਖਾਇਆ। ਵਧੀਆ ਖੇਡ ਸਦਕਾ ਗੁਰਜੀਤ ਕੌਰ ਕੌਮਾਂਤਰੀ ਪੱਧਰ ਦੇ ਕਈ



*ਗੁਰਜੀਤ ਕੌਰ*

ਟੂਰਨਾਮੈਂਟਾਂ ਵਿਚ ਸ਼ਮੂਲੀਅਤ ਕਰ ਚੁੱਕੀ ਹੈ। ਗੁਰਜੀਤ ਕੌਰ ਨੇ ਕਿਹਾ ਕਿ ਉਸ ਦਾ ਸੁਪਨਾ ਸੀ ਕਿ ਉਹ ਓਲੰਪਿਕ ਖੇਡਾਂ 'ਚ ਭਾਰਤੀ ਟੀਮ ਦੀ ਨੁਮਾਇੰਦਗੀ ਕਰੇ ਪਰ ਉਸ ਦਾ ਸੁਪਨਾ ਪੂਰਾ ਉਦੋਂ ਹੋਵੇਗਾ ਜਦੋਂ ਭਾਰਤੀ ਮਹਿਲਾ ਹਾਕੀ ਟੀਮ ਓਲੰਪਿਕ ਖੇਡਾਂ 'ਚੋਂ ਤਮਗਾ ਜਿੱਤ ਕੇ ਵਾਪਸ ਪਰਤੇਗੀ।

ਗੁਰਜੀਤ ਕੌਰ ਇਸ ਸਮੇਂ ਭਾਰਤੀ ਮਹਿਲਾ ਹਾਕੀ ਟੀਮ ਦੀ ਇਕੋ ਇਕ ਡਰੈਗ ਫਲਿੱਕਰ ਤੇ ਸੀਨੀਅਰ ਖਿਡਾਰਨ ਹੈ ਉਸ ਤੋਂ ਉਲੰਪਿਕ ਖੇਡਾਂ ਵਿਚ ਬੇਹਤਰੀਨ ਖੇਡ ਦੀ ਆਸ ਕੀਤੀ ਜਾ ਰਹੀ ਹੈ।

# ਗੋਲਡ ਮੈਡਲ ਜੇਤੂ ਸਾਈਕਲਿਸਟ ਝੋਨਾ ਲਾਉਣ ਲਈ ਹੋਈ ਮਜ਼ਬੂਰ

## ਸਰਕਾਰ ਤੇ ਰਾਜਨੀਤਕ ਪਾਰਟੀਆਂ ਮਦਦ ਕਰਨ ਤੋਂ ਇਨਕਾਰੀ



**ਸੰਗਰੂਰ/ਏ.ਟੀ.ਨਿਊਜ਼** : ਸੂਬਾ ਪੱਧਰ ਤੇ ਕਈ ਗੋਲਡ ਮੈਡਲ ਜਿੱਤਣ ਵਾਲੀ ਸਾਈਕਲਿਸਟ ਬਲਜੀਤ ਕੌਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੈ।ਘਰ ਦੀ ਆਰਥਿਕ ਤੰਗੀ ਕਾਰਨ ਉਹ ਆਪਣੀ ਗੇਮ ਜਾਰੀ ਰੱਖਣ ਵਿੱਚ ਅਸਮਰਥ ਹੈ ਅਤੇ ਇੰਨੀ ਦਿਨੀਂ ਆਪਣੀ ਮਾਤਾ ਨਾਲ ਝੋਨਾ ਲਗਾ ਕੇ ਘਰ ਦਾ ਗੁਜ਼ਾਰਾ ਕਰਨ ਨੂੰ ਮਜਬੂਰ ਹੈ। ਬਲਜੀਤ ਕੌਰ ਕਾਂਗਰਸੀ ਨੇਤਾ ਵਿਜੈਇੰਦਰ ਸਿੰਗਲਾ, ਆਪ ਦੇ ਐਮਪੀ ਭਗਵੰਤ ਮਾਨ ਅਤੇ ਜ਼ਿਲਾ ਪ੍ਰਸ਼ਾਸਨ ਨੂੰ ਵੀ ਮਿਲ ਚੁੱਕੀ ਹੈ।ਪਰ ਕਿਸੇ ਨੇ ਉਸਦੇ ਅਜੇ ਤੱਕ ਬਾਂਹ ਨਹੀਂ ਫੜੀ। ਦੁਖੀ ਤੇ ਪ੍ਰੇਸ਼ਾਨ ਬਲਜੀਤ ਕੌਰ ਦਾ ਕਹਿਣਾ ਹੈ ਕਿ ਉਹ ਆਪਣੇ ਸਾਰੇ ਤਮਗੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵਾਪਸ ਮੋੜ ਦੇਵੇਗੀ ਕਿਉਂਕਿ ਮੈਡਲਾਂ ਨਾਲ ਉਸਦਾ ਘਰ ਨਹੀਂ ਚੱਲ ਰਿਹਾ।

ਬਲਜੀਤ ਕੌਰ ਨੇ 44 ਗੋਲਡ ਅਤੇ ਕਈ ਸਿਲਵਰ ਮੈਡਲ ਜਿੱਤੇ ਹਨ। ਬਲਜੀਤ ਦੇ ਪਿਤਾ ਦਾ ਦੇਹਾਂਤ ਹੋ ਚੁੱਕਾ ਹੈ ਉਸਦੇ ਮਾਤਾ ਜੋ ਥੋੜਾ ਬਹੁਤ ਕਮਾਉਂਦੇ ਹਨ ਉਸ ਨਾਲ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਲ ਹੈ। ਇਸ ਕਾਰਨ ਬਲਜੀਤ ਨੂੰ ਚੰਗੀ ਡਾਇਟ ਵੀ ਨਹੀਂ ਮਿਲਦੀ।

ਤੁਹਾਨੂੰ ਦੱਸ ਦੇਈਏ ਕਿ ਸੰਗਰੂਰ ਤੇ ਸਾਰੇ ਵੱਡੇ ਫਲਾਈਓਵਰਾਂ ਤੇ ਬਲਜੀਤ ਕੌਰ ਦੀ ਤਸਵੀਰ ਵੀ ਲੱਗੀ ਹੈ। ਜੋ ਸਰਕਾਰ ਨੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਣਾ ਦੇਣ ਲਈ ਬਣਾਈ ਹੈ। ਸ਼ਾਇਦ ਪ੍ਰਸ਼ਾਸਨ ਨੇ ਇਹ ਤਸਵੀਰ ਸਿਰਫ ਆਪਣੀ ਇੱਜਤ ਬਚਾਉਣ ਲਈ ਲਗਾਈ ਹੈ, ਕਿਉਂਕਿ ਖਿਡਾਰਨ ਦੀ ਅਸਲ ਤਸਵੀਰ ਤਾਂ ਕੁੱਝ ਹੋਰ ਹੀ ਬਿਆਨ ਕਰ ਰਹੀ ਹੈ।

ਬਲਜੀਤ ਕੌਰ ਨੇ ਦੱਸਿਆ ਕਿ ਉਹ 5 ਸਾਲ ਤੋਂ ਸਾਈਕਲਿੰਗ ਕਰ ਰਹੀ ਹੈ ਅਤੇ ਉਹ ਸਟੇਟ ਲੈਵਲ ਤੇ 4 ਗੋਲਡ ਮੈਡਲ, 3 ਸਿਲਵਰ ਅਤੇ ਕਈ ਬਰੌਂਜ਼ ਮੈਡਲ ਜਿੱਤ ਚੁੱਕੀ ਹੈ।



## ਮੌਜੂਦਾ ਕਾਂਗਰਸੀ ਫੁਟ...

ਉਂਜ ਵੀ ਦੇਸ਼ ਭਰ ਵਿੱਚ ਕਾਂਗਰਸ ਦਾ ਜੋ ਹਾਲ ਹੋ ਰਿਹਾ ਹੈ, ਉਸ ਅਨੁਸਾਰ ਰਾਸ਼ਟਰੀ ਪੱਧਰ ਦੀ ਪਾਰਟੀ ਕਾਂਗਰਸ ਆਪਣਾ ਅਧਾਰ ਵੱਖੋ-ਵੱਖਰੇ ਰਾਜਾਂ ਵਿੱਚ ਗੁਆ ਰਹੀ ਹੈ। ਮੌਜੂਦਾ ਸਮੇਂ ਵਿੱਚ ਪੱਛਮੀ ਬੰਗਾਲ ਵਿੱਚ ਉਹ ਲਗਭਗ ਸਮੇਟੀ ਹੀ ਗਈ ਹੈ। ਉਸ ਦੇ ਅਧਾਰ ਨੂੰ ਯੂ.ਪੀ., ਅਸਾਮ ਅਤੇ ਕੇਰਲਾ ਵਿੱਚ ਵੱਡਾ ਖੋਰਾ ਲੱਗਿਆ ਹੈ। ਕਾਂਗਰਸ ਤਾਂ ਕੁਝ ਛੋਟੇ ਰਾਜਾਂ ਵਿੱਚ ਹੀ ਦਿਖਾਈ ਦੇ ਰਹੀ ਹੈ ਅਤੇ ਇਸ ਹਾਲਤ ਵਿੱਚ ਉਹ ਪੰਜਾਬ ਕਾਂਗਰਸ ਨੂੰ ਹੱਥੋਂ ਨਹੀਂ ਗੁਆਉਣਾ ਚਾਹੁੰਦੀ। ਹੋ ਸਕਦਾ ਹੈ ਕਿ ਜਿਵੇਂ ਰਾਜਸਥਾਨ ਵਿੱਚ ਹਾਈ ਕਮਾਂਡ ਨੇ ਸ਼ਾਂਤੀ ਕਮੇਟੀ ਬਣਾਈ, ਉਸ ਨੂੰ ਹੁਣ ਤੱਕ ਲਟਕਦਿਆਂ ਰੱਖਿਆ ਅਤੇ ਕਾਬਜ਼ ਧਿਰ ਨੂੰ ਰਾਜ ਕਰਨ ਦਾ ਮੌਕਾ ਦਿੱਤੀ ਰੱਖਿਆ ਹੋਇਆ ਹੈ, ਉਸੇ ਤਰਾਂ ਪੰਜਾਬ ਵਿੱਚ ਵੀ 'ਸ਼ਾਂਤੀ ਕਮੇਟੀ' ਇਸੇ ਕਿਸਮ ਦਾ ਵਰਤਾਰਾ ਕਰੇ ਅਤੇ ਹਰੇਕ ਨੂੰ ਖ਼ੁਸ਼ ਰੱਖਣ ਦੀ ਐਕਟਿੰਗ ਪ੍ਰਧਾਨ ਸੋਨੀਆ ਗਾਂਧੀ ਦੀ ਪਾਲਿਸੀ ਤਹਿਤ ਹੁਣ ਵਾਲੀ ਸਥਿਤੀ ਨੂੰ ਲਟਕਾਅ ਵਿੱਚ ਰੱਖੇ। ਲਟਕਾਅ ਵਾਲੀ ਇਹੋ ਜਿਹੀ ਸਥਿਤੀ ਬਿਨਾਂ ਸ਼ੱਕ ਕਾਂਗਰਸ ਨੂੰ ਪੰਜਾਬ ਵਿੱਚ ਕਮਜ਼ੋਰ ਕਰੇਗੀ। ਕੈਪਟਨ ਅਮਰਿੰਦਰ ਸਿੰਘ ਨੂੰ ਖੁੱਲ ਕੇ ਕੰਮ ਕੀਤੇ ਜਾਣ ਦੀ ਇਜਾਜ਼ਤ ਵਿੱਚ ਅੜਿੱਕਾ ਪਾਏਗੀ।

ਫਿਰ ਵੀ ਇਸ ਵੇਲੇ ਦੇ ਪੰਜਾਬ ਕਾਂਗਰਸ ਦੇ ਘਮਸਾਨ ਨੂੰ ਹੱਲ ਕਰਨ ਲਈ ਕਈ ਫਾਰਮੂਲੇ ਕੱਢਣ ਦੀ ਕਵਾਇਦ ਜਾਰੀ ਹੈ, ਜਿਸ ਵਿੱਚ ਨਵਜੋਤ ਸਿੰਘ ਨੂੰ ਉਪ ਮੁੱਖ ਮੰਤਰੀ ਬਣਾਉਣਾ ਅਤੇ ਕਿਸੇ ਹੋਰ ਦਲਿਤ ਐੱਮ ਐੱਲ ਏ ਜਾਂ ਮੁੱਖ ਮੰਤਰੀ ਨੂੰ ਦੂਜਾ ਉਪ ਮੁੱਖ ਮੰਤਰੀ ਬਣਾਉਣਾ। ਸੁਨੀਲ ਜਾਖੜ ਪ੍ਰਧਾਨ ਦੇ ਨਾਲ ਦੋ ਵਰਕਿੰਗ ਪ੍ਰਧਾਨ ਜਿਨਾਂ ਵਿੱਚ ਇੱਕ ਹਿੰਦੂ ਚਿਹਰਾ ਅਤੇ ਇੱਕ ਦਲਿਤ ਚਿਹਰਾ ਸ਼ਾਮਲ ਕਰਨਾ ਹੋ ਸਕਦਾ ਹੈ। ਮੰਤਰੀਆਂ ਨੂੰ ਚੰਗੇ ਮਹਿਕਮੇ ਦੇਣਾ ਵੀ ਇਸ ਵਿੱਚ ਸ਼ਾਮਲ ਹੈ। ਪਰ ਜਿਵੇਂ ਹੈ ਕਿ ਕੈਪਟਨ ਅਮਰਿੰਦਰ ਸਿੰਘ ਜਿਵੇਂ ਆਪਣੇ ਵਿਰੋਧੀਆਂ ਦੇ ਚੰਗੇ-ਮਾੜੇ ਕੰਮਾਂ ਦੀ ਲਿਸਟ ਤੇ ਰਿਪੋਰਟਾਂ, ਅਤੇ ਆਪਣੀ ਸਰਕਾਰ ਦੇ ਕੀਤੇ ਕੰਮਾਂ ਦੀ ਕਾਰਗੁਜ਼ਾਰੀ ਕਮੇਟੀ ਸਾਹਮਣੇ ਪੇਸ਼ ਕਰਕੇ ਆਏ ਹਨ, ਉਸ ਤੋਂ ਜਾਪਦਾ ਹੈ ਕਿ ਵਿਰੋਧੀ ਨੇਤਾਵਾਂ ਦੀ ਕੋਈ ਗੱਲ ਮੰਨੀ ਨਹੀਂ ਜਾਏਗੀ, ਸਿਰਫ਼ ਉਹਨਾਂ ਨੂੰ ਨੁਕਰੇ ਲਾ ਕੇ ਰੱਖਣ ਦਾ ਵਰਤਾਰਾ ਜਾਰੀ ਰਹੇਗਾ।

ਉਂਜ ਕਾਂਗਰਸ ਹਾਈ ਕਮਾਂਡ ਵਲੋਂ ਜਿਸ ਢੰਗ ਨਾਲ ਸੂਬਾ ਕਾਂਗਰਸ ਦੇ ਪੁਨਰਗਠਨ ਨੂੰ ਲਟਕਾਇਆ ਗਿਆ ਹੈ ਅਤੇ ਪਾਰਟੀ ਅੰਦਰ ਆਪਸੀ ਟਰਕਾਅ ਅਤੇ ਵਿਰੋਧ ਨੂੰ ਤਿੱਖੇ ਹੋਣ ਦਿੱਤਾ ਗਿਆ, ਉਸ ਕਾਰਨ ਦੋਵਾਂ ਧੜਿਆਂ ਵਿੱਚ ਪਾਰਟੀ ਹਾਈ ਕਮਾਂਡ ਦੀ ਕਾਰਗੁਜ਼ਾਰੀ ਸਬੰਧੀ ਨਾ-ਖੁਸ਼ੀ ਹੈ। ਸੰਭਾਵਨਾ ਇਸ ਗੱਲ ਦੀ ਵੀ ਹੋ ਸਕਦੀ ਹੈ ਕਿ ਕਾਂਗਰਸ ਦੇ ਨਾਰਾਜ਼ ਧੜੇ ਦੇ ਕੁਝ ਨੇਤਾ ਮਜਬੂਰਨ ਪਾਰਟੀ ਛੱਡ ਦੇਣ। ਇਹ ਵੀ ਸੰਭਵ ਹੈ ਕਿ ਭਾਜਪਾ ਕਾਂਗਰਸ ਨੂੰ ਦੋਫਾੜ ਕਰਨ ਵਿੱਚ ਵੱਡੀ ਭੂਮਿਕਾ ਨਿਭਾਏ ਅਤੇ ਪੱਛਮੀ ਬੰਗਾਲ ਵਾਂਗ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਸਮੇਤ ਕਾਂਗਰਸ, ਆਪਣੇ ਖੇਮੇ ਵਿੱਚ ਕਰ ਲਵੇ ਅਤੇ ਵਿਧਾਨ ਸਭਾ ਚੋਣਾਂ ਲੜੇ। ਹਾਲ ਦੀ ਘੜੀ ਤਾਂ ਕਿਸਾਨ ਅੰਦੋਲਨ ਕਾਰਨ ਭਾਜਪਾ ਪ੍ਰਤੀ ਪੰਜਾਬੀਆਂ ਵਿੱਚ ਵੱਡਾ ਗੁੱਸਾ ਹੈ। ਪਰ ਜੇਕਰ ਭਾਜਪਾ ਕਿਸਾਨਾਂ ਨਾਲ ਸਮਝੌਤਾ ਕਰਦੀ ਹੈ ਤਾਂ ਉਸਦੀ ਇਹ ਯੋਜਨਾ ਸਿਰੇ ਚੜ ਸਕਦੀ ਹੈ।

ਪੰਜਾਬ ਕਾਂਗਰਸ ਦਾ ਮੌਜੂਦਾ ਸੰਕਟ ਪੰਜਾਬ ਦੇ ਸਿਆਸੀ ਖਲਾਅ ਵਿੱਚ ਹੋਰ ਵਾਧਾ ਕਰ ਰਿਹਾ ਹੈ। ਇਹ ਕਿਸੇ ਵੀ ਤਰਾਂ ਪੰਜਾਬ ਦੇ ਹਿਤ ਵਿੱਚ ਨਹੀਂ ਜਾਪਦਾ। ਬਿਨਾਂ ਸ਼ੱਕ ਪੰਜਾਬ ਸਰਕਾਰ ਦੀਆਂ ਨਾਕਾਮੀਆਂ ਕਾਂਗਰਸ ਦੇ ਸਾਹਮਣੇ ਪੇਸ਼ ਆ ਰਹੀਆਂ ਹਨ, ਉਸਦੀ ਸਥਿਤੀ ਪੰਜਾਬ ਵਿੱਚ ਖਰਾਬ ਕਰ ਰਹੀਆਂ ਹਨ। ਪਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਇਸ ਭੈੜੀ ਹੋ ਰਹੀ ਕਾਂਗਰਸ ਦੀ ਸਥਿਤੀ ਵਿੱਚ ਪੰਜਾਬ ਦੀ ਕੋਈ ਵੀ ਹੋਰ ਰਾਜਨੀਤਕ ਧਿਰ ਲਾਹਾ ਲੈਣ ਲਈ ਯਤਨਸ਼ੀਲ ਹੋਈ ਨਹੀਂ ਦਿਖ ਰਹੀ।

## ਕਿਸਾਨੀ ਬਚਾਉਣ ਲਈ...

ਕੇਰਲਾ ਵਿਚ ਕਾਮਰੇਡ ਅਛੂਤਾ ਨੰਦਨ ਦੀ ਸਰਕਾਰ ਵਲੋਂ 'ਕੇਰਲਾ ਕਿਸਾਨ ਕਰਜ਼ਾ ਰਾਹਤ ਕਮਿਸ਼ਨ ਐਕਟ-2006' ਦੇ ਪੈਟਰਨ 'ਤੇ ਸਾਰੇ ਦੇਸ਼ ਵਿਚ ਅਜਿਹੇ ਐਕਟ ਪਾਸ ਕੀਤੇ ਜਾਣ। ਚੇਤੇ ਰਹੇ ਕਿ ਕੇਰਲਾ ਵਿਚ ਇਸ ਐਕਟ ਦੇ ਲਾਗੂ ਹੋਣ ਨਾਲ ਕਿਸਾਨੀ ਖ਼ੁਦਕੁਸ਼ੀਆਂ ਦਾ ਅਮਲ ਪੂਰੀ ਤਰਾਂ ਰੁਕ ਗਿਆ ਸੀ। ਕਿਸਾਨ ਲਹਿਰ ਨੂੰ ਕਰਜ਼ਾ ਮੁਕਤੀ ਦਾ ਮੁੱਦਾ ਪ੍ਰਮੁੱਖਤਾ ਨਾਲ ਏਜੰਡੇ 'ਤੇ ਰੱਖਣਾ ਹੋਵੇਗਾ।

ਇਹ ਇਕ ਪ੍ਰਵਾਨਿਤ ਤੱਥ ਹੈ ਕਿ ਹਰੇ ਇਨਕਲਾਬ ਦੀ ਚੜਤ ਦੇ ਦੌਰ ਵਿਚ ਕੇਂਦਰੀ ਸਰਕਾਰ ਵਲੋਂ ਲਾਗੂ ਕੀਤੀ ਗਈ ਘੱਟੋ-ਘੱਟ ਸਹਾਇਕ ਕੀਮਤ ਪ੍ਰਣਾਲੀ ਅਤੇ ਕਿਸਾਨੀ ਜਿਣਸਾਂ ਦੀ ਸਰਕਾਰੀ ਖ਼ਰੀਦ ਪ੍ਰਣਾਲੀ ਨੇ ਖੇਤੀ ਦੇ ਵਿਕਾਸ ਅਤੇ ਕਿਸਾਨੀ ਦੇ ਸੰਕਟ ਨੂੰ ਘੱਟ ਕਰਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਸੀ। ਪਰ ਨਾਲ ਹੀ ਇਹ ਵੀ ਓਨਾ ਹੀ ਪ੍ਰਵਾਨਿਤ ਤੱਥ ਹੈ ਕਿ ਭਾਵੇਂ ਇਹ ਦੋਵੇਂ ਪ੍ਰਣਾਲੀਆਂ ਸਾਰੇ ਦੇਸ਼ ਲਈ ਅਤੇ ਸਾਰੀਆਂ ਕਿਸਾਨੀ ਜਿਣਸਾਂ ਲਈ ਅਪਣਾਈਆਂ ਗਈਆਂ ਸਨ ਪਰ ਇਹ ਅਮਲੀ ਤੌਰ 'ਤੇ ਕੇਵਲ ਪੰਜਾਬ ਅਤੇ ਹਰਿਆਣਾ ਵਿਚ ਹੀ ਲਾਗੂ ਕੀਤੀਆਂ ਗਈਆਂ ਅਤੇ ਕੇਵਲ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਤੱਕ ਹੀ ਇਨਾਂ ਨੂੰ ਸੀਮਤ ਰੱਖਿਆ ਗਿਆ। ਬਾਕੀ ਸੂਬਿਆਂ ਅਤੇ ਦੂਸਰੀਆਂ ਫ਼ਸਲਾਂ ਵਾਸਤੇ ਇਨਾਂ ਨੂੰ ਪ੍ਰਭਾਵਸ਼ਾਲੀ ਨਹੀਂ ਬਣਾਇਆ ਗਿਆ। ਸਮਾਂ ਪੈਣ ਤੋਂ ਬਾਅਦ ਖ਼ਾਸ ਕਰਕੇ ਸਾਮਰਾਜਵਾਦੀ ਨੀਤੀਆਂ ਲਾਗੂ ਕਰਨ ਦੇ ਦੌਰ ਵਿਚ ਇਨਾਂ ਤੋਂ ਕੇਂਦਰੀ ਸਰਕਾਰਾਂ ਨੇ ਪੈਰ ਪਿੱਛੇ ਖਿੱਚਣੇ ਸ਼ੁਰੂ ਕਰ ਦਿੱਤੇ ਅਤੇ ਅੱਜਕਲ ਸਰਕਾਰੀ ਨੀਤੀਆਂ ਇਨਾਂ ਨੂੰ ਤਬਾਹ ਕਰਨ ਦੇ ਰਾਹ 'ਤੇ ਚੱਲ ਰਹੀਆਂ ਹਨ। ਇਨਾਂ ਪਿਛਲਖੁਰੀ ਕਦਮਾਂ ਨੇ ਕਿਸਾਨੀ ਅਤੇ ਖੇਤੀ ਦੇ ਸੰਕਟ ਨੂੰ ਜ਼ਿਆਦਾ ਗੰਭੀਰ ਬਣਾਉਣ ਵਿਚ ਅਹਿਮ ਹਿੱਸਾ ਪਾਇਆ। ਕਿਸਾਨੀ ਸੰਕਟ ਦੇ ਇਸ ਭਿਆਨਕ ਦੌਰ ਵਿਚ ਇਨਾਂ ਦੋਵਾਂ ਪ੍ਰਣਾਲੀਆਂ ਨੂੰ ਨਾ ਕੇਵਲ ਜਾਰੀ ਰੱਖਣਾ ਹੀ ਜ਼ਰੂਰੀ ਹੈ ਸਗੋਂ ਹੋਰ ਪ੍ਰਭਾਵਸ਼ਾਲੀ ਬਣਾਉਣਾ ਵੀ ਲਾਜ਼ਮੀ ਹੈ। ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪਹਿਲੀ ਮੰਗ ਤਾਂ ਇਹ ਹੈ ਕਿ 'ਘੱਟੋ-ਘੱਟ ਸਹਾਇਕ ਕੀਮਤ ਪ੍ਰਣਾਲੀ' ਨੂੰ 'ਲਾਭਕਾਰੀ ਕੀਮਤ ਪ੍ਰਣਾਲੀ' ਵਿਚ ਬਦਲਿਆ ਜਾਵੇ ਅਤੇ ਇਨਾਂ ਪ੍ਰਣਾਲੀਆਂ ਨੂੰ ਸਾਰੇ ਪ੍ਰਾਂਤਾਂ ਵਿਚ ਅਤੇ ਸਾਰੀਆਂ ਫ਼ਸਲਾਂ ਵਾਸਤੇ ਲਾਗੂ ਕੀਤਾ ਜਾਵੇ। ਲਾਭਕਾਰੀ ਕੀਮਤਾਂ ਤੈਅ ਕਰਨ ਲਈ ਡਾਕਟਰ ਸਵਾਮੀਨਾਥਨ ਫਾਰਮੂਲਾ (ਲਾਗਤ ਖਰਚਾ+50 ਫ਼ੀਸਦੀ ਲਾਭ) ਲਾਗੂ ਕੀਤਾ ਜਾਵੇ। ਇਨਾਂ ਦੋਵਾਂ ਪ੍ਰਣਾਲੀਆਂ ਨੂੰ ਲਾਗੂ ਨਾ ਕਰਨ ਦੀ ਸੂਰਤ ਵਿਚ ਪ੍ਰਾਈਵੇਟ ਵਪਾਰੀ, ਵਿਸ਼ੇਸ਼ ਹਿਤ ਅਤੇ ਸਾਮਰਾਜਵਾਦੀ ਬਾਜ਼ਾਰ ਦੀਆਂ ਸ਼ਕਤੀਆਂ ਸਾਰੀਆਂ ਕਿਸਾਨੀ ਜਿਣਸਾਂ ਨੂੰ ਕੌਡੀਆਂ ਦੇ ਭਾਅ ਲੁੱਟ ਕੇ ਲੈ ਜਾਣਗੀਆਂ। ਇਹ ਮੁੱਦਾ ਪਹਿਲੇ ਸਮਿਆਂ ਨਾਲੋਂ ਵੀ ਵੱਧ ਸ਼ਿੱਦਤ ਨਾਲ ਕਿਸਾਨ ਲਹਿਰ ਦੇ ਏਜੰਡੇ ਤੇ ਅਤਿ ਮਹੱਤਵਪੂਰਨ ਮੁੱਦੇ ਦੇ ਤੌਰ 'ਤੇ ਰੱਖਣਾ ਲਾਜ਼ਮੀ ਹੈ।

ਦੇਸ਼ੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਧੱਕੇਸ਼ਾਹੀ ਨਾਲ ਕਿਸਾਨਾਂ ਦੀਆਂ ਜ਼ਮੀਨਾਂ ਐਕੁਵਾਇਅਰ ਕਰਕੇ ਕੇਂਦਰੀ ਅਤੇ ਸੂਬਾਈ ਸਰਕਾਰਾਂ ਵਲੋਂ ਦੇਣ ਅਤੇ ਇਸ ਮੰਤਵ ਲਈ ਕਾਨੂੰਨਾਂ ਵਿਚ ਕਿਸਾਨ ਵਿਰੋਧੀ ਅਤੇ ਲੋਕ ਵਿਰੋਧੀ ਤਬਦੀਲੀਆਂ ਕਰਨ ਦੇ ਮੁੱਦੇ ਪਿਛਲੇ ਕੁਝ ਸਾਲਾਂ ਤੋਂ ਭਖੇ ਹੋਏ ਹਨ। ਕਿਸਾਨ ਲਹਿਰ ਨੂੰ ਇਨਾਂ ਮੁੱਦਿਆਂ 'ਤੇ ਸੰਘਰਸ਼ ਜਾਰੀ ਰੱਖਣੇ ਚਾਹੀਦੇ ਹਨ। ਸਰਕਾਰੀ ਜ਼ਮੀਨਾਂ ਕੌਡੀਆਂ ਦੇ ਭਾਅ 'ਤੇ ਇਨਾਂ ਲੋਟੂ ਟੋਲਿਆਂ ਨੂੰ ਦੇਣ ਦਾ ਵੀ ਕਿਸਾਨ ਲਹਿਰ ਨੂੰ ਵਿਰੋਧ ਕਰਨਾ ਚਾਹੀਦਾ ਹੈ ਤੇ ਇਹ ਜ਼ਮੀਨਾਂ ਬੇਜ਼ਮੀਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਵੰਡਣ ਦੀ ਮੰਗ ਕਰਨੀ ਚਾਹੀਦੀ ਹੈ।

ਜਿਵੇਂ ਕਿ ਅਸੀਂ ਇਸ ਲਿਖਤ ਦੇ ਪਹਿਲੇ ਹਿੱਸਿਆਂ ਵਿਚ ਨੋਟ ਕਰ ਚੁੱਕੇ ਹਾਂ ਕਿ ਪੈਦਾਵਾਰੀ ਰਿਸ਼ਤਿਆਂ ਵਿਚ ਤਬਦੀਲੀਆਂ ਆ ਜਾਣ ਕਾਰਨ ਕੁੱਲ ਕਿਸਾਨੀ ਵਸੋਂ ਦਾ 35 ਫ਼ੀਸਦੀ ਹਿੱਸਾ ਬੇਜ਼ਮੀਨਾਂ ਕਿਸਾਨ ਹੁਣ ਉਜਰਤੀ ਮਜ਼ਦੂਰ ਅਰਥਾਤ ਖੇਤ ਮਜ਼ਦੂਰ ਬਣ ਚੁੱਕਾ ਹੈ ਅਤੇ ਇਸ ਹਿੱਸੇ ਦੀਆਂ ਆਪਣੀਆਂ ਵਿਸ਼ੇਸ਼ ਮੰਗਾਂ ਅਤੇ ਸਮੱਸਿਆਵਾਂ ਹਨ। ਖੇਤ ਮਜ਼ਦੂਰਾਂ ਦੇ ਮੁੱਦਿਆਂ ਨੂੰ ਕਿਸਾਨ ਲਹਿਰ ਨੂੰ ਸਦਾ ਦੀ ਤਰਾਂ ਆਪਣੇ ਏਜੰਡੇ ਤੇ ਕਿਸਾਨੀ ਲਹਿਰ ਦੀਆਂ ਮੰਗਾਂ ਦੇ ਤੌਰ 'ਤੇ ਰੱਖਣਾ ਹੋਵੇਗਾ। ਪੱਛਮੀ ਬੰਗਾਲ, ਕੇਰਲਾ, ਤ੍ਰਿਪੁਰਾ ਵਰਗੇ ਪ੍ਰਾਂਤਾਂ ਜਿਥੇ ਸ਼ਕਤੀਸ਼ਾਲੀ ਕਿਸਾਨ ਲਹਿਰਾਂ ਸਦਕਾ ਅਤੇ ਇਨਾਂ ਲਹਿਰਾਂ ਦੇ ਸਿੱਟੇ ਵਜੋਂ ਲੰਬੇ ਸਮੇਂ ਲਈ ਅਤੇ ਵਾਰ-ਵਾਰ ਬਣਦੀਆਂ ਖੱਬੇ ਪੱਖੀ ਸਰਕਾਰਾਂ ਦੀਆਂ ਨੀਤੀਆਂ ਸਦਕਾ ਜ਼ਮੀਨੀ ਸੁਧਾਰਾਂ ਦਾ ਅਮਲ ਵੱਡੇ ਪੱਧਰ 'ਤੇ ਪੂਰਾ ਹੋ ਚੁੱਕਾ ਹੈ, ਵਿਚ ਜ਼ਮੀਨੀ ਸੁਧਾਰਾਂ ਅਰਥਾਤ ਵੰਡ ਹੋ ਚੁੱਕੀਆਂ ਜ਼ਮੀਨਾਂ ਦੀ ਰਾਖੀ ਇਕ ਵੱਡਾ ਮੁੱਦਾ ਬਣਦਾ ਜਾ ਰਿਹਾ ਹੈ। ਇਨਾਂ ਜ਼ਮੀਨਾਂ ਨੂੰ ਹੜੱਪਣ ਅਤੇ ਮੁੜ ਹੜੱਪਣ ਲਈ ਵਿਦੇਸ਼ੀ ਤੇ ਦੇਸ਼ੀ ਕਾਰਪੋਰੇਟ ਘਰਾਣੇ ਅਤੇ ਪੁਰਾਣੇ ਜਗੀਰਦਾਰੀ ਟੋਲੇ ਅੱਖਾਂ ਰੱਖੀ ਬੈਠੇ ਹਨ ਅਤੇ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ। ਇਨਾਂ ਖੇਤਰਾਂ ਵਿਚ ਜ਼ਮੀਨ ਦੀਆਂ ਜੋਤਾਂ ਬਹੁਤ ਛੋਟੀਆਂ ਹਨ ਅਤੇ ਛੋਟੀਆਂ ਜੋਤਾਂ ਵਿਚ ਖੇਤੀਬਾੜੀ ਦੇ ਵਿਕਾਸ ਲਈ ਵੱਡੇ ਪੈਮਾਨੇ 'ਤੇ ਸਰਕਾਰੀ ਨਿਵੇਸ਼ ਅਤੇ ਸਰਕਾਰੀ ਸਹਾਇਤਾ ਦੀ ਲੋੜ ਹੈ। ਸਸਤੇ ਸਿੰਚਾਈ ਸਾਧਨ, ਸਸਤੀ ਮਸ਼ੀਨਰੀ, ਸਸਤੀਆਂ ਖਾਦਾਂ, ਬੀਜ, ਦਵਾਈਆਂ, ਸੰਚਾਰ ਸਾਧਨ, ਮੰਡੀਕਰਨ ਦੀਆਂ ਸਹੂਲਤਾਂ, ਖੇਤ ਮਜ਼ਦੂਰਾਂ ਨੂੰ ਯੋਗ ਉਜਰਤਾਂ ਅਤੇ ਜੀਵਨ ਸਹੂਲਤਾਂ, ਬਟਾਈਦਾਰਾਂ (ਬਰਗੇਦਾਰਾਂ) ਦੇ ਹੱਕਾਂ ਹਿੱਤਾਂ ਦੀ ਰਾਖੀ, ਸਬਸਿਡੀਆਂ ਵਿਚ ਲੋੜੀਂਦਾ ਵਾਧਾ ਕਰਕੇ ਜਨਤਕ ਵੰਡ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਮਜ਼ਬੂਤ ਕਰਨਾ ਜ਼ਰੂਰੀ ਹੈ। ਖੇਤੀ ਖੇਤਰ ਤੋਂ ਰੁਜ਼ਗਾਰ ਦਾ ਭਾਰ ਘੱਟ ਕਰਨਾ ਇਨਾਂ ਖੇਤਰਾਂ ਲਈ ਇਕ ਅਤਿ ਮਹੱਤਵਪੂਰਨ ਅਤੇ ਜ਼ਰੂਰੀ ਮੁੱਦਾ ਬਣ ਚੁੱਕਾ ਹੈ ਕਿਉਂਕਿ ਖੇਤੀਬਾੜੀ ਖੇਤਰ ਅਤੇ ਜ਼ਮੀਨ ਹੁਣ ਵਾਲੀ ਸਥਿਤੀ ਤੋਂ ਵੱਧ ਰੁਜ਼ਗਾਰ ਦਾ ਭਾਰ ਨਹੀਂ ਚੁੱਕ ਸਕਦੇ। ਰੁਜ਼ਗਾਰ ਦੇ ਨਵੇਂ ਮੌਕੇ, ਨਵੇਂ ਸਾਧਨ ਅਤੇ ਨਵੇਂ ਖੇਤਰ ਪੈਦਾ ਕਰਨੇ ਜ਼ਰੂਰੀ ਹੋ ਚੁੱਕੇ ਹਨ। ਖੇਤੀ ਆਧਾਰਿਤ ਸਨਅਤੀਕਰਨ ਇਸ ਮਸਲੇ ਦੇ ਹੱਲ ਲਈ ਸਭ ਤੋਂ ਵੱਡਾ ਖੇਤਰ ਹੈ ਅਤੇ ਇਸ ਦਾ ਕੋਈ ਹੋਰ ਬਰਾਬਰ ਦਾ ਬਦਲ ਨਹੀਂ ਹੈ।

## 'ਸਾਹਾਂ ਦੀ ਡੋਰ ਦੇ ਰਿਸ਼ਤੇ'

ਕਿਉਂਕਿ ਸਮੇਂ ਨਾਲ ਹਾਲਾਤ ਬਦਲ ਜਾਂਦੇ ਹਨ। ਇਸ ਲਈ ਆਪਦੀ ਔਲਾਦ ਦੀ ਜਾਇਦਾਦ ਬਣਾਉਣ ਲਈ ਕਦੇ ਵੀ ਤੰਗ ਨਾ ਹੋਵੋ, ਉਹ ਆਪਦੇ ਲਈ ਆਪ ਬਣਾਉਣ (ਗੋਰਿਆਂ ਵਾਲਾ ਨੁਕਤਾ)।

ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨਾ, ਸਿੱਖੀ ਸਿਧਾਂਤ ਤੇ ਚੱਲਦਿਆਂ ਜ਼ਰੂਰਤਮੰਦ ਦੀ ਮਦਦ ਕਰਨਾ, ਮਦਦ ਲੈਣਾ ਅਤੇ ਸਮਾਜ ਨੂੰ ਖੁਸ਼ਹਾਲ ਬਣਾਉਣ ਲਈ ਹਰ ਵੇਲੇ ਤਿਆਰ ਬਰ ਤਿਆਰ ਰਹਿਣਾ, ਇਹ ਸਿੰਘ-ਕੌਰ ਦੀ ਜਾਇਦਾਦ ਹੋਣੀ ਚਾਹੀਦੀ ਕਿਉਂਕਿ ਅੰਤ ਵੇਲੇ ਮਕਾਨ, ਕਾਰ, ਪਲਾਟ, ਸੋਨਾ, ਬੈਂਕ ਵਿਚਲਾ ਪੈਸਾ ਨਾਲ ਨਹੀਂ ਜਾਂਦਾ।

ਦੋਸਤੋ, ਅਰਦਾਸ ਕਰਿਓ ਭਾਪਾ ਜੀ ਪੂਰੀ ਤਰਾਂ ਤੰਦਰੁਸਤ ਹੋ ਕੇ ਸਾਡੇ ਕੋਲ ਯੂ.ਕੇ. ਆਉਣ। ਇਹ ਸਾਡੀ ਸਾਹਾਂ ਦੀ ਡੋਰ ਦੇ ਰਿਸ਼ਤੇ ਅਨਮੋਲ ਖਜ਼ਾਨੇ ਨੇ ਜੋ ਕੋਈ ਚੋਰੀ ਨਹੀਂ ਕਰ ਸਕਦਾ।

## ਮਿਲਖਾ ਸਿੰਘ ਅਤੇ ਉਹਨਾਂ..

ਤੋਂ ਤੁਰ ਜਾਣਾ ਸਮੁੱਚੇ ਭਾਈਚਾਰੇ ਅਤੇ ਖੇਡ ਪ੍ਰੇਮੀਆਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ ।ਇਹਨਾਂ ਦੋ ਮਹਾਨ ਖਿਡਾਰੀਆਂ ਦੇ ਸੰਸਾਰ ਤੋਂ ਤੁਰ ਜਾਣ ਤੇ ਸਿੱਖ ਪੰਚਾਇਤ ਵੱਲੋ ਪਰਿਵਾਰ ਨਾਲ ਅਤੇ ਸਮੁੱਚੇ ਖੇਡ ਜਗਤ ਨਾਲ ਹਮਦਰਦੀ ਪ੍ਰਗਟਾਉਂਦਿਆਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਦੋਹਾਂ ਜੀਵ ਆਤਮਾਵਾਂ ਨੂੰ ਆਪਣੇ ਚਰਨਾਂ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਚੜ੍ਹਦੀ ਕਲਾ ਦਾ ਬਲ ਬਖਸ਼ਣ !!

## ਦੁਨੀਆਂ ਦੇ ਸਮੁੰਦਰੀ ...

ਇਸ ਹਾਦਸੇ ਦਾ ਕਾਰਨ ਬਣੀਆਂ ਹਨ। ਐੱਮ.ਵੀ. ਐਵਰਗਿਵਨ ਇੱਕ ਬਹੁਤ ਹੀ ਵਿਸ਼ਾਲ ਜਹਾਜ਼ (400 ਮੀਟਰ ਲੰਬਾ) ਹੈ। ਜਦੋਂ ਅਜਿਹਾ ਵਿਸ਼ਾਲ ਜਹਾਜ਼ ਸਮੁੰਦਰ ਵਿੱਚ ਚੱਲਦਾ ਹੈ ਤਾਂ ਉਸ ਵੱਲੋਂ ਹਟਾਇਆ ਪਾਣੀ ਇੱਕ ਦਮ ਵਾਪਸ ਆ ਜਾਂਦਾ ਹੈ। ਪਰ ਜਦੋਂ ਉਹ ਸੁਏਜ਼ ਨਹਿਰ ਵਰਗੇ ਛੋਟੇ ਜਲ ਖੇਤਰ ਵਿੱਚ ਚੱਲਦਾ ਹੈ ਤਾਂ ਪਾਣੀ ਐਨੀ ਜਲਦੀ ਵਾਪਸ ਨਹੀਂ ਆਉਂਦਾ ਤੇ ਪ੍ਰੋਪੈਲਰ ਦੇ ਨਜ਼ਦੀਕ ਇੱਕ ਖਲਾ ਪੈਦਾ ਹੋ ਜਾਂਦਾ ਹੈ ਜਿਸ ਨਾਲ ਜਹਾਜ਼ ਸੱਜੇ ਖੱਬੇ ਡੋਲਣ ਲੱਗ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਸਟਾਫ ਵਾਸਤੇ ਜਹਾਜ਼ ਸੰਭਾਲਣਾ ਔਖਾ ਹੋ ਜਾਂਦਾ ਹੈ ਤੇ ਐੱਮ.ਵੀ. ਐਵਰਗਿਵਨ ਵਰਗੀ ਸਥਿਤੀ ਪੈਦਾ ਹੋ ਸਕਦੀ ਹੈ। ਅੱਗੇ ਤੋਂ ਅਜਿਹਾ ਹਾਦਸਾ ਨਾ ਵਾਪਰੇ, ਇਸ ਲਈ ਵਿਸ਼ਵ ਭਰ ਦੇ ਜਹਾਜ਼ਰਾਨੀ ਮਾਹਰਾਂ ਨੂੰ ਵਿਚਾਰ ਕਰਨਾ ਪਏਗਾ।

**ਪਨਾਮਾ ਨਹਿਰ**

ਇਸ ਨਹਿਰ ਦੀ ਲੰਬਾਈ 82 ਕਿ.ਮੀ., ਚੌੜਾਈ 150 ਮੀਟਰ ਤੋਂ 300 ਮੀਟਰ ਅਤੇ ਔਸਤ ਡੂੰਘਾਈ 13 ਮੀਟਰ ਹੈ। ਪਨਾਮਾ ਦੇਸ਼ ਵਿੱਚ ਬਣਾਈ ਗਈ ਇਹ ਨਹਿਰ ਇੰਜੀਨਅਰਿੰਗ ਕਲਾ ਦਾ ਅਦਭੁਤ ਨਮੂਨਾ ਹੈ ਤੇ ਅਟਲਾਂਟਿਕ ਸਾਗਰ ਅਤੇ ਪੈਸੇਫਿਕ ਸਾਗਰ ਨੂੰ ਆਪਸ ਵਿੱਚ ਜੋੜਦੀ ਹੈ। ਇਸਦੇ ਬਣਨ ਨਾਲ ਸਮੁੰਦਰੀ ਜਹਾਜ਼ਾਂ ਨੂੰ ਅਮਰੀਕਾ ਦੇ ਨਿਊਯਾਰਕ ਤੋਂ ਸਾਨ ਫਰਾਂਸਿਸਕੋ ਪਹੁੰਚਣ ਲਈ ਦੱਖਣੀ ਅਮਰੀਕਾ ਦੇ ਉੱਪਰੋਂ ਦੀ ਜਾਣ ਦਾ 8 ਹਜ਼ਾਰ ਕਿ.ਮੀ. ਦਾ ਸਫਰ ਘਟ ਗਿਆ ਹੈ। ਪਨਾਮਾ ਨਹਿਰ ਦੇ ਨਿਰਮਾਣ ਦੀ ਸ਼ੁਰੂਆਤ ਵੀ ਸੁਏਜ਼ ਨਹਿਰ ਦਾ ਨਿਰਮਾਣ ਕਰਨ ਵਾਲੇ ਫਰਾਂਸੀਸੀ ਇੰਜਨੀਅਰ ਫਰਡੀਨੈਂਡ ਡੀ ਲੈਸੇਪਜ਼ ਨੇ 1881 ਈਸਵੀ ਵਿੱਚ ਸੁਏਜ਼ ਨਹਿਰ ਦੀ ਸਫਲਤਾ ਤੋਂ ਉਤਸ਼ਾਹਿਤ ਹੋ ਕੇ ਕੀਤੀ ਸੀ। ਪਰ ਮਿਸਰ ਅਤੇ ਪਨਾਮਾ ਦੇ ਮੌਸਮ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਇਹ ਨਹਿਰ ਪਨਾਮਾ ਦੇ ਬਰਸਾਤੀ ਜੰਗਲਾਂ ਵਿੱਚ ਬਣੀ ਹੈ, ਇਸ ਲਈ ਫਰਾਂਸੀਸੀ ਮਲੇਰੀਆ ਅਤੇ ਯੈਲੋ ਬੁਖਾਰ ਦਾ ਮੁਕਾਬਲਾ ਨਾ ਕਰ ਸਕੇ ਤੇ 1904 ਵਿੱਚ ਸਾਰਾ ਪ੍ਰੋਜੈਕਟ 4 ਕਰੋੜ ਡਾਲਰ ਵਿੱਚ ਅਮਰੀਕਾ ਨੂੰ ਵੇਚ ਦਿੱਤਾ। ਅਮਰੀਕਾ ਨੇ ਪਨਾਮਾ ਕੈਨਾਲ ਕੰਪਨੀ ਦੀ ਸਥਾਪਨਾ ਕੀਤੀ ਤੇ 1914 ਵਿੱਚ ਨਹਿਰ ਦਾ ਨਿਰਮਾਣ ਪੂਰਾ ਕਰ ਕੇ ਆਵਾਜਾਈ ਲਈ ਖੋਲ੍ਹ ਦਿੱਤੀ।

1999 ਵਿੱਚ ਅਮਰੀਕਾ ਨੇ ਨਹਿਰ ਦਾ ਕਬਜ਼ਾ ਪਨਾਮਾ ਨੂੰ ਦੇ ਦਿੱਤਾ ਅਤੇ ਹੁਣ ਇਸਦਾ ਕੰਟਰੋਲ ਪਨਾਮਾ ਦੀ ਸਰਕਾਰੀ ਕੰਪਨੀ ਪਨਾਮਾ ਕੈਨਾਲ ਅਥਾਰਟੀ ਕੋਲ ਹੈ। ਇੱਥੋਂ ਹਰ ਸਾਲ 20 ਹਜ਼ਾਰ ਤੋਂ ਵੱਧ ਜਹਾਜ਼ ਗੁਜ਼ਰਦੇ ਹਨ। ਪੱਧਰੀ ਥਾਂ ਦੀ ਅਣਹੋਂਦ ਕਾਰਨ ਪਨਾਮਾ ਨਹਿਰ ਪਹਾੜਾਂ ਵਿੱਚ ਉੱਚੀ ਨੀਵੀਂ ਬਣਾਈ ਗਈ ਹੈ। ਜਹਾਜ਼ਾਂ ਨੂੰ ਦੋਵੇਂ ਪਾਸੇ ਪਾਣੀ ਦੇ ਲੈਵਲ ਤਕ ਪਹੁੰਚਾਉਣ ਲਈ ਗੇਟਾਂ ਵਾਲੇ ਛੇ ਡੈਮ, ਜਿਨ੍ਹਾਂ ਨੂੰ ਲੌਕ ਕਿਹਾ ਜਾਂਦਾ ਹੈ, ਬਣਾਏ ਗਏ ਹਨ। ਤਿੰਨ ਲੌਕ ਜਹਾਜ਼ਾਂ ਨੂੰ ਉੱਪਰ ਵੱਲ ਲੈ ਕੇ ਜਾਂਦੇ ਹਨ ਤੇ ਤਿੰਨ ਲੌਕ ਹੇਠਾਂ ਵੱਲ ਨੂੰ ਲੈ ਕੇ ਜਾਂਦੇ ਹਨ। ਜਹਾਜ਼ ਨੂੰ ਉੱਪਰਲੇ ਜਾਂ ਹੇਠਲੇ ਲੈਵਲ ਤੱਕ ਪਹੁੰਚਾਉਣ ਲਈ ਕਰੋੜਾਂ ਲੀਟਰ ਸਮੁੰਦਰੀ ਪਾਣੀ ਡੈਮ ਵਿੱਚ ਭਰ ਕੇ ਜਾਂ ਕੱਢ ਕੇ ਜਹਾਜ਼ ਨੂੰ ਅਗਲੇ ਲੈਵਲ ਤੱਕ ਪਹੁੰਚਾ ਦਿੱਤਾ ਜਾਂਦਾ ਹੈ। ਹਰੇਕ ਡੈਮ 35 ਮੀਟਰ ਚੌੜਾ ਤੇ 320 ਮੀਟਰ ਉੱਚਾ ਹੈ। ਇਸ ਅਨੂਠੇ ਡਿਜ਼ਾਈਨ ਕਾਰਨ ਪਨਾਮਾ ਨਹਿਰ ਸੰਸਾਰ ਦੇ ਨਵੀਨ ਅੱਠ ਅਜੂਬਿਆਂ ਵਿੱਚ ਸ਼ਾਮਲ ਹੈ।

## ਬਾਪੂ

ਓਹੀ ਏ ਪਿੰਡ ਮੇਰਾ, ਓਹੀ ਨੇ ਜੂਹਾਂ ਵੀ,
ਓਹੀ ਨੇ ਜਿਸਮ ਏਥੇ, ਓਹੀ ਨੇ ਰੂਹਾਂ ਵੀ,
ਸਿਵਿਆਂ 'ਚ ਬਲ ਗਿਆ ਸਿਵਾ ਪਰ ਜਿਸਦਾ,
ਬੱਸ ਓਹੀਓ 'ਕੱਲਾ ਮੇਰਾ ਬਾਪੂ ਨਹੀਂ ਦਿਸਦਾ।
ਬੱਸ ਓਹੀਓ....।
ਮੇਰੀ ਮਾਂ ਦੇ ਸਿਰ ਉੱਤੇ ਚਿੱਟੀ ਚਿੱਟੀ ਚੁੰਨੀ ਏ,
ਵਿਹੜੇ ਦੀ ਮਿੱਟੀ ਓਨੇ ਹੰਝੂਆਂ 'ਚ ਗੁੰਨੀ ਏ,
ਹੁਣੇ ਹੁਣੇ ਜਿੰਦ ਛੱਲੀ ਸਿਵੇ ਵਿੱਚ ਭੁੰਨੀ ਏ,
ਅਖੀਰ ਤੱਕ ਜ਼ਿੰਦਗੀ ਦੀ ਵਾਟ ਓਹਦੀ ਸੁੰਨੀ ਏ,
'ਕੱਲਾ 'ਕੱਲਾ ਛਾਲਾ ਓਹਦਾ ਭਰ ਭਰ ਫਿੱਸਦਾ,
ਬੱਸ ਓਹੀਓ 'ਕੱਲਾ ਮੇਰਾ ਬਾਪੂ ਨਹੀਂ ਦਿਸਦਾ,
ਬੱਸ ਓਹੀਓ......।
ਪਲਾਂ ਵਿੱਚ ਵੱਡਾ ਹੋਇਆ ਮੈਂ ਭੈਣ ਭਾਈਆਂ ਤੋਂ,
ਨਿੱਕੀ ਨਿੱਕੀ ਗੱਲ ਉੱਤੇ ਲੜਦੇ ਸ਼ੁਦਾਈਆਂ ਤੋਂ,
ਡਰਿਆਸੀਪਹਿਲਾਂਰਤਾਲੱਕੜਾਂਮਘਾਈਆਂਤੋਂ,
ਸਿੱਖ ਲਿਆ ਵੱਲ ਫੇਰ ਨਜ਼ਰਾਂ ਪਰਾਈਆਂ ਤੋਂ,
ਇਹ ਉਹ ਜ਼ਖਮ ਜਿਹੜਾ ਸਦਾ ਰਹਿੰਦਾ ਰਿਸਦਾ,
ਬੱਸ ਓਹੀਓ 'ਕੱਲਾ ਮੇਰਾ ਬਾਪੂ ਨਹੀਂ ਦਿਸਦਾ,
ਬੱਸ ਓਹੀਓ.......।
ਹਰ ਸ਼ੈਅ ਮੱਲੀ ਬੈਠੀ ਆਪਣੀ ਹੀ ਥਾਂ ਨੂੰ,
ਸੱਥ ਸਾਰੀ ਮਾਣੀ ਜਾਵੇ ਬੋਹੜਾਂ ਵਾਲੀ ਛਾਂਅ ਨੂੰ,
ਆਪਣੇ 'ਚੋਂ ਕੱਟ ਕੇ ਓਸ ਇੱਕ ਨਾਂਅ ਨੂੰ,
ਕਹਿਣ ਨੂੰ ਤਾਂ ਦੁੱਖ ਹੋਇਆ ਹੋਣਾਂ ਏ ਗਰਾਂ ਨੂੰ,
ਨਾਲ ਮਰ ਜਾਵੇ ਏਥੇ ਏਨਾ ਕੌਣ ਕਿਸਦਾ,
ਬੱਸ ਓਹੀਓ 'ਕੱਲਾ ਮੇਰਾ ਬਾਪੂ ਨਹੀਂ ਦਿਸਦਾ,
ਬੱਸ ਓਹੀਓ.......।
ਹੁਣ ਮੇਰੇ ਘਰ ਵਿੱਚ ਇੱਕ ਤਸਵੀਰ ਏ,
ਇਹੋ ਮੇਰੇ ਘਰ ਦੀ ਛੱਤ ਦਾ ਸ਼ਤੀਰ ਏ,
ਏਹੋ ਮੇਰੀ ਪੂੰਜੀ ਤੇ ਇਹੋ ਹੀ ਜਾਗੀਰ ਏ,
ਮੇਰੇ ਹੱਥ ਖੁਦ ਬਾਪੂ ਹੋਣ ਦੀ ਲਕੀਰ ਏ,
ਰੋਟੀ ਲਈ ਰਿਹਾ ਜਿਹੜਾ ਆਟੇ ਵਾਂਗੂ ਪਿੱਸਦਾ,
ਬੱਸ ਓਹੀਓ 'ਕੱਲਾ ਮੇਰਾ ਬਾਪੂ ਨਹੀਂ ਦਿਸਦਾ,
ਬੱਸ ਓਹੀਓ....।

**ਅਮਰਦੀਪ ਸਿੰਘ ਗਿੱਲ**

## ਸਿੱਖ ਪਰਿਵਾਰਾਂ ਨੇ ਮਸਜਿਦ ਉਸਾਰਨ ਲਈ ਦਿੱਤੀ ਜ਼ਮੀਨ

**ਕੁੱਪ ਕਲਾਂ/ਏ.ਟੀ.ਨਿਊਜ਼ :** ਪਿੰਡ ਭਲੂਰ ਵਿੱਚ ਬੀਤੇ ਦਿਨ ਜਿੱਥੇ ਸਿੱਖ-ਮੁਸਲਿਮ ਭਾਈਚਾਰਕ ਸਾਂਝ ਦੀ ਅਨੋਖੀ ਮਿਸਾਲ ਵੇਖਣ ਨੂੰ ਮਿਲੀ, ਉੱਥੇ ਹੀ ਨਵੇਂ ਬਣੇ ਜ਼ਿਲਾ ਮਾਲੇਰਕੋਟਲਾ ਵਿੱਚ ਪਹਿਲਾਂ ਹੀ ਬਰਕਰਾਰ ਇਸ ਸਾਂਝ ਨੂੰ ਹੋਰ ਮਜ਼ਬੂਤ ਕਰਦਿਆਂ ਪਿੰਡ ਜਿੱਤਵਾਲ ਕਲਾਂ ਦੇ ਸਿੱਖ ਪਰਿਵਾਰਾਂ ਨੇ ਆਪਣੀ ਸਾਢੇ ਸੱਤ ਵਿਸਵੇ ਜਗਾ ਮਸਜਿਦ ਬਣਾਉਣ ਲਈ ਮੁਸਲਿਮ ਭਾਈਚਾਰੇ ਨੂੰ ਦਿੱਤੀ ਹੈ।

ਜਾਣਕਾਰੀ ਅਨੁਸਾਰ ਜਗਮੇਲ ਸਿੰਘ, ਇਕਬਾਲ ਸਿੰਘ, ਗੁਰਪ੍ਰੀਤ ਸਿੰਘ, ਜਸਕਰਨ ਸਿੰਘ ਅਤੇ ਸਵਰਨ ਸਿੰਘ ਦੇ ਪਰਿਵਾਰ ਨੇ ਮੁਸਲਿਮ ਭਾਈਚਾਰੇ ਨੂੰ ਨਮਾਜ਼ ਅਦਾ ਕਰਨ ਲਈ ਦੂਰ-ਦੁਰਾਡੇ ਜਾਣ ਦੀ ਆ ਰਹੀ ਸਮੱਸਿਆ ਦੇ ਮੱਦੇਨਜ਼ਰ ਆਪਣੀ ਛੇ ਵਿਸਵੇ ਜਗਾ ਮਸਜਿਦ ਬਣਾਉਣ ਲਈ ਦਾਨ ਵਜੋਂ ਦਿੱਤੀ। ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਸੋਸ਼ਲ ਮੀਡੀਆ 'ਤੇ ਇਸ ਨੇਕ ਕਾਰਜ ਦੀ ਸ਼ਲਾਘਾ ਕੀਤੀ ਹੈ। ਇਸ ਪਰਿਵਾਰ ਤੋਂ ਪ੍ਰਭਾਵਿਤ ਹੋ ਕੇ ਪਿੰਡ ਦੇ ਹੀ ਨੌਜਵਾਨ ਪ੍ਰਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਨੇ ਵੀ ਆਪਣੀ ਡੇਢ ਵਿਸਵਾ ਨਾਲ ਲੱਗਦੀ ਜਗਾ ਮਸਜਿਦ ਲਈ ਦੇ ਦਿੱਤੀ ਹੈ। ਉਧਰ, ਜਗਮੇਲ ਸਿੰਘ ਦੀ ਦਸ ਸਾਲਾ ਧੀ ਰਸਲੀਨ ਕੌਰ, ਜੋ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਆਪਣੀ ਬੁਗਨੀ ਵਿੱਚ ਧਨ ਰਾਸ਼ੀ ਜਮਾਂ ਕਰ ਰਹੀ ਸੀ, ਨੇ ਜਮਾਂ ਹੋਈ ਇਹ ਰਾਸ਼ੀ ਮਸਜਿਦ ਉਸਾਰੀ ਲਈ ਪ੍ਰਬੰਧਕਾਂ ਨੂੰ ਸੌਂਪ ਦਿੱਤੀ। ਇਸ 'ਤੇ ਸ਼ਾਹੀ ਇਮਾਮ ਨੇ ਸਿੱਖ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਉਨਾਂ ਦਾ ਸਨਮਾਨ ਵੀ ਕੀਤਾ।

# ਅਜਮੇਰ ਔਲਖ ਦੀ...

ਹਜ਼ਾਰਾਂ ਲੋਕਾਂ ਨੇ ਰੱਲੇ 'ਚ 'ਕੱਠੇ ਹੋ ਕੇ ਉਹਦਾ ਲੋਕ ਨਾਟਕਕਾਰ ਵਜੋਂ ਲੋਕ ਸਨਮਾਨ ਕੀਤਾ। ਉਸ ਨੂੰ ਭਾਰਤੀ ਸਾਹਿਤ ਅਕੈਡਮੀ ਅਵਾਰਡ, ਭਾਰਤੀ ਸੰਗੀਤ ਤੇ ਨਾਟਕ ਅਕੈਡਮੀ ਅਵਾਰਡ, ਭਾਸ਼ਾ ਵਿਭਾਗ ਪੰਜਾਬ ਦਾ ਸ਼੍ਰੋਮਣੀ ਨਾਟਕਕਾਰ ਅਵਾਰਡ, ਪੰਜਾਬੀ ਸਾਹਿਤ ਅਕਾਡਮੀ ਦਾ ਕਰਤਾਰ ਸਿੰਘ ਧਾਲੀਵਾਲ ਅਵਾਰਡ, ਇੰਟਰਨੈਸ਼ਨਲ ਪਾਸ਼ ਮੈਮੋਰੀਅਲ ਅਵਾਰਡ ਅਤੇ ਹੋਰ ਅਨੇਕਾਂ ਮਾਨ ਸਨਮਾਨ ਮਿਲੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਡੀਲਿੱਟ ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਉਸ ਨੇ ਭਾਰਤੀ ਸਾਹਿਤ ਅਕਾਡਮੀ ਦਾ ਇਨਾਮ ਮੋੜਿਆ ਵੀ। ਕਿਸਾਨਾਂ ਮਜ਼ਦੂਰਾਂ ਖ਼ਾਤਰ ਜੇਲ ਵੀ ਗਿਆ ਤੇ ਲੋਕਾਂ ਲਈ ਜੂਝਦਾ 15 ਜੂਨ 2017 ਨੂੰ ਫਤਿਹ ਬੁਲਾ ਗਿਆ।

ਮਾਰਚ 2017 'ਚ ਮੇਰਾ ਮਾਨਸਾ ਲਾਗੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਜਾਣ ਦਾ ਸਬੱਬ ਬਣਿਆ। ਸੈਮੀਨਾਰ ਤੋਂ ਵਿਹਲੇ ਹੋਏ ਤਾਂ ਉਥੇ ਹੀ ਪੜ੍ਹਾਉਂਦੇ ਆਪਣੇ ਭਤੀਜੇ ਬਲਵੰਤ ਨੂੰ ਕਿਹਾ, 'ਔਲਖ ਨਾਲ ਫੋਨ ਮਿਲਾ। ਜੇ ਘਰ ਹੀ ਹੋਵੇ ਤਾਂ ਹਾਲ ਚਾਲ ਈ ਪੁੱਛ ਚੱਲੀਏ।' ਅਗਲੇ ਹਫ਼ਤੇ ਮੈਂ ਕੈਨੇਡਾ ਮੁੜਨਾ ਸੀ। ਸੋਚਿਆ, ਮਿਲ ਚੱਲੀਏ, ਫੇਰ ਪਤਾ ਨੀ ਕਦੋਂ ਮੇਲੇ ਹੋਣ? ਉਹ ਕੈਂਸਰ ਦਾ ਮਰੀਜ਼ ਹੋ ਚੁੱਕਾ ਸੀ ਪਰ ਕਦੇ ਬਹੁੜੀ ਦੁਹਾਈ ਨਹੀਂ ਸੀ ਪਾਈ। ਅਸੀਂ ਵਰੇ ਛਿਮਾਹੀ ਮਿਲਦੇ ਆ ਰਹੇ ਸਾਂ। ਕਦੇ ਮਾਨਸੇ, ਕਦੇ ਲੁਧਿਆਣੇ, ਕਦੇ ਢੱਡੀਕੇ। 2001 ਵਿਚ ਆਲਮੀ ਪੰਜਾਬੀ ਕਾਨਫਰੰਸ ਲਾਹੌਰ 'ਕੱਠੇ ਗਏ ਅਤੇ 'ਕੱਠਿਆਂ ਲਾਹੌਰ, ਨਨਕਾਣਾ ਸਾਹਿਬ ਤੇ ਵਾਰਸ ਸ਼ਾਹ ਦਾ ਜੰਡਿਆਲਾ ਵੇਖਿਆ। ਫਿਰ ਕੈਨੇਡਾ 'ਚ ਵੀ 'ਕੱਠੇ ਹੋਏ ਤੇ ਕਵੀਸ਼ਰ ਕਰਨੈਲ ਸਿੰਘ ਰਾਮੂਵਾਲੀਏ ਦੇ ਸਸਕਾਰ ਸਮੇਂ ਵੀ। ਸਾਡਾ ਕਰੂਰਾ ਰਲਦਾ ਸੀ। ਲਾਹੌਰ ਜਾ ਕੇ ਹੋਰ ਵੀ ਰਲ ਗਿਆ। ਉਹਦੀ ਵੱਡੀ ਧੀ ਅਮਰਦੀਪ ਕਾਲਜ ਮੁਕੰਦਪੁਰ ਪੜ੍ਹਾਉਂਦੀ ਰਹੀ ਸੀ ਜਿਥੇ ਮੈਂ ਪ੍ਰਿੰਸੀਪਲ ਸਾਂ ਤੇ ਡਾ. ਸਰਦਾਰਾ ਸਿੰਘ ਜੌਹਲ ਕਾਲਜ ਦੇ ਕਰਤਾ ਧਰਤਾ ਸਨ।

ਔਲਖ ਨੂੰ ਫੋਨ ਕੀਤਾ ਤਾਂ ਉਹ ਘਰ ਹੀ ਸੀ। ਉਹਦੇ ਘਰ ਅੱਗੋਂ ਸੜਕ ਪੁੱਟੀ ਹੋਈ ਸੀ ਜਿਸ ਕਰਕੇ ਉਸ ਨੇ ਆਪਣੇ ਜੁਆਈ ਨੂੰ ਸੜਕ ਦੇ ਮੋੜ ਉਤੇ ਭੇਜ ਦਿੱਤਾ ਕਿ ਗੱਡੀ ਉਥੇ ਹੀ ਪਾਰਕ ਕਰਵਾ ਆਵੇ। ਘਰ ਪਹੁੰਚੇ ਤਾਂ ਮਨਜੀਤ ਹੋਰੀਂ ਅੰਦਰ ਪਏ ਅਜਮੇਰ ਕੋਲ ਲੈ ਗਏ। ਉਹ ਤਕਲੀਫ਼ 'ਚ ਹੁੰਦਿਆਂ ਵੀ ਖਿੜੇ ਮੱਥੇ ਮਿਲਿਆ। ਉਦੋਂ ਨਾ ਉਹਤੋਂ ਆਰਾਮ ਨਾਲ ਬੈਠ ਹੁੰਦਾ ਸੀ ਤੇ ਨਾ ਚੈਨ ਨਾਲ ਲੇਟ ਹੁੰਦਾ ਸੀ। ਕਦੇ ਬਹਿੰਦਾ, ਕਦੇ ਪੈਂਦਾ, ਨਾਲ ਦੀ ਨਾਲ ਹੱਸਣ ਹਸਾਉਣ ਵਾਲੀਆਂ ਗੱਲਾਂ ਵੀ ਕਰੀ ਜਾਂਦਾ ਸੀ। ਅਸੀਂ ਜਾਣ ਲੱਗੇ ਤਾਂ ਉਸ ਨੇ ਆਪਣੀਆਂ ਜੀਵਨ ਯਾਦਾਂ ਦੀ ਨਵੀਂ ਛਪੀ ਪੁਸਤਕ 'ਭੂੰਨੀ ਹੋਈ ਛੱਲੀ' ਭੇਟ ਕੀਤੀ।

ਘਰ ਜਾ ਕੇ ਪੜੀ ਤਾਂ ਲਿਖਿਆ ਸੀ: ਜਦ ਮੈ ਗੁਰਮੁਖੀ ਅੱਖਰ ਜੋੜਨ ਦੇ ਯੋਗ ਹੋ ਗਿਆ ਤਾਂ ਸ਼ਬਦਾਂ ਨੂੰ ਗੁਣ-ਗੁਣਾਉਂਦਿਆਂ ਕਾਗਜ਼ਾਂ ਉਤੇ ਉਤਾਰਨ ਲੱਗ ਪਿਆ। ਮੈਂ ਆਪਣੀ ਪਹਿਲੀ ਰਚਨਾ ਕਦੋਂ ਤੇ ਕਿੰਨੀ ਉਮਰ ਵਿੱਚ ਕੀਤੀ ਇਸ ਬਾਰੇ ਪੱਕਾ ਯਾਦ ਨਹੀਂ। ਜਿਥੋਂ ਤਕ ਮੈਨੂੰ ਯਾਦ ਹੈ, ਮੈਂ 8-10 ਸਾਲ ਦੀ ਉਮਰ ਵਿੱਚ ਕੁੱਝ ਨਾ ਕੁੱਝ ਤੁਕਬੰਦੀ ਕਰ ਕੇ ਗਾਉਣ ਲੱਗ ਪਿਆ ਸੀ...।

ਉਸ ਨੇ ਜੀਵਨ ਯਾਦਾਂ ਵਿਸਥਾਰ ਨਾਲ ਲਿਖੀਆਂ ਹਨ ਪਰ ਆਪਾਂ ਸੰਖੇਪ ਕਰਦੇ ਆਂ। ਅਜਮੇਰ ਅਜੇ ਅੱਲੜ ਹੀ ਸੀ ਜਦੋਂ ਕਿਸਾਨਾਂ ਦੀ ਜਗੀਰਦਾਰਾਂ ਵਿਰੁਧ ਮੁਜ਼ਾਰਾ ਲਹਿਰ ਨੇ ਪੂਰਾ ਜ਼ੋਰ ਫੜਿਆ। ਕਮਿਊਨਿਸਟਾਂ ਦੀ ਲਾਲ ਪਾਰਟੀ ਅਗਵਾਈ ਕਰ ਰਹੀ ਸੀ। ਪਿੰਡਾਂ ਵਿੱਚ ਕਮਿਊਨਿਸਟਾਂ ਦੀਆਂ ਕਾਨਫਰੰਸਾਂ ਹੁੰਦੀਆਂ ਜਿਥੇ ਜਗੀਰਦਾਰਾਂ ਦਾ ਟਾਕਰਾ ਕਰਨ ਲਈ ਜੋਸ਼ੀਲੇ ਗੀਤ ਗਾਏ ਜਾਂਦੇ। 'ਜਮੇਰ' ਨਾਹਰੇ ਲਾਉਣ ਵਾਲਿਆਂ ਵਿੱਚ ਅਕਸਰ ਆਗੂ ਰੋਲ ਅਦਾ ਕਰਦਾ। ਉਹਦੇ ਵਿੱਚ ਇੱਕ ਵਾਧਾ ਇਹ ਵੀ ਸੀ ਕਿ ਉਹ ਕਵਿਤਾਵਾਂ ਤੇ ਗੀਤ ਲਿਖ ਵੀ ਲੈਂਦਾ ਸੀ ਤੇ ਗਾ ਵੀ ਲੈਂਦਾ ਸੀ।

ਕਿਸੇ ਨੂੰ ਪਤਾ ਹੋਵੇ ਜਾਂ ਨਾਂ, ਕਵੀ ਵਜੋਂ ਉਹਨੇ ਕਈ 'ਤਖ਼ੱਲਸ' ਰੱਖੇ ਸਨ। ਸ਼ਾਇਦ ਇਹ ਵੀ ਪਤਾ ਨਾ ਹੋਵੇ ਕਿ ਬਾਹਰੋਂ ਸਾਊ ਦਿਸਣ ਵਾਲਾ ਜਮੇਰ ਅੰਦਰੋਂ 'ਆਸ਼ਕ' ਵੀ ਸੀ। ਉਸ ਨੇ 'ਭੂੰਨੀ ਹੋਈ ਛੱਲੀ' ਦੇ ਇਕ ਕਾਂਡ ਦਾ ਨਾਂ "ਦਰਸ਼ਨ ਦੇਖ ਜੀਵਾਂ 'ਦਰਸ਼ਨ' ਤੇਰਾ!" ਰੱਖਿਆ ਹੈ। ਉਸ ਵਿਚੋਂ ਉਹਦੇ 'ਆਸ਼ਕ' ਹੋਣ ਦੇ ਦਰਸ਼ਨ ਵੀ ਹੋ ਜਾਂਦੇ ਹਨ। ਲਓ ਸੁਣੋ ਉਹਦੀ 'ਆਸ਼ਕੀ' ਦਾ ਕਿੱਸਾ: ਨਿੱਕਾ ਹੁੰਦਾ ਉਹ ਨਿੱਕੇ ਨਾਂ ਵਾਲਾ 'ਜਮੇਰ' ਸੀ, ਸਕੂਲ ਦਾਖਲ ਹੋਣ ਵੇਲੇ 'ਅਜਮੇਰ ਸਿੰਘ' ਹੋ ਗਿਆ ਤੇ ਜਦੋਂ ਕਵਿਤਾ ਲਿਖਣ ਲੱਗਾ ਤਾਂ ਆਪਣੇ ਨਾਂ ਨਾਲ 'ਤਖ਼ੱਲਸ' ਵੀ ਲਾਉਣ ਲੱਗ ਪਿਆ। ਦੋਸਤਾਂ ਕੋਲ ਉਂਜ ਈ ਆਸ਼ਕੀ ਦਾ ਗੱਪ ਮਾਰ ਬੈਠਾ ਜਿਸ ਕਰਕੇ 'ਆਸ਼ਕ' ਬਣਨਾ ਪੈ ਗਿਆ! ਆਸ਼ਕ ਬਣ ਕੇ ਆਪਣੇ ਨਾਂ ਨਾਲ ਤਖ਼ੱਲਸ ਲਾ ਲਿਆ ਅਜਮੇਰ ਸਿੰਘ 'ਪਾਗਲ'!

'ਪਾਗਲ' ਦੇ ਤਖ਼ੱਲਸ ਤਕ ਅਪੜਨ ਲਈ ਪਹਿਲਾਂ ਉਸ ਨੇ 'ਦਰਦੀ', ਫੇਰ 'ਦੁਖੀਆ', ਫੇਰ 'ਕੌਮੀ' ਤਖ਼ੱਲਸ ਵਾਰੋ-ਵਾਰੀ ਆਪਣੇ ਨਾਂ ਨਾਲ ਲਾਏ ਤੇ ਲਾਹੇ। ਆਖ਼ਰ ਤਿੰਨਾਂ ਤਖ਼ੱਲਸਾਂ ਦੇ ਉਤੋਂ ਦੀ ਪੈ ਗਿਆ 'ਖ਼ਿਆਲੀ'। ਅਜਮੇਰ ਸਿੰਘ 'ਖ਼ਿਆਲੀ'! ਫੇਰ ਇੱਕ ਸੀਨੀਅਰ ਵਿਦਿਆਰਥੀ ਉਹਦੇ ਮਗਰ ਪੈ ਗਿਆ, 'ਬਈ ਜਮੇਰ, ਮੈਥੋਂ ਜੋ ਮਰਜ਼ੀ ਲੈ-ਲਾ ਪਰ 'ਖ਼ਿਆਲੀ' ਮੈਨੂੰ ਦੇ-ਦੇ।'

ਅਜਮੇਰ ਕੋਲ ਤਖ਼ੱਲਸਾਂ ਦਾ ਕੋਈ ਘਾਟਾ ਨਹੀਂ ਸੀ। ਜਿਥੇ ਤਿੰਨ ਛੱਡੇ ਓਥੇ ਚੌਥਾ ਵੀ ਸਹੀ। ਸੋ ਉਸ ਨੇ 'ਖ਼ਿਆਲੀ' ਸਾਥੀ ਨੂੰ ਦੇ ਕੇ ਆਪਣੇ ਨਾਂ ਨਾਲ 'ਪਾਗਲ' ਲਾ ਲਿਆ। ਉਦੋਂ ਆਸ਼ਕੀ ਦੇ ਰਾਹ ਜੁ ਪੈ ਗਿਆ ਸੀ!

ਭੋਲੇਪਣ ਦੀ ਹੱਦ ਵੇਖੋ! ਬੀਏ ਤਕ ਦੇ ਸਰਟੀਫਿਕੇਟਾਂ ਉਤੇ ਉਹਦਾ ਨਾਂ ਅਜੇ ਵੀ 'ਅਜਮੇਰ ਸਿੰਘ ਪਾਗਲ' ਹੀ ਦਰਜ ਹੈ। 'ਪਾਗਲ' ਜਾਂ 'ਪਾਗਲ ਸਾਹਿਬ' ਤੋਂ 'ਔਲਖ' ਜਾਂ 'ਔਲਖ ਸਾਹਿਬ' ਤਾਂ ਉਸ ਨੂੰ ਉਦੋਂ ਕਿਹਾ ਜਾਣ ਲੱਗਾ ਜਦੋਂ ਉਹ ਨਹਿਰੂ ਮੈਮੋਰੀਅਲ ਕਾਲਜ ਮਾਨਸਾ ਦੀਆਂ ਸਭਿਆਚਾਰਕ ਸਰਗਰਮੀਆਂ ਦਾ ਡੀਨ ਬਣਿਆ ਤੇ ਵਿਦਿਆਰਥੀਆਂ ਨੂੰ ਨਾਟਕ ਖਿਡਾਉਣ ਲੱਗਾ।

ਤਖ਼ੱਲਸ 'ਪਾਗਲ' ਅਸਲ ਵਿਚ ਉਹਦੀ ਨਿਆਣ-ਮੱਤ ਦੀ ਮੁਹੱਬਤ ਦਾ ਫਲ ਸੀ। 1942 ਵਿਚ ਉਹ ਜੰਮਿਆ ਸੀ ਤੇ 1953 ਵਿੱਚ ਬਾਹਰਲੇ ਪਿੰਡਾਂ ਦੇ ਚਾਰ ਪੰਜ ਪਰਿਵਾਰ ਉਹਨਾਂ ਦੇ ਪਿੰਡ ਕਿਸ਼ਨਗੜ ਫਰਵਾਹੀ ਖੇਤੀ-ਪੱਤੀ ਕਰਨ ਆ ਵਸੇ। ਉਨਾਂ ਨੇ ਜਗੀਰਦਾਰ ਦੀ ਜ਼ਮੀਨ ਪੰਜ ਸਾਲਾਂ ਲਈ ਠੇਕੇ 'ਤੇ ਲੈ ਲਈ ਸੀ। ਉਨਾਂ 'ਚੋਂ ਬਾਕੀ ਪਰਿਵਾਰ ਤਾਂ ਮਾਲਵੇ ਦੇ ਹੀ ਸਨ ਪਰ ਇੱਕ ਪਰਿਵਾਰ ਮਾਝੇ ਦਾ ਵੀ ਸੀ। ਮਲਵਈ ਬੰਦੇ-ਬੁੜੀਆਂ ਤਾਂ ਬੌਂਦਲੇ ਜਿਹੇ ਦਿਸਦੇ ਜਦ ਕਿ ਮਝੈਲ ਟਹਿਕਦੇ ਲੱਗਦੇ। ਭਾਊ ਚਿੱਟੇ-ਦੁੱਧ ਪਹਿਰਾਵਿਆਂ ਨਾਲ ਚੰਗੇ ਜਚਦੇ ਤੇ ਉਨਾਂ ਦੀਆਂ ਜ਼ਨਾਨੀਆਂ ਨੂੰ ਵੀ ਕਪੜਾ-ਲੱਤਾ ਪਾਉਣ ਦਾ ਵਾਹਵਾ ਵੱਲ ਸੀ।

ਭਾਊਆਂ ਦੇ ਪਰਿਵਾਰ ਵਿੱਚ ਚੜਦੀ ਵਰੇਸ ਦੀਆਂ ਦੋ ਕੁੜੀਆਂ ਸਨ। ਵੱਡੀ ਦਾ ਨਾਂ ਦਰਸ਼ਨ ਸੀ ਜਿਸ ਨੂੰ ਦਰਸ਼ੋ ਕਹਿੰਦੇ। ਅਜਮੇਰ ਉਦੋਂ ਬਾਰਾਂ ਕੁ ਸਾਲਾਂ ਦਾ ਸੀ ਤੇ ਦਰਸ਼ੋ ਹੋਵੇਗੀ ਤੇਰਾਂ ਚੌਦਾਂ ਸਾਲਾਂ ਦੀ। ਉਸ ਨੂੰ ਦੋਵੇਂ ਅਰਸ਼ੋਂ ਉਤਰੀਆਂ ਪਰੀਆਂ ਲਗਦੀਆਂ। ਖ਼ਾਸ ਕਰਕੇ ਦਰਸ਼ਨ ਤਾਂ ਬਹੁਤ ਹੀ ਚੰਗੀ ਲੱਗਣ ਲਗ ਪਈ ਸੀ। ਤੇ ਜਿਉਂ ਜਿਉਂ ਦਿਨ, ਮਹੀਨੇ ਕਰ ਕੇ ਤਿੰਨ-ਚਾਰ ਸਾਲ ਲੰਘੇ ਇਸ ਵਰਤਾਰੇ ਦਾ ਰੰਗ ਜਮੇਰ ਉਤੇ ਹੋਰ ਵੀ ਗੂੜਾ ਹੁੰਦਾ ਗਿਆ। ਓਦੋਂ ਤਕ ਉਹਦੀ ਉਮਰ 14-15 ਸਾਲ ਦੀ ਹੋ ਚੁੱਕੀ ਸੀ ਤੇ ਦਰਸ਼ਨ ਦੀ 16-17 ਸਾਲ ਦੀ।

ਤਿੰਨਾਂ-ਚਹੁੰ ਸਾਲਾਂ 'ਚ ਅਜਮੇਰ ਤੇ ਦਰਸ਼ੋ ਨੇ ਆਪਸ ਵਿੱਚ ਸ਼ਾਇਦ ਹੀ ਕਦੇ ਕੋਈ ਗੱਲ ਕੀਤੀ ਹੋਵੇ। ਗੱਲ ਤਾਂ ਤਦੇ ਕਰਦੇ ਜੇ ਕੋਈ 'ਗੱਲ' ਹੁੰਦੀ। ਉਹ ਇੱਕ ਦੂਜੇ ਵੱਲ ਵੇਖਦੇ ਵੀ ਘੱਟ ਹੀ। ਪਰ ਸੱਚੀ ਗੱਲ ਤਾਂ ਇਹ ਸੀ ਕਿ ਉਨਾਂ ਦਾ ਅੰਤਰ-ਧਿਆਨ ਸਦਾ ਇੱਕ ਦੂਜੇ ਵੱਲ ਹੀ ਰਹਿੰਦਾ। ਉਹ ਵੈਸੇ ਹੀ ਮਾਸੀ ਬਣਾਈ ਭਾਨੋ ਤੇ ਮਾਸੜ ਬੁੱਧ ਰਾਮ ਦੇ ਘਰ ਆਪਣੇ ਜਾਣੇ ਕੰਮ ਆਉਂਦੇ ਜਾਂ ਕਹਿ ਲਓ ਮਿਲਣ ਆਉਂਦੇ। ਬੜੇ ਅਜਬ ਢੰਗ ਦਾ ਰੁਮਾਂਸ ਸੀ। ਹੋ ਸਕਦੈ ਅਜਮੇਰ ਮਾਸੜ ਬੁੱਧ ਰਾਮ ਨੂੰ ਕਿੱਸਾ ਸੁਣਾਉਣ ਦੇ ਬਹਾਨੇ ਦਰਸ਼ਨ ਨੂੰ ਹੀ ਕਿੱਸਾ ਸੁਣਾਉਣ ਦਾ ਭਰਮ ਪਾਲਦਾ ਹੋਵੇ! ਤੇ ਦਰਸ਼ੋ ਵੀ ਚਾਦਰ ਉਤੇ ਵੇਲ-ਬੂਟੇ ਪਾਉਂਦੀ ਅਜਮੇਰ ਨੂੰ ਹੀ ਚਿਤਵਦੀ ਹੋਵੇ ਤੇ ਉਤੋਂ-ਉਤੋਂ ਹੀ ਭਾਨੋ ਦੀਆਂ ਗੱਲਾਂ ਦਾ ਹੁੰਗਾਰਾ ਭਰਦੀ ਹੋਵੇ! ਐਵੇਂ ਤਾਂ ਨਹੀਂ ਕਹਿੰਦੇ, ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ?

ਮਾਸੀ-ਮਾਸੜ ਦੇ ਘਰ ਉਹ ਆਮ ਹੀ 'ਕੱਠੇ ਹੁੰਦੇ, ਉਨਾਂ ਦੀਆਂ ਗੱਲਾਂ ਵੀ ਇਕ ਦੂਜੇ ਦੇ ਕੰਨੀਂ ਪੈਂਦੀਆਂ ਪਰ ਉਨਾਂ ਦੀ ਆਪਸ ਵਿੱਚ ਕਦੇ ਗੱਲ-ਬਾਤ ਨਾ ਹੁੰਦੀ। ਦਰਸ਼ਨ ਬਹੁਤ ਹੀ ਧੀਮੀ ਆਵਾਜ਼ ਵਿਚ ਭਾਨੋ ਨਾਲ ਗੱਲਾਂ ਕਰਦੀ। ਉਹਦੇ ਮੁਕਾਬਲੇ ਅਜਮੇਰ ਆਪਣੇ ਮਾਸੜ ਨਾਲ ਗੱਲਾਂ ਕਰਦਾ ਦਰਸ਼ੋ ਦਾ ਧਿਆਨ ਖਿੱਚਣ ਲਈ ਕਈ ਵਾਰ ਹਾਸਾ-ਠੱਠਾ ਕਰਨ ਲੱਗਦਾ। ਇੱਕ ਵਾਰ ਮਾਸੀ ਭਾਨੋ ਨੇ ਹਿਸਾਬ ਨਾਲ ਸਮਝਾਇਆ ਵੀ, 'ਜਦ ਮੁਟਿਆਰ ਕੁੜੀਆਂ ਕੋਲੇ ਬੈਠੀਆਂ ਹੋਣ, ਓਦੋਂ ਬਹੁਤਾ ਕਮਲ ਨੀ ਮਾਰੀਦਾ ਕਮਲਿਆ ਪੁੱਤਾ!'

ਅਜਮੇਰ ਨੇ ਸਾਫ ਲਿਖਿਆ, 'ਮੇਰੇ ਨਾਲ ਗੱਲਾਂ ਕਰਨ ਦੀ ਗੱਲ ਤਾਂ ਕੋਹਾਂ ਦੂਰ, ਉਲਟਾ ਇੱਕ ਦਿਨ ਮਾਸੀ ਭਾਨੋ ਨੇ ਮੈਨੂੰ ਦੱਸਿਆ, ਦਰਸ਼ੋ ਇੱਕ ਦਿਨ ਕਹਿੰਦੀ ਸੀ ਬਈ ਇਹ ਮੁੰਡਾ ਤਾਂ ਨਿਰਾ ਪਾਗਲ ਐ! ਉਈਂ ਪਾਗਲਾਂ ਵਾਗੂੰ ਬੋਲਦਾ ਰਹਿੰਦੈ। ਤਾਂਹੀ ਤਾਂ ਮੈਂ ਤੈਨੂੰ ਸਮਝਾਉਨੀ ਆਂ ਪੁੱਤਾ, ਬਈ ਮੁਟਿਆਰ ਕੁੜੀ ਕੋਲ ਐਵੇਂ ਨੀ ਚਪੜ-ਚਪੜ ਕਰੀਦਾ ਹੁੰਦਾ। ਚੰਗਾ ਅਸਰ ਨੀ ਪੈਂਦਾ ਬਗਾਨੀ ਧੀ 'ਤੇ।'

ਮਾਸੀ ਭਾਨੋ ਦੀ ਐਵੇਂ ਚਪੜ-ਚਪੜ ਕਰਨ ਦੀ ਗੱਲ ਸੁਣ ਕੇ ਅਜਮੇਰ ਸਿੰਘ 'ਖ਼ਿਆਲੀ' ਨੇ, ਜਿਸ ਕਵੀ ਨੂੰ ਖ਼ਿਆਲੀ ਪਸੰਦ ਸੀ ਉਹਨੂੰ 'ਖ਼ਿਆਲੀ' ਦਾ ਤਖ਼ੱਲਸ ਦੇ ਦਿੱਤਾ ਤੇ ਆਪ ਪਿਆਰੀ ਦਰਸ਼ਨ ਦੇ ਮੂੰਹੋਂ ਸੁਣਿਆਂ ਨਿਰਾ 'ਪਾਗਲ' ਤਖ਼ੱਲਸ ਆਪਣੇ ਨਾਂ ਨਾਲ ਜੋੜ ਲਿਆ। ਇਉਂ ਕਵਿਤਾ ਵਿੱਚ ਹੀ ਨਹੀਂ ਉਹਦੇ ਸਰਟੀਫਿਕੇਟਾਂ ਵਿੱਚ ਵੀ ਅਜਮੇਰ ਸਿੰਘ 'ਪਾਗਲ' ਉਹਦੇ ਨਾਂ ਚੜ ਗਿਆ!

ਹੁਣ ਅਸਲੀ ਗੱਲ ਵੀ ਸੁਣ ਲਓ। ਦਸਵੀਂ ਦਾ ਇਮਤਿਹਾਨ ਦੇਣ ਲਈ ਫਾਰਮ ਭਰੇ ਜਾਣੇ ਸਨ। ਕਵੀ ਤੇ ਆਸ਼ਕ ਦੇ ਤੌਰ 'ਤੇ ਤਾਂ ਅਜਮੇਰ, 'ਪਾਗਲ' ਹੋ ਹੀ ਗਿਆ ਸੀ, ਫਾਰਮ ਭਰਨ ਲੱਗੇ ਨੇ ਵੀ ਆਪਣੇ ਨਾਂ ਨਾਲ ਆਪਣਾ ਗੋਤ ਔਲਖ ਲਿਖਣ ਦੀ ਥਾਂ ਪਾਗਲ ਲਿਖ ਦਿੱਤਾ। ਦਸਵੀਂ ਦੇ ਇਮਤਿਹਾਨ ਤੋਂ ਬਾਅਦ ਗਿਆਨੀ ਤੇ ਬੀ.ਏ. ਦੇ ਇਮਤਿਹਾਨੀ ਫਾਰਮਾਂ ਵਿੱਚ ਵੀ ਪਾਗਲ ਦਾ ਪਾਗਲ ਰਿਹਾ। ਐੱਮ.ਏ. ਦਾ ਫਾਰਮ ਭਰਨ ਵੇਲੇ ਅਜਮੇਰ ਸਿਓਂ ਪਤਾ ਨਹੀਂ ਕਿਵੇਂ ਸਿਆਣਾ ਬਿਆਣਾ ਹੋ ਗਿਆ? ਉਹ ਆਪਣੇ ਨਾਂ ਨਾਲ 'ਪਾਗਲ' ਲਾਉਣਾ ਛੱਡ ਕੇ 'ਔਲਖ' ਲਿਖਣ ਲੱਗ ਪਿਆ ਜਿਸ ਨਾਲ ਉਹਦਾ ਸੱਚੀ ਮੁੱਚੀਂ ਪਾਗਲ ਹੋਣ ਤੋਂ ਖਹਿੜਾ ਛੁੱਟ ਗਿਆ!

# ਪੰਜਾਬੀ ਲੋਕ ਗਾਇਕੀ...

ਸੁਰਿੰਦਰ ਕੌਰ ਨੇ 13 ਸਾਲ ਦੀ ਉਮਰ ਤੋਂ ਲੈ ਕੇ ਤਾਉਮਰ ਤਕਰੀਬਨ 60 ਸਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕੀਤੀ। ਸਾਰੀ ਦੁਨੀਆ ਵਿਚ ਵੱਸਦੇ ਪੰਜਾਬੀਆਂ ਨੇ ਉਸ ਦੀ ਕਲਾ ਦੀ ਦਿਲ ਖੋਲ ਕੇ ਤਾਰੀਫ਼ ਕੀਤੀ ਅਤੇ ਉਨਾਂ ਨੂੰ ਮਣਾਂ ਮੂਹੀ ਪਿਆਰ ਦਿੱਤਾ। ਅਨੇਕਾਂ ਸੰਸਥਾਵਾਂ ਨੇ ਉਨਾਂ ਦੀ ਕਲਾ ਦੀ ਕਦਰ ਕਰਦਿਆਂ ਕਈ ਇਨਾਮ ਸਨਮਾਨ ਉਨਾਂ ਦੀ ਝੋਲੀ ਪਾਏ ਜਿਨਾਂ ਵਿਚ ਸੰਗੀਤ ਨਾਟਕ ਅਕੈਡਮੀ ਐਵਾਰਡ, ਮਿਲੇਨੀਅਮ ਪੰਜਾਬੀ ਸਿੰਗਰ ਐਵਾਰਡ, ਸਾਲ 2002 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਡਾਕਟਰੇਟ ਦੀ ਡਿਗਰੀ ਅਤੇ ਸਾਲ 2006 ਵਿਚ ਭਾਰਤ ਸਰਕਾਰ ਵੱਲੋਂ ਪਦਮਸ਼੍ਰੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।

ਮਿੱਟੀ ਦੇ ਮੋਹ ਦੀ ਮਾਰੀ ਸੁਰਿੰਦਰ ਕੌਰ ਸਾਲ 2004 ਵਿਚ ਦਿੱਲੀ ਛੱਡ ਚੰਡੀਗੜ ਨਜ਼ਦੀਕ ਪੰਚਕੂਲਾ ਆਪਣੀ ਵੱਡੀ ਧੀ ਡੌਲੀ ਗੁਲੇਰੀਆ ਕੋਲ ਆ ਕੇ ਰਹਿਣ ਲੱਗੀ। 14 ਜੂਨ 2006 ਨੂੰ ਪੰਜਾਬ ਦੀ ਇਸ ਧੀ ਨੇ ਨਿਊਜਰਸੀ ਦੇ ਹਸਪਤਾਲ ਵਿਚ ਆਖ਼ਰੀ ਸਾਹ ਲਏ ਅਤੇ ਉੱਥੇ ਹੀ ਉਨਾਂ ਦੀਆਂ ਅੰਤਿਮ ਰਸਮਾਂ ਕੀਤੀਆਂ ਗਈਆਂ। ਸੁਰਿੰਦਰ ਕੌਰ ਨੂੰ ਉਨਾਂ ਦੀ ਗਾਇਕੀ ਲਈ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

# ਹਾਈਕੋਰਟ ਨੇ ਨਤਾਸ਼ਾ...

ਉਤਸ਼ਾਹਿਤ ਕਰਨ 'ਤੇ ਜ਼ੋਰ ਦਿੱਤਾ ਸੀ। ਜੀ-7 ਦੇ ਦੇਸ਼ਾਂ ਦੀ ਕਾਨਫਰੰਸ ਇਸ ਵਾਰ ਵੱਖ ਵੱਖ ਦੇਸ਼ਾਂ ਵਿਚ ਸਰਕਾਰਾਂ ਦੁਆਰਾ ਇੰਟਰਨੈੱਟ ਬੰਦ ਕਰਨ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਨੂੰ ਕਾਇਮ ਰੱਖਣ 'ਤੇ ਕੇਂਦਰਿਤ ਸੀ। ਬਾਅਦ ਵਿਚ 'ਜੀ-7 ਅਤੇ ਮਹਿਮਾਨ ਦੇਸ਼ : 2021 ਆਜ਼ਾਦ ਸਮਾਜਾਂ ਬਾਰੇ ਬਿਆਨ' ਵਿਚ ਭਾਰਤ ਦੇ ਇਸ ਸਟੈਂਡ ਕਿ ਕੁਝ ਥਾਵਾਂ 'ਤੇ ਰਾਸ਼ਟਰੀ ਸੁਰੱਖਿਆ ਦੇ ਮਾਮਲਿਆਂ ਵਿਚ ਇੰਟਰਨੈੱਟ ਬੰਦ ਕਰਨਾ ਜ਼ਰੂਰੀ ਹੋ ਜਾਂਦਾ ਹੈ, ਨੂੰ ਵੀ ਥਾਂ ਦਿੱਤੀ ਗਈ। ਜੀ-7 ਗਰੁੱਪ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਫਰਾਂਸ, ਜਰਮਨੀ, ਇਟਲੀ ਅਤੇ ਜਪਾਨ ਸ਼ਾਮਲ ਹਨ ਜਦੋਂਕਿ ਹੋਰਨਾਂ ਦੇਸ਼ਾਂ ਨੂੰ ਮਹਿਮਾਨਾਂ ਵਜੋਂ ਵੱਖ ਵੱਖ ਸਮਾਗਮਾਂ ਅਤੇ ਕਾਨਫਰੰਸਾਂ ਵਿਚ ਬੁਲਾਇਆ ਜਾਂਦਾ ਹੈ।

ਇਕ ਪਾਸੇ ਪ੍ਰਧਾਨ ਮੰਤਰੀ ਇੰਟਰਨੈੱਟ 'ਤੇ ਜਮਹੂਰੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਬਾਰੇ ਕਹਿ ਰਹੇ ਹਨ, ਦੂਸਰੇ ਪਾਸੇ ਕੇਂਦਰ ਅਤੇ ਸੂਬਾ ਸਰਕਾਰਾਂ ਅਜਿਹੀਆਂ ਕਾਰਵਾਈਆਂ ਕਰ ਰਹੀਆਂ ਹਨ ਜਿਨਾਂ ਵਿਚ ਵਿਚਾਰਾਂ ਦੇ ਪ੍ਰਗਟਾਵੇ 'ਤੇ ਪਾਬੰਦੀਆਂ ਵਧ ਰਹੀਆਂ ਹਨ। ਜਿੱਥੇ ਕੇਂਦਰ ਸਰਕਾਰ ਦੀ ਪੱਧਰ 'ਤੇ ਸਰਕਾਰ ਅਤੇ ਟਵਿੱਟਰ ਕੰਪਨੀ ਵਿਚਕਾਰ ਇੱਥੋਂ ਤਕ ਤਣਾਉ ਹੈ ਕਿ ਕੇਂਦਰੀ ਕਾਨੂੰਨ ਮੰਤਰੀ ਅਨੁਸਾਰ ਟਵਿੱਟਰ ਨੂੰ ਆਈਟੀ ਐਕਟ (**IT Act**) ਦੀ ਧਾਰਾ 79 ਤਹਿਤ ਹੁਣ ਤਕ ਮਿਲੀ ਸੁਰੱਖਿਆ ਇਸ ਲਈ ਨਹੀਂ ਮਿਲੇਗੀ ਕਿਉਂਕਿ ਟਵਿੱਟਰ ਨੇ ਕੇਂਦਰੀ ਸਰਕਾਰ ਦੁਆਰਾ ਫਰਵਰੀ-2021 ਵਿਚ ਜਾਰੀ ਕੀਤੇ ਆਦੇਸ਼ਾਂ ਦਾ ਪਾਲਣ ਨਹੀਂ ਕੀਤਾ, ਉੱਥੇ ਉੱਤਰ ਪ੍ਰਦੇਸ਼ ਸਰਕਾਰ ਨੇ ਇਕ ਮਾਮਲੇ ਵਿਚ 'ਟਵਿੱਟਰ', 'ਦਿ ਵਾਇਰ' ਅਤੇ ਹੋਰਨਾਂ ਵਿਰੁੱਧ ਇਸ ਲਈ ਕੇਸ ਦਰਜ ਕੀਤਾ ਹੈ ਕਿ ਉਨਾਂ ਨੇ ਘੱਟਗਿਣਤੀ ਫ਼ਿਰਕੇ ਦੇ ਬਜ਼ੁਰਗ ਨਾਲ ਵਾਪਰੀ ਘਟਨਾ ਬਾਰੇ ਖ਼ਬਰ ਦਿੱਤੀ ਸੀ। ਉੱਤਰ ਪ੍ਰਦੇਸ਼ ਸਰਕਾਰ ਦਾ ਕਹਿਣਾ ਹੈ ਕਿ ਖ਼ਬਰ ਸਹੀ ਨਹੀਂ ਸੀ।

# ਚੌਰਾਸੀ ਦੇ ਸੰਤਾਪ ਬਾਅਦ...

ਧਰਮ ਅਤੇ ਰਾਜਨੀਤੀ ਦੇ ਖੁੱਲਮ-ਖੁੱਲੇ ਗਠਬੰਧਨ ਕਰਕੇ ਰਾਜਨੀਤਿਕ ਸੰਘਰਸ਼ ਨੇ ਸਿੱਖ ਰਾਸ਼ਟਰਵਾਦ ਦੇ ਸੰਘਰਸ਼ ਦਾ ਰੂਪ ਲੈ ਲਿਆ ਜਿਸ ਵਿਚ ਧਾਰਮਿਕ ਬਿਰਤੀ ਵਾਲੀ ਰਾਜਨੀਤੀ ਦੀ ਬਹੁਤਾਤ ਸੀ।ਨਾ-ਉਮੀਦੀ ਅਤੇ ਨਿਰਾਸ਼ਾ ਦੇ ਆਲਮ ਨੇ ਇਸ ਵਿਚ ਵਾਧਾ ਕੀਤਾ ਜਦੋਂ ਕਿ ਭਾਰਤੀ ਸਰਕਾਰ ਆਪਣੇ ਰਾਜਨੀਤਿਕ ਜੋੜ-ਤੋੜ ਵਿਚ ਮਸ਼ਗੂਲ ਸੀ।ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਉਦੈ ਲਈ ਸਟੇਜ ਤਿਆਰ ਕੀਤੀ ਗਈ ਜਿਸ ਨੇ ਭਾਰਤੀ ਸੱਤਾ ਨੂੰ ਖੁੱਲਮ-ਖੁੱਲੀ ਚੁਣੌਤੀ ਦਿੱਤੀ।ਉਸ ਨੇ ਸਿੱਖਾਂ ਅਤੇ ਖ਼ਾਸ ਕਰਕੇ ਸਿੱਖ ਨੌਜਵਾਨਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਜਿਸ ਨੇ ਚੱਲ ਰਹੇ ਸਿੱਖ ਸੰਘਰਸ਼ ਨੂੰ ਇਕ ਨਵਾਂ ਮੋੜਾ ਦਿੱਤਾ।ਪੰਜਾਬ ਦੀਆਂ ਸੰਘੀ ਢਾਂਚੇ ਨਾਲ ਸੰਬੰਧਿਤ ਮੰਗਾਂ ਨੂੰ ਸਿੱਖ ਅਭਿਲਾਸ਼ਾਵਾਂ ਦਾ ਰੂਪ ਦੇ ਦਿੱਤਾ ਗਿਆ।ਰਾਜਨੀਤਿਕ ਹਿੰਸਾ ਦਾ ਇਕ ਚੱਕਰ ਚੱਲਿਆ ਜਿਸ ਨੂੰ ਦੱਬੂ ਮੀਡੀਆ ਨੇ ਸੰਪ੍ਰਦਾਇਕ ਮੁੱਦਿਆਂ ਨੂੰ ਹਵਾ ਦੇਣ ਲਈ ਵਰਤਿਆ।ਸਰਕਾਰ ਦੇ ਵਿਚਾਰਧਾਰਕਾਂ ਨੇ ਪੰਜਾਬ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਸਿੱਖ ਸੰਘਰਸ਼ ਤੋਂ ਦੂਰੀ ਬਣਾਈ ਰੱਖੀ। ਸੰਤ ਭਿੰਡਰਾਂਵਾਲੇ ਨਾਲ ਸ਼ੁਰੂਆਤੀ ਇਕਜੁੱਟਤਾ ਤੋਂ ਬਾਅਦ ਅਕਾਲੀ ਦਲ ਦੀ ਲੀਡਰਸ਼ਿਪ ਉਸ ਪ੍ਰਤੀ ਸੰਦੇਹ ਨਾਲ ਭਰ ਗਈ ਅਤੇ ਇਸ ਵਿਚੋਂ ਬਾਹਰ ਆਉਣ ਲਈ ਉਸ ਨੇ ਭਾਰਤੀ ਸਰਕਾਰ ਨਾਲ ਸਮਝੌਤੇ ਦਾ ਪਿਛਲਾ ਦਰਵਾਜਾ ਖੋਲ ਲਿਆ।ਅਤੀਤ ਦੀ ਗੁਆਚੀ ਸ਼ਾਨ ਨੂੰ ਮੁੜ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਸਿੱਖਾਂ ਨੇ ਇਹ ਕਦੇ ਵੀ ਅਹਿਸਾਸ ਨਹੀਂ ਕੀਤਾ ਕਿ ਦੂਰਦਰਸ਼ੀ ਰਾਜਨੀਤਿਕ ਸੰਘਰਸ਼ ਨੂੰ ਕਾਮਯਾਬ ਕਰਨ ਲਈ ਸਮਝਦਾਰੀ ਨਾਲ ਚੁੱਕੇ ਗਏ ਕਦਮ ਕਿੰਨੇ ਜਰੂਰੀ ਹੁੰਦੇ ਹਨ।

ਭਾਰਤੀ ਸਰਕਾਰ ਆਪਣੀਆਂ ਹੀ ਧਾਰਨਾਵਾਂ ਵਿਚ ਕੈਦ ਰਹੀ ਅਤੇ ਇਸ ਨੇ ਸਿੱਖਾਂ ਨੂੰ ਵਿਅਕਤੀ ਤੋਂ ਵੀ ਘੱਟ ਕਰਕੇ ਜਾਣਿਆ, ਜਿਵੇਂ ਕਿ ਕਵੀ ਗੋਇਟੇ ਕਹਿੰਦਾ ਹੈ, "ਇਕ ਵਿਅਕਤੀ ਨਾਲ ਉਸ ਤਰਾਂ ਦਾ ਵਿਵਹਾਰ ਕਰਨਾ ਜਿਸ ਤਰਾਂ ਦਾ ਉਹ ਹੈ, ਉਸ ਨੂੰ ਹੀਣ ਕਰਕੇ ਜਾਣਨਾ ਹੈ।ਇਕ ਵਿਅਕਤੀ ਨੂੰ ਜਿਸ ਤਰਾਂ ਦਾ ਉਹ ਹੋ ਸਕਦਾ ਹੈ ਕਰਕੇ ਮੰਨਣਾ ਅਸਲ ਵਿਚ ਉਸ ਦੀ ਸ਼ੋਭਾ ਨੂੰ ਵਧਾਉਣਾ ਹੈ।" ਰਾਜਨੀਤਿਕ ਨੇਤਾ ਵਿਅਕਤੀ ਜਿਸ ਤਰਾਂ ਦਾ ਹੈ, ਉਸੇ ਰੂਪ ਵਿਚ ਹੀ ਜਾਣਨਾ ਚਾਹੁੰਦੇ ਹਨ ਅਤੇ ਉਸ ਦੀਆਂ ਸੰਭਾਵਨਾਵਾਂ ਅਤੇ ਉਸ ਦੇ ਕੱਦ ਨੂੰ ਹਮੇਸ਼ਾ ਹੀ ਨਿਗੂਣਾ ਕਰਕੇ ਜਾਣਦੇ ਹਨ।ਪੰਜਾਬ ਵਿਚ ਇਕ ਰਾਜਨੀਤਿਕ ਤੂਫਾਨ ਖੜਾ ਕੀਤਾ ਗਿਆ ਜਿਸ ਨੂੰ ਇਸ ਢੰਗ ਨਾਲ ਪੇਸ਼ ਕੀਤਾ ਗਿਆ ਕਿ ਇੱਥੇ ਸਭ ਕੁਝ ਗਲਤ ਦਿਸ਼ਾ ਵਿਚ ਹੀ ਜਾਵੇਗਾ।ਦਰਬਾਰ ਸਾਹਿਬ ਨੂੰ ਭਿੰਡਰਾਂਵਾਲੇ ਦਾ ਪ੍ਰਤੀਕ ਅਤੇ ਸਾਕਾਰ ਰੂਪ ਹੀ ਬਣਾ ਦਿੱਤਾ ਗਿਆ ਜੋ ਕਿ ਭਾਰਤੀ ਦੀ ਪ੍ਰਭੂਸੱਤਾ ਅਤੇ ਰਾਸ਼ਟਰੀ ਇਕਜੁੱਟਤਾ ਲਈ ਖਤਰਾ ਸੀ।ਨਾਗਰਿਕ ਸਮਾਜ ਦੇ ਕੁਝ ਬਾਸ਼ਿੰਦੇ ਜੋ ਕਿ ਮਾਨਵਵਾਦੀ ਅਤੇ ਇਮਾਨਦਾਰ ਸਮਝੇ ਜਾਂਦੇ ਸਨ, ਉਨਾਂ ਨੇ ਇਸ ਗੱਲ ਉੱਪਰ ਜੋਰ ਦਿੱਤਾ ਕਿ ਸਿੱਖ ਰਾਜਨੀਤਿਕ ਸੰਘਰਸ਼ ਸੰਘੀ ਢਾਂਚੇ ਨੂੰ ਲਾਗੂ ਨਾ ਕਰਨ ਕਰਕੇ ਪੈਦਾ ਹੋਈ ਰਾਜਨੀਤਿਕ ਸਮੱਸਿਆ ਦਾ ਨਤੀਜਾ ਸੀ।ਸੱਤਾ ਦੇ ਕੇਂਦਰੀਕਰਨ ਨੇ ਸਿੱਖਾਂ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਕਰ ਦਿੱਤੀ ਸੀ।ਭਾਰਤੀ ਸਰਕਾਰ ਦਾ ਸਵੈ ਉੱਪਰ ਕੇਂਦਰਿਤ ਅਤੇ ਧੋਖੇਬਾਜ਼ੀ ਵਾਲਾ ਰਵੱਈਆ ਨਾਗਰਿਕ ਸਮਾਜ ਦੀਆਂ ਜਾਇਜ਼ ਮੰਗਾਂ ਉੱਪਰ ਭਾਰੂ ਪਿਆ।ਇਸ ਸਮੇਂ ਹੀ ਭਾਰਤੀ ਸੱਤਾ ਨਾਲ ਕਦਮ ਮਿਲਾਉਂਦੇ ਹੋਏ ਅਕਾਲੀ ਦਲ ਨੇ ਦਰਬਾਰ ਸਾਹਿਬ ਉੱਪਰ ਹਮਲੇ ਲਈ ਰਾਹ ਤਿਆਰ ਕਰਵਾਇਆ ਜਿਸ ਦਾ ਨਤੀਜਾ ਅਕਾਲ ਤਖਤ ਸਾਹਿਬ ਦੀ ਤਬਾਹੀ, ਦਰਬਾਰ ਸਾਹਿਬ ਦੇ ਅੰਦਰ ਹੋਰ ਇਮਾਰਤਾਂ ਦੇ ਨੁਕਸਾਨ ਅਤੇ ਹਜਾਰਾਂ ਹੀ ਮੌਤਾਂ ਦੇ ਰੂਪ ਵਿਚ ਨਿਕਲਿਆ।ਉਸ ਸਮੇਂ ਹੋਏ ਨੁਕਸਾਨ ਦਾ ਸਹੀ ਅੰਦਾਜ਼ਾ ਅਜੇ ਤੱਕ ਵੀ ਨਹੀਂ ਲਗਾਇਆ ਜਾ ਸਕਿਆ ਅਤੇ ਫੌਜ ਦੁਆਰਾ ਆਪਣੇ ਕਬਜ਼ੇ ਵਿਚ ਲੈ ਲਏ ਗਏ ਦੁਰਲੱਭ ਇਤਿਹਾਸਿਕ ਦਸਤਾਵੇਜਾਂ ਦਾ ਹਾਲੇ ਵੀ ਪਤਾ ਨਹੀ ਲਗਾਇਆ ਜਾ ਸਕਿਆ।ਇਸ ਸਥਿਤੀ ਨੂੰ ਗੁਰਬਾਣੀ ਦੀਆਂ ਇਹਨਾਂ ਸਤਰਾਂ ਰਾਹੀ ਪ੍ਰਗਟਾਇਆ ਜਾ ਸਕਦਾ ਹੈ:

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥**
**ਹਉ ਭਾਲਿ ਵਿਕੁੰਨੀ ਹੋਈ ॥**
**ਆਧੇਰੈ ਰਾਹੁ ਨ ਕੋਈ ॥**
**ਵਿਚਿ ਹਉਮੈ ਕਰਿ ਦੁਖੁ ਰੋਈ ॥**
**ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥**
(ਪੰਨਾ ੧੪੫)

ਦਰਬਾਰ ਸਾਹਿਬ ਉੱਪਰ ਹੋਏ ਫੌਜੀ ਹਮਲੇ ਦਾ ਉਦੇਸ਼ ਕਿਸੇ ਇਕ ਸਿੱਖ ਧਾਰਮਿਕ ਸ਼ਖ਼ਸ਼ੀਅਤ ਜਾਂ ਰਾਜਨੀਤਿਕ ਅੰਦੋਲਨ ਦਾ ਖਾਤਮਾ ਕਰਨਾ ਨਹੀਂ ਸੀ, ਬਲਕਿ ਸਿੱਖਾਂ ਦੀ ਭਾਵਨਾ ਅਤੇ ਉਨ੍ਹਾਂ ਦੇ ਸੱਭਿਆਚਾਰ ਨੂੰ ਡੂੰਘਾ ਜ਼ਖ਼ਮ ਦੇਣਾ ਅਤੇ ਉਸ ਉੱਪਰ ਹਮਲਾ ਕਰਨਾ ਸੀ।ਇਸ ਦਾ ਉਦੇਸ਼ ਸਿੱਖਾਂ ਦੇ ਇਤਿਹਾਸਿਕ ਅਤੇ ਧਾਰਮਿਕ ਸਥਾਨਾਂ ਨੂੰ ਤਬਾਹ ਕਰਨਾ ਸੀ ਅਤੇ ਉਸ ਰਾਜਨੀਤਿਕ ਅਤੇ ਸਮਾਜਿਕ ਚਾਹਤ ਨੂੰ ਖਤਮ ਕਰਨਾ ਸੀ ਜੋ ਕਿ ਸਿੱਖਾਂ ਦੀਆਂ ਅਭਿਲਾਸ਼ਾਵਾਂ ਦੀ ਪ੍ਰਤੀਨਿਧਤਾ ਕਰਦੀ ਸੀ।ਫ਼ੌਜੀ ਹਮਲੇ ਦਾ ਵਿਸ਼ਲੇਸ਼ਣ ਵੀ ਰਾਜਨੀਤਿਕ ਸੱਤਾਧਾਰੀਆਂ ਅਤੇ ਤੰਗ-ਨਜ਼ਰੀ ਵਿਚਾਰਕਾਂ ਦੁਆਰਾ ਬਹੁਤ ਗਲਤ ਢੰਗ ਨਾਲ ਕੀਤਾ ਗਿਆ ਹੈ

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**